Listing and Selling Homes
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969 CA DRE# 00966763



New Image Photography
Photo & Video For All Occasions
ਵਿਆਹ ਸ਼ਾਦੀ ਤੇ ਹੋਰ ਖ਼ੁਸ਼ੀ ਦੇ ਮੌਕੇ 'ਤੇ ਵਧੀਆ ਫੋਟੋਗ੍ਰਾਫੀ ਲਈ ਸਾਨੂੰ ਯਾਦ ਰੱਖੋ
Bobby, Ph: 209-404-2512
JT, Ph: 209-380-4412
www.newimagepics.com



Global Green INSURANCE AGENCY of the Bay Area, CA
Auto, Home, Business, Life, Workers Comp.
ਵਧੀਆ ਭਾਅ, ਚੰਗੀ ਕਵਰੇਜ ਤੇ ਵਧੀਆ ਸਰਵਿਸ
Mann Insurance Brokers Inc.
4123 Dyer St., #230, Union City, CA 94587
Ph: 510-487-1000
Lic.# 0F34231 MANN@GGIAUSA.COM

Eighteenth Year of Publication ਕੈਲੀਫੋਰਨੀਆ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 18, Issue 31, August 5, 2017 20451 N Plum Grove Rd., Palatine, IL 60074 Ph:847-359-0746, Fax:847-705-9388

# ਪੰਜਾਬ ਵਿਚ ਬਦਅਮਨੀ ਦਾ ਆਲਮ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਪੰਜਾਬ ਵਿਚ ਅਮਨ-ਕਾਨੂੰਨ ਨੂੰ ਲੀਹੇ ਪਾਉਣਾ ਕੈਪਟਨ ਅਮਰਿੰਦਰ ਸਿੰਘ ਸਰਕਾਰ ਲਈ ਚੁਣੌਤੀ ਬਣਿਆ ਹੋਇਆ ਹੈ। ਨਿੱਤ ਦਿਨ ਲੁੱਟ ਖੋਹ ਤੇ ਕਤਲਾਂ ਦੀਆਂ ਵਾਰਦਾਤਾਂ ਨੇ ਸਰਕਾਰ ਤੇ ਪੁਲਿਸ ਪ੍ਰਸ਼ਾਸਨ ਦੀ ਨੀਂਦ ਉਡਾ ਦਿੱਤੀ ਹੈ। ਜੈਤੋ ਵਿਚ ਇਕ ਕਾਰੋਬਾਰੀ ਦੀ ਉਸ ਦੀ ਚੌਲ ਮਿੱਲ ਦੇ ਬਾਹਰ ਸ਼ਰੇਆਮ ਗੋਲੀਆਂ ਮਾਰ ਕੇ ਕੀਤੀ ਗਈ ਹੱਤਿਆ ਪੰਜਾਬ ਪੁਲਿਸ ਲਈ ਵੱਡੀ ਨਮੋਸ਼ੀ ਬਣੀ ਹੋਈ ਹੈ।

ਵਾਰਦਾਤ ਸਮੇਂ ਇਹ ਵਪਾਰੀ ਜਿਸ ਗੱਡੀ ਵਿਚ ਸਵਾਰ ਸੀ, ਇਸ ਨੂੰ ਸੱਤ ਫਰਵਰੀ ਨੂੰ ਗੈਂਗਸਟਰਾਂ ਨੇ ਖੋਹ ਲਿਆ ਸੀ। ਕਈ ਦਿਨਾਂ ਬਾਅਦ ਇਹ ਕਾਰ ਮੋਗਾ ਜ਼ਿਲ੍ਹੇ 'ਚੋਂ ਲਾਵਾਰਸ ਮਿਲੀ ਸੀ। ਉਸ ਦਿਨ ਤੋਂ ਬਾਅਦ ਵਪਾਰੀ ਨੂੰ ਲਗਾਤਾਰ ਧਮਕੀਆਂ ਮਿਲ ਰਹੀਆਂ ਸਨ, ਪਰ ਪੁਲਿਸ ਨੇ ਇਸ ਪਾਸੇ ਕੋਈ ਕਾਰਵਾਈ ਨਾ ਕੀਤੀ। ਜਿਸ ਦਿਨ ਇਹ ਘਟਨਾ ਵਾਪਰੀ, ਉਸੇ ਦਿਨ ਹੁਸ਼ਿਆਰਪੁਰ ਵਿਚ ਮਹਿਲਾ ਡਾਕਟਰ ਦੀ ਜਾਨ ਲੈ ਲਈ ਗਈ। ਇਸੇ ਦਿਨ ਮੋਗਾ ਵਿਚ ਇਕ ਨਾਬਾਲਗ ਕੁੜੀ ਨਾਲ ਦੋ ਗੁਆਂਢੀਆਂ ਵੱਲੋਂ ਬਲਾਤਕਾਰ ਕਰਨ ਦੀ ਘਟਨਾ ਵਾਪਰੀ। ਤਰਨ ਤਾਰਨ ਜ਼ਿਲ੍ਹੇ ਦੇ ਵਲਟੋਹਾ ਥਾਣੇ ਅੰਦਰ ਸਿੱਖਾਂ ਅਤੇ ਇਸਾਈਆਂ ਦੇ ਗੁੱਟ ਆਪਸ ਵਿਚ ਭਿੜ ਪਏ ਅਤੇ ਤਿੰਨ ਬੰਦੇ ਜ਼ਖ਼ਮੀ ਹੋ ਗਏ।



## ਲਾਕਾਨੂੰਨੀ ਲਈ ਸਿਆਸੀ ਦਖਲ ਵੱਧ ਜ਼ਿੰਮੇਵਾਰ

**ਚੰਡੀਗੜ੍ਹ:** ਇਹ ਦੋਸ਼ ਆਮ ਲੱਗਦੇ ਰਹੇ ਹਨ ਕਿ ਪਹਿਲਾਂ ਅਕਾਲੀ ਹੁਕਮਰਾਨ, ਪੁਲਿਸ ਨੂੰ ਉਸ ਦੇ ਅਸਲ ਕੰਮਾਂ ਤੋਂ ਲਾਂਭੇ ਕਰ ਕੇ ਆਪਣੇ ਰਾਜਸੀ ਕੰਮਾਂ ਲਈ ਜਾਂ ਵਿਰੋਧੀਆਂ ਨੂੰ ਡਰਾਉਣ-ਧਮਕਾਉਣ ਲਈ ਵਰਤਦੇ ਰਹੇ। ਹੁਣ ਇਹੋ ਕੁਝ ਕਾਂਗਰਸੀਆਂ ਵੱਲੋਂ ਥਾਣਾ ਪੱਧਰ ਤੋਂ ਲੈ ਕੇ ਉਚੇਰੇ ਪੱਧਰਾਂ ਤੱਕ ਕੀਤਾ ਜਾ ਰਿਹਾ ਹੈ। ਇਹ ਦਲੀਲ ਦਿੱਤੀ ਜਾਂਦੀ ਹੈ ਕਿ ਪੁਲਿਸ ਮੁਲਾਜ਼ਮਾਂ ਦੀ ਡਿਊਟੀ ਦਾ ਬਹੁਤਾ ਸਮਾਂ ਤਾਂ ਵੀ.ਆਈ.ਪੀਜ਼., ਮੰਤਰੀਆਂ ਜਾਂ ਵਿਧਾਇਕਾਂ ਦੇ ਦੌਰਿਆਂ ਲਈ ਢੁਕਵੇਂ ਇੰਤਜ਼ਾਮਾਤ ਕਰਨ ਜਾਂ ਸਿਆਸੀ ਰੈਲੀਆਂ ਲਈ ਸੁਰੱਖਿਆ ਛਤਰ ਮੁਹੱਈਆ ਕਰਨ ਵਰਗੇ ਪ੍ਰੋਗਰਾਮਾਂ ਉਤੇ ਜ਼ਾਇਆ ਹੋ ਜਾਂਦਾ ਹੈ।

ਆਮ ਆਦਮੀ ਪਾਰਟੀ ਦੇ ਰੋਪੜ ਹਲਕੇ ਨਾਲ ਸਬੰਧਤ ਵਿਧਾਇਕ ਖਿਲਾਫ਼ ਸਾਬਕਾ ਮਕਾਨ ਮਾਲਕਣ ਦੀ ਮਾਰਕੁੱਟ ਕਰਨ ਦੇ ਦੋਸ਼ਾਂ ਅਧੀਨ ਪਰਚਾ ਦਰਜ ਕੀਤਾ ਗਿਆ ਅਤੇ ਡੱਬਵਾਲੀ ਵਿਚ ਇਕ ਪਤੀ ਵੱਲੋਂ ਤਲਾਕ ਦੀ ਖਾਤਰ ਪਤਨੀ ਨਾਲ ਸਮੂਹਿਕ ਬਲਾਤਕਾਰ ਕਰਵਾਏ ਜਾਣ ਦਾ ਮਾਮਲਾ ਵਾਪਰਿਆ। ਇਨ੍ਹਾਂ ਸਾਰੀਆਂ ਘਟਨਾਵਾਂ ਨੇ ਅਮਨ-ਕਾਨੂੰਨ ਦੀ ਸਥਿਤੀ 'ਤੇ ਸਵਾਲ ਖੜ੍ਹੇ ਕੀਤੇ ਹਨ। ਪਿਛਲੇ ਡੇਢ-ਦੋ ਸਾਲਾਂ ਤੋਂ ਕਈ ਅਹਿਮ ਕੇਸ-ਬਰਗਾੜੀ ਬੇਅਦਬੀ ਕੇਸ, ਨਾਮਧਾਰੀ ਮਾਤਾ ਚੰਦ ਕੌਰ ਹੱਤਿਆ, ਬ੍ਰਿਗੇਡੀਅਰ ਜਗਦੀਸ਼ ਗਗਨੇਜਾ ਹੱਤਿਆ ਅਤੇ ਹੁਣ ਪਾਦਰੀ ਸੁਲਤਾਨ ਮਸੀਹ ਹੱਤਿਆ ਕਾਂਡ ਵਰਗੇ ਮਾਮਲੇ ਅਣਸੁਲਝੇ ਰਹਿਣ ਕਾਰਨ ਪੁਲਿਸ ਪ੍ਰਬੰਧ ਦਾ ਮਜ਼ਾਕ ਉਡ

*(ਬਾਕੀ ਸਫਾ 6 'ਤੇ)*

# ਭਾਰਤੀ ਸਿਆਸਤ 'ਤੇ ਭਗਵਾ ਜਕੜ ਵਧੀ

**ਵਿਰੋਧੀਆਂ ਦਾ ਲਗਾਤਾਰ ਵਢਾਂਗਾ ਜਾਰੀ**

**ਨਵੀਂ ਦਿੱਲੀ:** ਬਿਹਾਰ ਵਿਚ ਮਹਾਂ ਗਠਜੋੜ ਨੂੰ ਖੇਰੂੰ-ਖੇਰੂੰ ਕਰ ਕੇ ਅਤੇ ਗੁਜਰਾਤ ਵਿਚ ਕਾਂਗਰਸ ਸਮੇਤ ਹੋਰ ਸਿਆਸੀ ਧਿਰਾਂ ਦੇ ਵਿਧਾਇਕਾਂ ਨੂੰ ਆਪਣੇ ਨਾਲ ਗੰਢਣ ਵਾਲੀ ਰਣਨੀਤੀ ਨਾਲ ਭਾਜਪਾ ਨੇ ਸਪਸ਼ਟ ਸੰਕੇਤ ਦੇ ਦਿੱਤੇ ਹਨ ਕਿ 2019 ਦੀਆਂ ਲੋਕ ਸਭਾ ਚੋਣਾਂ ਤੱਕ ਉਹ ਆਪਣੇ ਸਾਹਮਣੇ ਕਿਸੇ ਵੀ ਧਿਰ ਨੂੰ ਬਰਾਬਰ ਖੜ੍ਹਾ ਨਹੀਂ ਰਹਿਣ ਦੇਵੇਗੀ। ਗੋਆ, ਮਨੀਪੁਰ, ਬਿਹਾਰ ਪਿੱਛੋਂ ਗੁਜਰਾਤ ਤੇ ਉਤਰ ਪ੍ਰਦੇਸ਼ ਵਿਚ ਮੱਲੇ ਭਾਜਪਾ ਦੇ ਪੈਂਤੜਿਆਂ ਤੋਂ ਜਾਪ ਰਿਹਾ ਹੈ ਕਿ ਇਹ ਸਿਆਸੀ ਧਿਰ 'ਕਾਂਗਰਸ ਮੁਕਤ ਭਾਰਤ' ਦੇ ਸੁਪਨੇ ਵੱਲ ਤੇਜ਼ੀ ਨਾਲ ਵਧ ਰਹੀ ਹੈ। ਮੋਦੀ ਸਰਕਾਰ ਦੀ ਰਣਨੀਤੀ ਅੱਗੇ ਬੇਵੱਸ ਹੋਈਆਂ ਸਿਆਸੀ ਧਿਰਾਂ ਬੱਸ ਲੋਕਤੰਤਰ ਨੂੰ ਖਤਰੇ ਦੀ ਦੁਹਾਈ ਪਾ ਰਹੀਆਂ ਹਨ। ਅਸਲ ਵਿਚ, ਭਾਜਪਾ ਗੁਜਰਾਤ ਦੀਆਂ ਤਿੰਨ ਰਾਜ ਸਭਾ ਸੀਟਾਂ ਕਿਸੇ ਵੀ ਕੀਮਤ ਉਤੇ ਹੱਥੋਂ ਨਹੀਂ ਜਾਣ ਦੇਣਾ ਚਾਹੁੰਦੀ ਤੇ ਇਸ ਲਈ ਹਰ ਕੀਮਤ ਤਾਰਨ ਲਈ ਤਿਆਰ ਹੈ। ਕਾਂਗਰਸ ਦੇ ਸੀਨੀਅਰ ਨੇਤਾ ਅਹਿਮਦ ਪਟੇਲ ਗੁਜਰਾਤ ਤੋਂ ਰਾਜ ਸਭਾ ਦੀ ਚੋਣ ਲੜ ਰਹੇ ਹਨ, ਕਾਂਗਰਸ ਦੇ ਉਥੇ 57 ਵਿਧਾਇਕ ਸਨ, ਪਰ ਦੋ ਦਿਨਾਂ ਵਿਚ ਹੀ ਇਸ ਦੇ ਛੇ ਵਿਧਾਇਕ ਅਸਤੀਫਾ ਦੇ ਗਏ। ਇਸ ਤੋਂ ਇਲਾਵਾ ਯੂ.ਪੀ. ਦੀ ਵਿਧਾਨ ਪ੍ਰੀਸ਼ਦ ਤੋਂ ਸਮਾਜਵਾਦੀ ਪਾਰਟੀ ਦੇ ਦੋ ਅਤੇ ਬਸਪਾ ਦੇ ਇਕ ਮੈਂਬਰ ਨੇ ਅਸਤੀਫਾ ਦੇ ਦਿੱਤਾ।

ਵਿਰੋਧੀ ਧਿਰਾਂ ਦਾ ਹੁਣ ਤੱਕ ਇਹੀ ਦੋਸ਼ ਹੈ

*(ਬਾਕੀ ਸਫਾ 6 'ਤੇ)*

## ਨਸ਼ਾ ਵਿਰੋਧੀ ਮੁਹਿੰਮ ਦੀ ਖੁੱਲ੍ਹੀ ਪੋਲ


**ਚੰਡੀਗੜ੍ਹ:** ਕਾਂਗਰਸ ਦੇ ਅਮਰਗੜ੍ਹ ਤੋਂ ਵਿਧਾਇਕ ਸੁਰਜੀਤ ਸਿੰਘ ਧੀਮਾਨ ਵੱਲੋਂ ਚਿੱਟਾ ਸ਼ਰੇਆਮ ਮਿਲਣ ਬਾਰੇ ਜਨਤਕ ਤੌਰ 'ਤੇ ਦਿੱਤੇ ਬਿਆਨ ਨੇ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੂੰ ਕਸੂਤਾ ਫਸਾ ਦਿੱਤਾ ਹੈ। ਵਿਧਾਇਕ ਨੇ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਸ਼ਰਧਾਂਜਲੀ ਸਮਾਗਮ ਵਿਚ ਕਿਹਾ ਸੀ ਕਿ ਉਹ ਥਾਂਵਾਂ ਦੱਸਣ ਲਈ ਤਿਆਰ ਹਨ ਜਿਥੇ ਨਸ਼ਾ ਆਮ ਵਿਕਦਾ ਹੈ। ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਨੇ ਨਸ਼ਿਆਂ ਦੇ ਮੁੱਦੇ 'ਤੇ ਕੈਪਟਨ ਸਰਕਾਰ ਦੀ ਆਲੋਚਨਾ ਕਰਦਿਆਂ ਨਸ਼ਾ ਤਸਕਰਾਂ ਨੂੰ ਨੱਥ ਪਾਉਣ ਦੇ ਦਾਅਵਿਆਂ ਨੂੰ ਬੇਬੁਨਿਆਦ ਦੱਸਿਆ ਹੈ। ਉਨ੍ਹਾਂ ਕਿਹਾ ਕਿ ਧੀਮਾਨ ਦੀਆਂ ਟਿੱਪਣੀਆਂ 'ਆਪ' ਦੇ ਨਸ਼ਿਆਂ ਬਾਰੇ ਬਿਆਨਾਂ ਨੂੰ ਪੁਖਤਾ ਕਰਦੀਆਂ ਹਨ ਅਤੇ ਕੈਪਟਨ ਦੇ ਨਸ਼ਿਆਂ ਬਾਰੇ ਦਾਅਵੇ ਠੁੱਸ ਹੋ ਗਏ ਹਨ।



We Do Real Estate in
Bay Area & Central Valley
We do loans anywhere
in California
Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011



Raja SWEETS & CATERING
Presents
PARADISE BALLROOMS
banquet hall & event center
ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।
SERVICES INCLUDE
• CATERING
• SILVERWARE
• CHINAWARE
• DECORATED HALL
• LINEN
• SEVERAL BAR OPTIONS
• SECURITY
• WAIT STAFF
• FULL SETUP INCLUDING TABLE CLOTH, NAPKINS, CHAIRS ETC.
PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com
www.paradiseballrooms.com



Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com



Entry Free

"ਆਜੋ ਕੁੜੀਓ ਨੀ ਤੁਹਾਨੂੰ ਗਿੱਧਾ ਵਾਜਾਂ ਮਾਰਦਾ"

Entry Free

# P.C.S. Sacramento

ਵਲੋਂ ਪੇਸ਼ ਹੈ 17ਵੀਆਂ

# ਤੀਆਂ

# TEEYAN




## On Sunday, the 6th AUGUST 2017 At 1.00 P. M.

## AT Luther Burbank High School

## 3500 Florin Road SACRAMENTO CA 95823

Featuring : Songs, Gidha, Dances, Skits, D.J. and Much More

## All LADIES AND GIRLS ARE INVITED

ORGANIZING COMMITTEE

Baldev Kaur, Rashpal Kaur Parhar, Harpreet Sahota, Daljit Mehanger Gill, Rajwinder Pooni, Pardeep Pooni, Kamal Dhillon, Bhavandeep Kaur, Rajbir Kaur, Balbir Pooni, Simran Sandhu, Aman Kaur, Harinder Kaur, Surinder Gill, Rani Bindra, Rani Sarhadi, Rupinder Kaur, Tajinder Kaur, Harminder Kaur, Parmjit Kaur, Inderpal Kahlon, Parmjit Aulakh, Harpreet Kaur, Rupinder Malhi, Baljit kaur, Jatinder Sangha, Jasmeen, Sarabjit Kaur, Rozy Sandhu & Mandeep Pharwala

For Participation\ & Stalls Please Call : Mandeep Pharwala @ 916-212-1826, Pardeep Pooni @ 916-308-7889, Baldev Kaur @916- 996-2010,
Email: palpharwala@yahoo.com I Website : www.sacpcs.com

ਇਸ ਮੌਕੇ ਤੇ ਕਪੜੇ ਅਤੇ ਗਹਿਣਿਆਂ ਦੇ ਸਟਾਲ ਵੀ ਲਾਏ ਜਾਣਗੇ।

ਐਂਟਰੀ ਬਿਲਕੁਲ ਮੁਫ਼ਤ No Cameras Will Be Allowed Inside The Hall ਵੱਲੋਂ : ਪ੍ਰਬੰਧਕ ਕਮੇਟੀ

Designed at : Barapind Printing Press, Email: barapindpress@gmail.com

# ਸਰਕਾਰ ਆਪਣੇ ਦਮ 'ਤੇ ਕਰਜ਼ਾ ਰਾਹਤ ਦੇਣ ਤੋਂ ਅਸਮਰੱਥ: ਕੈਪਟਨ

**ਚੰਡੀਗੜ੍ਹ:** ਕੈਪਟਨ ਅਮਰਿੰਦਰ ਸਿੰਘ ਨੇ ਡਾ. ਟੀ. ਹੱਕ ਦੀ ਅਗਵਾਈ 'ਚ ਮਾਹਿਰਾਂ ਦੀ ਕਮੇਟੀ ਨਾਲ ਮੀਟਿੰਗ ਦੌਰਾਨ ਸਪੱਸ਼ਟ ਆਖਿਆ ਹੈ ਕਿ ਸੂਬਾ ਸਰਕਾਰ ਲਈ ਆਪਣੇ ਸਰੋਤਾਂ ਨਾਲ ਕਿਸਾਨਾਂ ਨੂੰ ਮਦਦ ਦੇਣਾ ਜਾਂ ਉਨ੍ਹਾਂ ਦਾ ਕਰਜ਼ਾ ਮੁਆਫ ਕਰਨਾ ਸੰਭਵ ਨਹੀਂ ਹੈ। ਕੇਂਦਰ ਸਰਕਾਰ ਨੂੰ ਇਸ ਸੰਗੀਨ ਮੁੱਦੇ 'ਤੇ ਸੂਬਾ ਸਰਕਾਰ ਦੀ ਮਦਦ ਕਰਨੀ ਪਵੇਗੀ, ਕਿਉਂਕਿ ਸੂਬਾ ਸਰਕਾਰ ਕੇਂਦਰ ਦੇ ਐਫ.ਆਰ.ਬੀ.ਐਮ. ਐਕਟ 2003 ਦੀਆਂ ਵਿਵਸਥਾਵਾਂ ਅਨੁਸਾਰ ਸੂਬਾ ਆਪਣੀ ਜੀ.ਐਸ.ਡੀ.ਪੀ. ਦਾ 3 ਫੀਸਦੀ ਤੱਕ ਕਰਜ਼ਾ ਪ੍ਰਾਪਤ ਕਰ ਸਕਦਾ ਹੈ ਅਤੇ ਇਸ ਅਨੁਸਾਰ ਚਾਲੂ ਸਾਲ 'ਚ ਰਾਜ ਸਰਕਾਰ ਸਿਰਫ 12,819 ਕਰੋੜ ਰੁਪਏ ਦਾ ਕਰਜ਼ਾ ਪ੍ਰਾਪਤ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਚਾਲੂ ਮਾਲੀ ਸਾਲ ਦੌਰਾਨ ਸੂਬੇ ਦੇ ਮਾਲੀਏ ਅਤੇ ਖਰਚੇ 'ਚ ਸੰਭਾਵਿਤ ਪਾੜਾ ਕੋਈ 10,273 ਕਰੋੜ ਰੁਪਏ ਦਾ ਹੋਣ ਦਾ ਅਨੁਮਾਨ ਹੈ, ਜਿਸ ਦੇ ਨਤੀਜੇ ਵਜੋਂ ਸੂਬਾ ਸਰਕਾਰ ਕਿਸਾਨਾਂ ਨੂੰ ਕੋਈ ਵੀ ਕਰਜ਼ਾ ਰਾਹਤ ਸਕੀਮ ਪ੍ਰਦਾਨ ਕਰਨ ਲਈ ਉਨਾ ਚਿਰ ਸਮਰੱਥ ਨਹੀਂ ਹੋਵੇਗੀ, ਜਦੋਂ ਤੱਕ ਕੇਂਦਰ ਵੱਲੋਂ ਸੂਬੇ ਨੂੰ ਐਫ.ਆਰ.ਬੀ.ਐਮ. ਐਕਟ 2003 ਅਧੀਨ ਕਰਜ਼ਾ ਲੈਣ ਦੀ ਸੀਮਾ ਤੋਂ ਛੋਟ ਨਹੀਂ ਦਿੱਤੀ ਜਾਂਦੀ। ਵਰਨਣਯੋਗ ਇਹ ਹੈ ਕਿ ਕੇਂਦਰ ਸਰਕਾਰ ਵੱਲੋਂ ਭਾਜਪਾ ਹਕੂਮਤ ਵਾਲੇ ਰਾਜ ਉਤਰ ਪ੍ਰਦੇਸ਼ ਨੂੰ ਕਿਸਾਨਾਂ ਦੀ ਕਰਜ਼ਾ ਮੁਆਫੀ ਲਈ ਅਜਿਹੀ ਛੋਟ ਦੇਣ ਤੋਂ ਇਨਕਾਰ ਕਰ ਦਿੱਤਾ ਹੈ, ਕਿਉਂਕਿ ਉਤਰ ਪ੍ਰਦੇਸ਼ ਸਰਕਾਰ ਵੱਲੋਂ ਕੇਂਦਰ ਨੂੰ ਕਿਸਾਨਾਂ ਦੀ ਕਰਜ਼ਾ ਮੁਆਫੀ ਲਈ 35,000 ਕਰੋੜ ਰੁਪਏ ਦੇ ਕਿਸਾਨ ਰਾਹਤ ਬਾਂਡ ਜਾਰੀ ਕਰਨ ਦੀ ਤਜਵੀਜ਼ ਭੇਜੀ ਸੀ, ਜਿਸ ਲਈ ਉਨ੍ਹਾਂ ਐਫ.ਆਰ.ਬੀ.ਐਮ. ਐਕਟ 2003 ਤੋਂ ਛੋਟ ਵੀ ਮੰਗੀ ਸੀ ਪਰ ਕੇਂਦਰ ਵੱਲੋਂ ਯੂ.ਪੀ. ਸਰਕਾਰ ਦੀ ਤਜਵੀਜ਼ ਰੱਦ ਕਰਨ ਤੋਂ ਬਾਅਦ ਯੂ.ਪੀ. ਸਰਕਾਰ ਨੇ ਕਿਸਾਨਾਂ ਦੀ ਕਰਜ਼ਾ ਮੁਆਫੀ ਲਈ ਧਨ ਰਾਸ਼ੀ ਆਪਣੇ ਸਾਧਨਾਂ ਰਾਹੀਂ ਹੀ ਜੁਟਾਉਣ ਦਾ ਫੈਸਲਾ ਲਿਆ ਗਿਆ ਹੈ।

## ਪ੍ਰਸਿਧ ਵਿਗਿਆਨੀ ਭਾਰਗਵ ਦਾ ਦੇਹਾਂਤ

**ਹੈਦਰਾਬਾਦ:** ਭਾਰਤ ਦੇ ਪ੍ਰਸਿੱਧ ਵਿਗਿਆਨੀ ਅਤੇ 'ਸੈਂਟਰ ਫਾਰ ਸੈਲੂਲਰ ਐਂਡ ਮੋਲੇਕਿਊਲਰ ਬਾਇਓਲੋਜੀ' ਦੇ ਸੰਸਥਾਪਕ ਤੇ ਨਿਰਦੇਸ਼ਕ ਪੁਸ਼ਪ ਮਿੱਤਰ ਭਾਰਗਵ (89) ਦਾ ਸੰਖੇਪ ਬਿਮਾਰੀ ਮਗਰੋਂ ਦੇਹਾਂਤ ਹੋ ਗਿਆ। ਉਨ੍ਹਾਂ ਉਪਾਲ ਵਿਚ ਪ੍ਰਸ਼ਾਂਤ ਨਗਰ ਸਥਿਤ ਆਪਣੀ ਰਿਹਾਇਸ਼ 'ਤੇ ਆਖਰੀ ਸਾਹ ਲਿਆ।

# ਈ.ਡੀ. ਵੱਲੋਂ ਐਨ.ਡੀ.ਟੀ.ਵੀ. ਨੂੰ ਘੇਰਨ ਦੀ ਤਿਆਰੀ

**ਨਵੀਂ ਦਿੱਲੀ:** ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਟੀ.ਵੀ. ਚੈਨਲ ਖਿਲਾਫ ਕਾਲੇ ਧਨ ਨੂੰ ਚਿੱਟਾ ਬਣਾਉਣ ਦੇ ਦੋਸ਼ਾਂ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਈ.ਡੀ. ਦੇ ਅਧਿਕਾਰੀ ਨੇ ਕਿਹਾ ਕਿ ਚੈਨਲ ਨੂੰ ਮਿਲੇ ਕੁਝ ਵਿਦੇਸ਼ੀ ਫੰਡਾਂ ਦੇ ਸਬੰਧੀ ਜਾਂਚ ਆਰੰਭੀ ਗਈ ਹੈ। ਅਧਿਕਾਰੀ ਨੇ ਕੇਸ ਅਦਾਲਤ 'ਚ ਹੋਣ ਕਰ ਕੇ ਹੋਰ ਵੇਰਵੇ ਦੇਣ ਤੋਂ ਇਨਕਾਰ ਕਰ ਦਿੱਤਾ। ਉਧਰ, ਐਨ.ਡੀ.ਟੀ.ਵੀ. ਨੇ ਕਿਹਾ ਕਿ ਭਾਰਤ ਸਮੇਤ ਸਾਰੀ ਦੁਨੀਆਂ ਵੇਖ ਰਹੀ ਹੈ ਕਿ ਆਜ਼ਾਦ ਮੀਡੀਆ ਖਿਲਾਫ ਹੱਥ ਧੋ ਕੇ ਕਾਰਵਾਈ ਕੀਤੀ ਜਾ ਰਹੀ ਹੈ। ਐਨ.ਡੀ.ਟੀ.ਵੀ. ਨੂੰ ਆਮਦਨ ਕਰ ਵਿਭਾਗ ਨੇ ਚਿੱਠੀ ਭੇਜ ਕੇ 429 ਕਰੋੜ ਰੁਪਏ ਤੁਰਤ ਜਮ੍ਹਾਂ ਕਰਾਉਣ ਲਈ ਆਖਿਆ ਹੈ।

## ਪਾਕਿ ਕੌਮੀ ਅਸੈਂਬਲੀ ਨੇ ਖਕਾਨ ਅੱਬਾਸੀ ਨੂੰ ਪ੍ਰਧਾਨ ਮੰਤਰੀ ਚੁਣਿਆ

**ਇਸਲਾਮਾਬਾਦ:** ਪਾਕਿਸਤਾਨ ਦੀ ਕੌਮੀ ਅਸੈਂਬਲੀ ਨੇ ਸ਼ਾਹਿਦ ਖਕਾਨ ਅੱਬਾਸੀ ਨੂੰ ਪ੍ਰਧਾਨ ਮੰਤਰੀ ਚੁਣ ਲਿਆ। ਪਨਾਮਾ ਪੇਪਰਜ਼ ਘੁਟਾਲੇ ਦੇ ਮਾਮਲੇ ਵਿਚ ਸੁਪਰੀਮ ਕੋਰਟ ਵੱਲੋਂ ਨਵਾਜ਼ ਸ਼ਰੀਫ ਨੂੰ ਅਯੋਗ ਠਹਿਰਾਉਣ ਮਗਰੋਂ ਖਕਾਨ ਦੇਸ਼ ਦੇ ਅੰਤਰਿਮ ਪ੍ਰਧਾਨ ਮੰਤਰੀ ਬਣੇ ਹਨ।

ਅੱਬਾਸੀ ਨੂੰ ਕੁੱਲ 342 ਵਿਚੋਂ 221 ਵੋਟਾਂ ਪਈਆਂ। ਪਾਕਿਸਤਾਨ ਪੀਪਲਜ਼ ਪਾਰਟੀ ਦੇ ਨਵੀਦ ਕਮਰ ਨੂੰ 47, ਪਾਕਿਸਤਾਨ ਤਹਿਰੀਕ-ਏ-ਇਨਸਾਫ ਪਾਰਟੀ ਦੇ ਸ਼ੇਖ ਰਾਸ਼ਿਦ ਅਹਿਮਦ ਨੂੰ 33 ਵੋਟਾਂ ਮਿਲੀਆਂ, ਜਦੋਂ ਕਿ ਜਮਾਤ-ਏ-ਇਸਲਾਮੀ ਦੇ ਸਾਹਿਬਜ਼ਾਦਾ ਤਾਰਿਕ-ਉਲਾ ਨੂੰ ਸਿਰਫ ਚਾਰ ਵੋਟਾਂ ਪਈਆਂ।

## ਸੋਹਰਾਬੁਦੀਨ ਮਾਮਲੇ 'ਚ ਡੀ.ਜੀ. ਵਣਜਾਰਾ ਬਰੀ

**ਮੁੰਬਈ:** ਮੁੰਬਈ ਦੀ ਇਕ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਨੇ ਗੁਜਰਾਤ ਦੇ ਸਾਬਕਾ ਆਈ.ਪੀ.ਐਸ. ਅਧਿਕਾਰੀ ਡੀ.ਜੀ. ਵਣਜਾਰਾ ਅਤੇ ਰਾਜਸਥਾਨ ਕਾਡਰ ਦੇ ਆਈ.ਪੀ.ਐਸ. ਅਧਿਕਾਰੀ ਦਿਨੇਸ਼ ਐਮ.ਐਨ. ਨੂੰ ਸੋਹਰਾਬੁਦੀਨ ਸ਼ੇਖ ਅਤੇ ਤੁਲਸੀਰਾਮ ਪਰਜਾਪਤੀ ਨਾਲ ਸਬੰਧਤ ਫਰਜ਼ੀ ਮੁਕਾਬਲਿਆਂ ਦੇ ਮਾਮਲਿਆਂ 'ਚ ਬਰੀ ਕਰ ਦਿੱਤਾ।



ਪੁਲਿਸ ਡੀ.ਆਈ.ਜੀ. ਰੈਂਕ ਦੇ ਅਧਿਕਾਰੀ ਵਣਜਾਰਾ ਨੂੰ ਸੋਹਰਾਬੁਦੀਨ ਸ਼ੇਖ ਨੂੰ ਫਰਜ਼ੀ ਮੁਕਾਬਲੇ 'ਚ ਮਾਰਨ ਦੇ ਮਾਮਲੇ ਵਿਚ 24 ਅਪਰੈਲ 2007 ਨੂੰ ਗ੍ਰਿਫਤਾਰ ਕੀਤਾ ਗਿਆ ਸੀ।

# ਬੀਬੀ ਗੁਰਚਰਨ ਕੌਰ ਦੋਸਾਂਝ ਸੁਰਗਵਾਸ

**ਹੇਵਰਡ (ਬਿਊਰੋ):** ਪੰਜਾਬੀ ਪਰਚੇ 'ਅਕਾਲੀ ਪੱਤ੍ਰਿਕਾ' ਦੇ ਬਾਨੀ ਸਵਰਗੀ ਅਮਰ ਸਿੰਘ ਦੋਸਾਂਝ ਦੀ ਸੁਪਤਨੀ ਬੀਬੀ ਗੁਰਚਰਨ



ਕੌਰ ਦੋਸਾਂਝ ਲੰਘੀ 26 ਜੁਲਾਈ ਨੂੰ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦਾ ਜਨਮ 1917 ਵਿਚ ਪਿੰਡ ਨਾਰੰਗਵਾਲ, ਜ਼ਿਲ੍ਹਾ ਲੁਧਿਆਣਾ ਵਿਚ ਹੋਇਆ ਸੀ।

ਉਦੋਂ ਉਹ ਛੋਟੀ ਉਮਰ ਦੇ ਹੀ ਸਨ, ਜਦੋਂ ਉਨ੍ਹਾਂ ਦੇ ਮਾਤਾ ਜੀ ਦਾ ਦਿਹਾਂਤ ਹੋ ਗਿਆ। ਬੀਬੀ ਗੁਰਚਰਨ ਕੌਰ ਦੇ ਚਾਚਾ-ਚਾਚੀ ਨੇ ਹੀ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਦੋ ਭਰਾਵਾਂ ਨੂੰ ਪਾਲਿਆ। ਉਹ ਉਸ ਵੇਲੇ ਪੰਜਾਬ ਵਿਚ ਹੀ ਰਹੇ ਜਦੋਂ ਉਨ੍ਹਾਂ ਦੇ ਵੱਡੇ ਭਰਾ ਅਤੇ ਪਿਤਾ ਕੀਨੀਆ ਫਾਰਮਿੰਗ ਬਿਜ਼ਨਸ ਲਈ ਗਏ ਸਨ। ਛੋਟੀ ਉਮਰੇ ਹੀ ਉਨ੍ਹਾਂ ਦਾ ਵਿਆਹ ਸ. ਅਮਰ ਸਿੰਘ ਦੋਸਾਂਝ ਨਾਲ ਹੋ ਗਿਆ ਸੀ। ਉਨ੍ਹਾਂ ਸੱਤ ਬੱਚਿਆਂ ਨੂੰ ਜਨਮ ਦਿੱਤਾ। 1980ਵਿਆਂ 'ਚ ਪਤੀ ਦੇ ਅਕਾਲ ਚਲਾਣੇ ਪਿਛੋਂ ਵੀ ਉਨ੍ਹਾਂ ਆਪਣੇ ਆਪ ਨੂੰ ਕਮਜ਼ੋਰ ਨਹੀਂ ਪੈਣ ਦਿੱਤਾ। ਉਨ੍ਹਾਂ ਆਪਣਾ ਕਾਫੀ ਸਮਾਂ ਬੱਚਿਆਂ ਤੇ ਦੋਹਤਰਿਆਂ-ਪੋਤਰਿਆਂ ਨਾਲ ਯੂ. ਕੇ. ਅਤੇ ਅਮਰੀਕਾ ਵਿਚ ਬਤੀਤ ਕੀਤਾ।

ਬੀਬੀ ਗੁਰਚਰਨ ਕੌਰ ਦੋਸਾਂਝ ਦਾ ਅੰਤਿਮ ਸੰਸਕਾਰ 3 ਅਗਸਤ, ਵੀਰਵਾਰ ਨੂੰ ਚੈਪਲ ਆਫ ਚਾਈਮਜ਼, ਹੇਵਰਡ ਵਿਖੇ ਬਾਅਦ ਦੁਪਹਿਰ ਇਕ ਤੋਂ ਤਿੰਨ ਵਜੇ ਦਰਮਿਆਨ ਹੋਵੇਗਾ। ਪਰਿਵਾਰ ਨਾਲ ਸੰਪਰਕ ਫੋਨ: 510-209-9614 ਰਾਹੀਂ ਕੀਤਾ ਜਾ ਸਕਦਾ ਹੈ।

# ਯੂ.ਕੇ. ਦੇ ਨਵ-ਵਿਆਹੇ ਜੋੜੇ ਨੂੰ ਅਮਰੀਕੀ ਹਵਾਈ ਅੱਡੇ ਤੋਂ ਵਾਪਸ ਮੋੜਿਆ

**ਲੰਡਨ:** ਯੂ.ਕੇ. ਦੇ ਇਕ ਨਵ-ਵਿਆਹੇ ਜੋੜੇ ਨੂੰ ਅਮਰੀਕਾ ਦੇ ਹਵਾਈ ਅੱਡੇ ਉਤੇ 26 ਘੰਟਿਆਂ ਲਈ ਨਜ਼ਰਬੰਦ ਰੱਖਣ ਤੋਂ ਬਾਅਦ ਵਾਪਸ ਭੇਜ ਦਿੱਤਾ ਗਿਆ। ਇਸ ਦਾ ਕਾਰਨ ਵਿਅਕਤੀ ਦਾ ਮੁਸਲਮਾਨ ਹੋਣਾ ਦੱਸਿਆ ਜਾ ਰਿਹਾ ਹੈ। ਬ੍ਰਿਟਿਸ਼ ਮੀਡੀਆ ਦੀਆਂ ਰਿਪੋਰਟਾਂ ਮੁਤਾਬਕ ਨਤਾਸ਼ਾ ਪੋਲੀਤਕੀਸ (29) ਅਤੇ ਉਸ ਦੇ ਪਤੀ ਅਲੀ ਗੁਲ (32) ਨੇ ਲਾਸ ਏਂਜਲਸ, ਹਵਾਈ ਅਤੇ ਲਾਸ ਵੇਗਾਸ ਦੀ ਦੋ ਹਫਤਿਆਂ ਦੀ ਯਾਤਰਾ ਲਈ 7,000 ਪਾਊਂਡ ਦਾ ਭੁਗਤਾਨ ਕੀਤਾ ਸੀ। ਉਨ੍ਹਾਂ ਨੂੰ ਲਾਸ ਏਂਜਲਸ ਇੰਟਰਨੈਸ਼ਨਲ ਏਅਰਪੋਰਟ 'ਤੇ ਇਕ ਦਿਨ ਤੋਂ ਵੱਧ ਸਮਾਂ ਨਜ਼ਰਬੰਦ ਰੱਖਣ ਤੋਂ ਬਾਅਦ ਮੁਲਕ 'ਚ ਦਾਖਲਾ ਦੇਣ ਤੋਂ ਇਨਕਾਰ ਕਰਦਿਆਂ ਵਾਪਸ ਯੂ.ਕੇ ਭੇਜ ਦਿੱਤਾ ਗਿਆ। ਭਾਵੇਂ ਉਨ੍ਹਾਂ ਨੂੰ ਕਾਰਨ ਨਹੀਂ ਦੱਸਿਆ ਗਿਆ ਪਰ ਨਤਾਸ਼ਾ ਦਾ ਖਦਸ਼ਾ ਹੈ ਕਿ ਉਸ ਦੇ ਪਤੀ ਦੇ ਤੁਰਕੀ ਨਾਮ ਤੇ ਮੂਲ ਕਾਰਨ ਅਜਿਹਾ ਕੀਤਾ ਗਿਆ।







# ਪਨਾਮਾ ਪੇਪਰਜ਼ ਘੁਟਾਲੇ ਦੇ ਲੇਖੇ ਲੱਗਾ ਸ਼ਰੀਫ ਦਾ ਸਿਆਸੀ ਭਵਿਖ

**ਇਸਲਾਮਾਬਾਦ:** ਪਾਕਿਸਤਾਨ ਦੀ ਸੁਪਰੀਮ ਕੋਰਟ ਨੇ ਨਵਾਜ਼ ਸ਼ਰੀਫ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਹਟਾਉਣ ਦਾ ਐਲਾਨ ਕਰ ਦਿੱਤਾ ਹੈ। ਇਸ ਲਈ ਉਸ ਨੇ ਪਨਾਮਾ ਪੇਪਰਜ਼ ਰਾਹੀਂ ਉਨ੍ਹਾਂ ਦੇ ਪਰਿਵਾਰਾਂ ਵੱਲੋਂ ਗੈਰ-ਕਾਨੂੰਨੀ ਢੰਗ ਨਾਲ ਵਿਦੇਸ਼ਾਂ ਵਿਚ ਪੂੰਜੀ ਨਿਵੇਸ਼ ਕਰਨ ਦੇ ਸਾਹਮਣੇ ਆਏ ਤੱਥਾਂ ਨੂੰ ਆਧਾਰ ਬਣਾਇਆ ਹੈ। ਇਹ ਦਸਤਾਵੇਜ਼ ਇਕ ਅੰਤਰਰਾਸ਼ਟਰੀ ਖੋਜ ਏਜੰਸੀ ਵੱਲੋਂ ਲੱਭ ਕੇ ਜਾਰੀ ਕੀਤੇ ਗਏ ਸਨ। ਪਨਾਮਾ ਪੇਪਰਜ਼ ਰਾਹੀਂ ਦੁਨੀਆਂ ਦੇ ਅਮੀਰ ਵਿਅਕਤੀਆਂ ਵੱਲੋਂ ਵੱਖ-ਵੱਖ ਦੇਸ਼ਾਂ ਵਿਚ ਬੇਨਾਮੀ ਬਣਾਈਆਂ ਗਈਆਂ ਕੰਪਨੀਆਂ ਅਤੇ ਬੈਂਕਾਂ ਵਿਚ ਜਮ੍ਹਾਂ ਕਰਾਈਆਂ ਗਈਆਂ ਵੱਡੀਆਂ ਰਕਮਾਂ ਬਾਰੇ ਖੁਲਾਸਾ ਹੋਇਆ ਸੀ। ਇਨ੍ਹਾਂ ਵਿਚ ਨਵਾਜ਼ ਸ਼ਰੀਫ਼ ਤੇ ਉਸ ਦੇ ਪਰਿਵਾਰ ਦਾ ਨਾਂ ਵੀ ਸ਼ਾਮਲ ਸੀ। ਇਸ ਆਧਾਰ 'ਤੇ ਲੰਬੀ ਅਦਾਲਤੀ ਪ੍ਰਕਿਰਿਆ ਤੋਂ ਬਾਅਦ ਨਵਾਜ਼ ਸ਼ਰੀਫ਼ ਨੂੰ ਦੋਸ਼ੀ ਗਰਦਾਨ ਕੇ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਦੇ ਉਚ ਅਹੁਦੇ ਲਈ ਅਯੋਗ ਕਰਾਰ ਦੇ ਦਿੱਤਾ ਗਿਆ।

ਇਹ ਤੀਜੀ ਵਾਰ ਹੈ ਜਦੋਂ 67-ਸਾਲਾ ਸ੍ਰੀ ਸ਼ਰੀਫ਼ ਨੂੰ ਪ੍ਰਧਾਨ ਮੰਤਰੀ ਦਾ ਅਹੁਦਾ ਮਿਆਦ ਪੁੱਗਣ ਤੋਂ ਪਹਿਲਾਂ ਛੱਡਣਾ ਪਿਆ ਹੈ। ਇਸ ਬੇਤਾਬੀ ਨਾਲ ਉਡੀਕੇ ਜਾ ਰਹੇ ਫੈਸਲੇ ਨੇ ਪਾਕਿਸਤਾਨ ਨੂੰ ਉਸ ਨਾਜ਼ੁਕ ਮੌਕੇ ਸਿਆਸੀ ਸੰਕਟ ਵਿਚ ਪਾ ਦਿੱਤਾ, ਜਦੋਂ ਮੁਲਕ ਪਹਿਲਾਂ ਹੀ ਮਾੜੀ ਮਾਲੀ ਹਾਲਤ ਅਤੇ ਦਹਿਸ਼ਤਗਰਦੀ ਦਾ ਸਾਹਮਣਾ ਕਰ ਰਿਹਾ ਹੈ। ਜਿਉਂ ਹੀ ਪੰਜ ਜੱਜਾਂ ਦੀ ਬੈਂਚ ਵੱਲੋਂ ਇਤਫਾਕ ਰਾਇ ਨਾਲ ਕੀਤਾ ਫੈਸਲਾ ਖਚਾਖਚ ਭਰੀ ਅਦਾਲਤ ਵਿਚ ਜਸਟਿਸ ਐਜਾਜ਼ ਅਫ਼ਜ਼ਲ ਖ਼ਾਨ ਨੇ ਪੜ੍ਹ ਕੇ ਸੁਣਾਇਆ ਤਾਂ ਅਦਾਲਤ ਦੇ ਬਾਹਰ ਵਿਰੋਧੀ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀ.ਟੀ.ਆਈ.) ਦੇ ਕਾਰਕੁਨਾਂ ਨੇ ਜਸ਼ਨ ਮਨਾਉਣੇ ਸ਼ੁਰੂ ਕਰ ਦਿੱਤੇ। ਉਹ ਖੁਸ਼ੀ ਵਿਚ ਸ਼ਰੀਫ਼ ਵਿਰੋਧੀ ਨਾਅਰੇਬਾਜ਼ੀ ਕਰ ਰਹੇ ਸਨ। ਅਦਾਲਤ ਨੇ ਸ੍ਰੀ ਸ਼ਰੀਫ਼ ਨੂੰ ਪਾਕਿਸਤਾਨੀ ਸੰਵਿਧਾਨ ਦੀ ਧਾਰਾ 62 ਤੇ 63 ਤਹਿਤ ਅਯੋਗ ਕਰਾਰ ਦਿੱਤਾ।

ਫੈਸਲੇ ਵਿਚ ਕਿਹਾ ਗਿਆ ਹੈ ਕਿ ਸ੍ਰੀ ਸ਼ਰੀਫ਼ ਨੇ ਝੂਠਾ ਹਲਫਨਾਮਾ ਦਿੱਤਾ ਸੀ, ਜਿਸ ਕਾਰਨ ਉਹ ਸੰਵਿਧਾਨ ਮੁਤਾਬਕ 'ਈਮਾਨਦਾਰ ਨਹੀਂ' ਹਨ। ਅਦਾਲਤ ਨੇ ਕੌਮੀ ਜਵਾਬਦੇਹੀ ਬਿਊਰੋ ਨੂੰ ਸ੍ਰੀ ਸ਼ਰੀਫ਼ ਤੇ ਉਨ੍ਹਾਂ ਦੇ ਪੁੱਤਰਾਂ ਹੁਸੈਨ ਤੇ ਹਸਨ ਅਤੇ ਧੀ ਮਰੀਅਮ ਖਿਲਾਫ਼ ਛੇ ਹਫਤੇ 'ਚ ਭ੍ਰਿਸ਼ਟਾਚਾਰ ਦਾ ਕੇਸ ਦਰਜ ਕਰ ਕੇ ਛੇ ਮਹੀਨੇ ਵਿਚ ਕਾਰਵਾਈ ਮੁਕੰਮਲ ਕਰਨ ਦਾ ਹੁਕਮ ਵੀ ਦਿੱਤਾ ਹੈ।



ਇਸ ਤੋਂ ਪਹਿਲਾਂ ਸੁਪਰੀਮ ਕੋਰਟ ਨੇ 2012 ਵਿਚ ਪਾਕਿਸਤਾਨ ਪੀਪਲਜ਼ ਪਾਰਟੀ (ਪੀ.ਪੀ.ਪੀ.) ਦੇ ਪ੍ਰਧਾਨ ਮੰਤਰੀ ਯੂਸਫ਼ ਰਜ਼ਾ ਗਿਲਾਨੀ ਨੂੰ ਵੀ ਅਦਾਲਤੀ ਤੌਹੀਨ ਦੇ ਦੋਸ਼ 'ਚ ਅਯੋਗ ਕਰਾਰ ਦੇ ਦਿੱਤਾ ਸੀ, ਜਦੋਂ ਉਨ੍ਹਾਂ ਪਾਰਟੀ ਪ੍ਰਧਾਨ ਆਸਿਫ ਅਲੀ ਜ਼ਰਦਾਰੀ ਖਿਲਾਫ਼ ਭ੍ਰਿਸ਼ਟਾਚਾਰ ਦੇ ਕੇਸ ਖੋਲ੍ਹਣ ਤੋਂ ਨਾਂਹ ਕਰ ਦਿੱਤੀ ਸੀ।

ਵਿਰੋਧੀ ਪਾਰਟੀਆਂ ਨੇ ਇਸ ਫੈਸਲੇ ਦਾ ਭਰਵਾਂ ਸਵਾਗਤ ਕੀਤਾ ਹੈ। ਕੇਸ ਦੀ ਪੈਰਵੀ ਕਰ ਰਹੀ ਪੀ.ਟੀ.ਆਈ. ਤੋਂ ਇਲਾਵਾ ਪੀ.ਪੀ.ਪੀ. ਨੇ ਵੀ ਫੈਸਲੇ ਦਾ ਸਵਾਗਤ ਕਰਦਿਆਂ ਇਸ ਸਫਲਤਾ ਦਾ ਸਿਹਰਾ ਪੀ.ਟੀ.ਆਈ. ਦੇ ਮੁਖੀ ਤੇ ਕ੍ਰਿਕਟਰ ਤੋਂ ਸਿਆਸਤਦਾਨ ਬਣੇ ਇਮਰਾਨ ਖ਼ਾਨ ਸਿਰ ਬੰਨ੍ਹਿਆ।

ਅਦਾਲਤ ਨੇ ਪਿਛਲੇ ਸਾਲ ਤਿੰਨ ਨਵੰਬਰ ਨੂੰ ਮਾਮਲਾ ਸ਼ੁਰੂ ਕੀਤਾ ਅਤੇ 23 ਫਰਵਰੀ ਨੂੰ ਨਤੀਜੇ 'ਤੇ ਪਹੁੰਚਣ ਤੋਂ ਪਹਿਲਾਂ 132 ਘੰਟਿਆਂ ਵਿਚ 35 ਤੋਂ ਵੀ ਵੱਧ ਸੁਣਵਾਈਆਂ ਕੀਤੀਆਂ। ਇਸ ਨੇ ਨਵਾਜ਼ ਸ਼ਰੀਫ ਪਰਿਵਾਰ ਖਿਲਾਫ ਜਾਂਚ ਟੀਮ ਦੇ ਗਠਨ ਬਾਰੇ 20 ਅਪਰੈਲ ਨੂੰ 547 ਸਫਿਆਂ ਦਾ ਟੁੱਟਵਾਂ ਫੈਸਲਾ ਜਾਰੀ ਕੀਤਾ ਸੀ।


## *ਪਾਕਿਸਤਾਨ ਦਾ 70 ਸਾਲਾ ਦਾ ਸਿਆਸੀ ਇਤਿਹਾਸ*

**ਲਾਹੌਰ:** ਪਾਕਿਸਤਾਨ ਦਾ 70 ਸਾਲ ਦਾ ਇਤਿਹਾਸ ਬੇਹੱਦ ਗੜਬੜ ਵਾਲਾ ਰਿਹਾ ਹੈ ਅਤੇ ਇਥੇ ਹਮੇਸ਼ਾ ਫੌਜ ਹੀ ਭਾਰੂ ਰਹੀ ਹੈ। ਹੁਣ ਤੱਕ ਕੋਈ ਵੀ ਪ੍ਰਧਾਨ ਮੰਤਰੀ ਆਪਣਾ ਪੰਜ ਸਾਲ ਦਾ ਕਾਰਜਕਾਲ ਪੂਰਾ ਨਹੀਂ ਕਰ ਸਕਿਆ। ਬਹੁਤਾ ਸਮਾਂ ਫੌਜੀ ਤਾਨਾਸ਼ਾਹਾਂ ਨੇ ਇਸ ਮੁਲਕ 'ਤੇ ਕਬਜ਼ਾ ਕਰੀ ਰੱਖਿਆ ਸੀ ਅਤੇ ਕਈ ਵਾਰ ਇਥੋਂ ਦੇ ਸੰਵਿਧਾਨ ਨੂੰ ਵੀ ਉਸ ਵੱਲੋਂ ਆਪਣੇ ਹਿਤਾਂ ਮੁਤਾਬਕ ਤੋੜਿਆ-ਮਰੋੜਿਆ ਗਿਆ। ਇਹ ਨਵਾਜ਼ ਸ਼ਰੀਫ ਦੀ ਬਦਕਿਸਮਤ ਹੀ ਕਹੀ ਜਾ ਸਕਦੀ ਹੈ ਕਿ ਉਹ ਤਿੰਨ ਵਾਰ ਪ੍ਰਧਾਨ ਮੰਤਰੀ ਬਣੇ ਪਰ ਤਿੰਨੇ ਵਾਰੀ ਉਨ੍ਹਾਂ ਨੂੰ ਅੱਧ ਵਿਚਾਲਿਉਂ ਇਹ ਅਹੁਦਾ ਛੱਡਣਾ ਪਿਆ। ਪਹਿਲੀ ਵਾਰ ਉਨ੍ਹਾਂ ਨੂੰ ਤਤਕਾਲੀ ਰਾਸ਼ਟਰਪਤੀ ਨੇ ਗੱਦੀ ਤੋਂ ਲਾਹ ਦਿੱਤਾ ਸੀ। ਦੂਜੀ ਵਾਰ ਜਨਰਲ ਮੁਸ਼ੱਰਫ ਨੇ ਉਨ੍ਹਾਂ ਦੀ ਚੁਣੀ ਹੋਈ ਸਰਕਾਰ ਨੂੰ ਸੱਤਾ ਤੋਂ ਲਾਂਭੇ ਕਰ ਦਿੱਤਾ ਸੀ, ਉਨ੍ਹਾਂ ਨੂੰ ਲੰਮਾ ਸਮਾਂ ਜੇਲ੍ਹ ਵਿਚ ਵੀ ਡੱਕੀ ਰੱਖਿਆ ਸੀ। ਬਾਅਦ ਵਿਚ ਉਨ੍ਹਾਂ ਨੂੰ ਸਾਊਦੀ ਅਰਬ ਜਾਣਾ ਪਿਆ ਸੀ, ਜਿਥੋਂ ਉਹ ਕੁਝ ਸਾਲਾਂ ਬਾਅਦ ਵਾਪਸ ਆਏ ਸਨ।



## ਕੀ ਹੈ ਪਨਾਮਾ ਪੇਪਰਜ਼ ਘੁਟਾਲਾ...

**ਇਸਲਾਮਾਬਾਦ:** ਅਪਰੈਲ 2016 ਵਿਚ ਇੰਟਰਨੈਸ਼ਨਲ ਕਨਸਾਰਟੀਅਮ ਆਫ ਇਨਵੈਸਟੀਗੇਸ਼ਨ ਜਰਨਲਿਸਟਸ (ਆਈ.ਸੀ.ਆਈ.ਜੇ) ਨਾਂ ਦੇ ਇਕ ਗੈਰ-ਸਰਕਾਰੀ ਸੰਗਠਨ ਨੇ ਪਨਾਮਾ ਪੇਪਰਜ਼ ਨਾਮ ਹੇਠ ਕਈ ਦੇਸ਼ਾਂ ਦੇ ਮੁਖੀਆਂ, ਸਿਆਸੀ ਹਸਤੀਆਂ, ਫਿਲਮੀ ਸਿਤਾਰਿਆਂ, ਖਿਡਾਰੀਆਂ ਅਤੇ ਅਪਰਾਧੀਆਂ ਦੇ ਪੈਸੇ ਦੇ ਲੈਣ-ਦੇਣ ਦਾ ਖੁਲਾਸਾ ਕਰ ਕੇ ਵਿਸ਼ਵ ਭਰ ਵਿਚ ਤਹਿਲਕਾ ਮਚਾ ਦਿੱਤਾ ਸੀ। ਪਨਾਮਾ ਦੀ ਇਕ ਕਾਨੂੰਨੀ ਕੰਪਨੀ 'ਮੌਸੇਕ ਫੋਂਸੇਕਾ' ਦੇ ਸਰਵਰ ਨੂੰ 2013 ਵਿਚ ਹੈਕ ਕਰਨ ਪਿੱਛੋਂ ਇਹ ਖੁਲਾਸਾ ਹੋਇਆ ਸੀ।




ਇਸ ਵਿਚ ਪੱਤਰਕਾਰਾਂ ਦੇ ਇਸ ਸਮੂਹ ਨੇ 100 ਮੀਡੀਆ ਗਰੁੱਪ ਦੇ ਪੱਤਰਕਾਰਾਂ ਨੂੰ ਲਗਭਗ ਇਕ ਕਰੋੜ 10 ਲੱਖ ਦਸਤਾਵੇਜ਼ਾਂ ਦਿਖਾਏ ਗਏ। ਕਿਸੇ ਅਣਪਛਾਤੇ ਸੂਤਰ ਦੇ ਹਵਾਲੇ ਨਾਲ ਆਈ.ਸੀ.ਆਈ.ਜੇ. ਨੇ ਪਨਾਮਾ ਪੇਪਰਜ਼ ਲੀਕ ਦੇ ਨਾਂ ਹੇਠ ਵਿਦੇਸ਼ਾਂ ਵਿਚ ਪੈਸਾ ਰੱਖਣ ਵਾਲੇ ਲੋਕਾਂ ਦੀ ਸੂਚੀ ਜਾਰੀ ਕਰ ਦਿੱਤੀ । ਉਪਲਬਧ ਦਸਤਾਵੇਜ਼ਾਂ ਦੀ ਡੂੰਘੀ ਛਾਣਬੀਣ ਵਿਚ ਲਗਭਗ 140 ਸਿਆਸੀ ਨੇਤਾਵਾਂ, ਫਿਲਮੀ ਸਨਅਤ, ਖੇਡ ਜਗਤ ਨਾਲ ਜੁੜੀਆਂ ਹਸਤੀਆਂ ਤੋਂ ਇਲਾਵਾ ਅਰਬਪਤੀਆਂ ਦੀ ਲੁਕੀ ਆਮਦਨ ਦਾ ਪਤਾ ਲੱਗਾ।

ਇਸ ਵਿਚ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਅਤੇ ਉਨ੍ਹਾਂ ਦੇ ਬੱਚਿਆਂ ਦੇ ਨਾਂ ਤੋਂ ਇਲਾਵਾ 500 ਦੇ ਲਗਭਗ ਭਾਰਤੀਆਂ ਦੇ ਨਾਮ ਵੀ ਸ਼ਾਮਲ ਹਨ। ਪਨਾਮਾ ਪੇਪਰਜ਼ ਲੀਕ ਜਾਂਚ ਵਿਚ 1977 ਤੋਂ ਲੈ ਕੇ 2016 ਤੱਕ ਕਰੀਬ 40 ਸਾਲ ਦੇ ਦਸਤਾਵੇਜ਼ਾਂ ਦਾ ਖੁਲਾਸਾ ਹੋਇਆ। ਪਨਾਮਾ ਦੀ ਕੰਪਨੀ ਕੋਲ ਇਕ ਕਰੋੜ 15 ਲੱਖ ਗੁਪਤ ਫਾਈਲਾਂ ਦਾ ਭੰਡਾਰ ਹੈ। ਇਨ੍ਹਾਂ ਵਿਚ 2,14,000 ਕੰਪਨੀਆਂ ਬਾਰੇ ਜਾਣਕਾਰੀ ਹੈ। ਇਸ ਵਿਚ ਪੰਜ ਦੇਸ਼ਾਂ ਅਰਜਨਟੀਨਾ, ਆਈਸਲੈਂਡ, ਸਾਊਦੀ ਅਰਬ, ਯੂਕਰੇਨ, ਸੰਯੁਕਤ ਅਰਬ ਅਮੀਰਾਤ ਤੋਂ ਇਲਾਵਾ 40 ਦੇਸ਼ਾਂ ਦੀਆਂ ਸਰਕਾਰਾਂ ਨਾਲ ਜੁੜੇ ਲੋਕਾਂ ਬਾਰੇ ਜਾਣਕਾਰੀ ਹੈ।

# ਭਗਵਾ ਬ੍ਰਿਗੇਡ ਖਿਲਾਫ ਖੜ੍ਹਾ ਹੋਇਆ 'ਮਹਾਂਗੱਠਜੋੜ' ਢਹਿ-ਢੇਰੀ

**ਪਟਨਾ:** ਬਿਹਾਰ ਦੀ ਸਿਆਸੀ ਉਥਲ-ਪੁਥਲ ਅਤੇ ਨਿਤੀਸ਼ ਕੁਮਾਰ ਵੱਲੋਂ ਅਚਾਨਕ ਮਹਾਂਗਠਬੰਧਨ ਤੋੜਨ ਦੇ ਫੈਸਲੇ ਨਾਲ 2019 ਦੀਆਂ ਆਮ ਚੋਣਾਂ ਵਿਚ ਭਗਵਾ ਬ੍ਰਿਗੇਡ ਨੂੰ ਰੋਕਣ ਤੇ ਆਰ.ਐਸ.ਐਸ. ਨੂੰ ਖੂੰਜੇ ਲਾਉਣ ਦੇ ਦਾਅਵੇ ਵੀ ਧਰੇ ਧਰਾਏ ਰਹਿ ਗਏ ਹਨ। ਵਿਰੋਧੀ ਧਿਰ ਦੇ 'ਮਹਾਂਗੱਠਜੋੜ' ਨੂੰ ਢਹਿਢੇਰੀ ਕਰ ਕੇ ਜਨਤਾ ਦਲ (ਯੂ) ਦੇ ਮੁਖੀ ਨਿਤੀਸ਼ ਕੁਮਾਰ ਨੇ ਫਿਰ ਭਾਜਪਾ ਦੀ ਹਮਾਇਤ ਸਹਾਰੇ ਬਿਹਾਰ ਦੇ ਮੁੱਖ ਮੰਤਰੀ ਵਜੋਂ ਅਹੁਦਾ ਸੰਭਾਲ ਲਿਆ। ਨਿਤੀਸ਼ ਚਾਰ ਸਾਲਾਂ ਤੋਂ ਸੰਘ ਮੁਕਤ ਭਾਰਤ ਸਥਾਪਤ ਕਰਨ ਦੀ ਗੱਲ ਕਰਦੇ ਆ ਰਹੇ ਸਨ। ਹੁਣ ਅਚਾਨਕ ਖੁਦ ਹੀ ਉਸੇ ਸੰਘ ਦੀ ਸ਼ਰਨ 'ਚ ਪਹੁੰਚ ਗਏ। ਉਨ੍ਹਾਂ ਦੇ ਕੱਟੜ ਹਮਾਇਤੀ ਵੀ ਅਜਿਹੀ ਅਚਨਚੇਤੀ ਕਲਾਬਾਜ਼ੀ ਲਈ ਤਿਆਰ ਨਹੀਂ ਸਨ। ਲਾਲੂ ਦੀ ਥਾਂ ਨਰੇਂਦਰ ਮੋਦੀ ਦਾ ਹੱਥ ਫੜ ਕੇ ਉਹ ਹੁਣ ਬਿਹਾਰ ਲਈ ਵੱਧ ਕੇਂਦਰੀ ਮਾਇਕ ਮਦਦ ਯਕੀਨੀ ਬਣਾ ਸਕਦੇ ਹਨ, ਪਰ ਰਾਜਸੀ ਮੌਕਾਪ੍ਰਸਤੀ ਤੇ ਤਿਲਕਵੀਂ ਵਫਾਦਾਰੀ ਦੇ ਦੋਸ਼ਾਂ ਤੋਂ ਪਿੱਛਾ ਨਹੀਂ ਛੁਡਾ ਸਕਣਗੇ। ਭਾਜਪਾ ਲਈ ਇਹ ਸਥਿਤੀ ਕਾਫੀ ਸੁਖਾਵੀਂ ਹੈ।

'ਮਹਾਂਗੱਠਜੋੜ' ਛੱਡ ਕੇ ਅਸਤੀਫਾ ਦੇਣ ਤੋਂ ਮਹਿਜ਼ 12 ਘੰਟਿਆਂ ਬਾਅਦ ਹੀ ਉਹ ਮੁੜ ਹਲਫ ਲੈ ਕੇ ਮੁੱਖ ਮੰਤਰੀ ਦੇ ਅਹੁਦੇ 'ਤੇ ਬਿਰਾਜਮਾਨ ਹੋ ਗਏ। ਰਾਜ ਭਵਨ ਵਿਚ ਉਨ੍ਹਾਂ ਨਾਲ ਭਾਜਪਾ ਦੇ ਸੀਨੀਅਰ ਆਗੂ ਸੁਸ਼ੀਲ ਮੋਦੀ ਨੇ ਵੀ ਹਲਫ਼ ਲਿਆ, ਜੋ ਉਪ ਮੁੱਖ ਮੰਤਰੀ ਹੋਣਗੇ। ਸ੍ਰੀ ਨਿਤੀਸ਼ ਕੁਮਾਰ ਨੇ ਮੁਸਲਮਾਨਾਂ ਦੀਆਂ ਵੋਟਾਂ 'ਤੇ ਨਜ਼ਰ ਰੱਖਦਿਆਂ 2013 ਵਿਚ ਭਾਜਪਾ ਤੋਂ ਆਪਣਾ 17 ਸਾਲ ਪੁਰਾਣਾ ਗੱਠਜੋੜ ਉਦੋਂ ਤੋੜ ਲਿਆ ਸੀ, ਜਦੋਂ ਭਾਜਪਾ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ (ਉਦੋਂ ਗੁਜਰਾਤ ਦੇ ਮੁੱਖ ਮੰਤਰੀ) ਨੂੰ 2014 ਦੀਆਂ ਆਮ ਚੋਣਾਂ ਲਈ ਆਪਣੀ ਪ੍ਰਚਾਰ ਕਮੇਟੀ ਦਾ ਮੁਖੀ ਬਣਾਉਣ ਦੀ ਤਿਆਰੀ ਕੀਤੀ ਸੀ, ਪਰ ਹੁਣ ਮੁੜ ਉਨ੍ਹਾਂ ਐਨ.ਡੀ.ਏ. ਦਾ ਪੱਲਾ ਫੜ ਲਿਆ ਹੈ। ਉਨ੍ਹਾਂ ਇਹ ਕਦਮ ਉਦੋਂ ਚੁੱਕਿਆ ਹੈ ਜਦੋਂ ਦੇਸ਼ ਭਰ ਵਿਚ ਅਸਹਿਣਸ਼ੀਲਤਾ ਤੇ ਖਾਸਕਰ ਹਜੂਮੀ ਮੌਤਾਂ ਦੇ ਮੁੱਦੇ 'ਤੇ ਭਾਜਪਾ ਦਾ ਜ਼ੋਰਦਾਰ ਵਿਰੋਧ ਹੋ ਰਿਹਾ ਹੈ। ਇਸ ਦੇ ਨਾਲ ਹੀ ਜੇ.ਡੀ.(ਯੂ) ਨੇ ਸੰਸਦ ਦੇ ਦੋਵਾਂ ਸਦਨਾਂ ਵਿਚ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਦੀ ਹਮਾਇਤ ਦਾ ਐਲਾਨ ਵੀ ਕੀਤਾ ਹੈ।

ਅਸਲ ਵਿਚ, ਬਿਹਾਰ ਵਿਚ ਜੋ ਸਿਆਸੀ ਘਟਨਾਕ੍ਰਮ ਵਾਪਰਿਆ ਹੈ, ਉਸ ਬਾਰੇ ਕਿਆਸਅਰਾਈਆਂ ਪਿਛਲੇ ਤਿੰਨ ਮਹੀਨਿਆਂ ਤੋਂ ਚੱਲ ਰਹੀਆਂ ਸਨ। ਭ੍ਰਿਸ਼ਟਾਚਾਰ ਦੇ ਕੇਸ ਵਿਚ ਫਸੇ ਉਪ ਮੁੱਖ ਮੰਤਰੀ ਤੇਜਸਵੀ ਯਾਦਵ ਦੇ ਅਸਤੀਫੇ ਦੀ ਮੰਗ ਉਸ ਦੇ ਪਿਤਾ ਤੇ ਰਾਸ਼ਟਰੀ ਜਨਤਾ ਦਲ (ਆਰ.ਜੇ.ਡੀ.) ਸੁਪਰੀਮੋ ਲਾਲੂ ਯਾਦਵ ਵੱਲੋਂ ਰੱਦ ਕੀਤੇ ਜਾਣ ਦੇ ਇਕ ਘੰਟੇ ਦੇ ਅੰਦਰ ਨਿਤੀਸ਼ ਕੁਮਾਰ ਨੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ, ਇਸ ਦੇ ਕਾਰਨ ਬਿਆਨਣ ਲਈ ਮੀਡੀਆ ਨੂੰ ਸੰਬੋਧਨ ਕੀਤਾ, ਉਸ ਮਗਰੋਂ ਭਾਜਪਾ ਆਗੂ ਸੁਸ਼ੀਲ ਮੋਦੀ ਨਾਲ ਮੁਲਾਕਾਤ ਕੀਤੀ ਅਤੇ ਫਿਰ ਆਪਣੀ ਪਾਰਟੀ ਜੇ.ਡੀ.ਯੂ. ਦੇ ਵਿਧਾਇਕਾਂ ਅਤੇ ਐਨ.ਡੀ.ਏ. ਦੇ ਵਿਧਾਇਕਾਂ ਦੀ ਸਾਂਝੀ ਮੀਟਿੰਗ ਵਿਚ ਆਪਣੀ ਨੇਤਾਗਿਰੀ 'ਤੇ ਮੋਹਰ ਲਵਾਈ। ਇਸ ਤੋਂ ਬਾਅਦ ਅੱਧੀ ਰਾਤ ਨੂੰ ਰਾਜ ਭਵਨ ਦਾ ਦਰਵਾਜ਼ਾ ਖੜਕਾ ਕੇ ਨਵੀਂ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕਰ ਦਿੱਤਾ। ਰਾਜਪਾਲ ਕੇਸਰੀ ਨਾਥ ਤ੍ਰਿਪਾਠੀ, ਜੋ ਕਿ ਪੱਛਮੀ ਬੰਗਾਲ ਦੇ ਰਾਜਪਾਲ ਵੀ ਹਨ, ਨੇ ਇਹ ਦਾਅਵਾ ਪ੍ਰਵਾਨ ਕਰਦਿਆਂ ਉਨ੍ਹਾਂ ਨੂੰ ਮੁੱਖ ਮੰਤਰੀ ਵਜੋਂ ਦੁਬਾਰਾ ਹਲਫ ਦਿਵਾ ਦਿੱਤਾ। ਉਨ੍ਹਾਂ ਦੇ ਨਾਲ ਸੁਸ਼ੀਲ ਮੋਦੀ ਨੂੰ ਉਪ ਮੁੱਖ ਮੰਤਰੀ ਥਾਪਿਆ ਗਿਆ ਹੈ। ਸਮੁੱਚੇ ਨਾਟਕੀ ਘਟਨਾਕ੍ਰਮ ਨੇ ਸਾਰੀਆਂ ਸਿਆਸੀ ਧਿਰਾਂ ਨੂੰ ਕਸੂਤਾ ਫਸਾਇਆ, ਉਥੇ ਸਿਰਫ ਭਾਜਪਾ ਦੇ ਦੋਵੇਂ ਹੱਥੀਂ ਲੱਡੂ ਆਏ।

*ਕੁਰਸੀ ਲਈ ਨਿਤੀਸ਼ ਕੁਮਾਰ ਮੁੜ ਭਾਜਪਾ ਦੀ ਸ਼ਰਨ 'ਚ*



## ਸ਼ਿਵ ਸੈਨਾ ਨੇ ਉਡਾਇਆ ਭਾਜਪਾ ਦਾ ਮਜ਼ਾਕ


**ਮੁੰਬਈ:** ਬਿਹਾਰ ਵਿਚ ਵਾਪਰੇ ਸਿਆਸੀ ਘਟਨਾਕ੍ਰਮ 'ਤੇ ਗੁੱਝੀ ਸੱਟ ਮਾਰਦਿਆਂ ਸ਼ਿਵ ਸੈਨਾ ਨੇ ਕਿਹਾ ਹੈ ਕਿ ਇੰਜ ਜਾਪਦਾ ਹੈ ਕਿ ਉਨ੍ਹਾਂ ਦੇ ਸਹਿਯੋਗੀ ਦਲ (ਭਾਜਪਾ) ਨੇ ਨਿਤੀਸ਼ ਕੁਮਾਰ ਨਾਲ ਗਠਜੋੜ ਕਰ ਕੇ ਪਾਕਿਸਤਾਨ ਨੂੰ ਖੁਸ਼ ਕਰ ਦਿੱਤਾ ਹੈ। ਸ਼ਿਵ ਸੈਨਾ ਦੇ ਰਸਾਲੇ 'ਸਾਮਨਾ' ਵਿਚ ਇਹ ਸਵਾਲ ਕੀਤਾ ਗਿਆ ਹੈ, 'ਅਮਿਤ ਸ਼ਾਹ ਨੇ ਪਹਿਲਾਂ ਕਿਹਾ ਸੀ ਕਿ ਜੇਕਰ ਨਿਤੀਸ਼ ਕੁਮਾਰ ਜਿੱਤਿਆ ਤਾਂ ਪਾਕਿਸਤਾਨ ਜਸ਼ਨ ਮਨਾਏਗਾ। ਤਾਂ ਹੁਣ ਕੀ ਪਾਕਿਸਤਾਨ ਜਸ਼ਨ ਮਨਾ ਰਿਹਾ ਹੈ? ਇੰਜ ਜਾਪਦਾ ਹੈ ਕਿ ਭਾਜਪਾ ਨੇ ਨਿਤੀਸ਼ ਨਾਲ ਗਠਜੋੜ ਕਰ ਕੇ ਪਾਕਿਸਤਾਨ ਨੂੰ ਆਪੇ ਹੀ ਖੁਸ਼ ਕਰ ਦਿੱਤਾ ਹੈ।"

## ਨਿਤੀਸ਼ ਨੇ ਫਿਰਕੂ ਤਾਕਤਾਂ ਨਾਲ ਹੱਥ ਮਿਲਾਇਆ: ਰਾਹੁਲ

**ਨਵੀਂ ਦਿੱਲੀ:** ਕਾਂਗਰਸ ਉਪ ਪ੍ਰਧਾਨ ਰਾਹੁਲ ਗਾਂਧੀ ਨੇ ਕਿਹਾ ਕਿ ਲੋਕ ਸੱਤਾ ਲਈ ਕੁਝ ਵੀ ਕਰ ਸਕਦੇ ਹਨ। ਹਿੰਦੁਸਤਾਨ ਦੀ ਸਿਆਸਤ ਦੀ ਇਹੋ ਸਮੱਸਿਆ ਹੈ। ਆਪਣੇ ਸਵਾਰਥ ਲਈ ਵਿਅਕਤੀ ਕੁਝ ਵੀ ਕਰ ਸਕਦਾ ਹੈ। ਰਾਹੁਲ ਨੇ ਨਿਤੀਸ਼ ਵੱਲੋਂ ਗੱਠਜੋੜ ਵਿਚੋਂ ਨਿਕਲਣ ਨੂੰ ਧੋਖਾ ਕਰਾਰ ਦਿੰਦਿਆਂ ਕਿਹਾ ਕਿ ਨਿਤੀਸ਼ ਨੂੰ ਫਿਰਕੂਵਾਦੀ ਤਾਕਤਾਂ ਨਾਲ ਲੜਨ ਲਈ ਲੋਕਾਂ ਦਾ ਫਤਵਾ ਮਿਲਿਆ ਸੀ ਪਰ ਉਨ੍ਹਾਂ ਨੇ ਆਪਣੇ ਨਿੱਜੀ ਸਿਆਸੀ ਹਿੱਤਾਂ ਲਈ ਉਨ੍ਹਾਂ ਹੀ ਤਾਕਤਾਂ ਦੇ ਨਾਲ ਹੱਥ ਮਿਲਾ ਲਿਆ।



## ਲਾਲੂ ਯਾਦਵ ਦੇ ਪਰਿਵਾਰ ਖਿਲਾਫ ਸ਼ਿਕੰਜਾ



**ਨਵੀਂ ਦਿੱਲੀ:** ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਯੂ.ਪੀ.ਏ. ਹਕੂਮਤ ਦੌਰਾਨ ਰੇਲਵੇ ਹੋਟਲ ਅਲਾਟਮੈਂਟ ਸਬੰਧੀ ਭ੍ਰਿਸ਼ਟਾਚਾਰ ਦੇ ਇਕ ਕੇਸ ਵਿਚ ਆਰ.ਜੇ.ਡੀ. ਮੁਖੀ ਲਾਲੂ ਪ੍ਰਸਾਦ ਯਾਦਵ ਅਤੇ ਉਨ੍ਹਾਂ ਦੇ ਪਰਿਵਾਰਕ ਜੀਆਂ ਖਿਲਾਫ਼ ਕਾਲੇ ਧਨ ਨੂੰ ਚਿੱਟਾ ਬਣਾਉਣ ਦੇ ਦੋਸ਼ ਹੇਠ ਕੇਸ ਦਰਜ ਕੀਤਾ ਹੈ। ਈ.ਡੀ. ਨੇ ਇਹ ਕਾਰਵਾਈ ਸੀ.ਬੀ.ਆਈ. ਵੱਲੋਂ ਉਨ੍ਹਾਂ ਖਿਲਾਫ਼ ਦਰਜ ਕੀਤੀ ਗਈ ਐਫ.ਆਈ.ਆਰ. ਦੇ ਮੱਦੇਨਜ਼ਰ ਕੀਤੀ ਹੈ।

# ਅਗਵਾ ਪੰਜਾਬੀਆਂ ਬਾਰੇ ਸੁਸ਼ਮਾ ਸਵਰਾਜ ਆਪਣੇ ਬਿਆਨ 'ਤੇ ਕਾਇਮ

**ਨਵੀਂ ਦਿੱਲੀ:** ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਆਖਿਆ ਹੈ ਕਿ ਇਰਾਕ ਦੇ ਮੌਸੂਲ ਵਿਚੋਂ ਤਿੰਨ ਸਾਲ ਪਹਿਲਾਂ ਅਗਵਾ ਕੀਤੇ 39 ਭਾਰਤੀਆਂ ਦੇ ਮਾਰੇ ਜਾਣ ਬਾਰੇ ਕੋਈ ਠੋਸ ਸਾਹਮਣੇ ਨਹੀਂ ਆਇਆ ਹੈ। ਇਸ ਲਈ ਬਿਨਾਂ ਕਿਸੇ ਸਬੂਤ ਦੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਕੇ ਉਹ 'ਪਾਪ ਨਹੀਂ ਕਰਨਗੇ'।



ਇਸ ਮੁੱਦੇ ਉਤੇ ਦੇਸ਼ ਨੂੰ ਗੁੰਮਰਾਹ ਕਰਨ ਦੇ ਦੋਸ਼ਾਂ ਨੂੰ ਲੋਕ ਸਭਾ ਵਿਚ ਰੱਦ ਕਰਦਿਆਂ ਵਿਦੇਸ਼ ਮੰਤਰੀ ਨੇ ਕਿਹਾ ਕਿ ਜਦੋਂ ਤੱਕ ਮੌਤ ਬਾਰੇ ਸਬੂਤ ਨਹੀਂ ਮਿਲਦਾ ਉਨ੍ਹਾਂ ਨੂੰ ਲੱਭਣ ਲਈ ਸਰਕਾਰ ਆਪਣੇ ਯਤਨ ਜਾਰੀ ਰੱਖੇਗੀ। ਉਨ੍ਹਾਂ ਕਿਹਾ ਕਿ 39 ਭਾਰਤੀਆਂ ਦੀ ਮੌਤ ਬਾਰੇ ਜਦੋਂ ਤੱਕ ਕੋਈ ਸਬੂਤ ਨਹੀਂ ਮਿਲਦਾ ਇਹ ਫਾਈਲ ਬੰਦ ਨਹੀਂ ਹੋਵੇਗੀ। ਬਿਨਾਂ ਸਬੂਤ ਉਨ੍ਹਾਂ ਨੂੰ ਮ੍ਰਿਤਕ ਕਰਾਰ ਦੇਣਾ 'ਪਾਪ' ਹੋਵੇਗਾ ਅਤੇ ਮੈਂ ਇਹ ਪਾਪ ਨਹੀਂ ਕਰਾਂਗੀ।

ਉਨ੍ਹਾਂ ਕਿਹਾ ਕਿ ਵੀਅਤਨਾਮ ਹਾਲੇ ਵੀ ਆਪਣੇ ਫੌਜੀਆਂ ਦੀ ਤਲਾਸ਼ ਕਰ ਰਿਹਾ ਹੈ, ਜੋ ਵੀਅਤਨਾਮ ਜੰਗ ਵਿਚ ਲਾਪਤਾ ਹੋ ਗਏ ਸਨ ਜਾਂ ਮਾਰੇ ਗਏ ਸਨ। ਇਥੋਂ ਤੱਕ ਕਿ ਦੂਜੇ ਵਿਸ਼ਵ ਯੁੱਧ ਵਿਚ ਲਾਪਤਾ ਹੋਏ ਫੌਜੀਆਂ ਦੀ ਅਮਰੀਕਾ ਹਾਲੇ ਵੀ ਭਾਲ ਕਰ ਰਿਹਾ ਹੈ।

ਦੱਸਣਯੋਗ ਹੈ ਕਿ ਇਰਾਕ ਦੇ ਵਿਦੇਸ਼ ਮੰਤਰੀ ਇਬਰਾਹਿਮ ਅਲ-ਜਾਫਰੀ ਨੇ ਕਿਹਾ ਸੀ ਕਿ ਭਾਰਤੀਆਂ ਦੇ ਜ਼ਿੰਦਾ ਜਾਂ ਮਾਰੇ ਜਾਣ ਬਾਰੇ ਕੋਈ ਪੁਖਤਾ ਸਬੂਤ ਨਹੀਂ ਹੈ। ਉਨ੍ਹਾਂ ਪੁਸ਼ਟੀ ਕੀਤੀ ਸੀ ਕਿ ਬਦੂਸ਼ ਜੇਲ੍ਹ, ਜੋ ਭਾਰਤੀਆਂ ਦਾ ਆਖਰੀ ਟਿਕਾਣਾ ਮੰਨੀ ਗਈ ਸੀ, ਨੂੰ ਆਈ.ਐਸ. ਦੇ ਅਤਿਵਾਦੀਆਂ ਨੇ ਢਹਿ-ਢੇਰੀ ਕਰ ਦਿੱਤਾ ਹੈ।

ਸੁਸ਼ਮਾ ਸਵਰਾਜ ਨੇ ਕਿਹਾ ਕਿ ਜੇਕਰ ਕਿਸੇ ਨੂੰ ਲੱਗਦਾ ਹੈ ਕਿ ਉਹ ਇਸ ਦੁਨੀਆਂ ਵਿਚ ਨਹੀਂ ਰਹੇ ਤਾਂ ਤੁਸੀਂ ਪਰਿਵਾਰਾਂ ਕੋਲ ਅਫਸੋਸ ਪ੍ਰਗਟਾਉਣ ਜਾ ਸਕਦੇ ਹੋ। ਇਸੇ ਤਰ੍ਹਾਂ ਉਨ੍ਹਾਂ ਦੇ ਪਰਿਵਾਰਕ ਮੈਂਬਰ ਵੀ ਅੰਤਿਮ ਅਰਦਾਸ ਕਰਾਉਣ ਲਈ ਆਜ਼ਾਦ ਹਨ ਪਰ ਜੇਕਰ ਕੋਈ ਮੁੜਿਆ ਤਾਂ ਉਨ੍ਹਾਂ ਦੀ ਜ਼ਿੰਮੇਵਾਰੀ ਹੋਵੇਗੀ। ਮੈਂ ਅਗਵਾ ਭਾਰਤੀਆਂ, ਜੋ ਜ਼ਿਆਦਾਤਰ ਪੰਜਾਬ ਵਿਚੋਂ ਹਨ, ਦੇ ਪਰਿਵਾਰਾਂ ਨਾਲ 12 ਵਾਰ ਮੁਲਾਕਾਤ ਕੀਤੀ ਹੈ ਅਤੇ ਉਨ੍ਹਾਂ ਨੂੰ ਦੱਸਿਆ ਕਿ ਕੋਈ ਸਬੂਤ ਨਹੀਂ ਹੈ ਕਿ ਇਹ ਮੰਨ ਲਿਆ ਜਾਵੇ ਕਿ ਉਨ੍ਹਾਂ ਦੀ ਮੌਤ ਹੋ ਚੁੱਕੀ ਹੈ।

## ਪੀੜਤਾਂ ਵੱਲੋਂ ਸਰਕਾਰ 'ਤੇ ਗੁੰਮਰਾਹ ਕਰਨ ਦੇ ਦੋਸ਼

**ਚੰਡੀਗੜ੍ਹ:** ਇਰਾਕ ਵਿਚ ਲਾਪਤਾ ਹੋਏ 39 ਭਾਰਤੀਆਂ ਦੇ ਪਰਿਵਾਰਾਂ ਨੇ ਸਰਕਾਰ ਉਤੇ ਦੋਸ਼ ਲਾਇਆ ਕਿ ਉਹ ਤਿੰਨ ਸਾਲਾਂ ਤੋਂ ਉਨ੍ਹਾਂ ਨੂੰ ਹਨੇਰੇ 'ਚ ਰੱਖ ਰਹੀ ਹੈ। ਉਨ੍ਹਾਂ ਨੇ ਕੇਂਦਰ ਸਰਕਾਰ ਉਤੇ ਦੋਸ਼ ਲਾਇਆ ਕਿ ਉਸ ਕੋਲ ਉਨ੍ਹਾਂ ਦੇ ਲਾਪਤਾ ਹੋਏ ਪਰਿਵਾਰਕ ਮੈਂਬਰਾਂ ਬਾਰੇ ਕੋਈ ਠੋਸ ਸੂਚਨਾ ਨਹੀਂ ਹੈ। ਪਰਿਵਾਰਾਂ ਨੇ ਕਿਹਾ ਕਿ ਸੰਸਦ 'ਚ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਦਾ ਬਿਆਨ ਸੁਣਨ ਦੇ ਬਾਅਦ ਉਨ੍ਹਾਂ ਦੀ ਉਮੀਦ ਟੁੱਟ ਗਈ ਹੈ।

## ਪਿਉ ਵੱਲੋਂ ਧੀ ਦੀ ਹੱਤਿਆ

**ਪਠਾਨਕੋਟ:** ਪਿੰਡ ਨਿਆੜੀ ਵਿਚ ਇਕ ਪਿਉ ਨੇ ਆਪਣੀ 16 ਸਾਲਾ ਧੀ ਉਤੇ ਤੇਜ਼ਧਾਰ ਦਾਤਰ ਨਾਲ ਹਮਲਾ ਕਰ ਕੇ ਉਸ ਦਾ ਕਤਲ ਕਰ ਦਿੱਤਾ। ਮ੍ਰਿਤਕਾ ਦੀ ਪਛਾਣ ਅੰਜਲੀ ਪੁੱਤਰੀ ਰਾਕੇਸ਼ ਕੁਮਾਰ ਵਾਸੀ ਪਿੰਡ ਨਿਆੜੀ ਵਜੋਂ ਹੋਈ ਹੈ।

# ਜੰਨਤ 'ਚ ਹੂਰਾਂ ਨੂੰ ਮਿਲਣ ਦੀ ਤਾਂਘ 'ਚ ਆਤਮਘਾਤ ਦਾ ਰਾਹ

**ਮੌਸੂਲ:** ਸੀਰੀਆ ਵਿਚ ਇਸਲਾਮਿਕ ਸਟੇਟ (ਆਈ.ਐਸ.) ਖਿਲਾਫ਼ ਚੱਲ ਰਹੀ ਜੰਗ ਨਾਲ ਜੁੜੀ ਇਕ ਖਬਰ ਤੁਹਾਨੂੰ ਹੈਰਾਨ ਕਰ ਦੇਵੇਗੀ। ਇਸ ਮੁਤਾਬਕ ਆਈ.ਐਸ. ਅਤਿਵਾਦੀ ਲੜਾਈ ਵਿਚ ਮਰਨ ਤੋਂ ਬਾਅਦ ਜੰਨਤ 'ਚ ਹੂਰਾਂ ਨੂੰ ਮਿਲਣ ਦੀ ਆਸ ਰੱਖਦੇ ਹਨ ਤੇ ਉਨ੍ਹਾਂ ਲਈ ਕੱਪੜਿਆਂ ਦਾ ਪ੍ਰਬੰਧ ਕਰ ਕੇ ਜਾਂਦੇ ਹਨ।

ਇਸ ਜੰਗ ਵਿਚ ਆਈ.ਐਸ. ਦਾ ਸਾਹਮਣਾ ਕਰ ਰਹੀ ਫੌਜ ਦੇ ਅਧਿਕਾਰੀਆਂ ਨੇ ਦੱਸਿਆ ਹੈ ਕਿ ਕਈ ਆਤਮਘਾਤੀ ਹਮਲਾਵਰਾਂ ਦੀਆਂ ਜੇਬਾਂ ਵਿਚੋਂ ਔਰਤਾਂ ਦੇ ਵਿਸ਼ੇਸ਼ ਕੱਪੜੇ ਮਿਲੇ ਹਨ। ਸੀਰੀਆਈ ਫੌਜ ਵੱਲੋਂ ਗ੍ਰਿਫਤਾਰ ਕੀਤੇ ਗਏ ਕਈ ਜਹਾਦੀਆਂ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਉਹ ਇਹ ਕੱਪੜੇ ਜੰਨਤ ਦੀਆਂ ਕੁਆਰੀਆਂ ਹੂਰਾਂ ਲਈ ਲੈ ਕੇ ਜਾ ਰਹੇ ਹਨ। ਕਿਉਂਕਿ ਉਨ੍ਹਾਂ ਨੂੰ ਦੱਸਿਆ ਗਿਆ ਹੈ ਕਿ ਜਹਾਦ ਵਿਚ ਮਾਰੇ ਜਾਣ ਤੋਂ ਬਾਅਦ ਉਨ੍ਹਾਂ ਨੂੰ ਜੰਨਤ ਨਸੀਬ ਹੋਵੇਗੀ ਤੇ ਉਸ ਜੰਨਤ 'ਚ ਉਨ੍ਹਾਂ ਨੂੰ ਹੂਰਾਂ ਮਿਲਣਗੀਆਂ। ਉਹ ਉਨ੍ਹਾਂ ਨੂੰ ਇਹ ਕੱਪੜੇ ਤੋਹਫੇ ਵਿਚ ਦੇਣਗੇ।

ਅਤਿਵਾਦੀਆਂ ਦੇ ਇਸ ਇੰਕਸ਼ਾਫ ਤੋਂ ਪਤਾ ਲੱਗਦਾ ਹੈ ਕਿ ਉਹ ਜੰਨਤ 'ਚ ਹੂਰਾਂ ਨੂੰ ਮਿਲਣ ਦੀ ਆਸ ਲੈ ਕੇ ਆਤਮਘਾਤੀ ਹਮਲਿਆਂ 'ਚ ਆਪਣੀ ਜਾਨ ਗੁਆਉਣ ਲਈ ਤਿਆਰ ਹੋ ਜਾਂਦੇ ਹਨ। ਕਈ ਸੀਰੀਆਈ ਕਮਾਂਡਰਾਂ ਤੇ ਜਨਰਲਾਂ ਦਾ ਕਹਿਣਾ ਹੈ ਕਿ ਅਸਲ 'ਚ ਇਨ੍ਹਾਂ ਨੌਜਵਾਨ ਅਤਿਵਾਦੀਆਂ ਦੇ ਦਿਮਾਗ ਵਿਚ ਜਹਾਦ ਵਿਚ ਮਾਰੇ ਜਾਣ ਉਤੇ ਜੰਨਤ ਮਿਲਣ ਦੇ ਸੁਪਨੇ ਦਿਖਾਏ ਜਾਂਦੇ ਹਨ।

ਉਨ੍ਹਾਂ ਨੂੰ ਜੰਨਤ ਦੀ ਜਿਹੜੀ ਤਸਵੀਰ ਪੇਸ਼ ਕੀਤੀ ਜਾਂਦੀ ਹੈ, ਉਹ ਖੁਸ਼ਹਾਲੀ ਤੇ ਖੂਬਸੂਰਤੀ ਦਾ ਅਜਿਹਾ ਬਿਰਤਾਂਤ ਹੁੰਦਾ ਕਿ ਇਹ ਨੌਜਵਾਨ ਆਪਣੀ ਜਾਨ ਤੱਕ ਦਾਅ ਉਤੇ ਲਗਾ ਦਿੰਦੇ ਹਨ। ਫੌਜੀ ਅਧਿਕਾਰੀਆਂ ਦਾ ਕਹਿਣਾ ਹੈ ਕਿ 30 ਦਿਨਾਂ 'ਚ ਇਸ ਜੰਗ ਦਾ ਫੈਸਲਾ ਹੋ ਜਾਵੇਗਾ।

## ਹਰ ਸਾਲ ਸੜਕ ਹਾਦਸਿਆਂ ਵਿਚ ਡੇਢ ਲੱਖ ਲੋਕਾਂ ਦੀ ਮੌਤ

**ਨਵੀਂ ਦਿੱਲੀ:** ਭਾਰਤ ਵਿਚ ਹਰ ਸਾਲ ਪੰਜ ਲੱਖ ਸੜਕ ਹਾਦਸੇ ਵਾਪਰਦੇ ਹਨ ਜਿਨ੍ਹਾਂ ਵਿਚ 1.5 ਲੱਖ ਲੋਕਾਂ ਦੀ ਮੌਤ ਹੋ ਜਾਂਦੀ ਹੈ। ਇਹ ਜਾਣਕਾਰੀ ਲੋਕ ਸਭਾ ਵਿਚ ਪ੍ਰਸ਼ਨ ਕਾਲ ਦੌਰਾਨ ਸੜਕ ਆਵਾਜਾਈ ਅਤੇ ਸ਼ਾਹਰਾਹ ਮੰਤਰੀ ਨਿਤਿਨ ਗਡਕਰੀ ਨੇ ਦਿੱਤੀ।

ਉਨ੍ਹਾਂ ਦੱਸਿਆ ਕਿ ਪਿਛਲੇ ਤਿੰਨ ਸਾਲਾਂ 'ਚ ਹਾਦਸਿਆਂ ਦੀ ਗਿਣਤੀ ਵਿਚ 4 ਫੀਸਦੀ ਵਾਧਾ ਹੋਇਆ ਹੈ ਜਦਕਿ ਦੇਸ਼ ਵਿਚ ਆਟੋਮੋਬਾਈਲ ਸੈਕਟਰ ਦੇ ਵਿਕਾਸ ਦੀ ਦਰ ਪ੍ਰਤੀ ਸਾਲ 22 ਫੀਸਦੀ ਹੈ।

ਦੇਸ਼ ਵਿਚ ਲਗਭਗ 30 ਫੀਸਦੀ ਨਕਲੀ ਲਾਇਸੈਂਸਾਂ ਦੀ ਵਰਤੋਂ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਸੜਕ ਸਫਰ ਨੂੰ ਸੁਰੱਖਿਅਤ ਬਣਾਉਣ ਲਈ ਯਤਨ ਕੀਤੇ ਜਾ ਰਹੇ ਹਨ ਤਾਂ ਕਿ ਹਾਦਸੇ ਘਟਾਏ ਜਾ ਸਕਣ।

**ਵੇਟਰ ਅਤੇ ਤੰਦੂਰੀਏ ਦੀ ਲੋੜ ਹੈ**

ਮੈਡੀਸਨ, ਵਿਸਕਾਨਸਿਨ 'ਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਤੰਦੂਰੀਏ ਦੀ ਲੋੜ ਹੈ।

ਰਿਹਾਇਸ਼ ਫਰੀ, ਚੰਗੀ ਤਨਖਾਹ

ਸੰਪਰਕ ਕਰੋ: ਸੰਨੀ, ਫੋਨ: 608-630-0287

28-35

**Satwant Singh Insurance Services**

*We serve all over California*

**Auto, Home, Life, Business, Workers Comp.**

*See how much you can save. Get free quote for Auto, Home, Life and Business.*

*Compare Auto, Home quotes online at our website: www.satwantins.com*

**Visit our web page and you'll find an online tool that helps you compare different policies in just minutes. All you have to do is type in your name and a few details about your home or vehicle, and within a few minutes you'll have several price quotes waiting for you to review.**

**Now we have 3 locations:**

**San Jose:** 2774 Aborn Road
San Jose, CA 95121

**Sunnyvale:** 830 Stewart Dr Ste #126
Sunnyvale, CA 94085

**Fremont:** 44790 S Grimmer Blvd,
Fremont, CA 94538

ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ ਫੋਨ 'ਤੇ ਜਵਾਬ ਦਿੰਦੇ ਹਾਂ

***Call today for your FREE, no-obligation quote:***

**1-408-771-2438**

satwant@satwantins.com



Satwant Singh, CLCS, MBA
*(CA Lic # 0H11256)*

Allied Insurance
a Nationwide Insurance® company

**Punjab Times**

**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਰਹੱਦੀ ਨਸ਼ਾ ਤਸਕਰੀ ਬਣੀ ਵੰਗਾਰ



**ਬਠਿੰਡਾ:** ਕੌਮਾਂਤਰੀ ਤਸਕਰ ਪੁਲਿਸ ਤੇ ਬੀ.ਐਸ.ਐਫ. ਨੂੰ ਝਕਾਨੀ ਦੇਣ ਲਈ ਨਵੇਂ ਹੱਥਕੰਡੇ ਅਪਣਾਉਣ ਲੱਗੇ ਹਨ। ਤਸਕਰਾਂ ਵੱਲੋਂ ਭਾਰਤ-ਪਾਕਿਸਤਾਨ ਸਰਹੱਦ ਤੋਂ ਨਸ਼ਿਆਂ ਦੀ ਸਪਲਾਈ ਲਈ ਪਸ਼ੂਆਂ ਦੀ ਖੱਲ, ਜੁੱਤੇ, ਸਾਬਣਦਾਨੀਆਂ, ਬਲਦ ਗੱਡੇ ਤੇ ਪਾਈਪਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਨਸ਼ਾ ਤਸਕਰੀ ਦਾ ਇਹ ਜਾਲ ਤੋੜਨ ਲਈ ਬੀ.ਐਸ.ਐਫ. ਤੇ ਪੰਜਾਬ ਪੁਲਿਸ ਵੀ ਸਿਰ ਜੋੜਨ ਲੱਗੀ ਹੈ। ਪੰਜਾਬ ਪੁਲਿਸ ਅਤੇ ਬੀ.ਐਸ.ਐਫ. ਨੇ ਅਬੋਹਰ ਵਿਚ ਸਾਂਝੀ ਮੀਟਿੰਗ ਕਰ ਕੇ ਨਸ਼ਾ ਤਸਕਰਾਂ ਦਾ ਰਾਹ ਰੋਕਣ ਦੀ ਰਣਨੀਤੀ 'ਤੇ ਚਰਚਾ ਕੀਤੀ ਹੈ। ਪੁਲਿਸ ਨੇ ਸਰਹੱਦੀ ਪਿੰਡਾਂ ਵਿਚ ਸੂਹੀਏ ਵੀ ਛੱਡੇ ਹਨ, ਜੋ ਕੌਮਾਂਤਰੀ ਸਰਹੱਦ 'ਤੇ ਨਜ਼ਰ ਰੱਖ ਰਹੇ ਹਨ।

ਕੇਂਦਰੀ ਗ੍ਰਹਿ ਮੰਤਰਾਲੇ ਦੇ ਵੇਰਵਿਆਂ ਅਨੁਸਾਰ ਭਾਰਤ-ਪਾਕਿਸਤਾਨ ਸਰਹੱਦ ਉਤੇ ਪਹਿਲੀ ਜਨਵਰੀ 2014 ਤੋਂ ਹੁਣ ਤੱਕ 5324 ਕਰੋੜ ਰੁਪਏ ਦੇ ਨਸ਼ੇ ਫੜੇ ਹਨ। ਇਸ ਸਬੰਧੀ 532 ਕੇਸ ਦਰਜ ਕਰ ਕੇ 351 ਤਸਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਗੁਜਰਾਤ ਵਿਚੋਂ ਫੜੀ ਇਕੱਲੀ ਹੈਰੋਇਨ ਦੀ ਕੀਮਤ 3500 ਕਰੋੜ ਰੁਪਏ ਹੈ। ਗ੍ਰਹਿ ਮੰਤਰਾਲੇ ਨੇ ਦੱਸਿਆ ਕਿ ਤਸਕਰਾਂ ਵੱਲੋਂ ਨਸ਼ਾ ਤਸਕਰੀ ਲਈ ਨਵੇਂ ਰਾਹ ਲੱਭੇ ਜਾ ਰਹੇ ਹਨ। ਮੰਤਰਾਲੇ ਨੇ ਦੱਸਿਆ ਕਿ ਭਾਰਤ-ਪਾਕਿਸਤਾਨ ਸਰਹੱਦ 'ਤੇ ਜੋ ਤਾਜ਼ਾ ਤਸਕਰੀ ਹੋਈ ਹੈ, ਉਸ ਲਈ ਕੱਪੜੇ, ਜੁੱਤੇ, ਬੋਰੀਆਂ, ਸਾਬਣਦਾਨੀਆਂ ਤੇ ਪਸ਼ੂਆਂ ਦੀ ਖੱਲ ਵਰਤੀ ਗਈ ਹੈ। ਸੁਰੰਗ ਤੋਂ ਇਲਾਵਾ ਪਾਈਪਾਂ ਵਿਚ ਨਸ਼ੇ ਪਾ ਕੇ ਸੁੱਟੇ ਜਾ ਰਹੇ ਹਨ। ਇਸ ਦੌਰਾਨ ਗੁਜਰਾਤ ਵਿਚੋਂ ਫੜੀ ਹੈਰੋਇਨ ਦੀ ਵੱਡੀ ਖੇਪ ਮਗਰੋਂ ਪੰਜਾਬ ਪੁਲਿਸ ਵੀ ਚੌਕਸ ਹੋ ਗਈ ਹੈ। ਪੰਜਾਬ ਪੁਲਿਸ ਨੇ ਸਰਹੱਦੀ ਖੇਤਰ ਵਿਚ ਗਸ਼ਤ ਵਧਾ ਦਿੱਤੀ ਹੈ।

## ਸੀਰੀਆ ਕੋਲ ਲਾਪਤਾ ਭਾਰਤੀਆਂ ਬਾਰੇ ਕੋਈ ਜਾਣਕਾਰੀ ਨਹੀਂ

**ਨਵੀਂ ਦਿੱਲੀ:** ਇਰਾਕ ਵਿਚ ਸਾਲ 2014 ਤੋਂ ਲਾਪਤਾ 39 ਭਾਰਤੀਆਂ ਬਾਰੇ ਸੀਰੀਆ ਕੋਲ ਕੋਈ ਜਾਣਕਾਰੀ ਨਹੀਂ ਹੈ। ਅੱਬਾਸ ਨੇ ਕਿਹਾ ਕਿ ਲਾਪਤਾ ਭਾਰਤੀਆਂ ਬਾਰੇ ਜਾਣਕਾਰੀ ਇਕੱਤਰ ਕਰਨ ਲਈ ਭਾਰਤੀ ਵਫਦ ਨੇ ਪਿਛਲੇ ਸਮੇਂ ਵਿਚ ਸੀਰੀਆ ਤੇ ਇਰਾਕ ਦੇ ਕਈ ਦੌਰੇ ਕੀਤੇ ਅਤੇ ਸੀਰੀਆ ਦੇ ਖੁਫ਼ੀਆ ਵਿਭਾਗ ਦੇ ਮੁਖੀ ਨੇ ਇਸ ਸਬੰਧੀ ਭਾਰਤ ਦਾ ਦੌਰਾ ਕੀਤਾ ਸੀ।

ਉਨ੍ਹਾਂ ਕਿਹਾ ਕਿ ਜੇ ਸਾਡੇ ਦੇਸ਼ ਵਿਚੋਂ ਲਾਪਤਾ ਭਾਰਤੀ ਮਿਲੇ ਤਾਂ ਅਸੀਂ ਉਨ੍ਹਾਂ ਨੂੰ ਵਾਪਸ ਭੇਜਾਂਗੇ ਪਰ ਹਾਲੇ ਤੱਕ ਅਧਿਕਾਰਕ ਤੌਰ 'ਤੇ ਇਸ ਦੀ ਪੁਸ਼ਟੀ ਨਹੀਂ ਹੋਈ। ਇਸ ਮਹੀਨੇ ਦੇ ਸ਼ੁਰੂ ਵਿਚ ਇਰਾਕੀ ਦਸਤਿਆਂ ਨੇ ਮੌਸੂਲ ਸ਼ਹਿਰ ਨੂੰ ਆਈ.ਐਸ.ਆਈ.ਐਸ. ਦੇ ਕਬਜ਼ੇ ਤੋਂ ਮੁਕਤ ਕਰਵਾਇਆ, ਜਿਸ ਕਾਰਨ ਲਾਪਤਾ 39 ਭਾਰਤੀਆਂ ਦੇ ਪਰਿਵਾਰਾਂ ਨੂੰ ਆਸ ਦੀ ਕਿਰਨ ਦਿਖਾਈ ਦਿੱਤੀ। ਹਾਲਾਂਕਿ ਮੌਸੂਲ ਵਿਚੋਂ ਲਾਪਤਾ ਭਾਰਤੀਆਂ ਬਾਰੇ ਕੋਈ ਜਾਣਕਾਰੀ ਨਹੀਂ ਮਿਲੀ।

## ਕੇਜਰੀਵਾਲ ਨੂੰ 10 ਹਜ਼ਾਰ ਜੁਰਮਾਨਾ

**ਨਵੀਂ ਦਿੱਲੀ:** ਕੇਂਦਰੀ ਮੰਤਰੀ ਅਰੁਣ ਜੇਤਲੀ ਵੱਲੋਂ ਦਾਇਰ ਕੀਤੇ 10 ਕਰੋੜ ਰੁਪਏ ਦੇ ਨਵੇਂ ਮਾਣਹਾਨੀ ਕੇਸ ਵਿਚ ਜਵਾਬ ਦਾਖਲ ਕਰਨ ਵਿਚ ਨਾਕਾਮ ਰਹਿਣ ਉਤੇ ਅਰਵਿੰਦ ਕੇਜਰੀਵਾਲ ਨੂੰ ਦਿੱਲੀ ਹਾਈ ਕੋਰਟ ਨੇ ਖਰਚੇ ਵਜੋਂ 10 ਹਜ਼ਾਰ ਰੁਪਏ ਜੁਰਮਾਨਾ ਲਗਾਇਆ ਹੈ। ਦਿੱਲੀ ਦੇ ਮੁੱਖ ਮੰਤਰੀ ਦੇ ਵਕੀਲ ਰਾਮ ਜੇਠਮਲਾਨੀ ਵੱਲੋਂ ਇਤਰਾਜ਼ਯੋਗ ਸ਼ਬਦ ਵਰਤੇ ਜਾਣ ਉਤੇ ਸ੍ਰੀ ਜੇਤਲੀ ਨੇ ਇਹ ਕੇਸ ਠੋਕਿਆ ਸੀ।

## ਜੀ.ਐਸ.ਟੀ. 'ਤੇ ਕਾਰੋਬਾਰੀਆਂ ਦੀ ਬਗਾਵਤ

**ਚੰਡੀਗੜ੍ਹ:** ਪੰਜਾਬ ਦੇ ਤਕਰੀਬਨ 30 ਹਜ਼ਾਰ ਕਾਰੋਬਾਰੀ, ਜੋ ਪਹਿਲਾਂ ਵੈਟ ਤਹਿਤ ਰਜਿਸਟਰਡ ਸਨ, ਅਜੇ ਤੱਕ ਵਸਤਾਂ ਤੇ ਸੇਵਾਵਾਂ ਕਰ (ਜੀ.ਐਸ.ਟੀ.) ਤਹਿਤ ਰਜਿਸਟਰਡ ਨਹੀਂ ਹੋਏ ਹਨ। ਇਹ ਸੂਬਾਈ ਸਰਕਾਰ ਲਈ ਚਿੰਤਾ ਦਾ ਵਿਸ਼ਾ ਬਣ ਗਏ ਹਨ।

ਪੰਜਾਬ ਆਬਕਾਰੀ ਤੇ ਕਰ ਵਿਭਾਗ ਨੇ ਅਜਿਹੇ ਵਪਾਰੀਆਂ ਦੀ ਸ਼ਨਾਖਤ ਕਰਨ ਦਾ ਫੈਸਲਾ ਕੀਤਾ ਹੈ। ਇਨ੍ਹਾਂ ਕਾਰੋਬਾਰੀਆਂ ਨੂੰ ਜੀ.ਐਸ.ਟੀ. ਤਹਿਤ ਆਰਜ਼ੀ ਆਈ.ਡੀ. ਨੰਬਰ ਅਤੇ ਪਾਸਵਰਡ ਦਿੱਤੇ ਗਏ ਸਨ ਪਰ ਇਨ੍ਹਾਂ ਨੇ ਆਪਣੀ ਰਜਿਸਟਰੇਸ਼ਨ ਨਹੀਂ ਕਰਾਈ ਹੈ।

ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨੇ ਦੱਸਿਆ ਕਿ ਜੀ.ਐਸ.ਟੀ. ਤਹਿਤ ਜਾਣਬੁਝ ਕੇ ਰਜਿਸਟਰੇਸ਼ਨ ਨਾ ਕਰਾਉਣ ਵਾਲੇ ਵਪਾਰੀਆਂ, ਜੋ ਕਰ ਦੇ ਘੇਰੇ ਵਿਚ ਆਉਂਦੇ ਹਨ, ਖਿਲਾਫ਼ ਕਾਰਵਾਈ ਕੀਤੀ ਜਾਵੇਗੀ। ਸਰਕਾਰੀ ਅਨੁਮਾਨ ਮੁਤਾਬਕ ਜੀ.ਐਸ.ਟੀ. ਪ੍ਰਣਾਲੀ ਤਹਿਤ ਸੂਬੇ ਦੇ 2.41 ਲੱਖ ਕਾਰੋਬਾਰੀ ਆਉਣਗੇ ਪਰ ਹੁਣ ਤੱਕ ਤਕਰੀਬਨ 2.10 ਲੱਖ ਵਪਾਰੀਆਂ ਨੇ ਹੀ ਰਜਿਸਟਰੇਸ਼ਨ ਕਰਾਈ ਹੈ।

ਦੱਸਣਯੋਗ ਹੈ ਕਿ ਪਹਿਲਾਂ ਪੰਜ ਲੱਖ ਤੋਂ ਵੱਧ ਸਾਲਾਨਾ ਕਾਰੋਬਾਰ ਵਾਲੇ ਵਪਾਰੀਆਂ ਨੂੰ ਵੈਟ ਦੇਣਾ ਪੈਂਦਾ ਸੀ ਅਤੇ ਜੀ.ਐਸ.ਟੀ. ਤਹਿਤ ਇਹ ਹੱਦ ਵਧਾ ਕੇ 20 ਲੱਖ ਰੁਪਏ ਸਾਲਾਨਾ ਕਰ ਦਿੱਤੀ ਗਈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਸੀ ਕਿ ਜੀ.ਐਸ.ਟੀ. ਲਾਗੂ ਹੋਣ ਬਾਅਦ ਪਹਿਲੇ ਸਾਲ ਸੂਬੇ ਨੂੰ ਪੰਜ ਹਜ਼ਾਰ ਕਰੋੜ ਰੁਪਏ ਦਾ ਲਾਭ ਹੋਵੇਗਾ ਪਰ ਕਰ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਜੀ.ਐਸ.ਟੀ. ਤੋਂ ਇਕੱਤਰ ਹੋਣ ਵਾਲੇ ਸੰਭਾਵੀ ਮਾਲੀਏ ਬਾਰੇ ਅਜੇ ਕੋਈ ਅੰਦਾਜ਼ਾ ਨਹੀਂ ਹੈ।

## ਪੰਜਾਬ 'ਚ ਬਦਅਮਨੀ ਦਾ ਆਲਮ

*(ਸਫਾ ਇਕ ਦੀ ਬਾਕੀ)*

ਰਿਹਾ ਹੈ। ਪੰਜਾਬ ਪੁਲਿਸ ਨੂੰ ਡੇਢ ਦਹਾਕਾ ਪਹਿਲਾਂ ਦੇਸ਼ ਦੀ ਸਭ ਤੋਂ ਵੱਧ ਪੇਸ਼ੇਵਾਰਾਨਾ ਪੁਲਿਸ ਫੋਰਸ ਮੰਨਿਆ ਜਾਂਦਾ ਸੀ, ਪਰ ਸਿਆਸੀਕਰਨ ਦੇ ਅਮਲ ਨੇ ਪੰਜਾਬ ਪੁਲਿਸ ਦੀ ਕਾਰਗੁਜ਼ਾਰੀ ਉਤੇ ਮਾੜਾ ਅਸਰ ਪਾਇਆ ਹੈ।

ਹੁਣ ਹਾਲਤ ਇਹ ਹੈ ਕਿ ਰਾਜ ਵਿਚ ਫਿਰਕੂ ਹਿੰਸਾ ਭੜਕਾਉਣ ਦੀ ਸਾਜ਼ਿਸ਼ ਅਧੀਨ ਕੀਤੇ ਜਾਣ ਵਾਲੇ ਕਤਲਾਂ ਤੇ ਹੋਰ ਘਟਨਾਵਾਂ ਦੇ ਦੋਸ਼ੀਆਂ ਨੂੰ ਕਾਬੂ ਕਰਨ ਵਿਚ ਪੁਲਿਸ ਨਾਕਾਮ ਹੈ। ਲੁਧਿਆਣਾ ਵਿਚ ਪਾਦਰੀ ਸੁਲਤਾਨ ਮਸੀਹ ਦੀ ਹੱਤਿਆ ਇਸ ਦੀ ਤਾਜ਼ਾ ਮਿਸਾਲ ਹੈ। ਪੁਲਿਸ ਆਪਣੀ ਨਾਕਾਮੀ ਲੁਕਾਉਣ ਲਈ ਹਰ ਘਟਨਾ ਨੂੰ ਵਿਦੇਸ਼ੀ ਤਾਕਤਾਂ ਨਾਲ ਜੋੜ ਰਹੀ ਹੈ। ਹੁਣ ਤੱਕ ਸਿਆਸੀ ਦਖਲ ਨੂੰ ਪੁਲਿਸ ਦੀ ਮਾੜੀ ਕਾਰਗੁਜ਼ਾਰੀ ਦਾ ਸਭ ਤੋਂ ਵੱਡਾ ਕਾਰਨ ਮੰਨਿਆ ਜਾ ਰਿਹਾ ਹੈ। ਇਹ ਵੀ ਚਰਚਾ ਹੁੰਦੀ ਰਹੀ ਹੈ ਕਿ ਨਾਮਧਾਰੀ ਆਗੂ ਮਾਤਾ ਚੰਦ ਕੌਰ ਦੀ ਹੱਤਿਆ ਉਸ ਸੰਪਰਦਾ ਦੇ ਅੰਦਰੋਂ ਹੀ ਕੀਤੀ ਜਾਣ ਕਰ ਕੇ ਸਿਆਸੀ ਦਖਲ ਨੇ ਤਫਤੀਸ਼ ਲੀਹ 'ਤੇ ਨਾ ਆਉਣ ਦਿੱਤੀ। ਆਰ.ਐਸ.ਐਸ. ਲੀਡਰ ਜਗਦੀਸ਼ ਗਗਨੇਜਾ, ਡੇਰਾ ਸਿਰਸਾ ਦੇ ਦੋ ਪ੍ਰੇਮੀਆਂ, ਹਿੰਦੂ ਆਗੂ ਅਮਿਤ ਸ਼ਰਮਾ ਤੇ ਹੁਣ ਪਾਦਰੀ ਸੁਲਤਾਨ ਮਸੀਹ ਦੀਆਂ ਹੱਤਿਆਵਾਂ ਦੇ ਤਾਰ ਆਪੋ ਵਿਚ ਜੁੜੇ ਹੋਣ ਦੀ ਚਰਚਾ ਆਮ ਹੁੰਦੀ ਆ ਰਹੀ ਹੈ। ਇਨ੍ਹਾਂ ਵਿਚੋਂ ਕੁਝ ਮਾਮਲੇ ਸੀ.ਬੀ.ਆਈ. ਕੋਲ ਵੀ ਹਨ, ਪਰ ਤਹਿਕੀਕਾਤੀ ਅਮਲ ਕਿਸੇ ਸਿਰੇ ਨਹੀਂ ਲੱਗ ਰਿਹਾ।

## ਅਣਖ ਖਾਤਰ ਭੈਣ ਤੇ ਪ੍ਰੇਮੀ ਦਾ ਕਤਲ

**ਸਿਰਸਾ:** ਪਿੰਡ ਸਾਹੂਵਾਲਾ ਫਸਟ ਵਿਚ ਅਣਖ ਖਾਤਰ ਭਰਾ ਨੇ ਆਪਣੀ ਭੈਣ ਤੇ ਉਸ ਦੇ ਪ੍ਰੇਮੀ ਦਾ ਕਤਲ ਕਰ ਦਿੱਤਾ। ਹਮਲੇ ਮਗਰੋਂ ਕੁੜੀ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦੋਂਕਿ ਮੁੰਡਾ ਹਸਪਤਾਲ ਲਿਜਾਂਦਿਆਂ ਰਾਹ 'ਚ ਦਮ ਤੋੜ ਗਿਆ। ਵਾਰਦਾਤ ਮਗਰੋਂ ਮੁਲਜ਼ਮ ਮੌਕੇ ਤੋਂ ਫਰਾਰ ਹੋ ਗਿਆ।

ਮਿਲੀ ਜਾਣਕਾਰੀ ਅਨੁਸਾਰ ਅਬੋਹਰ ਦੇ ਪਿੰਡ ਕੰਦੂਖੇੜਾ ਵਾਸੀ ਬਨਵਾਰੀ ਲਾਲ ਦਾ ਪੁੱਤਰ ਸੋਨੂੰ ਸਿਰਸਾ ਦੇ ਪਿੰਡ ਸਾਹੂਵਾਲਾ ਫਸਟ ਵਿਚ ਆਪਣੀ ਮਾਸੀ ਕੋਲ ਆਇਆ ਹੋਇਆ ਸੀ। ਪਿੰਡ ਦੀ ਸੁਮਨ ਨਾਂ ਦੀ ਲੜਕੀ ਨਾਲ ਉਸ ਦੇ ਨਾਜਾਇਜ਼ ਸਬੰਧ ਸਨ। ਲੜਕੀ ਦੇ ਭਰਾ ਹਰਦੀਪ ਸਿੰਘ ਨੇ ਦੋਵਾਂ ਨੂੰ ਇਤਰਾਜ਼ਯੋਗ ਹਾਲਤ ਵਿਚ ਦੇਖ ਲਿਆ ਜਿਸ ਮਗਰੋਂ ਉਸ ਨੇ ਦੋਵਾਂ ਉਤੇ ਕਾਪੇ ਨਾਲ ਵਾਰ ਕਰ ਦਿੱਤਾ। ਲੜਕੀ ਸੁਮਨ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦੋਂਕਿ ਸੋਨੂੰ ਦੇ ਗੰਭੀਰ ਸੱਟਾਂ ਲੱਗੀਆਂ। ਪਿੰਡ ਦੇ ਲੋਕਾਂ ਨੇ ਉਸ ਨੂੰ ਹਸਪਤਾਲ ਪਹੁੰਚਾਉਣ ਦੀ ਕੋਸ਼ਿਸ਼ ਕੀਤੀ, ਪਰ ਉਸ ਨੇ ਰਾਹ 'ਚ ਦਮ ਤੋੜ ਦਿੱਤਾ।

## ਪੰਚਾਇਤੀ ਹੁਕਮ 'ਤੇ ਜਬਰ ਜਨਾਹ

**ਲਾਹੌਰ:** ਮਕਬੂਜਾ ਕਸ਼ਮੀਰ ਦੇ ਪਿੰਡ 'ਚ ਪੰਚਾਇਤ ਦੇ ਹੁਕਮ ਉਤੇ ਇਕ ਵਿਅਕਤੀ ਵੱਲੋਂ 16 ਸਾਲਾ ਲੜਕੀ ਨਾਲ ਉਸ ਦੇ ਪਰਿਵਾਰ ਸਾਹਮਣੇ ਜਬਰ ਜਨਾਹ ਕੀਤਾ ਗਿਆ।

ਪੁਲਿਸ ਅਨੁਸਾਰ ਲੜਕੀ ਦੇ ਭਰਾ 'ਤੇ 'ਦੋਸ਼ੀ' ਦੀ ਭੈਣ ਨਾਲ ਜਬਰ ਜਨਾਹ ਕਰਨ ਦਾ ਦੋਸ਼ ਹੈ, ਜਿਸ ਦੀ ਸਜ਼ਾ ਦੇ ਤੌਰ ਉਤੇ ਪੰਚਾਇਤ ਵੱਲੋਂ ਅਜਿਹਾ ਫਰਮਾਨ ਦਿੱਤਾ ਗਿਆ। ਸੂਬੇ ਦੇ ਮੁਜ਼ੱਫਰਾਬਾਦ ਦੇ ਪਿੰਡ ਰਾਜਪੁਰ 'ਚ ਵਾਪਰੀ ਇਸ ਘਟਨਾ 'ਚ ਪੁਲਿਸ ਨੇ ਪੰਚਾਇਤ ਪ੍ਰਧਾਨ ਸਣੇ 20 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ।

## ਭਾਰਤੀ ਸਿਆਸਤ ਉਤੇ ਭਗਵਾ ਜਕੜ ਵਧੀ

*(ਸਫਾ ਇਕ ਦੀ ਬਾਕੀ)*

ਕਿ ਭਾਜਪਾ ਨੇ ਗੁਜਰਾਤ ਵਿਚ 15-15 ਕਰੋੜ ਰੁਪਏ ਦਾ ਲਾਲਚ ਦੇ ਕੇ ਉਨ੍ਹਾਂ ਨੇ ਵਿਧਾਇਕਾਂ ਨੂੰ ਤੋੜਿਆ ਹੈ। ਧੜਾ-ਧੜ ਅਸਤੀਫਿਆਂ ਕਾਰਨ ਕਾਂਗਰਸ ਦੀ ਹਾਲਤ ਇੰਨੀ ਪਤਲੀ ਹੋ ਗਈ ਕਿ ਉਸ ਨੇ ਆਪਣੇ ਬਾਕੀ ਵਿਧਾਇਕਾਂ ਨੂੰ ਬਚਾਉਣ ਲਈ ਬੰਗਲੌਰ ਦੇ ਇਕ ਰਿਜ਼ੋਰਟ ਵਿਚ 'ਨਜ਼ਰਬੰਦ' ਕਰ ਦਿੱਤਾ।

ਕਾਂਗਰਸ ਚਾਹੁੰਦੀ ਹੈ ਕਿ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਦੇ ਸਿਆਸੀ ਸਕੱਤਰ ਅਹਿਮਦ ਪਟੇਲ ਮੁੜ ਤੋਂ ਰਾਜ ਸਭਾ ਲਈ ਚੁਣੇ ਜਾਣ, ਪਰ ਭਾਜਪਾ ਨੇ ਵਿਧਾਨ ਸਭਾ ਵਿਚ ਕਾਂਗਰਸ ਦੇ ਚੀਫ ਵ੍ਹਿਪ ਰਹੇ ਬਲਵੰਤ ਸਿੰਹੁ ਰਾਜਪੂਤ ਨੂੰ ਅਸਤੀਫਾ ਦਿਵਾ ਕੇ ਉਨ੍ਹਾਂ ਖਿਲਾਫ਼ ਚੋਣ ਮੈਦਾਨ ਵਿਚ ਲੈ ਆਂਦਾ। ਹੁਣ ਬਲਵੰਤ ਰਾਜਪੂਤ, ਅਮਿਤ ਸ਼ਾਹ ਤੇ ਸਿਮਰਿਤੀ ਇਰਾਨੀ ਭਾਜਪਾ ਦੇ ਉਮੀਦਵਾਰ ਹਨ ਅਤੇ ਭਾਜਪਾ ਇਨ੍ਹਾਂ ਦੀ ਜਿੱਤ ਲਈ ਪਿੜ ਤਿਆਰ ਕਰਨ ਲਈ ਹਰ ਦਾਅ ਖੇਡ ਰਹੀ ਹੈ। ਗੈਰ ਭਾਜਪਾ ਸਿਆਸੀ ਧਿਰਾਂ ਇਸ ਰਣਨੀਤੀ ਨੂੰ ਆਪਣੀ ਹੋਂਦ ਲਈ ਖਤਰਾ ਸਮਝ ਰਹੀਆਂ ਹਨ। ਬਿਹਾਰ ਵਿਚ ਜੋ ਕੁਝ ਹੋਇਆ, ਛੇ ਮਹੀਨੇ ਪਹਿਲਾਂ ਕਿਸੇ ਨੇ ਕਲਪਨਾ ਵੀ ਨਹੀਂ ਸੀ ਕੀਤੀ। ਗੋਆ ਅਤੇ ਮਨੀਪੁਰ ਤੋਂ ਬਾਅਦ ਮੋਦੀ-ਸ਼ਾਹ ਦੇ ਬਿਹਾਰ ਬਾਣਾਂ ਨੇ ਸਭ ਨੂੰ ਹੈਰਾਨ ਕਰ ਦਿੱਤਾ। ਆਜ਼ਾਦ ਭਾਰਤ ਦੇ ਰਾਜਨੀਤਕ ਇਤਿਹਾਸ ਵਿਚ ਅਜਿਹਾ ਪਹਿਲੀ ਵਾਰ ਹੋਇਆ ਕਿ ਕੇਂਦਰੀ ਜਾਂਚ ਏਜੰਸੀਆਂ ਨੂੰ ਵਿਰੋਧੀਆਂ ਖਿਲਾਫ ਇਸ ਢੰਗ ਨਾਲ ਇਸਤੇਮਾਲ ਕੀਤਾ ਗਿਆ। ਇਸ ਤੋਂ ਪਹਿਲਾਂ ਵੀ ਸਿਆਸੀ ਮੰਤਵਾਂ ਲਈ ਇਨ੍ਹਾਂ ਏਜੰਸੀਆਂ ਦੀ ਵਰਤੋਂ ਹੁੰਦੀ ਰਹੀ ਹੈ, ਪਰ ਹੁਣ ਤਾਂ ਇਨ੍ਹਾਂ ਜ਼ਰੀਏ ਇਕ ਵੱਡੇ ਸੂਬੇ ਦੇ ਸਿਆਸੀ ਸਮੀਕਰਨਾਂ ਨੂੰ ਹੀ ਬਦਲ ਦਿੱਤਾ ਗਿਆ।

ਉਤਰ ਪ੍ਰਦੇਸ਼ ਦੀਆਂ ਚੋਣਾਂ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਬਿਹਾਰ ਦੇ ਗੱਠਜੋੜ ਨੂੰ ਖਤਮ ਕਰਨ ਦੀ ਯੋਜਨਾ 'ਤੇ ਕੰਮ ਕਰ ਰਹੀ ਸੀ। ਉਸ ਨੂੰ ਡਰ ਸੀ ਕਿ ਚੋਣਾਂ ਵਿਚ ਕਰਾਰੀ ਹਾਰ ਕਿਤੇ ਅਖਿਲੇਸ਼ ਯਾਦਵ ਅਤੇ ਮਾਇਆਵਤੀ ਨੂੰ ਇਸੇ ਤਰ੍ਹਾਂ ਦਾ ਮਹਾਂਗਠਜੋੜ ਬਣਾਉਣ ਲਈ ਮਜਬੂਰ ਨਾ ਕਰ ਦੇਵੇ। ਇਸ ਲਈ ਭਾਜਪਾ ਪੂਰੇ ਰਾਜਨੀਤਕ ਸਮਾਜ ਨੂੰ ਦਿਖਾਉਣਾ ਚਾਹੁੰਦੀ ਸੀ ਕਿ ਉਹ ਆਪਣੇ ਖਿਲਾਫ ਕਿਸੇ ਵੀ ਮਹਾਂਗਠਜੋੜ ਨੂੰ ਨਾ ਸੂਬਿਆਂ ਦੀ ਪੱਧਰ 'ਤੇ ਅਤੇ ਨਾ ਹੀ ਕੌਮੀ ਪੱਧਰ ਉਤੇ ਬਣਨ ਜਾਂ ਟਿਕਣ ਦੇਵੇਗੀ। ਜੇ ਬਿਹਾਰ ਵਿਚ ਮਹਾਂ ਗਠਜੋੜ ਕਾਇਮ ਰਹਿੰਦਾ ਤਾਂ ਕੁਝ ਅਜਿਹਾ ਹੀ ਗੱਠਜੋੜ ਲਖਨਊ ਵਿਚ ਬਣਨਾ ਤੈਅ ਸੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ

ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ

ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ

ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਫਰਿਜ਼ਨੋ ਵਾਸੀ ਸੁਬੇਗ ਸਿੰਘ ਦੀ ਭੇਦ ਭਰੀ ਹਾਲਾਤ 'ਚ ਮੌਤ

**ਫਰਿਜ਼ਨੋ (ਬਿਊਰੋ):** ਸਾਊਥ ਈਸਟ ਫਰਿਜ਼ਨੋ ਏਰੀਏ ਵਿਚ ਇਕ ਪੰਜਾਬੀ ਬਜ਼ੁਰਗ ਸੁਬੇਗ ਸਿੰਘ ਦੀ ਭੇਦ ਭਰੀ ਹਾਲਤ ਵਿਚ ਲਾਸ਼



ਬਰਾਮਦ ਹੋਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ 68 ਸਾਲਾ ਸੁਬੇਗ ਸਿੰਘ ਪਿਛਲੇ ਦਿਨੀਂ ਕਿੰਗਜ਼ ਕੈਨੀਅਨ ਤੇ ਆਰਮ ਸਟਰੌਂਗ ਸਟਰੀਟ 'ਤੇ ਸੈਰ ਕਰਨ ਗਿਆ ਸੀ ਪਰ ਘਰ ਨਾ ਪਰਤਣ 'ਤੇ ਪੁਲਿਸ ਨੂੰ ਰਿਪੋਰਟ ਕੀਤੀ ਗਈ ਤੇ ਪੁਲਿਸ ਨੂੰ ਸੁਬੇਗ ਸਿੰਘ ਦੀ ਲਾਸ਼ ਸੈਰ ਕਰਨ ਵਾਲੀ ਜਗ੍ਹਾ ਤੋਂ ਪੰਜ ਮੀਲ ਦੂਰ ਮਕੈਲ ਤੇ ਜਿਨਸਨ ਸਟਰੀਟ 'ਤੇ ਵਗਦੀ ਛੋਟੀ ਨਹਿਰ ਵਿਚੋਂ ਮਿਲੀ।

ਪੁਲਿਸ ਅਨੁਸਾਰ ਲਾਸ਼ 'ਤੇ ਸੱਟ-ਫੇਟ ਦੇ ਨਿਸ਼ਾਨ ਵੀ ਸਾਫ ਦਿਸਦੇ ਹਨ ਜਿਸ ਤੋਂ ਇਹ ਕਤਲ ਕੇਸ ਜਾਪਦਾ ਹੈ। ਯਾਦ ਰਹੇ, ਹੁਣ ਤੱਕ ਫਰਿਜ਼ਨੋ ਏਰੀਏ ਵਿਚ ਸਿੱਖ ਬਜ਼ੁਰਗਾਂ 'ਤੇ ਕਈ ਨਸਲੀ ਹਮਲੇ ਹੋ ਚੁਕੇ ਹਨ। ਇਸ ਕੇਸ ਸਬੰਧੀ ਹਾਲੇ ਤੱਕ ਕੋਈ ਵੀ ਸੁਰਾਗ ਨਾਲ ਮਿਲਣ ਕਾਰਨ ਪੁਲਿਸ ਨੇ ਦੋਸ਼ੀਆਂ ਨੂੰ ਫੜਨ ਲਈ ਦੋ ਹਜ਼ਾਰ ਡਾਲਰ ਦਾ ਇਨਾਮ ਵੀ ਐਲਾਨਿਆਂ ਹੈ।

ਫਰਿਜ਼ਨੋ ਏਰੀਏ ਦੇ ਸਿੱਖ ਇਸ ਘਟਨਾ ਨੂੰ ਵੀ ਨਸਲੀ ਹਮਲੇ ਨਾਲ ਜੋੜ ਕੇ ਵੇਖ ਰਹੇ ਹਨ। ਸਵਰਗੀ ਸੁਬੇਗ ਸਿੰਘ ਮੋਨਾ ਸਿੱਖ ਸੀ ਅਤੇ ਸੈਰ ਕਰਨ ਮੌਕੇ ਉਸ ਨੇ ਸਿਰ 'ਤੇ ਚਿੱਟਾ ਰੁਮਾਲ ਬੰਨਿਆ ਹੋਇਆ ਸੀ। ਜੇ ਕਿਸੇ ਕੋਲ ਇਸ ਸਬੰਧੀ ਕੋਈ ਜਾਣਕਾਰੀ ਹੋਵੇ ਤਾਂ ਫਰਿਜ਼ਨੋ ਕਾਉਂਟੀ ਸ਼ੈਰਿਫ ਡਿਪਾਰਟਮੈਂਟ ਨੂੰ ਫੋਨ: 559-600-3131 ਰਾਹੀਂ ਇਤਲਾਹ ਕੀਤੀ ਜਾ ਸਕਦੀ ਹੈ।

## ਸਾਕਾ ਪੰਜਾ ਸਾਹਿਬ ਸਬੰਧੀ ਵਿਸ਼ੇਸ਼ ਦੀਵਾਨ ਸਜਾਏ

**ਯੂਬਾ ਸਿਟੀ (ਬਿਊਰੋ):** ਇਥੋਂ ਨਜ਼ਦੀਕੀ ਸ਼ਹਿਰ ਓਲਿਵਹਸਟ ਦੇ ਗੁਰਦੁਆਰਾ ਬਾਬਾ ਬੁੱਢਾ ਜੀ ਸਿੱਖ ਟੈਂਪਲ ਵਿਖੇ ਸਾਕਾ ਪੰਜਾ ਸਾਹਿਬ ਸਬੰਧੀ ਵਿਸ਼ੇਸ਼ ਦੀਵਾਨ ਸਜਾਏ ਗਏ।

ਇਸ ਮੌਕੇ ਗਿਆਨੀ ਇੰਦਰਜੀਤ ਸਿੰਘ ਯੂ.ਕੇ. ਨੇ ਕਥਾ ਕਰਦਿਆਂ ਦੱਸਿਆ ਕਿ ਸਾਕਾ ਪੰਜਾ ਸਾਹਿਬ ਉਹ ਦਿਨ ਹੈ ਜਿਸ ਦਿਨ ਸ੍ਰੀ ਗੁਰੂ ਨਾਨਕ ਸਾਹਿਬ ਨੇ ਵਲੀ ਕੰਧਾਰੀ ਵਲੋਂ ਰੋੜ੍ਹਿਆਂ ਵੱਡਾ ਪੱਥਰ ਪੰਜਾ ਲਾ ਕੇ ਰੋਕਿਆ ਸੀ ਅਤੇ ਉਸ ਪੱਥਰ ਉਤੇ ਗੁਰੂ ਨਾਨਕ ਸਾਹਿਬ ਦਾ ਪੰਜਾ ਅੱਜ ਵੀ ਮੌਜੂਦ ਹੈ। ਸਿੱਖ ਅੱਜ ਵੀ ਦਰਸ਼ਨਾਂ ਨੂੰ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਗੁਰੂ ਨਾਨਕ ਸਾਹਿਬ ਨੇ ਵਲੀ ਕੰਧਾਰੀ, ਜੋ ਬਹੁਤ ਹੰਕਾਰਿਆ ਫਿਰਦਾ ਸੀ, ਦਾ ਹੰਕਾਰ ਤੋੜਿਆ। ਵਲੀ ਕੰਧਾਰੀ ਨੇ ਗੁਰੂ ਨਾਨਕ ਸਾਹਿਬ ਦੇ ਚਰਨਾਂ 'ਤੇ ਡਿੱਗ ਕੇ ਮੁਆਫੀ ਮੰਗੀ ਅਤੇ ਸਿੱਖੀ ਦਾ ਪ੍ਰਚਾਰ ਕਰਨ ਦੀ ਆਗਿਆ ਮੰਗੀ।

ਸਮਾਗਮ ਦੌਰਾਨ ਭਾਈ ਗਗਨਦੀਪ ਸਿੰਘ ਤੇ ਭਾਈ ਸੁਖਦੇਵ ਸਿੰਘ ਸੈਕਰਾਮੈਂਟੋ ਦੇ ਜਥਿਆਂ ਨੇ ਸੰਗਤ ਨੂੰ ਕੀਰਤਨ ਸਰਵਣ ਕਰਵਾਇਆ। ਅਖੰਡ ਪਾਠ ਅਤੇ ਲੰਗਰਾਂ ਦੀ ਸੇਵਾ ਗੁਰਚਰਨ ਸਿੰਘ ਸੰਧੂ ਤੇ ਪਰਿਵਾਰ ਵਲੋਂ ਸੀ।

## ਕੀਟਨਾਸ਼ਕ ਵਿਚ ਵੱਡੇ ਘਪਲੇ ਦਾ ਖੁਲਾਸਾ

**ਬਠਿੰਡਾ:** ਨਰਮਾ ਪੱਟੀ ਵਿਚ ਐਤਕੀਂ ਨਵੇਂ ਕੀਟਨਾਸ਼ਕ ਘਪਲੇ ਦਾ ਧੂੰਆਂ ਉਠਿਆ ਹੈ। ਖੇਤੀ ਮਹਿਕਮੇ ਵੱਲੋਂ ਪਿਛਲੇ ਦਿਨਾਂ ਵਿਚ ਖਾਦਾਂ ਤੇ ਕੀਟਨਾਸ਼ਕਾਂ ਦੇ 34 ਨਮੂਨੇ ਭਰੇ ਗਏ ਸਨ, ਜਿਨ੍ਹਾਂ ਵਿਚੋਂ 24 ਫੇਲ੍ਹ ਹੋ ਗਏ। ਕਾਂਗਰਸ ਸਰਕਾਰ ਨੇ ਰੌਲਾ ਪੈਣ ਤੋਂ ਪਹਿਲਾਂ ਹੀ ਹੈਦਰਾਬਾਦ ਦੀ ਇਕ ਕੰਪਨੀ ਦੇ ਉਤਪਾਦਾਂ ਦੀ ਪੰਜਾਬ ਵਿਚ ਵਿਕਰੀ ਰੋਕ ਦਿੱਤੀ ਹੈ। ਖੇਤੀ ਵਿਭਾਗ ਦੇ ਅਫਸਰਾਂ ਦੀਆਂ ਚਾਰ ਟੀਮਾਂ ਬਣਾਈਆਂ ਹਨ, ਜਿਨ੍ਹਾਂ ਵੱਲੋਂ ਬਠਿੰਡਾ, ਮਾਨਸਾ, ਮੁਕਤਸਰ ਤੇ ਫਾਜ਼ਿਲਕਾ ਵਿਚੋਂ 100 ਦੇ ਕਰੀਬ ਕੀਟਨਾਸ਼ਕਾਂ ਅਤੇ ਖਾਦਾਂ ਦੇ ਨਮੂਨੇ ਭਰੇ ਗਏ। ਟੀਮਾਂ ਦੀ ਅਗਵਾਈ ਮਹਿਕਮੇ ਦੇ ਡਿਪਟੀ ਡਾਇਰੈਕਟਰ ਅਤੇ ਸੰਯੁਕਤ ਡਾਇਰੈਕਟਰ ਕਰ ਰਹੇ ਹਨ। ਹੁਣ ਤੱਕ ਕੁੱਲ 100 ਦੇ ਕਰੀਬ ਨਮੂਨੇ ਭਰੇ ਜਾ ਚੁੱਕੇ ਹਨ। ਵੇਰਵਿਆਂ ਅਨੁਸਾਰ ਹੈਦਰਾਬਾਦ ਦੀ ਕੇਪੀਆਰ ਐਗਰੋ ਕੈਮੀਕਲਜ਼ ਦੇ ਲੁਧਿਆਣਾ ਗੁਦਾਮ ਵਿਚੋਂ ਪਹਿਲਾਂ 10 ਨਮੂਨੇ ਭਰੇ ਗਏ ਸਨ, ਜੋ ਸਾਰੇ ਫੇਲ੍ਹ ਹੋ ਗਏ।

ਮੁੜ 9 ਹੋਰ ਨਮੂਨੇ ਭਰੇ ਗਏ, ਜਿਨ੍ਹਾਂ ਵਿਚੋਂ ਸੱਤ ਫੇਲ੍ਹ ਹੋ ਗਏ ਹਨ। ਖੇਤੀ ਮਹਿਕਮੇ ਨੇ ਫੌਰੀ ਇਸ ਕੰਪਨੀ ਦਾ ਲਾਇਸੈਂਸ ਰੱਦ ਕਰ ਦਿੱਤਾ ਹੈ। ਫਾਜ਼ਿਲਕਾ ਦੀ ਰੈਡੀਕਲ ਕਰੌਪਸ ਪ੍ਰਾਈਵੇਟ ਲਿਮਟਿਡ ਦੇ ਕੀਟਨਾਸ਼ਕਾਂ ਅਤੇ ਖਾਦਾਂ ਦੇ ਅੱਠ ਨਮੂਨੇ ਭਰੇ ਗਏ ਸਨ, ਜਿਨ੍ਹਾਂ ਵਿਚੋਂ ਦੋ ਫੇਲ੍ਹ ਹੋ ਗਏ ਹਨ।

ਮੁਕਤਸਰ ਦੀ ਕਿਸਾਨ ਕੈਮੀਕਲਜ਼ ਐਂਡ ਫਰਟੀਲਾਈਜ਼ਰ ਦੇ ਦੋ ਨਮੂਨੇ ਭਰੇ ਗਏ, ਜਿਸ ਵਿਚੋਂ ਜ਼ਿੰਕ ਸਲਫੇਟ ਦਾ ਨਮੂਨਾ ਨਾਕਾਮ ਰਿਹਾ। ਫਾਜ਼ਿਲਕਾ ਦੀ ਐਗਰੋ ਕੇਅਰ ਕੈਮੀਕਲ ਇੰਡੀਆ ਦੇ ਗੁਦਾਮਾਂ ਵਿਚੋਂ ਕੀਟਨਾਸ਼ਕਾਂ ਦੇ ਲਏ ਪੰਜ ਨਮੂਨਿਆਂ ਵਿਚੋਂ ਚਾਰ ਫੇਲ੍ਹ ਹੋ ਗਏ ਹਨ। ਹੁਣ ਇਸ ਦੀ ਵਿਕਰੀ ਬੰਦ ਕਰ ਦਿੱਤੀ ਗਈ ਹੈ। ਜਦੋਂ ਫਾਜ਼ਿਲਕਾ ਦੇ ਇਕ ਡੀਲਰ ਨੂੰ ਨਮੂਨੇ ਫੇਲ੍ਹ ਹੋਣ ਦਾ ਪਤਾ ਲੱਗਿਆ ਤਾਂ ਉਸ ਨੇ ਕੈਂਟਰ ਭਰ ਕੇ ਕੀਟਨਾਸ਼ਕ ਸ਼ਹਿਰ ਵਿਚੋਂ ਬਾਹਰ ਕੱਢਣ ਦੀ ਕੋਸ਼ਿਸ਼ ਕੀਤੀ ਪਰ ਮਹਿਕਮੇ ਦੇ ਡਿਪਟੀ ਡਾਇਰੈਕਟਰ (ਕਾਟਨ) ਸੁਖਦੇਵ ਸਿੰਘ ਸਿੱਧੂ ਨੇ ਰਾਤ ਨੂੰ ਇਹ ਕੈਂਟਰ ਕਾਬੂ ਕਰ ਲਿਆ, ਜਿਸ ਵਿਚੋਂ ਮੁੜ 10 ਨਮੂਨੇ ਲਏ ਗਏ।

# ਇੱਕ ਹੋਰ ਪੰਜਾਬੀ ਡਰਾਈਵਰ ਦੇ ਟਰਾਲੇ ਵਿਚ ਸਪਰੇਅ ਮਾਰ ਕੇ ਕੀਤਾ ਲੋਡ ਖਰਾਬ

**ਸੈਲਮਾ (ਨੀਟਾ ਮਾਛੀਕੇ):** ਇਥੋਂ ਦੇ ਵਾਸੀ ਗੁਰਵਿੰਦਰ ਸਿੰਘ ਦੇ ਟਰੱਕ ਵਿਚ ਕਿੰਗਮੈਨ ਐਰੀਜ਼ੋਨਾ ਵਿਖੇ ਪੈਟਰੋ ਟਰੱਕ ਸਟਾਪ 'ਤੇ ਕਿਸੇ ਸ਼ਰਾਰਤੀ ਬੰਦੇ ਵੱਲੋਂ ਅੱਗ ਬੁਝਾਊ ਯੰਤਰ ਨਾਲ ਸਪਰੇਅ ਮਾਰਨ ਕਰਕੇ ਸਟਰਾਬੇਰੀ ਦਾ ਪੂਰਾ ਲੋਡ ਖਰਾਬ ਹੋ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗੁਰਬਿੰਦਰ ਸਿੰਘ ਨੇ ਦੱਸਿਆ ਕਿ ਉਹ ਰਾਤੀ ਤਕਰੀਬਨ ਦੋ ਵਜੇ ਪੈਟਰੋ ਟਰੱਕ ਸਟਾਪ 'ਤੇ ਅਰਾਮ ਕਰਨ ਲਈ ਰੁਕਿਆ। ਜਦੋਂ ਸਵੇਰੇ ਉਠਿਆ ਤਾਂ ਟਰੇਲਰ ਦੇ ਦੋ ਟਾਇਰ ਛੁਰੇ ਮਾਰ ਕੇ ਪਾੜੇ ਹੋਏ ਸਨ ਤੇ ਰੀਫਰ ਦੀ ਡੀਜ਼ਲ ਵਾਲੀ ਨਾਲੀ ਵੱਢੀ ਹੋਈ ਸੀ। ਸ਼ੱਕ ਪੈਣ 'ਤੇ ਜਦੋਂ ਟਰੇਲਰ ਖੋਲਿਆ ਤਾਂ ਉਸ ਵਿਚ ਪੀਲਾ ਜਿਹਾ ਪਾਊਡਰ ਹੀ ਪਾਊਡਰ ਖਿੰਡਿਆ ਪਿਆ ਸੀ।

ਗੁਰਬਿੰਦਰ ਨੇ ਟਰੱਕ ਸਟਾਪ ਦੇ ਮੈਨੇਜਰ ਨੂੰ ਇਸ ਘਟਨਾ ਬਾਰੇ ਦੱਸਿਆ ਤਾਂ ਉਸ ਨੇ ਪਾਰਕਿੰਗ ਲਾਟ ਵਿਚ ਕੈਮਰੇ ਨਾ ਹੋਣ ਦੀ ਗੱਲ ਕਰਕੇ ਪੱਲਾ ਝਾੜ ਦਿੱਤਾ। ਪੁਲਿਸ ਨੇ ਕੈਮਰੇ ਨਾ ਹੋਣ ਕਰਕੇ ਮੁਲਜ਼ਮਾਂ ਤੱਕ ਪਹੁੰਚਣ ਸਬੰਧੀ ਬੇਵਸੀ ਜਤਾਈ। ਜ਼ਿਕਰਯੋਗ ਹੈ ਕਿ ਇਸ ਘਟਨਾ ਤੋਂ ਪਹਿਲਾਂ ਵੀ ਕਈ ਵਾਰੀ ਐਰੀਜ਼ੋਨਾ ਤੇ ਮੈਕਸੀਕੋ ਸਟੇਟ ਵਿਚ ਪੰਜਾਬੀ ਟਰੱਕ ਡਰਾਈਵਰਾਂ ਨਾਲ ਇਹ ਘਿਨਾਉਣੀ ਹਰਕਤ ਹੋ ਚੁਕੀ ਹੈ। ਇਸ ਮੌਕੇ ਪੰਜਾਬੀ ਭਾਈਚਾਰੇ ਦੇ ਪਤਵੰਤੇ ਸੱਜਣਾਂ ਨੇ ਡਰਾਈਵਰ ਵੀਰਾਂ ਨੂੰ ਇੱਕ ਮੁੱਠ ਹੋ ਕੇ ਇਨ੍ਹਾਂ ਘਿਨਾਉਣੀਆਂ ਕਾਰਵਾਈਆਂ ਕਰਨ ਵਾਲੇ ਲੋਕਾਂ ਨੂੰ ਕਾਬੂ ਕਰਨ ਲਈ ਐਰੀਜ਼ੋਨਾ ਤੇ ਮਕਸੀਕੋ ਪੁਲਿਸ 'ਤੇ ਦਬਾਅ ਬਣਾਉਣ ਦੀ ਗੱਲ ਕੀਤੀ। ਉਨ੍ਹਾਂ ਇਨ੍ਹਾਂ ਕਾਰਵਾਈਆਂ ਪਿੱਛੇ ਨਸਲੀ ਅਨਸਰਾਂ ਦਾ ਹੱਥ ਹੋਣ ਦਾ ਸ਼ੱਕ ਜ਼ਾਹਰ ਕੀਤਾ।

# ਭ੍ਰਿਸ਼ਟ ਅਫਸਰਾਂ ਦੀ ਹੁਣ ਖੈਰ ਨਹੀਂ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਦੇਸ਼ ਨੂੰ ਭ੍ਰਿਸ਼ਟਾਚਾਰ ਮੁਕਤ ਬਣਾਉਣ ਲਈ ਇਕ ਪਹਿਲ ਕੀਤੀ ਹੈ। ਸਰਕਾਰ ਭ੍ਰਿਸ਼ਟ ਅਧਿਕਾਰੀਆਂ ਖਿਲਾਫ ਸਖਤ ਕਦਮ ਚੁੱਕਣ ਦੀ ਤਿਆਰੀ ਕਰ ਰਹੀ ਹੈ। ਸੂਤਰਾਂ ਅਨੁਸਾਰ ਸਰਕਾਰ ਨੇ ਭ੍ਰਿਸ਼ਟ ਅਧਿਕਾਰੀਆਂ ਖਿਲਾਫ ਕਾਰਵਾਈ ਸ਼ੁਰੂ ਕਰਨ ਲਈ ਹਰੇਕ ਮੰਤਰਾਲੇ ਦੇ ਵਿਜੀਲੈਂਸ ਵਿਭਾਗ ਨੂੰ ਆਪਣੇ ਵਿਭਾਗਾਂ ਵਿਚ ਭ੍ਰਿਸ਼ਟ ਅਧਿਕਾਰੀਆਂ ਦੇ ਦਸਤਾਵੇਜ਼ ਤਿਆਰ ਕਰਨ ਲਈ ਕਿਹਾ ਹੈ।

ਦਸਤਾਵੇਜ਼ ਤਿਆਰ ਹੋਣ ਤੋਂ ਬਾਅਦ ਭ੍ਰਿਸ਼ਟ ਅਤੇ ਕੰਮ ਵਿਚ ਲਾਪ੍ਰਵਾਹੀ ਵਰਤਣ ਵਾਲੇ ਅਧਿਕਾਰੀਆਂ 'ਤੇ ਸਰਕਾਰ ਵੱਲੋਂ ਸਖਤ ਕਾਰਵਾਈ ਹੋਣ ਦੀ ਉਮੀਦ ਕੀਤੀ ਜਾ ਰਹੀ ਹੈ। ਹੁਕਮ ਮਿਲਣ ਤੋਂ ਬਾਅਦ ਸਾਰੇ ਮੰਤਰਾਲੇ ਆਪਣੇ-ਆਪਣੇ ਵਿਭਾਗਾਂ ਦੇ ਦਸਤਾਵੇਜ਼ ਬਣਾਉਣ 'ਚ ਰੁੱਝ ਗਏ ਹਨ। ਗ੍ਰਹਿ ਮੰਤਰਾਲੇ ਨੇ ਆਪਣੇ ਵਿਭਾਗ ਦੇ ਅਧਿਕਾਰੀਆਂ ਦੇ ਸਰਵਿਸ ਰਿਕਾਰਡ ਦੇ ਆਧਾਰ 'ਤੇ ਦਸਤਾਵੇਜ਼ ਤਿਆਰ ਕਰ ਲਿਆ ਹੈ। ਮੰਤਰਾਲਿਆਂ ਦੇ ਮੁੱਖ ਵਿਜੀਲੈਂਸ ਅਧਿਕਾਰੀਆਂ ਨੇ ਵੱਖ-ਵੱਖ ਵਿਭਾਗਾਂ ਸਮੇਤ ਪੈਰਾ ਮਿਲਟਰੀ ਫੋਰਸ ਨੂੰ ਵੀ ਇਹ ਲਿਖ ਦਿੱਤਾ ਹੈ ਕਿ ਉਹ ਆਪਣੀ-ਆਪਣੀ ਸੂਚੀ ਪੂਰੀ ਕਰ ਲੈਣ ਤਾਂ ਕਿ ਅੱਗੇ ਦੀ ਕਾਰਵਾਈ ਸ਼ੁਰੂ ਕੀਤੀ ਜਾ ਸਕੇ।

ਭ੍ਰਿਸ਼ਟ ਅਫਸਰਾਂ ਤੇ ਮੁਲਾਜ਼ਮਾਂ ਨਾਲ ਸਬੰਧਤ ਦਸਤਾਵੇਜ਼ ਸ਼ਿਕਾਇਤ, ਜਾਂਚ ਰਿਪੋਰਟ 'ਤੇ ਅਫਸਰਾਂ ਦੇ ਚਰਿੱਤਰ, ਨੈਤਿਕਤਾ, ਜ਼ਿੰਮੇਵਾਰੀ ਦੇ ਆਧਾਰ 'ਤੇ ਤਿਆਰ ਕੀਤੇ ਜਾਣਗੇ। ਇਹ ਵੀ ਜ਼ਿਕਰ ਕੀਤਾ ਜਾਵੇਗਾ ਕਿ ਕੀ ਉਸ ਅਧਿਕਾਰੀ ਖਿਲਾਫ ਕਦੀ ਵੱਡਾ ਜਾਂ ਛੋਟਾ ਜੁਰਮਾਨਾ ਲਗਾਇਆ ਗਿਆ ਸੀ ਜਾਂ ਨਹੀਂ? ਭ੍ਰਿਸ਼ਟ ਅਧਿਕਾਰੀਆਂ ਦੀ ਸੂਚੀ ਬਣਾਏ ਜਾਣ ਪਿੱਛੋਂ ਇਹ ਸੀ.ਬੀ.ਆਈ. ਅਤੇ ਸੀ.ਵੀ.ਸੀ. ਨੂੰ ਭੇਜੀ ਜਾਵੇਗੀ। ਇਨ੍ਹਾਂ ਏਜੰਸੀਆਂ ਵੱਲੋਂ ਸੂਚੀ 'ਚ ਸ਼ਾਮਲ ਅਧਿਕਾਰੀਆਂ ਦੇ ਚਰਿੱਤਰ ਉਤੇ ਨਜ਼ਰ ਰੱਖੀ ਜਾਵੇਗੀ।

## ਪੁਲਿਸ ਹੀ ਕਰੇਗੀ ਪਾਦਰੀ ਕਾਂਡ ਦੀ ਜਾਂਚ

**ਕਪੂਰਥਲਾ:** ਪੰਜਾਬ ਦੇ ਡੀ.ਜੀ.ਪੀ. ਸੁਰੇਸ਼ ਅਰੋੜਾ ਨੇ ਕਿਹਾ ਹੈ ਕਿ ਪਾਦਰੀ ਕਤਲ ਕਾਂਡ ਦੀ ਜਾਂਚ ਸੀ.ਬੀ.ਆਈ. ਹਵਾਲੇ ਕਰਨ ਦੀ ਲੋੜ ਨਹੀਂ ਹੈ, ਕਿਉਂਕਿ ਪੰਜਾਬ ਪੁਲਿਸ ਦੀ ਟੀਮ ਕਤਲ ਕਾਂਡ ਦੀ ਜਾਂਚ ਕਰਨ ਦੇ ਸਮਰੱਥ ਹੈ।

ਡੀ.ਜੀ.ਪੀ. ਨੇ ਗਗਨੇਜਾ ਅਤੇ ਮਾਤਾ ਚੰਦ ਕੌਰ ਕਤਲ ਕਾਂਡ ਦੀ ਮਿਸਾਲ ਦੇ ਕੇ ਕਿਹਾ ਕਿ ਇਨ੍ਹਾਂ ਕੇਸਾਂ ਦੀ ਜਾਂਚ ਸੀ.ਬੀ.ਆਈ. ਹਵਾਲੇ ਕੀਤੀ ਗਈ ਹੈ ਪਰ ਅਜੇ ਤੱਕ ਕੋਈ ਸਬੂਤ ਨਹੀਂ ਮਿਲਿਆ। ਇਸ ਕਤਲ ਕਾਂਡ ਨੂੰ ਫਿਰਕੂ ਰੰਗ ਦੇਣਾ ਅਜੇ ਜਲਦਬਾਜ਼ੀ ਹੋਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਹੱਦੀ ਖੇਤਰ ਹੈ। ਕੁਝ ਲੋਕ ਬਾਹਰ ਬੈਠੇ ਆਪਣੀ ਰੋਜ਼ੀ-ਰੋਟੀ ਚਲਾਉਣ ਲਈ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ।


## Matrimonial

### ਲੜਕੇ ਦੀ ਲੋੜ ਹੈ

Wanted well educated, settled, US citizen/Green card holder match for Sikh/Arora girl 35 yrs, 5'-2" (divorcee, issueless) beautiful, family oriented, educated visiting USA. Boy can be Sikh/Hindu Punjabi (clean shaven). Please send photograph and bio data at juneja0414@gmail.com or contact at 630-917-6299 28-31

### ਲੜਕੀ ਦੀ ਲੋੜ ਹੈ

Wanted beautiful girl for US Citizen Jatt Sikh handsome boy 32, 5'-6", B.Sc. electrical, software engineer. Family settled in the USA. Girl should be not more 30 and should be employed. Contact, Ph: 313-327-4107 or 586-435-6228 29-32


## ਹਵਾਈ ਅੱਡੇ 'ਤੇ ਗੰਦਗੀ ਫੈਲਾਉਣ ਵਾਲੇ ਸਾਵਧਾਨ

**ਨਵੀਂ ਦਿੱਲੀ:** ਸਰਕਾਰ ਨੇ ਹਵਾਈ ਅੱਡਿਆਂ ਉਤੇ ਨੁਕਸਾਨ ਪਹੁੰਚਾਉਣ, ਬਦਤਮੀਜ਼ੀ ਕਰਨ ਜਾਂ ਗੰਦਗੀ ਫੈਲਾਉਣ ਲਈ ਜੁਰਮਾਨਾ 500 ਰੁਪਏ ਤੋਂ ਵਧਾ ਕੇ ਪੰਜ ਹਜ਼ਾਰ ਰੁਪਏ ਕਰ ਦਿੱਤਾ ਹੈ।


**Prince's Barber Shop**

37477 Fremont Blvd, suite C, Fremont, CA 94536

**Men & Children's Hair Cut**


*Threading *Custom Text
*Men's Facials *Hair Coler
*Custom Designing *Shave &
*Line-ups *Head Massage



ਫੁੱਲ ਟਾਈਮ ਬਾਰਬਰ ਦੀ ਲੋੜ ਹੈ

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)



Cell: (510)-677-9942
Shop: (510)-505-9605
www.princebarbershop.com




ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
Saturday 9:30AM and Sunday 4PM (Pacific Time)

Email:
Homeomedicine@yahoo.com

7021 Village Park Way, Dublin, CA 94568

# ਰੈਸਟੋਰੈਂਟ ਲਈ ਲੋੜ ਹੈ

ਵਿਸਕਾਨਸਿਨ ਵਿਚ ਇੰਡੀਅਨ ਰੈਸਟੋਰੈਂਟ 'ਢਾਬਾ' ਲਈ ਅਨੁਭਵੀ ਤੰਦੂਰੀਏ, ਕਿਚਨ ਹੈਲਪਰ, ਵੇਟਰ ਅਤੇ ਡਿਸ਼ ਵਾਸ਼ਰ ਦੀ ਲੋੜ ਹੈ



ਸੰਪਰਕ ਕਰੋ: ਸੀਤਲ ਸਿੰਘ

ਫੋਨ: 262-391-7666

31-32

# ਸ਼ਹੀਦ ਊਧਮ ਸਿੰਘ ਦੀ ਕੁਰਬਾਨੀ ਦਾ ਮੁੱਲ ਨਾ ਪਾ ਸਕੀਆਂ ਸਰਕਾਰਾਂ

**ਚੰਡੀਗੜ੍ਹ:** ਜਲ੍ਹਿਆਂਵਾਲੇ ਬਾਗ ਦੇ ਖ਼ੂਨੀ ਸਾਕੇ ਦਾ ਬਦਲਾ ਲੈਣ ਵਾਲੇ ਸੁਨਾਮ ਦੇ ਸ਼ਹੀਦ ਊਧਮ ਸਿੰਘ ਨੂੰ 77 ਸਾਲ ਪਹਿਲਾਂ 31 ਜੁਲਾਈ ਨੂੰ ਫਾਂਸੀ ਦਿੱਤੀ ਸੀ। ਊਧਮ ਸਿੰਘ ਨੇ ਇੰਗਲੈਂਡ ਦੇ ਕੈਕਸਟਨ ਹਾਲ ਵਿਚ ਮਾਈਕਲ ਓਡਵਾਈਰ ਨੂੰ ਗੋਲੀ ਮਾਰਨ ਮਗਰੋਂ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਲਾਉਂਦਿਆਂ ਗ੍ਰਿਫਤਾਰੀ ਦੇ ਦਿੱਤੀ ਸੀ। ਹਰ ਸਾਲ 31 ਜੁਲਾਈ ਨੂੰ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ 'ਤੇ ਰਾਜ ਪੱਧਰੀ ਸਮਾਗਮ ਦੌਰਾਨ ਸਰਕਾਰਾਂ ਵੱਲੋਂ ਕਈ ਵਾਅਦੇ ਤੇ ਦਾਅਵੇ ਕੀਤੇ ਜਾਂਦੇ ਹਨ ਪਰ ਹਕੀਕਤ ਕੁਝ ਹੋਰ ਹੀ ਹੈ। ਸਭ ਤੋਂ ਅਹਿਮ ਗੱਲ ਸ਼ਹੀਦ ਊਧਮ ਸਿੰਘ ਦਾ ਬਰਤਾਨੀਆ ਤੋਂ ਸਾਮਾਨ ਵਾਪਸ ਲਾਉਣਾ ਹੈ।



ਸਰਕਾਰ ਅਜੇ ਤੱਕ ਕੁਝ ਨਹੀਂ ਕਰ ਸਕੀ। ਪਤਾ ਲੱਗਾ ਹੈ ਕਿ ਪੁਲਿਸ ਵੱਲੋਂ ਉਨ੍ਹਾਂ ਦਾ ਜੋ ਸਾਮਾਨ ਬਰਾਮਦ ਕੀਤਾ ਗਿਆ ਸੀ, ਉਹ ਸਾਰਾ ਸਾਮਾਨ ਬਰਤਾਨਵੀ ਸਰਕਾਰ ਨੇ ਵਾਪਸ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਇਹ ਖੁਲਾਸਾ ਸੂਚਨਾ ਅਧਿਕਾਰ ਤਹਿਤ ਭਾਰਤ ਸਰਕਾਰ ਤੋਂ ਮਿਲੀ ਜਾਣਕਾਰੀ ਵਿਚ ਹੋਇਆ ਹੈ। ਸੁਨਾਮ ਦੇ ਆਰ.ਟੀ.ਆਈ. ਕਾਰਕੁਨ ਜਤਿੰਦਰ ਜੈਨ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਸੂਚਨਾ ਦੇ ਅਧਿਕਾਰ ਤਹਿਤ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਤੋਂ ਪੁੱਛਿਆ ਗਿਆ ਸੀ ਕਿ ਲੰਡਨ ਵਿਚ ਸ਼ਹੀਦ ਊਧਮ ਸਿੰਘ ਦੇ ਸਾਮਾਨ ਵਿਚ ਕੀ ਕੁਝ ਪਿਆ ਹੈ।

ਇਸ ਨੂੰ ਵਾਪਸ ਲਿਆਉਣ ਲਈ ਸਰਕਾਰ ਨੇ ਕੀ ਯਤਨ ਕੀਤੇ ਹਨ। ਆਰ.ਟੀ.ਆਈ. ਕਾਰਕੁਨ ਨੇ ਦੱਸਿਆ ਕਿ ਉਸ ਨੇ ਉਨ੍ਹਾਂ ਪੱਤਰਾਂ ਦੀਆਂ ਨਕਲਾਂ ਦੀ ਵੀ ਮੰਗ ਕੀਤੀ ਸੀ ਜੋ ਵਿਦੇਸ਼ ਮੰਤਰਾਲੇ ਵੱਲੋਂ ਸ਼ਹੀਦ ਊਧਮ ਸਿੰਘ ਦਾ ਸਾਮਾਨ ਮੰਗਵਾਉਣ ਲਈ ਬਰਤਾਨੀਆ ਸਰਕਾਰ ਨੂੰ ਲਿਖੇ ਗਏ ਸਨ। ਜੈਨ ਨੇ ਦੱਸਿਆ ਕਿ ਉਨ੍ਹਾਂ ਦੇ ਸਵਾਲਾਂ ਦਾ ਜਵਾਬ ਇਹ ਮਿਲਿਆ ਹੈ ਕਿ ਯੂ.ਕੇ. ਦੀ ਸਰਕਾਰ ਨੇ ਮੰਨਿਆ ਹੈ ਕਿ ਊਧਮ ਸਿੰਘ ਦੀ ਰਿਵਾਲਵਰ, ਕੋਬਲਰ ਚਾਕੂ, ਡਾਇਰੀ ਤੇ ਹੋਰ ਸਾਮਾਨ ਜਿਸ ਵਿਚ ਗੋਲਾ ਬਾਰੂਦ ਸ਼ਾਮਲ ਹੈ, ਇੰਗਲੈਂਡ ਦੀ ਮੈਟਰੋਪੋਲਿਟਨ ਪੁਲਿਸ ਕੋਲ ਹਨ।

ਊਧਮ ਸਿੰਘ ਖਿਲਾਫ਼ ਚਲਾਏ ਕੇਸ ਦੀ ਪ੍ਰਾਪਰਟੀ ਦੇ ਰੂਪ ਵਿਚ ਇਹ ਸਾਰਾ ਸਾਮਾਨ ਸਾਂਭ ਕੇ ਰੱਖਿਆ ਹੋਇਆ ਹੈ। ਇਸ ਲਈ ਇਸ ਨੂੰ ਵਾਪਸ ਨਹੀਂ ਕੀਤਾ ਜਾ ਸਕਦਾ ਕਿਉਂਕਿ ਯੂ.ਕੇ. ਸਰਕਾਰ ਦੀਆਂ ਨੀਤੀਆਂ ਅਨੁਸਾਰ ਅਜਿਹੇ ਮਾਮਲੇ ਵਿਚ ਵਰਤੇ ਸਾਮਾਨ ਨੂੰ ਸਾਂਭ ਕੇ ਰੱਖਣਾ ਜ਼ਰੂਰੀ ਹੁੰਦਾ ਹੈ। ਜਦਕਿ ਸ਼ਹੀਦ ਦੇ ਸਾਮਾਨ ਨੂੰ ਵਾਪਸ ਲਿਆਉਣ ਲਈ ਭਾਰਤ ਸਰਕਾਰ ਵੱਲੋਂ ਲਿਖੇ ਪੱਤਰਾਂ ਦੀਆਂ ਕਾਪੀਆਂ ਦੇਣ ਤੋਂ ਵਿਦੇਸ਼ ਮੰਤਰਾਲੇ ਨੇ ਜਵਾਬ ਦੇ ਦਿੱਤਾ ਹੈ। ਆਰ.ਟੀ.ਆਈ. ਕਾਰਕੁਨ ਨੇ ਦੱਸਿਆ ਕਿ ਸ਼ਹੀਦ ਊਧਮ ਸਿੰਘ ਪ੍ਰਤੀ ਰਾਜ ਸਰਕਾਰ ਦੀ ਪੋਲ ਉਦੋਂ ਖੁੱਲ੍ਹੀ ਜਦੋਂ ਉਨ੍ਹਾਂ ਵੱਲੋਂ ਵਿਦੇਸ਼ ਮੰਤਰਾਲੇ ਤੋਂ ਇਹ ਸੂਚਨਾ ਮੰਗੀ ਗਈ ਕਿ ਪੰਜਾਬ ਸਰਕਾਰ ਵੱਲੋਂ ਸ਼ਹੀਦ ਊਧਮ ਸਿੰਘ ਦਾ ਸਾਮਾਨ ਵਾਪਸ ਮੰਗਵਾਉਣ ਲਈ ਕਿੰਨੇ ਕੁ ਪੱਤਰ ਲਿਖੇ ਹਨ।

ਇਸ ਦਾ ਜਵਾਬ ਦਿੰਦਿਆਂ ਵਿਦੇਸ਼ ਮੰਤਰਾਲੇ ਨੇ ਖੁਲਾਸਾ ਕੀਤਾ ਕਿ ਸਾਲ 2004 ਵਿਚ ਪੰਜਾਬ ਸਰਕਾਰ ਨੇ ਵਿਦੇਸ਼ ਮੰਤਰਾਲੇ ਨੂੰ ਪੱਤਰ ਲਿਖ ਕੇ ਸ਼ਹੀਦ ਦੇ ਸਾਮਾਨ ਨੂੰ ਯੂਕੇ ਸਰਕਾਰ ਤੋਂ ਵਾਪਸ ਮੰਗਵਾਉਣ ਲਈ ਬੇਨਤੀ ਕੀਤੀ ਸੀ।

# ਸਿੱਖਾਂ ਦੀ ਕਾਲੀ ਸੂਚੀ ਵਿਚੋਂ ਕੱਢੇ ਜਾਣ ਬਜ਼ੁਰਗ: ਢੇਸੀ

**ਅੰਮ੍ਰਿਤਸਰ:** ਲੇਬਰ ਪਾਰਟੀ ਦੇ ਸਲੋਅ ਤੋਂ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਮੁਤਾਬਕ ਖਾੜਕੂਵਾਦ ਸਮੇਂ ਭਾਰਤ ਤੋਂ ਵਿਦੇਸ਼ਾਂ ਵਿਚ ਜਾ ਵਸੇ ਕਈ ਲੋਕਾਂ ਨੂੰ ਭਾਰਤ ਸਰਕਾਰ ਨੇ ਲੰਮੇ ਸਮੇਂ ਤੋਂ ਕਾਲੀ ਸੂਚੀ ਵਿਚ ਰੱਖਿਆ ਹੋਇਆ ਹੈ। ਸਰਕਾਰ ਨੇ ਜੇ ਕਾਲੀ ਸੂਚੀ ਖਤਮ ਨਹੀਂ ਕਰਨੀ ਤਾਂ ਸਿੱਖਾਂ ਦੇ ਉਹ ਨਾਂ ਕੱਢਣੇ ਚਾਹੀਦੇ ਹਨ ਜਿਹੜੇ ਬਜ਼ੁਰਗ ਹੋ ਚੁੱਕੇ ਹਨ।



ਉਨ੍ਹਾਂ ਕਿਹਾ ਕਿ ਸ਼ਰਨਾਰਥੀਆਂ ਪ੍ਰਤੀ ਸਰਕਾਰਾਂ ਦਾ ਰਵੱਈਆ ਨਰਮ ਹੋਣਾ ਚਾਹੀਦਾ ਜਦਕਿ ਅਤਿਵਾਦ ਪ੍ਰਤੀ ਨੀਤੀ ਸਖਤ ਹੋਣੀ ਚਾਹੀਦੀ ਹੈ। ਬਰਤਾਨਵੀ ਸੰਸਦ ਮੈਂਬਰ ਨੇ ਸਰਕਾਰਾਂ ਨੂੰ ਲੋਕਾਂ ਪ੍ਰਤੀ ਵਧੇਰੇ ਪਾਰਦਰਸ਼ ਹੋਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਜੂਨ 1984 ਵਿਚ ਦਰਬਾਰ ਸਾਹਿਬ 'ਤੇ ਹਮਲੇ ਬਾਰੇ ਫਾਈਲਾਂ ਬਰਤਾਨੀਆ ਸਰਕਾਰ ਨੂੰ ਜਨਤਕ ਕਰਨੀਆਂ ਚਾਹੀਦੀਆਂ ਹਨ। ਢੇਸੀ ਨੇ ਕਿਹਾ ਕਿ ਕੰਜ਼ਰਵੇਟਿਵ ਪਾਰਟੀ ਇਹ ਨਹੀਂ ਕਰਨਾ ਚਹੁੰਦੀ ਅਤੇ ਇਸ ਸਬੰਧੀ ਜਾਂਚ ਛੇਤੀ ਹੋਣੀ ਚਾਹੀਦੀ ਹੈ।

ਢੇਸੀ ਨੇ ਕੈਪਟਨ ਵੱਲੋਂ ਸੱਜਣ ਸਿੰਘ ਨੂੰ ਖਾਲਿਸਤਾਨੀ ਕਹਿਣ ਦੇ ਮਸਲੇ ਉਤੇ ਕਿਹਾ ਕਿ ਹਰਜੀਤ ਸੱਜਣ ਬਹੁਤ ਚੰਗੇ ਵਿਅਕਤੀ ਹਨ ਪਰ ਉਨ੍ਹਾਂ ਬਾਰੇ ਕਿਸੇ ਦੇ ਵਿਚਾਰ ਨਿੱਜੀ ਹੋ ਸਕਦੇ ਹਨ। ਇਕ ਹੋਰ ਸਵਾਲ ਦੇ ਜਵਾਬ ਵਿਚ ਤਨਮਨਜੀਤ ਸਿੰਘ ਨੇ ਕਿਹਾ ਕਿ ਇਹ ਬੜੀ ਵੱਡੀ ਤ੍ਰਾਸਦੀ ਹੈ ਕਿ ਅਮਰੀਕਾ ਦੇ ਲੋਕਾਂ ਨੇ ਡੋਨਲਡ ਟਰੰਪ ਨੂੰ ਆਪਣਾ ਰਾਸ਼ਟਰਪਤੀ ਚੁਣਿਆ। ਮੈਂ ਟਰੰਪ ਨਾਲ ਸਹਿਮਤ ਨਹੀਂ। ਉਹ ਬਾਰਡਰ 'ਤੇ ਕੰਧਾਂ ਕੱਢਣ ਦੀ ਗੱਲ ਕਰ ਰਹੇ ਹਨ। ਦੱਸਣਾ ਬਣਦਾ ਹੈ ਕਿ ਤਨਮਨਜੀਤ ਸਿੰਘ ਢੇਸੀ ਇਸ ਸਮੇਂ ਬਰਤਾਨੀਆ ਤੋਂ ਆਪਣੇ ਨਿੱਜੀ ਦੌਰੇ 'ਤੇ ਪੰਜਾਬ ਆਏ ਹੋਏ ਹਨ।

# ਚੰਡੀਗੜ੍ਹ-ਦਿੱਲੀ ਸਫਰ 2 ਘੰਟਿਆਂ 'ਚ

**ਨਵੀਂ ਦਿੱਲੀ:** ਦਿੱਲੀ ਅਤੇ ਚੰਡੀਗੜ੍ਹ ਵਿਚਾਲੇ 245 ਕਿਲੋਮੀਟਰ ਦੀ ਦੂਰੀ ਨੂੰ ਦੋ ਘੰਟਿਆਂ ਵਿਚ ਪੂਰਾ ਕਰਨ ਦੇ ਟੀਚੇ ਨੂੰ ਰੇਲਵੇ ਛੇਤੀ ਹੀ ਹਾਸਲ ਕਰਨ ਜਾ ਰਿਹਾ ਹੈ। ਖਾਸ ਗੱਲ ਇਹ ਹੈ ਕਿ ਇਸ ਪਹਿਲੇ ਸੈਮੀ ਹਾਈ ਸਪੀਡ ਮਾਰਗ 'ਤੇ ਕਈ ਮੋੜ ਹੋਣ ਦੇ ਬਾਵਜੂਦ ਰੇਲਵੇ ਨਵੀਂ ਜ਼ਮੀਨ ਨੂੰ ਐਕਵਾਇਰ ਨਹੀਂ ਕਰੇਗੀ। ਵਰਤਮਾਨ ਵਿਚ ਸ਼ਤਾਬਦੀ ਐਕਸਪ੍ਰੈੱਸ ਇਸ ਦੂਰੀ ਨੂੰ 110 ਕਿਲੋਮੀਟਰ ਪ੍ਰਤੀ ਘੰਟੇ ਦੀ ਵੱਧ ਤੋਂ ਵੱਧ ਰਫਤਾਰ ਨਾਲ ਤਕਰੀਬਨ 3.30 ਘੰਟੇ ਵਿਚ ਤੈਅ ਕਰਦੀ ਹੈ।



ਫਰਾਂਸੀਸੀ ਰੇਲਵੇ ਐਸ.ਐਨ.ਸੀ.ਐਫ. ਦੀ ਮਦਦ ਨਾਲ ਭਾਰਤੀ ਰੇਲ ਇਸ ਮਾਰਗ 'ਤੇ 200 ਕਿਲੋਮੀਟਰ ਪ੍ਰਤੀ ਘੰਟੇ ਦੀ ਵੱਧ ਤੋਂ ਵੱਧ ਰਫਤਾਰ ਨਾਲ ਟ੍ਰੇਨਾਂ ਨੂੰ ਚਲਾਵੇਗੀ। ਹਾਲਾਂਕਿ ਇਸ ਮਾਰਗ 'ਤੇ ਤਕਰੀਬਨ 10 ਵੱਡੇ ਮੋੜ ਹਨ ਜਿਨ੍ਹਾਂ ਦੀ ਕੁੱਲ ਲੰਬਾਈ 32 ਕਿਲੋਮੀਟਰ ਤੋਂ ਵੀ ਜ਼ਿਆਦਾ ਹੈ ਪਰ ਇਨ੍ਹਾਂ ਮੋੜਾਂ ਨੂੰ ਸਿੱਧਾ ਕਰਨ ਲਈ ਨਵੀਂ ਜ਼ਮੀਨ ਐਕਵਾਇਰ ਕਰਨ ਦੀ ਬਜਾਏ ਗੱਡੀਆਂ ਦੀ ਰਫਤਾਰ ਘੱਟ ਕਰਨ ਦਾ ਬਦਲ ਅਪਨਾਇਆ ਜਾਵੇਗਾ। ਪ੍ਰੋਜੈਕਟ ਵਿਚ ਸ਼ਾਮਲ ਰੇਲ ਮੰਤਰਾਲੇ ਦੇ ਇਕ ਸੀਨੀਅਰ ਅਧਿਕਾਰੀ ਮੁਤਾਬਕ, ਪਹਿਲਾਂ ਯੋਜਨਾ ਇਨ੍ਹਾਂ ਮੋੜਾਂ ਨੂੰ ਸਿੱਧਾ ਕਰਨ ਦੀ ਸੀ, ਪਰ ਇਸ ਲਈ ਨਵੀਂ ਜ਼ਮੀਨ ਐਕਵਾਇਰ ਕਰਨ ਵਿਚ ਕਾਫੀ ਸਮਾਂ ਲੱਗ ਸਕਦਾ ਸੀ। ਲਿਹਾਜ਼ਾ, ਰੇਲਵੇ ਨੇ ਦੇਰੀ ਤੋਂ ਬਚਣ ਲਈ ਇਸ ਬਦਲ ਨੂੰ ਨਾ ਅਪਨਾਉਣ ਦਾ ਫੈਸਲਾ ਕੀਤਾ। ਇਸ ਦੇ ਬਾਵਜੂਦ ਦੋ ਘੰਟੇ ਵਿਚ ਚੰਡੀਗੜ੍ਹ ਪਹੁੰਚਣ ਦੇ ਟੀਚੇ ਨੂੰ ਹਾਸਲ ਕਰ ਲਿਆ ਜਾਵੇਗਾ। ਅੰਦਾਜ਼ੇ ਮੁਤਾਬਕ, ਇਸ ਪ੍ਰੋਜੈਕਟ ਉਤੇ 46 ਕਰੋੜ ਰੁਪਏ ਪ੍ਰਤੀ ਕਿਲੋਮੀਟਰ ਦੀ ਦਰ ਨਾਲ 10 ਹਜ਼ਾਰ ਕਰੋੜ ਰੁਪਏ ਤੋਂ ਜ਼ਿਆਦਾ ਦੀ ਲਾਗਤ ਆਵੇਗੀ। ਇਸ ਵਿਚ ਰੋਲਿੰਗ ਸਟਾਕ, ਸਿਗਨਲ ਅਤੇ ਟ੍ਰੈਕ ਦੀ ਅਪਗ੍ਰੇਡੇਸ਼ਨ ਸ਼ਾਮਲ ਹੈ। ਇਸ ਸਬੰਧੀ ਫਰਾਂਸੀਸੀ ਰੇਲਵੇ ਦੀ ਟੀਮ ਆਪਣੀ ਅੰਤਿਮ ਰਿਪੋਰਟ ਅਕਤੂਬਰ ਤੱਕ ਸੌਂਪ ਦੇਵੇਗੀ।

# ਪਾਠੀ ਸਿੰਘਾਂ ਨੇ ਸ਼੍ਰੋਮਣੀ ਕਮੇਟੀ ਨੂੰ ਘੇਰਿਆ

**ਅੰਮ੍ਰਿਤਸਰ:** ਪਾਠੀ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਖਿਲਾਫ ਡਟ ਗਏ ਹਨ। ਪਾਠੀ ਸਿੰਘਾਂ ਵੱਲੋਂ ਹਰਿਮੰਦਰ ਸਾਹਿਬ ਪਰਿਕਰਮਾ ਅੰਦਰ ਅਕਾਲ ਤਖ਼ਤ ਸਾਹਿਬ ਨੇੜੇ ਸ਼੍ਰੋਮਣੀ ਕਮੇਟੀ ਖਿਲਾਫ ਨਾਅਰੇਬਾਜ਼ੀ ਕੀਤੀ ਗਈ। ਉਹ ਲੰਮੇ ਸਮੇਂ ਤੋਂ ਆਪਣੀਆਂ ਮੰਗਾਂ ਨਾ ਮੰਨੇ ਜਾਣ ਤੋਂ ਖਫਾ ਹਨ। ਪਾਠੀ ਸਿੰਘ ਨੇ ਇਹ ਰੋਸ ਉਸ ਵੇਲੇ ਪ੍ਰਗਟਾਇਆ ਜਦੋਂ ਸੁਖਬੀਰ ਬਾਦਲ ਵੀ ਹਰਿਮੰਦਰ ਸਾਹਿਬ ਪਹੁੰਚੇ ਹੋਏ ਸਨ। ਹਰਿਮੰਦਰ ਸਾਹਿਬ ਵਿਖੇ ਅਖੰਡ ਪਾਠ ਆਰੰਭ ਕਰਵਾਉਣ ਪਹੁੰਚੀ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਪਾਠੀ ਸਿੰਘਾਂ ਦੇ ਇਸ ਪ੍ਰਦਰਸ਼ਨ ਨੂੰ ਗਲਤ ਕਰਾਰ ਦਿੱਤਾ ਹੈ।



ਉਨ੍ਹਾਂ ਕਿਹਾ ਕਿ ਇਨ੍ਹਾਂ ਨੂੰ ਅਜਿਹਾ ਨਹੀਂ ਕਰਨਾ ਚਾਹੀਦਾ। ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਹਰਿਮੰਦਰ ਸਾਹਿਬ ਦੀ ਪਰਿਕਰਮਾ ਅੰਦਰ ਪਾਠੀਆਂ ਵੱਲੋਂ ਪ੍ਰਦਰਸ਼ਨ ਕੀਤਾ ਗਿਆ ਹੋਵੇ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਵੱਲੋਂ ਹਰਿਮੰਦਰ ਸਾਹਿਬ ਵਿਖੇ ਅਖੰਡ ਪਾਠ ਆਰੰਭ ਕਰਵਾਇਆ ਗਿਆ ਪਰ ਪਾਠੀ ਸਿੰਘਾਂ ਦੇ ਰੋਹ ਕਾਰਨ ਅਕਾਲ ਤਖ਼ਤ ਸਾਹਿਬ ਦੇ ਗ੍ਰੰਥੀ ਸਿੰਘ ਵੱਲੋਂ ਇਹ ਪਾਠ ਆਰੰਭ ਕੀਤਾ ਗਿਆ। ਇਨ੍ਹਾਂ ਪਾਠੀਆਂ ਵੱਲੋਂ ਪਿਛਲੇ ਦਿਨੀਂ ਕਮੇਟੀ ਨੂੰ ਚਿਤਾਵਨੀ ਦਿੱਤੀ ਗਈ ਸੀ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਉਹ ਕਮੇਟੀ ਖਿਲਾਫ ਮੋਰਚਾ ਖੋਲ੍ਹਣਗੇ। ਪਾਠੀ ਸਿੰਘਾਂ ਵੱਲੋਂ ਪਾਠ ਕਰਨ ਬਦਲੇ ਉਨ੍ਹਾਂ ਨੂੰ ਦਿੱਤੀ ਜਾਣ ਵਾਲੀ ਭੇਟਾ ਵਿਚ ਵਾਧਾ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਉਨ੍ਹਾਂ ਦੀ ਮੰਗ ਨੂੰ ਅਣਗੌਲਿਆ ਕੀਤਾ ਜਾਂਦਾ ਰਿਹਾ ਹੈ। ਪਾਠੀਆਂ ਦੀ ਮੰਗ ਹੈ ਕਿ ਉਨ੍ਹਾਂ ਨੂੰ ਦਿੱਤੀ ਜਾਣ ਵਾਲੀ ਭੇਟਾ 1000 ਕੀਤੀ ਜਾਵੇ ਜੋ 600 ਰੁਪਏ ਹੈ। ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਮੈਡੀਕਲ ਬੀਮੇ ਦੀ ਵੀ ਮੰਗ ਕੀਤੀ ਜਾ ਰਹੀ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜਦੋਂ ਤੱਕ ਉਨ੍ਹਾਂ ਦੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ ਉਦੋਂ ਤੱਕ ਉਹ ਕੋਈ ਵੀ ਪਾਠ ਆਰੰਭ ਨਹੀਂ ਕਰਨਗੇ।

ਇਸ ਮਾਮਲੇ ਬਾਰੇ ਜਦੋਂ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ ਭਾਈ ਰਾਮ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਪਾਠੀ ਸਿੰਘਾਂ ਵੱਲੋਂ ਅਜਿਹਾ ਕੀਤਾ ਜਾਣਾ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਗੁਰੂ ਘਰ ਅੰਦਰ ਪ੍ਰਦਰਸ਼ਨ ਕੀਤਾ ਜਾਣਾ ਗਲਤ ਹੈ। ਜੇਕਰ ਉਨ੍ਹਾਂ ਦੀ ਕੋਈ ਮੰਗ ਹੈ ਤਾਂ ਸ਼੍ਰੋਮਣੀ ਕਮੇਟੀ ਨਾਲ ਬੈਠ ਕੇ ਗੱਲ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਸ ਤਰੀਕੇ ਨਾਲ ਗੁਰੂ ਘਰ ਦੀ ਮਰਿਆਦਾ ਨੂੰ ਭੰਗ ਕਰਨਾ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

# ਭਿੰਡਰਾਂਵਾਲੇ ਨੂੰ ਵੱਖਵਾਦੀ ਆਖਣ 'ਤੇ ਹਾਈ ਕੋਰਟ ਵੱਲੋਂ ਜਵਾਬ ਤਲਬ

**ਮੁੰਬਈ:** ਮੁੰਬਈ ਹਾਈ ਕੋਰਟ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਇਤਿਹਾਸ ਦੀ ਪੁਸਤਕ ਵਿਚ 'ਵੱਖਵਾਦੀ' ਲਿਖਣ ਉਤੇ ਪ੍ਰਕਾਸ਼ਕ ਬਾਲ ਭਾਰਤੀ ਤੋਂ ਜਵਾਬ ਮੰਗਿਆ ਹੈ। ਹਾਈ ਕੋਰਟ ਵੱਲੋਂ ਪਟੀਸ਼ਨ 'ਤੇ ਸੁਣਵਾਈ ਚਾਰ ਹਫਤਿਆਂ ਮਗਰੋਂ ਕੀਤੀ ਜਾਏਗੀ। ਸ਼ਹਿਰ ਦੇ ਵਸਨੀਕ ਅੰਮ੍ਰਿਤਪਾਲ ਸਿੰਘ ਖਾਲਸਾ ਵੱਲੋਂ ਦਾਖਲ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਜਸਟਿਸ ਅਨੂਪ ਮੋਹਤਾ ਦੀ ਅਗਵਾਈ ਹੇਠਲੀ ਡਵੀਜ਼ਨ ਬੈਂਚ ਨੇ ਇਹ ਹਦਾਇਤ ਕੀਤੀ। ਪਟੀਸ਼ਨ ਵਿਚ ਖਾਲਸਾ ਨੇ ਦੋਸ਼ ਲਾਇਆ ਕਿ ਮਹਾਰਾਸ਼ਟਰ ਦੇ ਪਾਠਕ੍ਰਮ 'ਤੇ ਆਧਾਰਿਤ ਬਿਊਰੋ, ਜਿਸ ਨੂੰ ਬਾਲ ਭਾਰਤੀ ਵਜੋਂ ਜਾਣਿਆ ਜਾਂਦਾ ਹੈ, ਵੱਲੋਂ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ 'ਵੱਖਵਾਦੀ' ਆਖ ਕੇ ਕੂੜ ਪ੍ਰਚਾਰ ਫੈਲਾਇਆ ਜਾ ਰਿਹਾ ਹੈ। ਉਸ ਨੇ ਮੰਗ ਕੀਤੀ ਕਿ ਬਾਲ ਭਾਰਤੀ 9ਵੀਂ ਜਮਾਤ ਦੀ ਇਤਿਹਾਸ ਦੀ ਕਿਤਾਬ ਵਿਚੋਂ ਸੰਤ ਭਿੰਡਰਾਂਵਾਲੇ ਨੂੰ 'ਵੱਖਵਾਦੀ' ਲਿਖਣ ਵਾਲਾ ਪਾਠ ਹਟਾਇਆ ਜਾਵੇ।



# ਹੋਂਦ ਚਿੱਲੜ: ਸਿੱਖਾਂ ਨੂੰ ਬਚਾਉਣ ਤੋਂ ਟਲਦੀ ਰਹੀ ਪੁਲਿਸ

## ਹਾਈ ਕੋਰਟ ਵੱਲੋਂ ਅੱਠ ਪੁਲਿਸ ਅਧਿਕਾਰੀ ਤਲਬ



**ਚੰਡੀਗੜ੍ਹ:** ਨਵੰਬਰ 1984 ਵਿਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਹੋਂਦ ਚਿੱਲੜ (ਹਰਿਆਣਾ) ਵਿਚ ਕਤਲ ਕੀਤੇ ਗਏ 32 ਸਿੱਖਾਂ ਦੇ ਕੇਸ ਦੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਜਸਟਿਸ ਹਰੀਪਾਲ ਵਰਮਾ ਦੀ ਅਦਾਲਤ ਵਿਚ ਲਗਭਗ 10 ਘੰਟੇ ਬਹਿਸ ਚੱਲਦੀ ਰਹੀ। ਉਸ ਸਮੇਂ ਪੁਲਿਸ ਦੀ ਕਾਰਗੁਜ਼ਾਰੀ ਬੇਹੱਦ ਮਾੜੀ ਤੇ ਨਿਰਾਸ਼ਾਜਨਕ ਸੀ। ਪੁਲਿਸ ਘਟਨਾ ਤੋਂ ਕੁਝ ਕਿਲੋਮੀਟਰ ਦੀ ਦੂਰੀ 'ਤੇ ਹੋਣ ਦੇ ਬਾਵਜੂਦ 24 ਘੰਟਿਆਂ ਤੋਂ ਬਾਅਦ ਪਹੁੰਚੀ।

ਪੁਲਿਸ ਅਫਸਰਾਂ ਵੱਲੋਂ ਸਿੱਖਾਂ ਨੂੰ ਬਚਾਉਣ ਲਈ ਕੋਈ ਉਪਰਾਲਾ ਨਹੀਂ ਕੀਤਾ ਗਿਆ ਸਗੋਂ ਕਤਲੇਆਮ ਨੂੰ ਛੁਪਾਉਣ ਅਤੇ ਰਫਾ-ਦਫਾ ਕਰਨ ਦੀ ਭੂਮਿਕਾ ਨਿਭਾਈ ਗਈ। ਅਦਾਲਤ ਨੇ ਹਰਿਆਣਾ ਸਰਕਾਰ, ਡੀ.ਜੀ.ਪੀ. ਹਰਿਆਣਾ, ਸੁਪਰਡੈਂਟ ਆਫ ਪੁਲਿਸ ਰੇਵਾੜੀ, ਰੇਵਾੜੀ ਪੁਲਿਸ ਸਟੇਸ਼ਨ ਸਦਰ, ਸੁਪਰਡੈਂਟ ਸੁਰਿੰਦਰ ਕੁਮਾਰ, ਡੀ.ਐਸ.ਪੀ. ਰਾਮ ਭੱਜ, ਐਸ.ਆਈ ਰਾਮ ਕਿਸ਼ੋਰ, ਅਤੇ ਹੌਲਦਾਰ ਰਾਮ ਕੁਮਾਰ ਨੂੰ ਨੋਟਿਸ ਜਾਰੀ ਕਰ ਕੇ 26 ਸਤੰਬਰ ਨੂੰ ਪੇਸ਼ ਹੋਣ ਲਈ ਕਿਹਾ ਹੈ।

ਹੋਂਦ ਚਿੱਲੜ ਤਾਲਮੇਲ ਕਮੇਟੀ ਦੇ ਆਗੂਆਂ ਇੰਜ. ਮਨਵਿੰਦਰ ਸਿੰਘ ਗਿਆਸਪੁਰਾ ਤੇ ਭਾਈ ਦਰਸ਼ਨ ਸਿੰਘ ਘੋਲੀਆ ਨੇ ਕਿਹਾ ਕਿ 32 ਸਾਲਾਂ ਬਾਅਦ ਦੋਸ਼ੀਆਂ ਨੂੰ ਅਦਾਲਤ ਵੱਲੋਂ ਨੋਟਿਸ ਜਾਰੀ ਹੋਏ ਹਨ। ਹਰਿਆਣਾ ਸਰਕਾਰ ਵੱਲੋਂ ਗਰਗ ਕਮਿਸ਼ਨ ਦੀ ਰਿਪੋਰਟ ਦੇ ਆਧਾਰ 'ਤੇ ਦੋਸ਼ੀਆਂ ਖਿਲਾਫ ਕਾਰਵਾਈ ਨਾ ਕਰਨ ਪਿੱਛੋਂ ਹਾਈ ਕੋਰਟ ਵਿਚ ਰਿੱਟ ਨੰਬਰ 17337 ਦਾਖਲ ਕੀਤੀ ਸੀ। ਉਨ੍ਹਾਂ ਨੂੰ ਉਮੀਦ ਹੈ ਕਿ ਪੀੜਤਾਂ ਨੂੰ ਇਨਸਾਫ ਮਿਲੇਗਾ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਮਿਲਣ ਤੱਕ ਸੰਘਰਸ਼ ਜਾਰੀ ਰਹੇਗਾ।

# ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਮੁੱਖ ਸਕੱਤਰ ਹਰਚਰਨ ਸਿੰਘ ਨੇ ਅਹੁਦਾ ਛੱਡਿਆ

**ਫਤਿਹਗੜ੍ਹ ਸਾਹਿਬ:** ਨਿਯੁਕਤੀ ਸਮੇਂ ਵਿਵਾਦਾਂ ਵਿਚ ਰਹੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਹਰਚਰਨ ਸਿੰਘ ਨੇ ਅਸਤੀਫਾ ਦੇ ਦਿੱਤਾ ਹੈ। ਸ਼੍ਰੋਮਣੀ ਕਮੇਟੀ ਨੇ ਸਖਤ ਵਿਰੋਧ ਦੇ ਬਾਵਜੂਦ ਉਨ੍ਹਾਂ ਨੂੰ ਮੋਟੀ ਤਨਖਾਹ ਉਤੇ ਨਿਯੁਕਤ ਕੀਤਾ ਸੀ। ਹੁਣ ਅਚਾਨਕ ਉਨ੍ਹਾਂ ਦੇ ਅਸਤੀਫੇ ਤੋਂ ਸਭ ਹੈਰਾਨ ਹਨ। ਸ੍ਰੀ ਹਰਚਰਨ ਸਿੰਘ 26 ਅਗਸਤ 2015 ਨੂੰ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਨਿਯੁਕਤ ਕੀਤੇ ਗਏ ਸਨ।

ਨਿਯੁਕਤੀ ਸਮੇਂ ਉਨ੍ਹਾਂ ਨੂੰ ਤਿੰਨ ਲੱਖ ਰੁਪਏ ਪ੍ਰਤੀ ਮਹੀਨਾ ਤਨਖਾਹ, ਰਿਹਾਇਸ਼ ਅਤੇ ਆਵਾਜਾਈ ਲਈ ਵਾਹਨ ਦੀਆਂ ਸੇਵਾਵਾਂ ਮੁਹੱਈਆ ਕਰਵਾਈਆਂ ਗਈਆਂ ਸਨ। ਉਨ੍ਹਾਂ ਪਹਿਲੀ ਮਾਰਚ 2017 ਨੂੰ ਤਨਖਾਹ ਘਟਾ ਕੇ ਇਕ ਲੱਖ ਰੁਪਏ ਲੈਣ ਦਾ ਐਲਾਨ ਕੀਤਾ ਸੀ। ਜ਼ਿਕਰਯੋਗ ਹੈ ਕਿ ਮੁੱਖ ਸਕੱਤਰ ਦੀ ਨਿਯੁਕਤੀ ਸਮੇਂ ਸਿੱਖ ਸਦਭਾਵਨਾ ਦਲ ਵੱਲੋਂ ਰੋਸ ਵਿਖਾਵਾ ਕੀਤਾ ਗਿਆ ਸੀ। ਸ਼੍ਰੋਮਣੀ ਅਕਾਲੀ ਦਲ 1920 ਵੱਲੋਂ ਫੈਸਲੇ ਨੂੰ ਅਦਾਲਤ ਵਿਚ ਚੁਣੌਤੀ ਵੀ ਦਿੱਤੀ ਗਈ ਸੀ ਜੋ ਵਿਚਾਰ ਅਧੀਨ ਹੈ। ਸਿੱਖ ਜਥੇਬੰਦੀਆਂ ਨੇ ਦੋਸ਼ ਲਾਇਆ ਸੀ ਕਿ ਉਮਰ ਸਬੰਧੀ ਸ਼ਰਤ ਅਤੇ ਵੱਧ ਤੋਂ ਵੱਧ ਤਨਖਾਹ ਦੇ ਨਿਯਮਾਂ ਨੂੰ ਛਿੱਕੇ ਟੰਗ ਦਿੱਤਾ ਗਿਆ ਹੈ।

ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਹਰਚਰਨ ਸਿੰਘ ਵੱਲੋਂ ਸਵੈ-ਇੱਛਤ ਤੌਰ 'ਤੇ ਸੇਵਾ ਤਿਆਗਣ ਦੀ ਕੀਤੀ ਬੇਨਤੀ ਨੂੰ ਪ੍ਰਵਾਨ ਕਰ ਲਿਆ ਹੈ। ਦਰਅਸਲ, ਫਤਿਹਗੜ੍ਹ ਸਾਹਿਬ ਵਿਚ ਗਿਆਨੀ ਗੁਰਮੁਖ ਸਿੰਘ ਯਾਦਗਾਰੀ ਹਾਲ ਵਿਚ ਸ਼੍ਰੋਮਣੀ ਕਮੇਟੀ ਦੀ ਮੀਟਿੰਗ ਹੋਈ। ਇਸ ਵਿਚ ਕਈ ਮੁੱਦਿਆਂ ਉਤੇ ਵਿਚਾਰ-ਚਰਚਾ ਕੀਤੀ ਗਈ ਤੇ ਫੈਸਲੇ ਲਏ ਗਏ। ਇਸ ਦੌਰਾਨ ਹੀ ਹਰਚਰਨ ਸਿੰਘ ਨੇ ਅਸਤੀਫਾ ਸੌਂਪਿਆਂ ਜਿਸ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਸਵੀਕਾਰ ਕਰ ਲਿਆ। ਮੀਟਿੰਗ ਦੀ ਜਾਣਕਾਰੀ ਦਿੰਦਿਆਂ ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਬੀਤੇ ਦਿਨੀਂ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਇਤਰਾਜ਼ਯੋਗ ਹਾਲਤ ਵਿਚ ਫੜੇ ਕਮੇਟੀ ਮੁਲਾਜ਼ਮਾਂ ਨੂੰ ਸ੍ਰੀ ਅਕਾਲ ਤਖਤ ਨੇ ਮੁਅੱਤਲ ਕਰ ਦਿੱਤਾ ਹੈ। ਉਨ੍ਹਾਂ ਪਾਤੜਾਂ ਵਿਚ ਇਕ ਪੁਲਿਸ ਮੁਲਾਜ਼ਮ ਵੱਲੋਂ ਸਿੱਖ ਲੜਕੀ ਨਾਲ ਛੇੜਛਾੜ ਤੇ ਅੰਬਾਲਾ 'ਚ ਕੁੱਟਮਾਰ ਦਾ ਸ਼ਿਕਾਰ ਹੋਏ ਸਿੱਖ ਨੌਜਵਾਨ ਨੂੰ ਪੂਰੀ ਮਦਦ ਦੇਣ ਦਾ ਫੈਸਲਾ ਕੀਤਾ ਹੈ। ਪ੍ਰੋ. ਬਡੂੰਗਰ ਨੇ ਕਿਹਾ ਕਿ ਆਨੰਦ ਮੈਰਿਜ ਐਕਟ ਪ੍ਰਤੀ ਜਾਗਰੂਕਤਾ ਵਧਾਉਣ ਲਈ ਇਸ ਨੂੰ ਧਰਮ ਪ੍ਰਚਾਰ ਲਹਿਰ ਦਾ ਹਿੱਸਾ ਬਣਾਇਆ ਜਾਵੇਗਾ। ਇਟਲੀ ਤੋਂ ਬਣੀ ਕਿਰਪਾਨ ਦੇ ਨਮੂਨੇ ਰੱਦ ਕਰਨ ਤੇ ਐਨ.ਆਰ.ਆਈ. ਸਿੱਖ ਬੀਬੀ ਨੂੰ ਦਰਬਾਰ ਸਾਹਿਬ ਵਿਖੇ ਕੀਰਤਨ ਕਰਨ ਦੀ ਆਗਿਆ ਨਾ ਦਿੱਤੇ ਜਾਣ 'ਤੇ ਕਮੇਟੀ ਪ੍ਰਧਾਨ ਨੇ ਕਿਹਾ ਕਿ ਸ੍ਰੀ ਅਕਾਲ ਤਖਤ ਦਾ ਫੈਸਲਾ ਸਰਬਉਚ ਹੈ ਤੇ ਸਭ ਨੂੰ ਮੰਨਣਾ ਚਾਹੀਦਾ ਹੈ।



### ਅਸਤੀਫਾ ਘਰੇਲੂ ਰੁਝੇਵਿਆਂ ਕਾਰਨ ਦਿੱਤਾ: ਹਰਚਰਨ

**ਅੰਮ੍ਰਿਤਸਰ:** ਹਰਚਰਨ ਸਿੰਘ ਨੇ ਦੱਸਿਆ ਕਿ ਉਹ ਪਿਛਲੇ ਕੁਝ ਮਹੀਨਿਆਂ ਤੋਂ ਇਹ ਸੇਵਾ ਛੱਡਣ ਬਾਰੇ ਮਨ ਬਣਾ ਰਹੇ ਸਨ ਕਿਉਂਕਿ ਕੁਝ ਘਰੇਲੂ ਰੁਝੇਵੇਂ ਅਤੇ ਅਧੂਰੇ ਪਏ ਕੰਮ ਪੂਰੇ ਕਰਨ ਵਾਲੇ ਹਨ। ਉਹ ਇਕ ਪੁਸਤਕ ਵੀ ਲਿਖ ਰਹੇ ਹਨ, ਜਿਸ ਨੂੰ ਉਹ ਪੂਰਾ ਕਰਨਗੇ। ਉਹ ਨੌਕਰੀ ਕਰਨ ਦੇ ਮੰਤਵ ਨਾਲ ਨਹੀਂ ਸਗੋਂ ਸੇਵਾ ਕਰਨ ਦੇ ਮੰਤਵ ਨਾਲ ਸ਼੍ਰੋਮਣੀ ਕਮੇਟੀ 'ਚ ਆਏ ਸਨ।

### ਨਵੀਂ ਅਸਾਮੀ ਬਾਰੇ ਅਜੇ ਕੋਈ ਫੈਸਲਾ ਨਹੀਂ

**ਅੰਮ੍ਰਿਤਸਰ**: ਹਰਚਰਨ ਸਿੰਘ ਵੱਲੋਂ ਅਸਤੀਫਾ ਦੇਣ ਮਗਰੋਂ ਇਸ ਅਸਾਮੀ ਵਾਸਤੇ ਨਵੀਂ ਭਰਤੀ ਦਾ ਕੰਮ ਠੰਢੇ ਬਸਤੇ ਵਿਚ ਜਾਣ ਦੀ ਸੰਭਾਵਨਾ ਹੈ, ਕਿਉਂਕਿ ਇਹ ਅਸਾਮੀ ਸਿੱਖ ਗੁਰਦੁਆਰਾ ਐਕਟ 1925 ਵਿਚ ਦਰਜ ਸੇਵਾ ਨਿਯਮਾਂ 'ਚ ਸ਼ਾਮਲ ਨਹੀਂ ਹੈ। ਦੂਜੇ ਪਾਸੇ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਹੈ ਕਿ ਕਮੇਟੀ ਦੇ ਮੁੱਖ ਸਕੱਤਰ ਹਰਚਰਨ ਸਿੰਘ ਨੇ ਅਹੁਦੇ ਤੋਂ ਅਸਤੀਫਾ ਸਿਆਸੀ ਦਬਾਅ ਕਾਰਨ ਨਹੀਂ ਬਲਕਿ ਘਰੇਲੂ ਤੇ ਨਿੱਜੀ ਰੁਝੇਵਿਆਂ ਕਾਰਨ ਦਿੱਤਾ ਹੈ। ਇਹ ਮਾਮਲਾ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਿਆ ਜਾਵੇਗਾ ਅਤੇ ਉਪਰੰਤ ਅਗਲਾ ਫੈਸਲਾ ਕੀਤਾ ਜਾਵੇਗਾ।

# ਸਿੱਖ ਟੈਕਸੀ ਡਰਾਈਵਰ ਦੀ ਇਮਾਨਦਾਰੀ ਦੀ ਚੁਫੇਰਿਓਂ ਸ਼ਲਾਘਾ

**ਬ੍ਰਿਸਬੇਨ, ਆਸਟ੍ਰੇਲੀਆ (ਬਿਊਰੋ):** ਸਥਾਨਕ ਸਿੱਖ ਟੈਕਸੀ ਡਰਾਈਵਰ ਆਤਮਬੀਰ ਸਿੰਘ ਨੇ ਕਿਸੇ ਗੋਰੇ ਜੋੜੇ ਵਲੋਂ ਗਲਤੀ ਨਾਲ ਛੱਡਿਆ ਗਿਆ ਬੈਗ, ਜਿਸ ਵਿਚ ਛੇ ਹਜ਼ਾਰ ਡਾਲਰ, ਬੈਂਕ ਦੇ ਕੁਝ ਜਰੂਰੀ ਕਾਗਜ਼ ਤੇ ਆਈ ਪੈਡ ਸੀ, ਬੈਗ ਦੇ ਮਾਲਕ ਨੂੰ ਪਤਾ ਟਿਕਾਣਾ ਲੱਭ ਕੇ ਉਸ ਦੇ ਘਰ ਜਾ ਕੇ ਵਾਪਸ ਕਰ ਦਿੱਤਾ। ਇਸ ਸਿੱਖ ਟੈਕਸੀ ਡਰਾਈਵਰ ਦੀ ਇਮਾਨਦਾਰੀ ਦੀ ਚੁਫੇਰਿਓਂ ਸ਼ਲਾਘਾ ਹੋ ਰਹੀ ਹੈ।



*ਆਤਮਬੀਰ ਸਿੰਘ ਆਪਣੀ ਧੀ ਨਾਲ*

ਅਸਲ ਵਿਚ ਉਕਤ ਗੋਰਾ ਜੋੜਾ ਆਪਣੀ ਰੇਂਜ ਰੋਵਰ ਕਾਰ ਦੀ ਛੱਤ 'ਤੇ ਰੱਖਿਆ ਬੈਗ ਕਾਰ ਅੰਦਰ ਰੱਖਣਾ ਭੁੱਲ ਗਏ, ਜੋ ਕਾਰ ਚੱਲਣ ਸਮੇਂ ਡਿੱਗ ਪਿਆ। ਆਤਮਬੀਰ ਸਿੰਘ ਨੇ ਉਕਤ ਬੈਗ ਜੋੜ ਨੂੰ ਵਾਪਸ ਕਰਨ ਦੀ ਕੋਸ਼ਿਸ਼ ਕੀਤੀ ਪਰ ਭੀੜ-ਭੜੱਕੇ ਕਾਰਨ ਕਾਰ ਕਿਤੇ ਦੂਰ ਨਿਕਲ ਗਈ। ਬੈਗ ਵਿਚਲੇ ਬੈਂਕ ਪੇਪਰਾਂ ਦੇ ਮਾਲਕ ਦਾ ਨਾਂ ਡੇਨੀਅਲ ਲਿਖਿਆ ਸੀ। ਤਦ ਆਤਮਬੀਰ ਸਿੰਘ ਨੇ ਫੇਸਬੁੱਕ ਦੇ ਜ਼ਰੀਏ ਬੈਗ ਦੇ ਅਸਲੀ ਮਾਲਕ ਨੂੰ ਲੱਭ ਕੇ ਉਸ ਦੇ ਘਰ ਜਾ ਕੇ ਬੈਗ ਵਾਪਸ ਕੀਤਾ।

ਡੇਨੀਅਲ ਨੇ ਜਦ ਆਤਮਬੀਰ ਸਿੰਘ ਨੂੰ ਉਸ ਦੀ ਇਸ ਇਮਾਨਦਾਰੀ ਬਦਲੇ ਇਨਾਮ ਦੇਣਾ ਚਾਹਿਆ ਤਾਂ ਉਸ ਨੇ ਇਹ ਕਹਿ ਕੇ ਕੁਝ ਵੀ ਲੈਣ ਤੋਂ ਇਨਕਾਰ ਕਰ ਦਿੱਤਾ ਕਿ ਇਹ ਤਾਂ ਉਹਦਾ ਫਰਜ਼ ਸੀ। ਪਰ ਉਕਤ ਜੋੜੇ ਨੇ ਜੋਰ ਪਾ ਕੇ ਆਤਮਬੀਰ ਸਿੰਘ ਦੀ ਬੇਟੀ ਨੂੰ ਇਕ ਲਿਫਾਫਾ ਤੋਹਫੇ ਵਜੋਂ ਦੇ ਦਿੱਤਾ। ਜਦ ਘਰ ਆ ਕੇ ਲਿਫਾਫਾ ਖੋਲ੍ਹਿਆ ਗਿਆ ਤਾਂ ਉਸ ਵਿਚ ਤਿੰਨ ਹਜ਼ਰ ਡਾਲਰ ਸਨ।

ਇਸੇ ਦੌਰਾਨ ਇੰਡੀਆਨਾ ਰਹਿੰਦੇ ਸਿੱਖ ਪਤਵੰਤੇ ਜਸਪਾਲ (ਬਿੱਟੂ) ਸਿੰਘ ਘੋਤੜਾ ਨੇ ਕਿਹਾ ਕਿ ਅਜਿਹੇ ਇਮਾਨਦਾਰ ਸਿੱਖਾਂ ਕਰਕੇ ਹੀ ਸਿੱਖਾਂ ਦਾ ਵਿਦੇਸ਼ਾਂ ਵਿਚ ਨਾਂ ਰੌਸ਼ਨ ਹੁੰਦਾ ਹੈ। ਸ. ਘੋੜਤਾ ਨੇ ਆਤਮਬੀਰ ਸਿੰਘ ਦੀ ਇਸ ਇਮਾਨਦਾਰੀ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਕਿਹਾ ਕਿ ਆਤਮਬੀਰ ਸਿੰਘ ਉਸ ਦਾ ਚੰਗਾ ਮਿੱਤਰ ਹੈ।

# 25 ਪਤਨੀਆਂ ਤੇ 146 ਬੱਚਿਆਂ ਵਾਲਾ ਕੈਨੇਡੀਅਨ ਬੁਰਾ ਫਸਿਆ

**ਟੋਰਾਂਟੋ:** ਕੈਨੇਡਾ ਦੀ ਇਕ ਅਦਾਲਤ ਨੇ ਦੋ ਜਣਿਆਂ ਨੂੰ ਬਹੁ ਵਿਆਹ ਦਾ ਦੋਸ਼ੀ ਠਹਿਰਾਇਆ ਹੈ। ਇਤਿਹਾਸਕ ਫੈਸਲੇ ਵਿਚ ਦੇਸ਼ ਵਿਚ ਬਹੁ-ਵਿਆਹ ਦੀ ਪ੍ਰਥਾ ਉਤੇ ਰੋਕ ਨੂੰ ਸਹੀ ਦੱਸਿਆ ਹੈ। ਦੋਸ਼ੀ ਠਹਿਰਾਏ ਗਏ ਵਿਅਕਤੀਆਂ ਵਿਚੋਂ ਇਕ ਦੀਆਂ 25 ਪਤਨੀਆਂ ਅਤੇ 146 ਬੱਚੇ ਹਨ ਜਦ ਕਿ ਦੂਜੇ ਦੀਆਂ ਪੰਜ ਪਤਨੀਆਂ ਹਨ। ਵਿੰਸਟਨ ਬਲੈਕ ਮੋਰ ਅਤੇ ਜੇਮਜ਼ ਮੈਰਿਅਨ ਓਲੇਰ ਨੂੰ ਦੇਸ਼ ਦੇ ਬਹੁ-ਵਿਆਹ ਕਾਨੂੰਨ ਮੁਤਾਬਕ ਦੋਸ਼ੀ ਪਾਏ ਜਾਣ ਮਗਰੋਂ ਵੱਧ ਤੋਂ ਵੱਧ 5 ਸਾਲ ਦੀ ਜੇਲ੍ਹ ਹੋ ਸਕਦੀ ਹੈ।



ਕੈਨੇਡਾ 'ਚ ਇਹ ਕਾਨੂੰਨ 127 ਸਾਲ ਪਹਿਲਾਂ ਲਾਗੂ ਹੋਇਆ ਸੀ। ਦੋਹਾਂ ਖਿਲਾਫ਼ ਦੋਸ਼ ਤੈਅ ਕਰਨ ਲਈ ਦੋ ਦਹਾਕਿਆਂ ਵਿਚ 3 ਵਿਸ਼ੇਸ਼ ਵਕੀਲਾਂ ਨੂੰ ਨਿਯੁਕਤ ਕੀਤਾ ਗਿਆ ਸੀ ਪਰ ਉਹ ਇਨ੍ਹਾਂ ਚਿੰਤਾਵਾਂ ਕਾਰਨ ਪਿੱਛੇ ਹਟ ਗਏ ਕਿ ਬਹੁ ਵਿਆਹ ਨੂੰ ਰੋਕਣ ਵਾਲਾ ਕਾਨੂੰਨ ਕੈਨੇਡਾ ਦੇ ਸੰਵਿਧਾਨ 'ਚ ਧਾਰਮਿਕ ਸੁਤੰਤਰਤਾ ਦੇ ਅਧਿਕਾਰ ਦਾ ਉਲੰਘਣ ਕਰਦਾ ਹੈ। ਸਾਲ 2011 'ਚ ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਸੁਪਰੀਮ ਕੋਰਟ ਦੇ ਫੈਸਲੇ ਨੇ ਇਸ ਸ਼ੱਕ ਨੂੰ ਖਤਮ ਕਰ ਦਿੱਤਾ। ਸੁਪਰੀਮ ਕੋਰਟ ਨੇ ਇਕ ਮਾਮਲੇ 'ਚ ਫੈਸਲਾ ਸੁਣਾਇਆ ਸੀ ਕਿ ਬਹੁ ਵਿਆਹ 'ਚ ਅੰਤਰੀਵ ਨੁਕਸਾਨ ਧਾਰਮਿਕ ਸੁਤੰਤਰਤਾ ਉਤੇ ਸੀਮਾਵਾਂ ਲਗਾਏ ਜਾਣ ਨੂੰ ਨਿਆਂ ਸੰਗਤ ਠਹਿਰਾਉਂਦੇ ਹਨ।

# 84: ਅਭਿਸ਼ੇਕ ਵੱਲੋਂ ਝੂਠ ਫੜਨ ਵਾਲੇ ਟੈਸਟ ਲਈ ਹਾਮੀ

**ਨਵੀਂ ਦਿੱਲੀ:** ਹਥਿਆਰਾਂ ਦੇ ਵਪਾਰੀ ਤੇ 1984 ਦੇ ਸਿੱਖ ਕਤਲੇਆਮ ਨਾਲ ਸਬੰਧਤ ਕੇਸ ਦੇ ਗਵਾਹ ਅਭਿਸ਼ੇਕ ਵਰਮਾ ਨੇ 'ਝੂਠ ਫੜਨ ਵਾਲਾ ਟੈਸਟ' ਕਰਾਉਣ ਲਈ ਸਹਿਮਤੀ ਦਿੱਤੀ ਹੈ। ਬੀਤੀ ਛੇ ਜੁਲਾਈ ਨੂੰ ਵਰਮਾ ਨੇ ਦਿੱਲੀ ਦੀ ਅਦਾਲਤ ਨੂੰ ਕਿਹਾ ਸੀ ਕਿ ਉਹ ਇਸ ਸ਼ਰਤ 'ਤੇ ਟੈਸਟ ਲੈਣ ਲਈ ਤਿਆਰ ਸੀ ਕਿ ਉਸ ਨੂੰ ਸੁਰੱਖਿਆ ਪ੍ਰਦਾਨ ਕੀਤੀ ਗਈ ਸੀ।

ਵਰਮਾ ਨੇ ਦਾਅਵਾ ਕੀਤਾ ਕਿ ਉਸ ਨੂੰ ਕਾਂਗਰਸੀ ਆਗੂ ਜਗਦੀਸ਼ ਟਾਇਟਲਰ ਵੱਲੋਂ ਧਮਕੀ ਮਿਲੀ ਹੈ ਤੇ ਦੋ ਸੁਰੱਖਿਆ ਮੁਲਾਜ਼ਮਾਂ (ਪੀ.ਐਸ.ਓ.) ਤੇ ਘਰ ਦੇ ਬਾਹਰ ਗਾਰਡ ਦੀ ਮੰਗ ਕੀਤੀ। ਅਦਾਲਤ ਨੇ ਉਸ ਨੂੰ ਸੁਰੱਖਿਆ ਦੀ ਮੰਗ ਲਿਖਤੀ ਰੂਪ ਵਿਚ ਦੇਣ ਦੇ ਨਿਰਦੇਸ਼ ਦਿੱਤੇ।

ਜੂਨ 2 ਨੂੰ ਦਿੱਲੀ ਦੀ ਅਦਾਲਤ ਨੇ ਸੀ.ਬੀ.ਆਈ ਦੀ ਮੰਗ ਉਤੇ ਅਭਿਸ਼ੇਕ ਤੇ ਟਾਇਟਲਰ ਦਾ ਟੈਸਟ ਕਰਵਾਉਣ ਦਾ ਫੈਸਲਾ ਦਿੱਤਾ। 22 ਮਈ ਨੂੰ ਟਾਇਟਲਰ ਨੇ ਅਦਾਲਤ ਵਿਚ ਟੈਸਟ ਕਰਵਾਉਣ ਤੋਂ ਇਨਕਾਰ ਕਰ ਦਿੱਤਾ ਸੀ। ਟਾਇਟਲਰ ਤੇ ਅਭਿਸ਼ੇਕ ਵਰਮਾ ਨੂੰ ਪਹਿਲਾਂ ਅਦਾਲਤ ਵਿਚ ਹਲਫੀਆ ਬਿਆਨ ਕਰਨ ਲਈ ਕਿਹਾ ਗਿਆ ਸੀ, ਉਹ ਝੂਠ ਫੜਨ ਵਾਲੇ ਟੈਸਟ ਕਰਵਾਉਣਾ ਚਾਹੁੰਦੇ ਸਨ ਜਾਂ ਨਹੀਂ।

### ਟੈਸਟ ਬਾਰੇ ਫੈਸਲਾ ਟਾਇਟਲਰ ਹੱਥ: ਅਦਾਲਤ



**ਨਵੀਂ ਦਿੱਲੀ**: ਦਿੱਲੀ ਦੀ ਇਕ ਅਦਾਲਤ ਨੇ ਕਿਹਾ ਕਿ ਕਾਂਗਰਸੀ ਆਗੂ ਜਗਦੀਸ਼ ਟਾਇਟਲਰ, ਜਿਸ ਨੂੰ ਸੀ.ਬੀ.ਆਈ. 1984 ਦੇ ਸਿੱਖ ਕਤਲੇਆਮ ਸਬੰਧੀ ਤਿੰਨ ਵਾਰ ਕਲੀਨ ਚਿੱਟ ਦੇ ਚੁੱਕੀ ਹੈ, ਦੀ ਸਹਿਮਤੀ ਤੋਂ ਬਿਨਾਂ ਉਸ ਦਾ ਪੋਲੀਗ੍ਰਾਫ ਟੈਸਟ ਨਹੀਂ ਕੀਤਾ ਜਾ ਸਕਦਾ, ਪਰ ਦੂਜੇ ਪਾਸੇ ਅਦਾਲਤ ਨੇ ਕਿਹਾ ਕਿ ਸੀ.ਬੀ.ਆਈ. ਇਸ ਮਾਮਲੇ ਦੇ ਗਵਾਹ ਅਭੀਸ਼ੇਕ ਵਰਮਾ ਦਾ ਪੋਲੀਗ੍ਰਾਫ ਟੈਸਟ ਕਰ ਸਕਦੀ ਹੈ ਕਿਉਂਕਿ ਉਸ ਨੇ ਇਸ ਸਬੰਧੀ ਆਪਣੀ ਸਹਿਮਤੀ ਦੇ ਦਿੱਤੀ ਹੈ। ਅਦਾਲਤ ਨੇ ਦਿੱਲੀ ਪੁਲਿਸ ਦੇ ਡਿਪਟੀ ਕਮਿਸ਼ਨਰ ਨੂੰ ਅਭੀਸ਼ੇਕ ਵਰਮਾ ਲਈ ਪੋਲੀਗ੍ਰਾਫ ਟੈਸਟ ਹੋਣ ਤਕ 24 ਘੰਟੇ ਸੁਰੱਖਿਆ ਮੁਹੱਈਆ ਕਰਵਾਉਣ ਲਈ ਨਿਰਦੇਸ਼ ਦਿੱਤੇ ਹਨ।

### ਚੂਨੀ ਲਾਲ ਗਾਬਾ ਦੀ ਇਕ ਹੋਰ ਜਾਇਦਾਦ ਕੁਰਕ

**ਜਲੰਧਰ:** ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਸਿੰਥੈਟਿਕ ਡਰੱਗ ਮਾਮਲੇ ਵਿਚ ਚੂਨੀ ਲਾਲ ਗਾਬਾ ਦੀ 3 ਕਨਾਲ 9 ਮਰਲੇ ਜ਼ਮੀਨ ਕੁਰਕ ਕਰ ਲਈ ਹੈ। ਇਹ ਜ਼ਮੀਨ ਬੰਗਾ ਹਲਕੇ ਦੇ ਪਿੰਡ ਮੇਹਲੀ ਵਿਚ ਦੱਸੀ ਜਾ ਰਹੀ ਹੈ। ਉਨ੍ਹਾਂ ਨੇ ਇਹ ਜ਼ਮੀਨ ਜੂਨ 2007 ਵਿਚ 6 ਲੱਖ 47 ਹਜ਼ਾਰ ਰੁਪਏ ਵਿਚ ਖਰੀਦੀ ਸੀ। ਜ਼ਿਕਰਯੋਗ ਹੈ ਕਿ ਚੂਨੀ ਲਾਲ ਗਾਬਾ ਦੀਆਂ 64 ਦੇ ਕਰੀਬ ਜਾਇਦਾਦਾਂ ਹਨ ਤੇ 11 ਫਰਮਾਂ ਇਸ ਕੇਸ ਨਾਲ ਅਟੈਚ ਕੀਤੀਆਂ ਗਈਆਂ ਹਨ। ਈ.ਡੀ. ਨੇ ਚੂਨੀ ਲਾਲ ਗਾਬਾ ਦਾ ਫਗਵਾੜੇ ਵਿਚਲਾ ਘਰ ਪਿਛਲੇ ਹਫਤੇ ਹੀ ਕਬਜ਼ੇ ਵਿਚ ਲਿਆ ਸੀ।

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
1816 Main Ave., Secramento CA, 95838
ਸੈਕਰਾਮੈਂਟੋ, ਕੈਲੀਫੋਰਨੀਆ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ
Call For Special Price
Kashmir S. Thandi
Office: (866) 933-3038
Balhar S. Ranu Cell:916-502-7733

# ਇਟਲੀ ਸਰਕਾਰ ਵੱਲੋਂ ਪ੍ਰਵਾਨ ਕਿਰਪਾਨ ਨੂੰ ਨਾ ਮਿਲੀ ਮਾਨਤਾ

**ਅੰਮ੍ਰਿਤਸਰ:** ਇਟਲੀ ਦੀ ਸਰਕਾਰ ਵੱਲੋਂ ਉਥੇ ਰਹਿੰਦੇ ਅੰਮ੍ਰਿਤਧਾਰੀ ਸਿੱਖਾਂ ਵਾਸਤੇ ਪ੍ਰਵਾਨ ਕੀਤੀ ਵਿਸ਼ੇਸ਼ ਕਿਸਮ ਦੀ ਕਿਰਪਾਨ ਨੂੰ ਸ੍ਰੀ ਅਕਾਲ ਤਖਤ ਵੱਲੋਂ ਪ੍ਰਵਾਨਗੀ ਦੇਣ ਤੋਂ ਨਾਂਹ ਕਰ ਦਿੱਤੀ ਗਈ। ਇਟਲੀ ਦੇ ਸਿੱਖਾਂ ਵੱਲੋਂ ਨਮੂਨੇ ਵਜੋਂ ਭੇਜੀ ਇਸ ਕਿਰਪਾਨ ਨੂੰ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵਿਚ ਰੱਦ ਕਰ ਦਿੱਤਾ ਹੈ ਅਤੇ ਸਿੱਖਾਂ ਨੂੰ ਆਖਿਆ ਕਿ ਉਹ ਇਸ ਦੀ ਥਾਂ ਛੋਟੇ ਆਕਾਰ ਵਾਲੀ ਕਿਰਪਾਨ ਦੀ ਪ੍ਰਵਾਨਗੀ ਲੈਣ ਦਾ ਯਤਨ ਕਰਨ।

ਪੰਜ ਸਿੰਘ ਸਾਹਿਬਾਨ ਦੀ ਸ੍ਰੀ ਅਕਾਲ ਤਖਤ ਦੇ ਸਕੱਤਰੇਤ ਵਿਖੇ ਹੋਈ ਇਕੱਤਰਤਾ ਵਿਚ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ, ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਅਤੇ ਸ੍ਰੀ ਅਕਾਲ ਤਖਤ ਦੇ ਹੈੱਡ ਗ੍ਰੰਥੀ ਗਿਆਨੀ ਮਲਕੀਤ ਸਿੰਘ ਸ਼ਾਮਲ ਹੋਏ। ਇਕੱਤਰਤਾ ਉਪਰੰਤ ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ ਇਟਲੀ ਦੀ ਇਕ ਕੰਪਨੀ ਵੱਲੋਂ ਪੇਸ਼ ਕੀਤੇ ਕਿਰਪਾਨ ਦੇ ਨਮੂਨੇ ਨੂੰ ਇਤਿਹਾਸਕ ਸਰੋਤਾਂ ਮੁਤਾਬਕ ਵਾਚਿਆ ਗਿਆ ਹੈ। ਇਸ ਸਬੰਧੀ ਧਾਰਮਿਕ ਜਥੇਬੰਦੀਆਂ ਅਤੇ ਸਿੱਖ ਸੰਗਤਾਂ ਦੀ ਰਾਇ ਵੀ ਲਈ, ਜਿਸ ਮਗਰੋਂ ਇਸ ਕਿਰਪਾਨ ਦੇ ਨਮੂਨੇ ਨੂੰ ਪੰਜ ਸਿੰਘ ਸਾਹਿਬਾਨ ਵੱਲੋਂ ਰੱਦ ਕਰ ਦਿੱਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਵੱਲੋਂ ਕਿਰਪਾਨ ਨੂੰ ਇਕ ਸ਼ਸਤਰ ਵਜੋਂ ਪਹਿਨਣ ਲਈ ਆਦੇਸ਼ ਕੀਤਾ ਗਿਆ ਹੈ ਪਰ ਇਟਲੀ ਵਾਲੀ ਕਿਰਪਾਨ ਅਜਿਹੀ ਧਾਤ ਦੀ ਬਣੀ ਹੋਈ ਹੈ, ਜਿਸ ਦਾ ਮਜ਼ਬੂਤੀ ਪੱਖੋਂ ਕੋਈ ਆਧਾਰ ਨਹੀਂ ਹੈ। ਉਨ੍ਹਾਂ ਆਖਿਆ ਕਿ ਇਟਲੀ ਦੇ ਸਿੱਖ ਛੋਟੇ ਆਕਾਰ ਦੀ ਕਿਰਪਾਨ ਵੀ ਪਹਿਨ ਸਕਦੇ ਹਨ। ਇਸ ਲਈ ਉਨ੍ਹਾਂ ਨੂੰ ਛੋਟੀ ਕਿਰਪਾਨ ਦੀ ਪ੍ਰਵਾਨਗੀ ਲੈਣੀ ਚਾਹੀਦੀ ਹੈ। ਦੱਸਣਯੋਗ ਹੈ ਕਿ 26 ਜੂਨ ਨੂੰ ਇਟਲੀ ਵਾਸੀ ਸੁਖਦੇਵ ਸਿੰਘ ਕੰਗ ਤੇ ਹੋਰਨਾਂ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਇਨ੍ਹਾਂ ਕਿਰਪਾਨਾਂ ਦੇ ਨਮੂਨੇ ਪੇਸ਼ ਕਰਦਿਆਂ ਦੱਸਿਆ ਸੀ ਕਿ ਇਟਲੀ ਸਰਕਾਰ ਵੱਲੋਂ ਪ੍ਰਵਾਨ ਕੀਤੀ ਇਸ ਕਿਰਪਾਨ ਨੂੰ ਉਥੇ ਅੰਮ੍ਰਿਤਧਾਰੀ ਸਿੱਖਾਂ ਵੱਲੋਂ ਪਹਿਨਣਾ ਸ਼ੁਰੂ ਕਰ ਦਿੱਤਾ ਗਿਆ ਹੈ।

ਮਲੇਸ਼ੀਆ ਵਾਸੀ ਜਸਵੰਤ ਸਿੰਘ ਖੋਸਾ ਵੱਲੋਂ ਭੇਟ ਕੀਤੇ ਹੱਥ ਲਿਖਤ ਸਰੂਪ ਦਾ ਬਿਨਾਂ ਸੁਧਾਈ ਕੀਤਿਆਂ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਪ੍ਰਕਾਸ਼ ਕੀਤੇ ਜਾਣ ਦਾ ਸਖਤ ਨੋਟਿਸ ਲੈਂਦਿਆਂ ਪੰਜ ਸਿੰਘ ਸਾਹਿਬਾਨ ਵੱਲੋਂ ਇਸ ਮਾਮਲੇ ਵਿਚ ਤਖਤ ਸ੍ਰੀ ਦਮਦਮਾ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ, ਅਖੰਡ ਪਾਠਾਂ ਦੇ ਇੰਚਾਰਜ ਜਰਨੈਲ ਸਿੰਘ ਅਤੇ ਲੇਖਕ ਨੂੰ ਸ੍ਰੀ ਅਕਾਲ ਤਖਤ ਉਤੇ ਤਲਬ ਕੀਤਾ ਗਿਆ ਹੈ। ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਸਬੰਧੀ ਸ੍ਰੀ ਅਕਾਲ ਤਖਤ ਵੱਲੋਂ ਜਾਂਚ ਲਈ ਬਣਾਈ ਪੜਤਾਲੀਆ ਕਮੇਟੀ ਦੀ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਇਸ ਹੱਥ ਲਿਖਤ ਸਰੂਪ ਵਿਚ ਕਈ ਤਰੁੱਟੀਆਂ ਹਨ। ਰਿਪੋਰਟ ਵਿਚ ਤਖਤ ਦੇ ਮੈਨੇਜਰ ਜਗਜੀਤ ਸਿੰਘ, ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਅਖੰਡ ਪਾਠਾਂ ਦੇ ਇੰਚਾਰਜ ਜਰਨੈਲ ਸਿੰਘ ਨੂੰ ਜ਼ਿੰਮੇਵਾਰ ਕਰਾਰ ਦਿੱਤਾ ਗਿਆ ਹੈ। ਪੰਜ ਸਿੰਘ ਸਾਹਿਬਾਨ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਹਦਾਇਤ ਕੀਤੀ ਗਈ ਹੈ ਕਿ ਇਨ੍ਹਾਂ ਤਿੰਨਾਂ ਖਿਲਾਫ ਬਣਦੀ ਵਿਭਾਗੀ ਕਾਰਵਾਈ ਕੀਤੀ ਜਾਵੇ। ਲੇਖਕ ਜਸਵੰਤ ਸਿੰਘ ਖੋਸਾ, ਹੈੱਡ ਗ੍ਰੰਥੀ ਅਤੇ ਇੰਚਾਰਜ ਅਖੰਡ ਪਾਠਾਂ ਨੂੰ ਸ੍ਰੀ ਅਕਾਲ ਤਖਤ ਵਿਖੇ ਤਲਬ ਵੀ ਕੀਤਾ ਹੈ।

ਇਕੱਤਰਤਾ ਵਿਚ ਸਿੱਖ ਵਿਦਵਾਨ ਹਰਜਿੰਦਰ ਸਿੰਘ ਦਿਲਗੀਰ ਦੀਆਂ ਪੁਸਤਕਾਂ ਦਾ ਮਾਮਲਾ ਵੀ ਵਿਚਾਰਿਆ ਗਿਆ ਹੈ। ਜਾਂਚ ਕਮੇਟੀ ਦੀ ਰਿਪੋਰਟ ਵਿਚ ਵਿਦਵਾਨਾਂ ਨੇ ਦੋਸ਼ ਲਾਇਆ ਕਿ ਲੇਖਕ ਨੇ ਆਪਣੀਆਂ ਪੁਸਤਕਾਂ ਵਿਚ ਗੁਰੂ ਗ੍ਰੰਥ ਸਾਹਿਬ ਬਾਰੇ ਨੀਵੇਂ ਪੱਧਰ ਦੇ ਸ਼ਬਦਾਂ ਦੀ ਵਰਤੋਂ ਕੀਤੀ ਹੈ। ਇਸ ਮਾਮਲੇ ਵਿਚ ਲੇਖਕ ਨੂੰ ਸਪੱਸ਼ਟੀਕਰਨ ਦੇਣ ਲਈ ਆਖਿਆ ਗਿਆ ਹੈ। ਜਦੋਂ ਤੱਕ ਲੇਖਕ ਸਪੱਸ਼ਟੀਕਰਨ ਨਹੀਂ ਦਿੰਦਾ, ਉਦੋਂ ਤੱਕ ਕਿਤਾਬਾਂ 'ਤੇ ਰੋਕ ਲਾਉਣ ਦੇ ਆਦੇਸ਼ ਦਿੱਤੇ ਗਏ ਹਨ।

ਤਖਤ ਸ੍ਰੀ ਦਮਦਮਾ ਸਾਹਿਬ ਦੀ ਸਰਾਂ ਵਿਚ ਬੀਤੇ ਦਿਨ ਕੁਝ ਮੁਲਾਜ਼ਮਾਂ ਨੂੰ ਇਕ ਕੁੜੀ ਸਮੇਤ ਕਾਬੂ ਕਰਨ ਦੀ ਵਾਪਰੀ ਮੰਦਭਾਗੀ ਘਟਨਾ ਬਾਰੇ ਉਨ੍ਹਾਂ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਆਖਿਆ ਕਿ ਕਿਰਦਾਰ ਤੋਂ ਡਿੱਗੇ ਮੁਲਾਜ਼ਮਾਂ ਦੀ ਪੁਸ਼ਤਪਨਾਹੀ ਨਾ ਕੀਤੀ ਜਾਵੇ।

## ਨਮੂਨੇ ਵਜੋਂ ਭੇਜੀ ਕਿਰਪਾਨ ਸਿੰਘ ਸਾਹਿਬਾਨ ਵੱਲੋਂ ਰੱਦ



## ਸਿੰਘ ਸਾਹਿਬਾਨ ਦਾ ਤਰਕ

**ਅੰਮ੍ਰਿਤਸਰ:** ਇਟਲੀ ਵਾਲੀ ਕਿਰਪਾਨ ਅਜਿਹੀ ਧਾਤ ਦੀ ਬਣੀ ਹੋਈ ਹੈ, ਜਿਸ ਦਾ ਮਜ਼ਬੂਤੀ ਪੱਖੋਂ ਕੋਈ ਆਧਾਰ ਨਹੀਂ ਹੈ। ਇਹ ਇੰਨੀ ਨਰਮ ਹੈ ਕਿ ਥੋੜ੍ਹੇ ਜਿਹੇ ਦਬਾਅ ਨਾਲ ਹੀ ਮੁੜ ਜਾਂਦੀ ਹੈ। ਇਸ ਨੂੰ ਸ਼ਸਤਰ ਵਜੋਂ ਮਾਨਤਾ ਨਹੀਂ ਦਿੱਤੀ ਜਾ ਸਕਦੀ। ਉੱਝ ਵੀ ਇਹ ਕਿਰਪਾਨ ਦੋ ਹਿੱਸਿਆ ਵਿਚ ਬਣਾ ਕੇ ਜੋੜੀ ਹੋਈ ਹੈ। ਇਸ ਦਾ ਇਕ ਹਿੱਸਾ ਮੁੱਠ ਵਜੋਂ ਅਤੇ ਇਕ ਹਿੱਸਾ ਬਲੇਡ ਵਜੋਂ ਹੈ।

## ਆਸਟਰੇਲਿਆਈ ਸਕੂਲ 'ਚ ਪਟਕੇ 'ਤੇ ਪਾਬੰਦੀ ਨੂੰ ਚੁਣੌਤੀ

**ਮੈਲਬਰਨ:** ਕ੍ਰਿਸ਼ਚੀਅਨ ਸਕੂਲ ਵੱਲੋਂ ਪੰਜ ਸਾਲਾ ਬੱਚੇ ਨੂੰ ਪਟਕਾ ਬੰਨ੍ਹਣ ਕਾਰਨ ਦਾਖਲਾ ਤੋਂ ਇਨਕਾਰ ਕੀਤੇ ਜਾਣ ਉਤੇ ਆਸਟਰੇਲੀਆ ਵਸਦੇ ਸਿੱਖ ਪਰਿਵਾਰ ਨੇ ਸਕੂਲ ਖਿਲਾਫ ਕਾਨੂੰਨੀ ਮੁਹਿੰਮ ਵਿੱਢ ਦਿੱਤੀ ਹੈ। ਸਿਦਕ ਸਿੰਘ ਅਰੋੜਾ ਨੇ ਮੈਲਬਰਨ ਦੇ ਉਤਰ-ਪੱਛਮ ਵਿਚ ਮੈਲਟਨ ਕ੍ਰਿਸ਼ਚੀਅਨ ਕਾਲਜ 'ਚ ਇਸ ਸਾਲ ਤੋਂ ਪ੍ਰੈਪਰੇਟਰੀ ਦੀ ਪੜ੍ਹਾਈ ਸ਼ੁਰੂ ਕਰਨੀ ਸੀ। ਰਿਪੋਰਟ ਮੁਤਾਬਕ ਸਿਦਕ ਦਾ ਪਟਕਾ ਸਕੂਲ ਵਰਦੀ ਨਾਲ ਮੇਲ ਨਹੀਂ ਖਾਂਦਾ ਸੀ ਜੋ ਵਿਦਿਆਰਥੀਆਂ ਦੇ ਧਰਮ ਦੇ ਆਧਾਰ 'ਤੇ ਸਿਰ ਢੱਕਣ ਖਿਲਾਫ ਹੈ। ਉਸ ਦੇ ਪਰਿਵਾਰ ਨੇ ਵਿਕਟੋਰੀਅਨ ਸਿਵਲ ਅਤੇ ਐਡਮਿਨੀਸਟਰੇਟਿਵ ਟ੍ਰਿਬਿਊਨਲ ਵਿਚ ਇਹ ਮਾਮਲਾ ਪੇਸ਼ ਕਰਦਿਆਂ ਕਿਹਾ ਕਿ ਸਕੂਲ ਨੇ ਧਰਮ ਦੇ ਆਧਾਰ 'ਤੇ ਉਨ੍ਹਾਂ ਦੇ ਬੇਟੇ ਨਾਲ ਵਿਤਕਰਾ ਕਰ ਕੇ ਬਰਾਬਰ ਦੇ ਮੌਕੇ ਦੇਣ ਸਬੰਧੀ ਐਕਟ ਦੀ ਉਲੰਘਣਾ ਕੀਤੀ ਹੈ। ਟ੍ਰਿਬਿਊਨਲ 'ਚ ਸੁਣਵਾਈ ਦੌਰਾਨ ਦੱਸਿਆ ਗਿਆ ਕਿ ਕਾਲਜ 'ਚ ਕਿਸੇ ਵੀ ਧਰਮ ਦਾ ਬੱਚਾ ਦਾਖਲਾ ਲੈ ਸਕਦਾ ਹੈ।



## ਸਾਕਾ ਨੀਲਾ ਤਾਰਾ ਸਬੰਧੀ ਦਸਤਾਵੇਜ਼ਾਂ ਲਈ ਰਾਸ਼ਟਰਪਤੀ ਨੂੰ ਮਿਲੇਗਾ ਵਫਦ

**ਮਾਨਸਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਹੈ ਕਿ ਸਾਕਾ ਨੀਲਾ ਤਾਰਾ ਦੇ ਦਸਤਾਵੇਜ਼ਾਂ ਦੇ ਮਾਮਲੇ ਸਬੰਧੀ ਕੇਂਦਰ ਸਰਕਾਰ ਵੱਲੋਂ ਆਪਣੇ ਬਿਆਨ ਬਦਲੇ ਜਾਂਦੇ ਰਹੇ ਹਨ ਅਤੇ ਇਸ ਮਾਮਲੇ ਉਤੇ ਸਮੇਂ ਦੀਆਂ ਕੇਂਦਰ ਸਰਕਾਰਾਂ ਕਦੇ ਇਕਮੱਤ ਨਹੀਂ ਹੋਈਆਂ ਹਨ।

ਹੁਣ ਸ਼੍ਰੋਮਣੀ ਕਮੇਟੀ ਦਾ ਇਕ ਵਫਦ ਇਸ ਮਾਮਲੇ ਸਬੰਧੀ ਭਾਰਤ ਦੇ ਨਵੇਂ ਰਾਸ਼ਟਰਪਤੀ ਨੂੰ ਮਿਲੇਗਾ ਤਾਂ ਜੋ 1984 ਵੇਲੇ ਦੇ ਹਾਸਲ ਕੀਤੇ ਦਸਤਾਵੇਜ਼ਾਂ ਸਬੰਧੀ ਅਸਲੀਅਤ ਜੱਗ ਜ਼ਾਹਰ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਸਾਕਾ ਨੀਲਾ ਤਾਰਾ ਦਾ ਭਾਵੇਂ ਦੁਨੀਆਂ ਭਰ ਵਿਚ ਵਿਰੋਧ ਹੋਇਆ ਹੈ ਪਰ ਕੇਂਦਰੀ ਹਕੂਮਤਾਂ ਇਸ ਸਬੰਧੀ ਤੱਥਾਂ ਨੂੰ ਹੁਣ ਤੱਕ ਛੁਪਾਉਂਦੀਆਂ ਰਹੀਆਂ ਹਨ। ਉਨ੍ਹਾਂ ਮੰਨਿਆ ਕਿ ਮੋਦੀ ਸਰਕਾਰ ਦੀ ਇਸ ਮਾਮਲੇ ਸਬੰਧੀ ਕਾਰਗੁਜ਼ਾਰੀ ਹੋਰਨਾਂ ਨਾਲੋਂ ਬਿਹਤਰ ਹੋਣ ਦੀ ਕੋਈ ਉਮੀਦ ਨਹੀਂ ਜਾਪਦੀ ਹੈ। ਸ੍ਰੀ ਹਰਿਮੰਦਰ ਸਾਹਿਬ ਵਿਖੇ ਸਿੱਖ ਬੀਬੀਆਂ ਨੂੰ ਕੀਰਤਨ ਕਰਨ ਦੀ ਅਮਰੀਕਾ ਵਾਸੀਆਂ ਦੀ ਮੰਗ ਬਾਰੇ ਪ੍ਰੋ. ਬਡੂੰਗਰ ਨੇ ਕਿਹਾ ਕਿ ਸਿੱਖ ਧਰਮ ਵਿਚ ਔਰਤਾਂ ਨੂੰ ਸ਼ੁਰੂ ਤੋਂ ਹੀ ਵਿਸ਼ੇਸ਼ ਸਥਾਨ ਹਾਸਲ ਹੈ ਪਰ ਕੀਰਤਨ ਸਬੰਧੀ ਮਾਮਲਾ ਸ੍ਰੀ ਅਕਾਲ ਤਖਤ ਦੇ ਜਥੇਦਾਰ ਹੀ ਵਿਚਾਰ ਸਕਦੇ ਹਨ। ਸ਼੍ਰੋਮਣੀ ਕਮੇਟੀ ਦਾ ਇਸ ਮਾਮਲੇ ਨਾਲ ਕੋਈ ਸਿੱਧਾ ਸਬੰਧ ਨਹੀਂ ਹੈ।

## ਗੁਰੂ ਕੀ ਨਗਰੀ 'ਚ ਬੱਚਿਆਂ ਦੇ ਭੀਖ ਮੰਗਣ 'ਤੇ ਸਖਤੀ

**ਅੰਮ੍ਰਿਤਸਰ:** ਗੁਰੂ ਕੀ ਨਗਰੀ ਵਿਚ ਬੱਚਿਆਂ ਨੂੰ ਭੀਖ ਮੰਗਣ ਤੋਂ ਰੋਕਣ ਲਈ ਜ਼ਿਲ੍ਹਾ ਪ੍ਰਸ਼ਾਸਨ ਹੁਣ ਸਖਤ ਕਾਰਵਾਈ ਕਰੇਗਾ। ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਕਮਲਦੀਪ ਸਿੰਘ ਸੰਘਾ ਨੇ ਚਾਈਲਡ ਵੈਲਫੇਅਰ ਕੌਂਸਲ, ਰੈੱਡ ਕਰਾਸ ਤੇ ਜ਼ਿਲ੍ਹਾ ਬਾਲ ਸੁਰੱਖਿਆ ਅਧਿਕਾਰੀ ਨਾਲ ਕੀਤੀ ਮੀਟਿੰਗ ਵਿਚ ਫੈਸਲਾ ਕੀਤਾ ਕਿ ਸ਼ਹਿਰ ਵਿਚ ਭੀਖ ਮੰਗਣ ਵਾਲੇ ਤੇ ਦੁਕਾਨਾਂ ਤੇ ਹੋਰ ਕਾਰੋਬਾਰੀ ਅਦਾਰਿਆਂ ਵਿਚ ਬਾਲ ਮਜ਼ਦੂਰੀ ਕਰਦੇ ਬੱਚਿਆਂ ਤੇ ਉਨ੍ਹਾਂ ਤੋਂ ਕੰਮ ਕਰਵਾ ਰਹੇ ਮਾਲਕਾਂ ਵਿਰੁੱਧ ਸਖਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇ।



ਬਾਲ ਮਜ਼ਦੂਰੀ ਤੇ ਭੀਖ ਦੋਵੇਂ ਕੰਮ ਗੈਰ ਕਾਨੂੰਨੀ ਹਨ, ਜੋ ਇਸ ਪਵਿੱਤਰ ਤੇ ਇਤਿਹਾਸਕ ਨਗਰੀ ਵਿਚ ਬਰਦਾਸ਼ਤ ਨਹੀਂ ਕੀਤੇ ਜਾਣਗੇ। ਉਨ੍ਹਾਂ ਸਪਸ਼ਟ ਕੀਤਾ ਕਿ ਉਕਤ ਵਿਭਾਗ ਪੁਲਿਸ ਦੀ ਸਹਾਇਤਾ ਨਾਲ ਥਾਂ-ਥਾਂ ਛਾਪੇ ਮਾਰਨ ਤੇ ਬੱਚਿਆਂ ਨੂੰ ਅਦਾਲਤ ਵਿਚ ਪੇਸ਼ ਕੀਤਾ ਜਾਵੇ ਜਿਥੇ ਕਾਨੂੰਨ ਅਨੁਸਾਰ ਬਣਦੀ ਕਾਰਵਾਈ ਹੋਵੇ।

ਉਨ੍ਹਾਂ ਇਸ ਕਾਰਵਾਈ ਦੀ ਰਿਪੋਰਟ ਹਰ ਹਫਤੇ ਦੇਣ ਦੀ ਹਦਾਇਤ ਕਰਦੇ ਹੋਏ ਅਧਿਕਾਰੀਆਂ ਨੂੰ ਕਿਹਾ ਕਿ ਇਹ ਛਾਪੇ ਨਿਰੰਤਰ ਜਾਰੀ ਰੱਖੇ ਜਾਣ। ਉਨ੍ਹਾਂ ਪੁਲਿਸ ਕਮਿਸ਼ਨਰ ਤੋਂ ਵੀ ਇਸ ਮੁਹਿੰਮ ਵਿਚ ਸਹਿਯੋਗ ਮੰਗਿਆ ਤੇ ਪੁਲਿਸ ਤੇ ਦੂਸਰੇ ਵਿਭਾਗਾਂ ਨਾਲ ਤਾਲਮੇਲ ਕਰਨ ਲਈ ਸਹਾਇਕ ਜਨਰਲ ਵਿਕਾਸ ਹੀਰਾ ਨੂੰ ਇਸ ਕੰਮ ਲਈ ਨੋਡਲ ਅਧਿਕਾਰੀ ਲਾਉਂਦੇ ਹੋਏ ਹਦਾਇਤ ਕੀਤੀ ਕਿ ਹਰੇਕ ਮਹੀਨੇ ਇਸ ਮੁਹਿੰਮ ਦੀ ਪ੍ਰਗਤੀ ਰਿਪੋਰਟ ਮੀਟਿੰਗ ਵਿਚ ਸਾਂਝੀ ਕੀਤੀ ਜਾਵੇ।

## ਨਿਊਜ਼ੀਲੈਂਡ: ਸਿੱਖ ਨੌਜਵਾਨ ਕੋਲ ਕਿਰਪਾਨ ਦੀ ਸੂਹ ਨੇ ਪਾਈ ਪੁਲਿਸ ਨੂੰ ਭਾਜੜ

**ਮੈਲਬਰਨ:** ਨਿਊਜ਼ੀਲੈਂਡ ਵਿਚ ਸਿੱਖ ਨੌਜਵਾਨ ਨਾਲ ਨਸਲੀ ਵਿਤਕਰਾ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਸਿੱਖ ਨੌਜਵਾਨ ਨੂੰ ਨਿਊਜ਼ੀਲੈਂਡ ਪੁਲਿਸ ਨੇ ਕਿਰਪਾਨ ਉਤਾਰ ਕੇ ਬੱਸ ਵਿਚੋਂ ਹੇਠਾਂ ਲਾਹ ਦਿੱਤਾ। ਇਸ ਨੌਜਵਾਨ ਸਬੰਧੀ ਸ਼ਿਕਾਇਤ ਇਕ ਬੱਸ ਯਾਤਰੀ ਨੇ ਹੀ ਕੀਤੀ ਸੀ। ਪੁਲਿਸ ਨੇ ਮੌਕੇ 'ਤੇ ਪੁੱਜ ਕੇ ਕਿਰਪਾਨ ਨੂੰ ਕਬਜ਼ੇ ਵਿਚ ਲਿਆ ਤੇ ਸਿੱਖ ਨੌਜਵਾਨ ਨੂੰ ਬੱਸ ਵਿਚੋਂ ਉਤਾਰ ਦਿੱਤਾ।



ਯਾਤਰੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਬੱਸ ਦੀ ਬਾਰੀ 'ਚੋਂ ਦੇਖਿਆ ਕਿ ਬੱਸ ਪਿੱਛੇ ਗੱਡੀਆਂ ਸਾਇਰਨ ਵਜਾਉਂਦੀਆਂ ਆ ਰਹੀਆਂ ਹਨ। ਥੋੜ੍ਹੇ ਸਮੇਂ 'ਚ ਹੀ ਬੱਸ ਦੇ ਆਲੇ ਦੁਆਲੇ ਹਥਿਆਰਬੰਦ ਪੁਲਿਸ ਵਾਲੇ ਆ ਗਏ। ਇਕ ਚਸ਼ਮਦੀਦ ਮੁਤਾਬਕ ਸਿੱਖ ਨੌਜਵਾਨ ਨੇ ਵੱਡੀ ਪੱਗ ਪਹਿਨੀ ਹੋਈ ਸੀ ਤੇ ਉਸ ਦੇ ਪਿੱਛੇ ਕਿਰਪਾਨ ਸੀ। ਪੁਲਿਸ ਦਾ ਕਹਿਣਾ ਹੈ ਕਿ ਕਿ ਸਾਨੂੰ ਯਾਤਰੂ ਨੇ ਹੀ ਸ਼ਿਕਾਇਤ ਕੀਤੀ ਸੀ ਜਦੋਂ ਉਸ ਨੇ ਨੌਜਵਾਨ ਕੋਲ ਕਿਰਪਾਨ ਦੇਖੀ। ਪੁਲਿਸ ਨੇ ਜਦੋਂ ਨੌਜਵਾਨ ਨਾਲ ਗੱਲ ਕੀਤੀ ਤਾਂ ਉਹ ਅੰਮ੍ਰਿਤਧਾਰੀ ਸਿੱਖ ਸੀ ਤੇ ਪੁਲਿਸ ਨੇ ਉਸ ਤੋਂ ਅੱਗੇ ਕੋਈ ਕਾਰਵਾਈ ਨਹੀਂ ਕੀਤੀ ਹੈ।

# ਹਰਿਮੰਦਰ ਸਾਹਿਬ 'ਚ ਬੀਬੀਆਂ ਦੇ ਕੀਰਤਨ ਦਾ ਮਸਲਾ ਭਖਿਆ

**ਜਲੰਧਰ:** ਸਿੱਖ ਧਰਮ ਵਿਚ ਔਰਤਾਂ ਨੂੰ ਬਰਾਬਰਤਾ ਅਤੇ ਹਰ ਤਰ੍ਹਾਂ ਦਾ ਸਨਮਾਨ ਦਿੱਤੇ ਜਾਣ ਦੇ ਬਾਵਜੂਦ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਬੀਬੀਆਂ ਨੂੰ ਕੀਰਤਨ ਕਰਨ ਦੀ ਇਜਾਜ਼ਤ ਨਾ ਦੇਣ ਦੀ ਰਵਾਇਤ ਖਿਲਾਫ ਪਿਛਲੇ ਤਕਰੀਬਨ ਦੋ ਦਹਾਕਿਆਂ ਤੋਂ ਆਵਾਜ਼ ਉਠਦੀ ਆ ਰਹੀ ਹੈ, ਪਰ ਸਿੱਖਾਂ ਦੀ ਚੁਣੀ ਹੋਈ ਪ੍ਰਤੀਨਿਧ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਰਬਉਚ ਧਾਰਮਿਕ ਸ਼ਖਸੀਅਤ ਤਖਤਾਂ ਦੇ ਪੰਜ ਸਿੰਘ ਸਾਹਿਬਾਨ ਨੇ ਅਜੇ ਤੱਕ ਕੋਈ ਫੈਸਲਾ ਨਹੀਂ ਲਿਆ।

2000 ਵਿਚ ਬੀਬੀ ਜਗੀਰ ਕੌਰ ਦੀ ਪ੍ਰਧਾਨਗੀ ਸਮੇਂ ਇਹ ਮਾਮਲਾ ਉਠਿਆ ਸੀ ਕਿ ਜੇਕਰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਇਕ ਬੀਬੀ ਬਣ ਸਕਦੀ ਹੈ ਤਾਂ ਫਿਰ ਸ੍ਰੀ ਹਰਿਮੰਦਰ ਸਾਹਿਬ ਵਿਚ ਬੀਬੀਆਂ ਦੇ ਕੀਰਤਨ ਕਰਨ ਦੀ ਮਨਾਹੀ ਕਿਉਂ ਹੈ। ਉਸ ਸਮੇਂ ਇਸ ਰਵਾਇਤ ਨੂੰ ਖਤਮ ਕਰਨ ਦੇ ਯਤਨ ਵੀ ਸ਼ੁਰੂ ਹੋਏ, ਪਰ ਬੀਬੀ ਨੂੰ ਪ੍ਰਧਾਨਗੀ ਤੋਂ ਫਾਰਗ ਕਰਨ ਨਾਲ ਗੱਲ ਉਥੇ ਹੀ ਰੁਕ ਗਈ। ਵਰਨਣਯੋਗ ਹੈ ਕਿ ਸਿੱਖ ਧਰਮ 'ਚ ਬੀਬੀਆਂ ਨੂੰ ਗੁਰਦੁਆਰਿਆਂ ਵਿਚ ਜਾਣ, ਸਰੋਵਰਾਂ 'ਚ ਇਸ਼ਨਾਨ ਕਰਨ, ਲੰਗਰ 'ਚ ਜਾਣ ਤੇ ਸੇਵਾ ਕਰਨ ਅਤੇ ਇਥੋਂ ਤੱਕ ਕਿ ਸ੍ਰੀ ਹਰਿਮੰਦਰ ਸਾਹਿਬ ਨੂੰ ਛੱਡ ਕੇ ਬਾਕੀ ਸਭ ਥਾਵਾਂ ਉਪਰ ਕੀਰਤਨ ਕਰਨ ਦੀ ਵੀ ਖੁੱਲ੍ਹ ਹੈ। ਬੀਬੀ ਜਗੀਰ ਕੌਰ ਦਾ ਕਹਿਣਾ ਹੈ ਕਿ ਬੀਬੀਆਂ ਨੂੰ ਕੀਰਤਨ ਕਰਨ ਬਾਰੇ ਮਨਾਹੀ ਦਾ ਕਦੇ ਕੋਈ ਫੈਸਲਾ ਨਹੀਂ ਹੋਇਆ।



ਲੰਬੇ ਸਮੇਂ ਤੋਂ ਇਹ ਰਵਾਇਤ ਚਲੀ ਆ ਰਹੀ ਹੈ। ਰਵਾਇਤ ਬਦਲਣ ਲਈ ਸਮਾਂ ਵੀ ਚਾਹੀਦਾ ਹੈ ਤੇ ਉਥੇ ਹਜ਼ੂਰੀ ਰਾਗੀ ਵਜੋਂ ਕੀਰਤਨ 'ਚ ਮਾਹਰ ਤੇ ਸਮਰੱਥ ਬੀਬੀਆਂ ਵੀ ਚਾਹੀਦੀਆਂ ਹਨ। ਉਂਜ ਬੀਬੀਆਂ ਨੂੰ ਕਿਸੇ ਵੀ ਤਰ੍ਹਾਂ ਦੀ ਧਾਰਮਿਕ ਸਰਗਰਮੀ 'ਚ ਸ਼ਾਮਲ ਹੋਣ ਤੇ ਅਗਵਾਈ ਕਰਨ ਦੀ ਕੋਈ ਮਨਾਹੀ ਨਹੀਂ ਹੋਣੀ ਚਾਹੀਦੀ। ਉਨ੍ਹਾਂ ਆਪਣੇ ਕਾਰਜਕਾਲ 'ਚ ਕੀਰਤਨ ਕਰਨ ਵਾਲੀਆਂ ਬੀਬੀਆਂ ਦੇ ਨਾਂ ਮੰਗੇ ਸਨ ਪਰ ਕਿਸੇ ਨੇ ਵੀ ਦਰਖਾਸਤ ਨਹੀਂ ਸੀ ਦਿੱਤੀ।

ਸ਼੍ਰੋਮਣੀ ਕਮੇਟੀ 'ਚ ਅਹਿਮ ਅਹੁਦਿਆਂ ਉਪਰ ਰਹਿ ਚੁੱਕੇ ਬੀਬੀ ਕਿਰਨਜੋਤ ਕੌਰ ਦਾ ਕਹਿਣਾ ਹੈ ਕਿ ਸ੍ਰੀ ਹਰਿਮੰਦਰ ਸਾਹਿਬ 'ਚ ਕੀਰਤਨ ਬਾਰੇ ਰਵਾਇਤ ਕੋਈ ਸਿਧਾਂਤਕ ਮਸਲਾ ਨਹੀਂ। ਸਮਾਜਿਕ ਤਬਦੀਲੀਆਂ ਦੇ ਨਾਲ-ਨਾਲ ਸਾਨੂੰ ਅਜਿਹੀਆਂ ਰਵਾਇਤਾਂ ਨੂੰ ਵੀ ਬਦਲਣਾ ਪਵੇਗਾ। ਉਨ੍ਹਾਂ ਕਿਹਾ ਕਿ ਮਹੰਤਾਂ ਦੇ ਕਬਜ਼ੇ ਸਮੇਂ ਔਰਤਾਂ ਨੂੰ ਸ੍ਰੀ ਹਰਿਮੰਦਰ ਸਾਹਿਬ 'ਚ ਹੇਠਲੀ ਮੰਜ਼ਿਲ ਉਤੇ ਬੈਠਣ ਦੀ ਮਨਾਹੀ ਸੀ ਤੇ ਉਹ ਪਹਿਲੀ ਮੰਜ਼ਿਲ ਉਪਰ ਹੀ ਬੈਠ ਸਕਦੀਆਂ ਸਨ। ਸਮੇਂ ਦੇ ਨਾਲ ਇਹ ਰਵਾਇਤ ਬਦਲ ਗਈ। ਉਚ ਧਾਰਮਿਕ ਹਲਕਿਆਂ 'ਚ ਇਹ ਗੱਲ ਵੀ ਚਰਚਾ ਦਾ ਵਿਸ਼ਾ ਹੈ ਕਿ ਸਿਆਸੀ ਦਬਾਅ ਹੇਠ ਅਨੇਕਾਂ ਧਾਰਮਿਕ ਮਸਲਿਆਂ ਬਾਰੇ ਫੈਸਲੇ ਝੱਟ ਲਏ ਜਾਂਦੇ ਹਨ, ਪਰ ਇਸ ਮਾਮਲੇ ਬਾਰੇ ਕਿਸੇ ਉਚ ਸਿਆਸੀ ਸ਼ਕਤੀ ਜਾਂ ਉਸ ਦੇ ਚਹੇਤੇ ਦੀ ਕੋਈ ਮਜਬੂਰੀ ਨਹੀਂ।

## ਕੀ ਕਹਿੰਦੇ ਨੇ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਦਾ ਕਹਿਣਾ ਹੈ ਕਿ ਇਸ ਮਾਮਲੇ ਬਾਰੇ ਫੈਸਲਾ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੇ ਅਧਿਕਾਰ ਹੇਠ ਹੈ। ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਵਿਸਥਾਰ 'ਚ ਗੱਲ ਕਰਨ ਦੀ ਬਜਾਏ ਇੰਨਾ ਹੀ ਆਖਿਆ ਕਿ ਕਿਸੇ ਨੇ ਅਜਿਹਾ ਮਾਮਲਾ ਅਕਾਲ ਤਖਤ ਅੱਗੇ ਪੇਸ਼ ਨਹੀਂ ਕੀਤਾ।

# ਔਰਤ ਨਾਲ ਬਦਸਲੂਕੀ ਦੇ ਦੋਸ਼ਾਂ ਵਿਚ ਘਿਰਿਆ 'ਆਪ' ਦਾ ਵਿਧਾਇਕ

**ਰੂਪਨਗਰ:** ਪੁਲਿਸ ਨੇ ਆਮ ਆਦਮੀ ਪਾਰਟੀ ਦੇ ਵਿਧਾਇਕ ਅਮਰਜੀਤ ਸਿੰਘ ਸੰਦੋਆ ਖਿਲਾਫ਼ ਔਰਤ ਨਾਲ ਬਦਸਲੂਕੀ ਦੇ ਦੋਸ਼ ਹੇਠ ਕੇਸ ਦਰਜ ਕੀਤਾ ਹੈ। ਰੂਪਨਗਰ ਸਿਟੀ ਪੁਲਿਸ ਕੋਲ ਬਿਆਨ ਦਰਜ ਕਰਾਉਂਦਿਆਂ ਇਕ ਔਰਤ ਨੇ ਦੱਸਿਆ ਕਿ ਉਹ ਮੁਹਾਲੀ ਵਿਚ ਰਹਿ ਰਹੀ ਹੈ। ਉਸ ਨੇ ਅਕਤੂਬਰ 2016 ਵਿਚ ਅਮਰਜੀਤ ਸਿੰਘ ਸੰਦੋਆ ਨੂੰ ਰੂਪਨਗਰ ਦੇ ਗਿਆਨੀ ਜ਼ੈਲ ਸਿੰਘ ਨਗਰ ਵਿਚ ਆਪਣੀ ਕੋਠੀ ਕਿਰਾਏ ਉਤੇ ਦਿੱਤੀ ਸੀ। ਸ੍ਰੀ ਸੰਦੋਆ ਨੇ ਮਈ 2017 ਨੂੰ ਕੋਠੀ ਛੱਡ ਦਿੱਤੀ ਪਰ ਅਪਰੈਲ ਦਾ ਕਿਰਾਇਆ ਤੇ ਬਿਜਲੀ-ਪਾਣੀ ਦਾ ਬਿੱਲ ਨਹੀਂ ਦਿੱਤਾ। ਉਹ 28 ਜੁਲਾਈ ਨੂੰ ਆਪਣੇ ਰਿਸ਼ਤੇਦਾਰ ਨਾਲ ਸ੍ਰੀ ਸੰਦੋਆ ਦੀ ਰਿਹਾਇਸ਼ 'ਤੇ ਗਈ ਪਰ ਉਹ ਘਰ ਨਹੀਂ ਸਨ। ਇਸ ਤੋਂ ਬਾਅਦ ਸ਼ਾਮ ਕਰੀਬ 7 ਵਜੇ ਉਹ ਸ੍ਰੀ ਸੰਦੋਆ ਦੇ ਘਰ ਗਏ।

ਔਰਤ ਨੇ ਦੋਸ਼ ਲਾਇਆ ਕਿ ਜਦੋਂ ਉਸ ਨੇ ਸ੍ਰੀ ਸੰਦੋਆ ਤੋਂ ਕਿਰਾਇਆ ਮੰਗਿਆ ਤਾਂ



ਉਨ੍ਹਾਂ ਗਲਤ ਸ਼ਬਦਾਵਲੀ ਵਰਤੀ ਅਤੇ ਗਾਲ੍ਹਾਂ ਕੱਢੀਆਂ। ਇਸ ਮਗਰੋਂ ਉਸ ਨੂੰ ਧੱਕਾ ਮਾਰਿਆ, ਜਿਸ ਕਾਰਨ ਉਹ ਡਿੱਗ ਪਈ। ਰੂਪਨਗਰ ਸਿਟੀ ਪੁਲਿਸ ਨੇ ਔਰਤ ਦੇ ਬਿਆਨਾਂ 'ਤੇ ਵਿਧਾਇਕ ਅਮਰਜੀਤ ਸਿੰਘ ਸੰਦੋਆ ਖਿਲਾਫ਼ ਕੇਸ ਦਰਜ ਕਰ ਲਿਆ ਹੈ। ਵਿਧਾਇਕ ਸੰਦੋਆ ਨੇ ਦੋਸ਼ਾਂ ਨੂੰ ਬੇਬੁਨਿਆਦ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਉਹ ਲਗਾਤਾਰ ਭ੍ਰਿਸ਼ਟਾਚਾਰ ਦੇ ਮਾਮਲੇ ਉਠਾ ਰਹੇ ਹਨ, ਜਿਸ ਕਾਰਨ ਸੱਤਾਧਾਰੀ ਆਗੂ ਅਤੇ ਪ੍ਰਸ਼ਾਸਨਿਕ ਅਧਿਕਾਰੀ ਉਨ੍ਹਾਂ ਦੇ ਵਿਰੁੱਧ ਹਨ। ਇਹੀ ਕਿੜ ਕੱਢਣ ਲਈ ਉਨ੍ਹਾਂ ਨੂੰ ਬਦਨਾਮ ਕੀਤਾ ਜਾ ਰਿਹਾ ਹੈ।

### ਸਰਕਾਰੀ ਸ਼ਹਿ ਉਤੇ ਹੋਇਆ ਝੂਠਾ ਪਰਚਾ: ਖਹਿਰਾ

**ਚੰਡੀਗੜ੍ਹ:** ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਕਾਂਗਰਸ ਸਰਕਾਰ ਦੀ ਸ਼ਹਿ 'ਤੇ 'ਆਪ' ਵਿਧਾਇਕ ਅਮਰਜੀਤ ਸਿੰਘ ਸੰਦੋਆ ਖਿਲਾਫ਼ ਝੂਠਾ ਪਰਚਾ ਦਿੱਤਾ ਗਿਆ ਹੈ ਤੇ ਪੁਲਿਸ ਨੇ 7.30 ਵਜੇ ਇਕ ਔਰਤ ਦੀ ਸ਼ਿਕਾਇਤ ਮਗਰੋਂ 9 ਵਜੇ ਬਿਨਾਂ ਵਿਧਾਇਕ ਦਾ ਪੱਖ ਜਾਣਿਆਂ ਪਰਚਾ ਕੱਟ ਦਿੱਤਾ।

# ਸਰਤਾਜ ਨੂੰ ਪੰਜਾਬ 'ਵਰਸਿਟੀ ਨੇ ਬਰਾਂਡ ਅੰਬੈਸਡਰ ਐਲਾਨਿਆ

**ਚੰਡੀਗੜ੍ਹ:** ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਗਾਇਕ ਤੇ ਅਦਾਕਾਰ ਸਤਿੰਦਰ ਸਰਤਾਜ ਨੂੰ ਯੂਨੀਵਰਸਿਟੀ ਦਾ ਬਰਾਂਡ ਅੰਬੈਸਡਰ ਐਲਾਨਿਆ ਗਿਆ ਹੈ। ਯੂਨੀਵਰਸਿਟੀ ਦੇ ਉਪ ਕੁਲਪਤੀ ਅਰੁਣ ਗਰੋਵਰ ਨੇ ਸਤਿੰਦਰ ਸਰਤਾਜ ਨੂੰ ਯੂਨੀਵਰਸਿਟੀ ਦੀ ਆਨਰੇਰੀ ਮੈਂਬਰਸ਼ਿਪ ਵੀ ਪ੍ਰਦਾਨ ਕੀਤੀ। ਸਤਿੰਦਰ ਸਰਤਾਜ ਇਥੇ ਪੰਜਾਬ ਯੂਨੀਵਰਸਿਟੀ ਅਲੂਮਨੀ ਐਸੋਸੀਏਸ਼ਨ ਵੱਲੋਂ ਕਰਵਾਏ ਗਏ ਸਮਾਗਮ ਦੌਰਾਨ ਪੁੱਜੇ ਸਨ। ਉਪ ਕੁਲਪਤੀ ਨੇ ਕਿਹਾ ਕਿ ਫਿਲਮ 'ਦਾ ਬਲੈਕ ਪ੍ਰਿੰਸ' ਦੇ ਜ਼ਰੀਏ ਸਤਿੰਦਰ ਸਰਤਾਜ ਦੀ ਕਲਾ ਦਾ ਚੋਗਿਰਦਾ ਹੋਰ ਵੀ ਵਧਿਆ ਹੈ।

ਉਨ੍ਹਾਂ ਕਿਹਾ ਕਿ ਸਤਿੰਦਰ ਸਰਤਾਜ ਦੀ ਇਸ ਫਿਲਮ ਨਾਲ ਪੰਜਾਬ ਯੂਨੀਵਰਸਿਟੀ ਦਾ ਵੀ ਮਾਣ ਵਧਿਆ। ਇਸ ਮੌਕੇ ਸਤਿੰਦਰ ਸਰਤਾਜ ਨੂੰ ਤਾਲੀਮ ਦੇਣ ਵਾਲੇ ਪ੍ਰੋਫੈਸਰਾਂ ਤੇ ਇੰਚਾਰਜਾਂ ਨੇ ਵੀ ਸਤਿੰਦਰ ਸਰਤਾਜ ਦੀਆਂ ਯੂਨੀਵਰਸਿਟੀ ਦੀ ਪੜ੍ਹਾਈ ਤੇ ਉਨ੍ਹਾਂ ਨਾਲ ਬਿਤਾਏ ਗਏ ਪਲਾਂ ਦੀਆਂ ਸਾਂਝਾ ਨੂੰ ਤਾਜ਼ਾ ਕੀਤਾ। ਸਰਤਾਜ ਨੇ ਪੰਜਾਬ



ਯੂਨੀਵਰਸਿਟੀ ਵੱਲੋਂ ਆਨਰੇਰੀ ਮੈਂਬਰ ਤੇ ਬਰਾਂਡ ਅੰਬੈਸਡਰ ਦਾ ਮਾਣ ਦਿੱਤੇ ਜਾਣ 'ਤੇ ਕਿਹਾ ਕਿ ਇਨ੍ਹਾਂ ਮਾਣ ਸਨਮਾਨਾਂ ਨਾਲ ਸਮਾਜ ਪ੍ਰਤੀ ਜ਼ਿੰਮੇਵਾਰੀ ਹੋਰ ਵਧ ਜਾਂਦੀ ਹੈ।

## ਕਿਸਾਨਾਂ ਹੱਥ ਮੁੜ ਆਵੇਗੀ ਕੰਡਿਆਲੀ ਤਾਰ ਤੋਂ ਪਾਰਲੀ ਜ਼ਮੀਨ

**ਅਟਾਰੀ:** ਭਾਰਤ-ਪਾਕਿਸਤਾਨ ਸਰਹੱਦ ਉਤੇ ਕੰਡਿਆਲੀ ਤਾਰੋਂ ਪਾਰ ਪੈਂਦੀਆਂ ਜ਼ਮੀਨਾਂ ਵਾਲੇ ਕਿਸਾਨਾਂ ਨੂੰ ਛੇਤੀ ਹੀ ਵੱਡੀ ਰਾਹਤ ਮਿਲਣ ਦੀ ਸੰਭਾਵਨਾ ਹੈ। ਸੁਰੱਖਿਆ ਕਾਰਨਾਂ ਤੇ ਸਬੰਧਤ ਕਿਸਾਨਾਂ ਦੀਆਂ ਮੁਸ਼ਕਲਾਂ ਦੇ ਮੱਦੇਨਜ਼ਰ ਸੈਂਟਰਲ ਪਬਲਿਕ ਵਰਕਸ ਡਿਪਾਰਟਮੈਂਟ (ਸੀ.ਪੀ. ਡਬਲਿਊ.ਡੀ.) ਵੱਲੋਂ ਸਰਹੱਦ 'ਤੇ ਲੱਗੀ ਪਹਿਲੀ ਤਾਰ ਦੇ ਅਗਾਂਹ ਕੁਝ ਖਾਸ ਥਾਵਾਂ ਉਤੇ ਨਵੀਂ ਤਾਰ ਲਗਾਈ ਜਾ ਰਹੀ ਹੈ। ਇਸ ਲਈ ਕੰਮ ਪੂਰੀ ਤੇਜ਼ੀ ਨਾਲ ਚੱਲ ਰਿਹਾ ਹੈ ਅਤੇ ਕਈ ਥਾਵਾਂ 'ਤੇ ਇਹ ਤਾਰ ਲਗਾ ਵੀ ਦਿੱਤੀ ਗਈ ਹੈ।

ਜ਼ਿਕਰਯੋਗ ਹੈ ਕਿ 1990 'ਚ ਜਦੋਂ ਭਾਰਤ-ਪਾਕਿ ਸਰਹੱਦ 'ਤੇ ਕੰਡਿਆਲੀ ਤਾਰ ਲਗਾਈ ਗਈ ਸੀ ਤਾਂ ਠੇਕੇਦਾਰਾਂ ਵੱਲੋਂ ਸਬੰਧਤ ਅਧਿਕਾਰੀਆਂ ਨਾਲ ਮਿਲੀਭੁਗਤ ਕਰ ਕੇ ਆਪਣੀ ਸਹੂਲਤ ਨੂੰ ਦੇਖਦੇ ਹੋਏ ਇਹ ਤਾਰ ਸਰਹੱਦ ਤੋਂ ਬਹੁਤ ਪਿੱਛੇ ਲਗਾ ਦਿੱਤੀ ਸੀ। ਉਸ ਸਮੇਂ ਬੇਸ਼ੱਕ ਕਿਸਾਨਾਂ ਨਾਲ ਕਈ ਵਾਅਦੇ ਕੀਤੇ ਗਏ ਸਨ ਪਰ ਬਾਅਦ ਵਿਚ ਹੋਇਆ ਸਭ ਕੁਝ ਇਸ ਦੇ ਉਲਟ ਹੀ ਸੀ। ਇਹੀ ਕਾਰਨ ਹੈ ਕਿ ਉਸ ਸਮੇਂ ਪੰਜਾਬ ਦੇ ਛੇ ਸਰਹੱਦੀ ਜ਼ਿਲ੍ਹਿਆਂ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਤਰਨ ਤਾਰਨ, ਫਿਰੋਜ਼ਪੁਰ ਤੇ ਫਾਜ਼ਿਲਕਾ ਦੇ ਕਿਸਾਨਾਂ ਦੀ ਤਕਰੀਬਨ 21,600 ਏਕੜ ਵਾਹੀਯੋਗ ਜ਼ਮੀਨ ਇਸ ਤਾਰ ਤੋਂ ਪਾਰ ਪਾਕਿਸਤਾਨ ਵਾਲੇ ਪਾਸੇ ਹੀ ਰਹਿ ਗਈ ਸੀ। ਤਾਰ ਲੱਗਣ ਤੋਂ ਬਾਅਦ ਅੱਜ ਤੱਕ ਵੀ ਕਿਸਾਨ ਇਨ੍ਹਾਂ ਜ਼ਮੀਨਾਂ 'ਚ ਆਪਣੀ ਮਰਜ਼ੀ ਦੀਆਂ ਫਸਲਾਂ ਦੀ ਬਿਜਾਈ ਨਹੀਂ ਕਰ ਸਕਦੇ ਅਤੇ ਨਾ ਹੀ ਫਸਲਾਂ ਦੀ ਸਹੀ ਢੰਗ ਨਾਲ ਸਾਂਭ-ਸੰਭਾਲ ਕਰ ਸਕਦੇ ਹਨ। ਕਈ ਵਾਰ ਤਾਂ ਭਾਰਤ-ਪਾਕਿ ਤਣਾਅ ਵੱਧ ਜਾਣ ਸਮੇਂ ਇਹ ਜ਼ਮੀਨਾਂ ਖਾਲੀ ਵੀ ਰਹਿ ਜਾਂਦੀਆਂ ਹਨ। ਇਸ ਕਾਰਨ ਕੰਡਿਆਲੀ ਤਾਰੋਂ ਪਾਰ ਪੈਂਦੀਆਂ ਜ਼ਮੀਨਾਂ ਵਾਲੇ ਕਿਸਾਨਾਂ ਆਰਥਿਕ ਤੇ ਮਾਨਸਿਕ ਤੌਰ 'ਤੇ ਬੇਹੱਦ ਪ੍ਰੇਸ਼ਾਨ ਹੋਏ ਪਏ ਹਨ। ਹੁਣ ਜਦੋਂ ਇਸ ਜ਼ਮੀਨ ਤੋਂ ਅਗਾਂਹ 3 ਤੋਂ 4 ਕਿਲੋਮੀਟਰ ਤੱਕ ਨਵੀਂ ਤਾਰ ਲਗਾਈ ਜਾ ਰਹੀ ਹੈ ਤਾਂ ਕਿਸਾਨਾਂ ਅੰਦਰ ਖੁਸ਼ੀ ਹੈ।

ਕਿਸਾਨਾਂ ਦਾ ਮੰਨਣਾ ਹੈ ਕਿ ਇਸ ਨਾਲ ਕੰਡਿਆਲੀ ਤਾਰੋਂ ਪਾਰ ਪੈਂਦੇ ਕੁੱਲ 21,600 ਏਕੜ ਰਕਬੇ 'ਚੋਂ 50 ਫੀਸਦੀ ਤੋਂ ਵਧੇਰੇ ਰਕਬਾ ਤਾਰ ਤੋਂ ਬਾਹਰ ਆ ਜਾਵੇਗਾ। ਇਹ ਵੀ ਜਾਣਕਾਰੀ ਮਿਲੀ ਹੈ ਕਿ ਸਰਹੱਦੀ ਕਿਸਾਨਾਂ ਦੀ ਬੀ.ਐਸ.ਐਫ. ਦੇ ਆਈ.ਜੀ. ਨਾਲ ਹੋਈ ਮੀਟਿੰਗ ਦੌਰਾਨ ਮੰਗ ਕੀਤੀ ਗਈ ਹੈ ਕਿ ਜਿਹੜੀਆਂ ਥਾਵਾਂ ਉਤੇ ਨਵੀਂ ਤਾਰ ਲੱਗ ਗਈ ਹੈ ਉਥੋਂ ਬੀ.ਐਸ. ਐਫ. ਦਾ ਸਾਰਾ ਕੰਟਰੋਲ ਅਗਾਂਹ ਨਵੀਂ ਤਾਰ ਨੇੜੇ ਲਿਜਾਇਆ ਜਾਵੇ ਤੇ ਪੁਰਾਣੀ ਤਾਰੋਂ ਪਾਰ ਪੈਂਦੀਆਂ ਜ਼ਮੀਨਾਂ 'ਚ ਕਿਸਾਨਾਂ ਨੂੰ ਖੇਤੀ ਕਰਨ ਦੀ ਪੂਰੀ ਖੁੱਲ੍ਹ ਦਿੱਤੀ ਜਾਵੇ।

## ਹੜ੍ਹ ਨੇ ਲਈਆਂ 100 ਤੋਂ ਵੱਧ ਜਾਨਾਂ

**ਨਵੀਂ ਦਿੱਲੀ:** ਦੇਸ਼ ਦੇ ਕਈ ਰਾਜਾਂ ਵਿਚ ਭਾਰੀ ਮੀਂਹ ਤੇ ਹੜ੍ਹਾਂ ਦਾ ਕਹਿਰ ਜਾਰੀ ਹੈ। ਰਾਜਸਥਾਨ, ਗੁਜਰਾਤ, ਉਤਰਾਖੰਡ, ਮੱਧ ਪ੍ਰਦੇਸ਼, ਅਸਾਮ, ਪੱਛਮੀ ਬੰਗਾਲ ਦੇ ਕਈ ਜ਼ਿਲ੍ਹਿਆਂ ਵਿਚ ਭਾਰੀ ਮੀਂਹ ਨੇ ਲੋਕਾਂ ਦਾ ਜਿਉਣਾ ਔਖਾ ਕਰ ਦਿੱਤਾ ਹੈ। ਗੁਜਰਾਤ ਵਿਚ ਤਾਂ ਹੁਣ ਤੱਕ 100 ਤੋਂ ਜ਼ਿਆਦਾ ਲੋਕਾਂ ਦੀ ਮੌਤ ਹੋ ਗਈ ਹੈ। ਕਈ ਦਿਨਾਂ ਤੋਂ ਹੋ ਰਹੀ ਬਾਰਸ਼ ਕਾਰਨ ਲੋਕਾਂ ਦਾ ਜਨ-ਜੀਵਨ ਪੂਰੀ ਤਰ੍ਹਾਂ ਪ੍ਰਭਾਵਿਤ ਹੋ ਚੁੱਕਾ ਹੈ।

ਸੜਕਾਂ ਉਤੇ ਪਾਣੀ ਨੇ ਨਦੀਆਂ ਦਾ ਰੂਪ ਧਾਰ ਰੱਖਿਆ ਹੈ। ਕਈ ਤਸਵੀਰਾਂ ਤਾਂ ਅਜਿਹੀਆਂ ਵੀ ਆ ਚੁੱਕੀਆਂ ਹਨ ਜਿਨ੍ਹਾਂ ਨੂੰ ਦੇਖ ਕੇ ਰੌਂਗਟੇ ਖੜ੍ਹੇ ਹੁੰਦੇ ਹਨ। ਨਦੀਆਂ 'ਤੇ ਪੁਲ ਟੁੱਟਣ ਕਾਰਨ ਲੋਕਾਂ ਨੂੰ ਨਦੀਆਂ ਪਾਰ ਕਰਨਾ ਔਖਾ ਹੋ ਗਿਆ ਹੈ ਤੇ ਆਵਾਜਾਈ ਪੂਰੀ ਤਰ੍ਹਾਂ ਪ੍ਰਭਾਵਿਤ ਹੋ ਗਈ ਹੈ। ਬੜਵਾਨੀ 'ਚ ਹੜ੍ਹ ਪੀੜਤਾਂ ਨੇ ਕਫਨ ਨਾਲ ਪ੍ਰਦਰਸ਼ਨ ਕੀਤਾ। ਉਨ੍ਹਾਂ ਸਰਕਾਰ ਖਿਲਾਫ਼ ਕਫਨ ਸੱਤਿਆਗ੍ਰਹਿ ਕਰ ਕੇ ਆਪਣਾ ਦਰਦ ਬਿਆਨ ਕੀਤਾ। ਸਰਕਾਰ ਖਿਲਾਫ ਗੁੱਸਾ ਜਾਹਿਰ ਕਰਦਿਆਂ ਲੋਕਾਂ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਮੋਦੀ 'ਮਨ ਕੀ ਬਾਤ' ਵਿਚ ਗੁਜਰਾਤ 'ਚ 26 ਲੋਕਾਂ ਦੀ ਮੌਤ ਦਾ ਅਫਸੋਸ ਕਰ ਰਹੇ ਹਨ ਪਰ ਹੜ੍ਹ ਪ੍ਰਭਾਵਿਤ ਦੋ ਲੱਖ ਲੋਕਾਂ ਦਾ ਕੋਈ ਅਫਸੋਸ ਨਹੀਂ ਜਤਾ ਰਹੇ।

### ਪੋਤੇ ਨੇ ਦਾਦੇ ਦਾ ਗਲਾ ਘੁੱਟਿਆ

**ਭੀਖੀ:** ਮਾਨਸਾ ਦੇ ਪਿੰਡ ਮੱਤੀ ਵਿਚ ਪੋਤੇ ਵੱਲੋਂ ਦਾਦੇ ਦੀ ਗਲਾ ਘੁੱਟ ਕੇ ਹੱਤਿਆ ਕਰ ਦਿੱਤੀ ਗਈ। ਕੌਰ ਸਿੰਘ (75) ਅਤੇ ਪੋਤੇ ਮਨਪ੍ਰੀਤ ਸਿੰਘ ਉਰਫ ਸਾਧੂ ਸਿੰਘ ਵਿਚਕਾਰ ਘਰੇਲੂ ਗੱਲ ਨੂੰ ਲੈ ਕੇ ਤਕਰਾਰ ਹੋ ਗਈ, ਜਿਸ ਤੋਂ ਤੈਸ਼ 'ਚ ਆ ਕੇ ਮਨਪ੍ਰੀਤ ਸਿੰਘ ਨੇ ਦਾਦੇ ਦਾ ਗਲਾ ਘੁੱਟ ਕੇ ਹੱਤਿਆ ਕਰ ਦਿੱਤੀ।

## ਭਾਰਤ ਨੇ ਬਣਾਇਆ ਮਨੁੱਖ ਰਹਿਤ ਟੈਂਕ

**ਚੇਨਈ:** ਰੱਖਿਆ ਖੋਜ ਤੇ ਵਿਕਾਸ ਸੰਗਠਨ ਨੇ ਦੂਰੋਂ ਚਲਾਏ ਜਾ ਸਕਣ ਵਾਲੇ ਮਨੁੱਖ ਰਹਿਤ ਟੈਂਕ ਤਿਆਰ ਕੀਤਾ ਹੈ। ਇਸ ਵਿਚ ਤਿੰਨ ਵੈਰੀਐਂਟ ਬਣਾਏ ਗਏ ਹਨ, ਜਿਸ ਵਿਚ ਪਹਿਲਾ ਜ਼ਮੀਨ 'ਤੇ ਦੂਰੋਂ ਨਿਗਰਾਨੀ ਲਈ, ਦੂਜਾ ਬਰੂਦੀ ਸੁਰੰਗਾਂ ਦਾ ਪਤਾ ਲਾਉਣ ਲਈ ਅਤੇ ਤੀਜਾ ਪਰਮਾਣੂ ਤੇ ਜੈਵ ਹਥਿਆਰ ਦੇ ਖਤਰੇ ਵਾਲੇ ਖੇਤਰਾਂ 'ਚ ਨਿਗਰਾਨੀ ਲਈ ਤਿਆਰ ਕੀਤਾ ਗਿਆ ਹੈ।


DHOL RADIO
WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
REQUEST SONG
MUSIC 24/7
LISTEN ON PHONE
ਹੁਣ ਸ਼ਿਕਾਗੋ ਤੋਂ
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
GLOBAL MULTI SERVICES
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com
REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211
REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

ਪੰਜਾਬ ਟਾਈਮਜ਼

*ਸਨਿਚਰਵਾਰ, 5 ਅਗਸਤ 2017*

## ਕੱਟੜਪੰਥੀਆਂ ਦੀਆਂ ਸਫਬੰਦੀਆਂ

ਬਿਹਾਰ ਦੀਆਂ ਤਿੱਖੀਆਂ ਸਿਆਸੀ ਘਟਨਾਵਾਂ ਨੇ 2019 ਵਿਚ ਆਉਣ ਵਾਲੀਆਂ ਲੋਕ ਸਭਾ ਚੋਣਾਂ ਦੀ ਸੂਹ ਦੇ ਦਿੱਤੀ ਹੈ। ਵਿਰੋਧੀ ਧਿਰਾਂ ਇਹ ਚੋਣਾਂ ਰਲ ਕੇ ਲੜਨ ਅਤੇ ਆਰ.ਐਸ.ਐਸ-ਭਾਜਪਾ ਜੁੰਡਲੀ ਨੂੰ ਹਰਾਉਣ ਦੀ ਤਾਂਘ ਰੱਖ ਰਹੀਆਂ ਸਨ, ਪਰ ਭਾਜਪਾ ਆਗੂਆਂ ਦੀ ਸਿਰਫ ਇਕ ਚਾਲ ਨੇ ਵਿਰੋਧੀ ਧਿਰਾਂ ਨੂੰ ਚਾਰੇ ਖਾਨੇ ਚਿੱਤ ਕਰ ਦਿੱਤਾ। ਦੋ ਸਾਲ ਪਹਿਲਾਂ ਜਦੋਂ ਮੁਲਕ ਭਰ ਵਿਚ ਨਰੇਂਦਰ ਮੋਦੀ ਦੀ ਚੜ੍ਹਤ ਦੇ ਬਾਵਜੂਦ ਬਿਹਾਰ ਵਿਚ ਰਾਸ਼ਟਰੀ ਜਨਤਾ ਦਲ, ਜਨਤਾ ਦਲ (ਯੂ) ਅਤੇ ਕਾਂਗਰਸ ਦੇ ਮਹਾਂ ਗਠਜੋੜ ਨੇ ਭਾਜਪਾ ਨੂੰ ਕਰਾਰੀ ਹਾਰ ਦਿੱਤੀ ਸੀ, ਤਾਂ ਸਿਆਸੀ ਮਾਹਿਰਾਂ ਨੇ ਪੇਸ਼ੀਨਗੋਈ ਕੀਤੀ ਸੀ ਕਿ ਅਜਿਹਾ ਗਠਜੋੜ ਲੋਕ ਸਭਾ ਚੋਣਾਂ ਵਿਚ ਵੀ ਟੱਕਰ ਦੇ ਸਕਦਾ ਹੈ। ਇਸੇ ਨਕਸ਼ੇ-ਕਦਮ ਉਤੇ ਚਲਦਿਆਂ ਕਾਂਗਰਸ ਅਤੇ ਸਮਾਜਵਾਦੀ ਪਾਰਟੀ ਨੇ ਉਤਰ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਗਠਜੋੜ ਬਣਾਇਆ, ਪਰ ਸੂਬੇ ਦੀ ਇਕ ਹੋਰ ਤਕੜੀ ਧਿਰ ਬਹੁਜਨ ਸਮਾਜ ਪਾਰਟੀ ਇਸ ਗਠਜੋੜ ਵਿਚ ਸ਼ਾਮਲ ਨਾ ਹੋਣ ਕਾਰਨ ਭਾਜਪਾ ਨੂੰ ਬਿਹਾਰ ਵਾਲੀ ਸੱਟ ਨਹੀਂ ਮਾਰੀ ਜਾ ਸਕੀ। ਦਰਅਸਲ, ਇਕ ਤਾਂ ਵਿਰੋਧੀ ਏਕੇ ਲਈ ਕੋਈ ਪੀਡਾ-ਪੱਕਾ ਆਧਾਰ ਮੌਜੂਦ ਨਹੀਂ ਸੀ, ਦੂਜੇ ਭਾਜਪਾ ਦੀ ਜੋੜ-ਤੋੜ ਦੀ ਸਿਆਸਤ ਨੇ ਵਿਰੋਧੀ ਧਿਰ ਦੇ ਖੇਮੇ ਵਿਚ ਲਗਾਤਾਰ ਸੰਨ੍ਹ ਲਾਈ। ਇਸ ਦੀ ਪ੍ਰਤੱਖ ਮਿਸਾਲ ਗੋਆ ਅਤੇ ਮਨੀਪੁਰ ਵਾਲੀਆਂ ਵਿਧਾਨ ਸਭਾ ਚੋਣਾਂ ਸਨ ਜੋ ਉਤਰ ਪ੍ਰਦੇਸ਼ ਦੇ ਨਾਲ ਹੀ ਹੋਈਆਂ ਸਨ। ਇਨ੍ਹਾਂ ਸੂਬਿਆਂ ਵਿਚ ਭਾਜਪਾ ਨੂੰ ਬਹੁਮਤ ਨਹੀਂ ਮਿਲੀ, ਪਰ ਪਾਰਟੀ ਨੇ ਜੋੜ-ਤੋੜ ਦੇ ਸਿਰ ਉਤੇ ਦੋਹਾਂ ਹੀ ਸੂਬਿਆਂ ਵਿਚ ਸਰਕਾਰਾਂ ਕਾਇਮ ਕਰ ਲਈਆਂ ਅਤੇ ਕਾਂਗਰਸ ਦੇਖਦੀ ਹੀ ਰਹਿ ਗਈ। ਉਦੋਂ ਵੀ ਕਾਂਗਰਸ ਇਸੇ ਤਰ੍ਹਾਂ ਪਛੜ ਗਈ ਸੀ ਜਿਸ ਤਰ੍ਹਾਂ ਬਿਹਾਰ ਵਿਚ ਕੋਈ ਪਹਿਲਕਦਮੀ ਕਰਨ ਤੋਂ ਖੁੰਝ ਗਈ ਸੀ। ਹੁਣ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ, ਜਿਸ ਨੂੰ ਕਾਂਗਰਸ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਦਾਅਵੇਦਾਰ ਬਣਾਉਣ ਦੇ ਯਤਨਾਂ ਵਿਚ ਲੱਗੀ ਹੋਈ ਹੈ, ਦਾ ਇਹ ਬਿਆਨ ਕਿੰਨਾ ਹਾਸੋ-ਹੀਣਾ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਉਸ ਨੂੰ ਨਿਤੀਸ਼ ਦੀ ਭਾਜਪਾ ਨਾਲ ਵਧ ਰਹੀ ਨੇੜਤਾ ਬਾਰੇ ਪਤਾ ਤਿੰਨ ਮਹੀਨੇ ਪਹਿਲਾਂ ਹੀ ਲੱਗ ਗਿਆ ਸੀ। ਸਵਾਲ ਹੈ, ਕੀ ਪਾਰਟੀ ਨਿਤੀਸ਼ ਦੇ ਭਾਜਪਾ ਨਾਲ ਚਲੇ ਜਾਣ ਦੀ ਹੀ ਉਡੀਕ ਕਰ ਰਹੀ ਸੀ? ਉਦੋਂ ਇਸ ਪਾਰਟੀ ਦੇ ਆਗੂਆਂ ਨੇ ਖਿਆਲ ਵੀ ਨਹੀਂ ਕੀਤਾ ਹੋਣਾ ਕਿ ਨਿਤੀਸ਼ ਦੇ ਇਕ ਫੈਸਲੇ ਨੇ 2019 ਵਾਲੀਆਂ ਲੋਕ ਸਭਾ ਚੋਣਾਂ ਤਕਰੀਬਨ ਇਕਪਾਸੜ ਕਰਨ ਲਈ ਰਾਹ ਖੋਲ੍ਹ ਦੇਣਾ ਹੈ। ਇਸ ਨਵੀਂ ਸਫਬੰਦੀ ਨਾਲ ਨਰੇਂਦਰ ਮੋਦੀ ਲਈ ਮੈਦਾਨ ਤਕਰੀਬਨ ਸਾਫ ਹੋ ਗਿਆ ਹੈ। ਸਿਆਸੀ ਵਿਸ਼ਲੇਸ਼ਕ ਤਾਂ ਪਹਿਲਾਂ ਹੀ ਆਖ ਰਹੇ ਸਨ ਕਿ ਵਿਰੋਧੀ ਧਿਰ ਨੂੰ 2019 ਵਾਲੀਆਂ ਲੋਕ ਸਭਾ ਚੋਣਾਂ ਦੀ ਥਾਂ 2024 ਵਾਲੀਆਂ ਚੋਣਾਂ ਮੁਤਾਬਕ ਕੋਈ ਰਣਨੀਤੀ ਘੜਨੀ ਚਾਹੀਦੀ ਹੈ। ਕਿਸੇ ਕੱਦਾਵਰ ਲੀਡਰ ਦੀ ਘਾਟ ਕਾਰਨ ਵਿਰੋਧੀ ਧਿਰ ਦਾ ਕਿਤੇ ਪੈਰ ਨਹੀਂ ਅੜ ਰਿਹਾ ਤੇ ਕੱਟੜਪੰਥੀ ਤਾਕਤਾਂ ਆਏ ਦਿਨ ਮਜ਼ਬੂਤੀ ਫੜ ਰਹੀਆਂ ਹਨ।

ਇਨ੍ਹਾਂ ਤਾਕਤਾਂ ਦੀ ਨੀਤੀ ਅਤੇ ਰਣਨੀਤੀ ਸਾਫ ਹੈ: ਵਿਰੋਧੀ ਧਿਰ ਜਾਂ ਵਿਰੋਧ ਦੀ ਕੋਈ ਆਵਾਜ਼ ਰਹਿਣ ਹੀ ਨਾ ਦਿੱਤੀ ਜਾਵੇ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਆਪਣਾ ਇਹ ਮਾਡਲ ਗੁਜਰਾਤ ਵਿਚ ਮੁੱਖ ਮੰਤਰੀ ਹੁੰਦਿਆਂ ਖੂਬ ਚਲਾ ਚੁਕਾ ਹੈ। ਉਸ ਦਾ ਗੁਜਰਾਤ ਵਾਲਾ ਖਾਸ ਜੋਟੀਦਾਰ ਅਮਿਤ ਸ਼ਾਹ ਜੋ ਹੁਣ ਪਾਰਟੀ ਦਾ ਮੁਖੀ ਵੀ ਹੈ, ਇਸ ਰਣਨੀਤੀ ਨੂੰ ਕਾਮਯਾਬ ਕਰਨ ਵਿਚ ਕੋਈ ਕਸਰ ਨਹੀਂ ਛੱਡ ਰਿਹਾ। ਹਰ ਹਰਬਾ ਵਰਤ ਕੇ ਵਿਰੋਧੀਆਂ ਨੂੰ ਦਰੜਿਆ ਜਾ ਰਿਹਾ ਹੈ। ਇਸ ਮਾਮਲੇ ਵਿਚ ਸਰਕਾਰੀ ਸੰਸਥਾਵਾਂ ਦੀ ਖੂਬ ਵਰਤੋਂ ਹੋ ਰਹੀ ਹੈ। ਬਿਹਾਰ ਵਾਲੇ ਮਾਮਲੇ ਵਿਚ ਜਿਸ ਤਰ੍ਹਾਂ ਸਰਕਾਰੀ ਜਾਂਚ ਏਜੰਸੀਆਂ ਵਰਤੀਆਂ ਗਈਆਂ ਹਨ, ਆਜ਼ਾਦ ਭਾਰਤ ਵਿਚ ਸ਼ਾਇਦ ਹੀ ਪਹਿਲਾਂ ਕਦੀ ਅਜਿਹਾ ਹੋਇਆ ਹੋਵੇ। ਵਿਰੋਧੀ ਧਿਰਾਂ ਵੀ ਇਨ੍ਹਾਂ ਤਾਕਤਾਂ ਨੂੰ ਲਗਾਤਾਰ ਮੌਕੇ ਦੇ ਰਹੀਆਂ ਹਨ, ਨਹੀਂ ਤਾਂ ਕੋਈ ਕਾਰਨ ਨਹੀਂ ਸੀ ਕਿ ਬਿਹਾਰ ਦਾ ਮਸਲਾ ਨਜਿੱਠਿਆ ਨਾ ਜਾਂਦਾ। ਟੁੱਟੀਆਂ-ਬਿਖਰੀਆਂ ਅਤੇ ਆਪਾ-ਧਾਪੀ ਦੀਆਂ ਸ਼ਿਕਾਰ ਇਹ ਧਿਰਾਂ ਆਪਣੇ ਲਈ ਕੋਈ ਰਸਤਾ ਕੱਢਣ ਵਿਚ ਅਸਫਲ ਹੀ ਰਹੀਆਂ ਹਨ ਅਤੇ ਹੁਣ ਖਦਸ਼ਾ ਇਹ ਹੈ ਕਿ ਇਨ੍ਹਾਂ ਦਾ ਤਕਰੀਬਨ ਹਰ ਰਾਹ ਹੀ ਬੰਦ ਹੋ ਰਿਹਾ ਹੈ। ਭਾਜਪਾ ਨੇ ਲੋਕ ਸਭਾ ਚੋਣਾਂ ਤੋਂ ਪਹਿਲਾਂ 2013 ਵਿਚ ਜਦੋਂ ਨਰੇਂਦਰ ਮੋਦੀ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਉਮੀਦਵਾਰ ਬਣਾਉਣ ਦੀ ਕਵਾਇਦ ਸ਼ੁਰੂ ਕੀਤੀ ਸੀ ਤਾਂ ਉਦੋਂ ਹੀ ਸਿਆਸੀ ਮਾਹਿਰਾਂ ਨੇ ਮੁਲਕ ਅੰਦਰ ਫਾਸ਼ੀਵਾਦ ਆਉਣ ਬਾਰੇ ਖਦਸ਼ੇ ਜ਼ਾਹਰ ਕਰ ਦਿੱਤੇ ਸਨ। ਹੁਣ ਚਾਰ ਸਾਲ ਬਾਅਦ ਹਾਲਾਤ ਇਹ ਹਨ ਕਿ ਮੁਲਕ ਵਿਚ ਖਾਸ ਕਿਸਮ ਦਾ ਮਾਹੌਲ ਬੰਨ ਦਿੱਤਾ ਗਿਆ ਹੈ, ਇਹ ਮਾਹੌਲ ਸਮੁੱਚੇ ਰੂਪ ਵਿਚ ਕੱਟੜਪੰਥੀਆਂ ਦੇ ਹੱਕ ਵਿਚ ਭੁਗਤ ਰਿਹਾ ਹੈ ਅਤੇ ਆਉਣ ਵਾਲੇ ਦਿਨਾਂ ਅੰਦਰ ਇਸ ਵਿਚ ਤੇਜੀ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਕਿਉਂਕਿ ਵਿਰੋਧੀ ਧਿਰ ਜਿਉਂ ਜਿਉਂ ਕਮਜ਼ੋਰ ਪੈ ਰਹੀ ਹੈ, ਇਹ ਤਾਕਤਾਂ ਆਪਣੇ ਖੰਭ ਹੋਰ ਫੈਲਾ ਰਹੀਆਂ ਹਨ। ਸਰਕਾਰ ਆਵਾਮ ਨੂੰ ਤੰਗ ਕਰਨ ਵਾਲੇ ਫੈਸਲੇ ਲੈ ਰਹੀ ਹੈ, ਫਿਰ ਵੀ ਇਸ ਨੂੰ ਲੋਕਪੱਖੀ ਫੈਸਲਿਆਂ ਵਜੋਂ ਬੜੀ ਕਾਮਯਾਬੀ ਨਾਲ ਪ੍ਰਚਾਰ ਰਹੀ ਹੈ। ਨੋਟਬੰਦੀ ਅਤੇ ਜੀ.ਐਸ.ਟੀ. ਇਸ ਦੀਆਂ ਮਿਸਾਲਾਂ ਹਨ। ਇਨ੍ਹਾਂ ਦੋਹਾਂ ਫੈਸਲਿਆਂ ਨਾਲ ਧਨਾਢਾਂ ਦਾ ਕੱਖ ਨਹੀਂ ਵਿਗੜਿਆ, ਪਰ ਆਮ ਜਨਤਾ ਅਤਿਅੰਤ ਔਖੀ ਹੋਈ ਹੈ। ਜੀ.ਐਸ.ਟੀ. ਨਾਲ ਲੋਕਾਂ ਦੀਆਂ ਜੇਬਾਂ ਅਸਿੱਧੇ ਢੰਗ ਨਾਲ ਖਾਲੀ ਕਰਵਾਈਆਂ ਜਾ ਰਹੀਆਂ ਹਨ, ਪਰ ਇਵਜ਼ ਵਿਚ ਸਹੂਲਤਾਂ ਦਿੱਤੇ ਜਾਣ ਬਾਰੇ ਕੋਈ ਯੋਜਨਾ ਤਿਆਰ ਨਹੀਂ ਕੀਤੀ ਗਈ। ਜ਼ਾਹਰ ਹੈ ਕਿ ਸਰਕਾਰ ਉਤੇ ਕਿਸੇ ਪਾਸਿਓਂ ਕੋਈ ਦਬਾਅ ਹੀ ਨਹੀਂ ਹੈ। ਵਿਰੋਧੀ ਧਿਰ ਨਾ ਸੰਸਦ ਦੇ ਅੰਦਰ ਅਤੇ ਨਾ ਹੀ ਬਾਹਰ, ਇਸ ਸਰਕਾਰ ਖਿਲਾਫ ਕੋਈ ਮੋਰਚਾਬੰਦੀ ਕਰ ਸਕੀ ਹੈ; ਬਲਕਿ ਵੱਖ ਵੱਖ ਸੂਬਿਆਂ ਅੰਦਰ ਨਿੱਕੇ ਨਿੱਕੇ ਮੋਰਚੇ ਵੀ ਵਾਰੀ ਵਾਰੀ ਟੁੱਟ ਰਹੇ ਜਾਪਦੇ ਹਨ। ਜਾਪਦਾ ਹੈ, ਹਰ ਪਾਸੇ ਬਿਹਾਰ ਹੀ ਵਾਪਰ ਰਿਹਾ ਹੈ।

## ਠਾਹ-ਸੋਟਾ

–ਚਾਚਾ ਬੇਲਿਹਾਜ਼

### *ਪ੍ਰੇਮੀ ਕਿ ਬਦਮਾਸ਼?*

ਘਰੋਂ ਭੱਜ ਗਏ ਮੁੰਡਾ ਤੇ ਕੁੜੀ ਦੋਵੇਂ, ਖਬਰਾਂ ਰੋਜ ਅਖਬਾਰਾਂ ਵਿਚ ਆਉਣ ਯਾਰੋ।
ਗਾਉਣ ਵਾਲਿਆਂ ਚੁੱਕੀ ਏ ਅੱਤ ਪੂਰੀ, ਤੇਲ ਬਲਦੀ 'ਤੇ ਹੋਰ ਉਹ ਪਾਉਣ ਯਾਰੋ।
ਵਿਰਸੇ ਵਿਚ ਜੋ ਚੱਲੀਆਂ ਆਉਂਦੀਆਂ ਨੇ, ਕਦਰਾਂ-ਕੀਮਤਾਂ ਡਹੇ ਮਿਟਾਉਣ ਯਾਰੋ।
ਗਲੇ ਮੌਤ ਨੂੰ ਲਾਉਂਦੇ ਨੇ ਕਾਇਰ ਬਣ ਕੇ, ਲਾਜ ਆਪਦੇ ਜੰਮਣ ਨੂੰ ਲਾਉਣ ਯਾਰੋ।
ਪਿਛੇ ਜੀਣ ਕੀ ਰਹਿੰਦਾ ਏ ਮਾਪਿਆਂ ਦਾ, ਭਾਈਚਾਰੇ ਵਿਚ ਇੱਜਤ ਦਾ ਨਾਸ਼ ਸਮਝੋ।
ਅੰਨੇ ਕਾਮ ਵਿਚ ਹੋਏ ਬੇ-ਗੈਰਤਾਂ ਨੂੰ, 'ਪ੍ਰੇਮੀ ਜੋੜੇ' ਨਾ ਕਹੋ, ਬਦਮਾਸ਼ ਸਮਝੋ!

# ਬਿਹਾਰ ਦੇ ਸਿਆਸੀ ਬਾਣ ਅਤੇ ਭਾਜਪਾ ਦੇ ਨਿਸ਼ਾਨੇ

***ਬਿਹਾਰ ਦੀਆਂ ਨਵੀਆਂ ਸਿਆਸੀ ਸਮੀਕਰਨਾਂ ਨੇ ਭਾਰਤ ਦੀ ਕੌਮੀ ਸਿਆਸਤ ਵਿਚ ਵਾਹਵਾ ਹਲਚਲ ਮਚਾਈ ਹੈ। ਜਿਸ ਸ਼ਖਸ (ਨਿਤੀਸ਼ ਕੁਮਾਰ) ਨੂੰ ਆਉਂਦੀਆਂ ਲੋਕ ਸਭਾ ਚੋਣਾਂ ਦੌਰਾਨ ਨਰੇਂਦਰ ਮੋਦੀ ਦੇ ਬਰਾਬਰ ਸ਼ਿੰਗਾਰਨ ਦੀਆਂ ਕਿਆਸਅਰਾਈਆਂ ਚੱਲ ਰਹੀਆਂ ਸਨ, ਉਹ ਖੁਦ ਹੀ ਮੋਦੀ ਦੇ ਪਾਲੇ ਅੰਦਰ ਜਾ ਖੜ੍ਹਿਆ ਹੈ। ਇਸ ਨਵੀਂ ਸਫਬੰਦੀ ਦੇ ਨਤੀਜਿਆਂ ਬਾਰੇ ਚਰਚਾ ਉਘੇ ਪੱਤਰਕਾਰ ਅਭੈ ਕੁਮਾਰ ਦੂਬੇ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। -ਸੰਪਾਦਕ***

ਨਿਤੀਸ਼ ਕੁਮਾਰ ਨੂੰ ਉਨ੍ਹਾਂ ਦੇ ਆਲੋਚਕਾਂ ਨੇ 'ਕੁਰਸੀ ਕੁਮਾਰ' ਕਰਾਰ ਦਿੱਤਾ ਹੈ। ਪੁੱਛਿਆ ਜਾ ਸਕਦਾ ਹੈ ਕਿ ਪੰਜ ਵਾਰ ਮੁੱਖ ਮੰਤਰੀ ਬਣ ਚੁੱਕੇ ਅਤੇ ਕੇਂਦਰ ਵਿਚ ਖੇਤੀ ਤੇ ਰੇਲ ਮੰਤਰੀ ਰਹਿ ਚੁੱਕੇ ਨਿਤੀਸ਼ ਕੁਮਾਰ ਨੂੰ ਹੋਰ ਕਿੰਨੀ ਕੁ ਸੱਤਾ ਚਾਹੀਦੀ ਹੈ? ਭਾਜਪਾ ਨਾਲ ਮਿਲਣ ਸਮੇਂ ਨਿਤੀਸ਼ ਨੂੰ ਯਾਦ ਨਹੀਂ ਆਇਆ ਕਿ 2015 ਵਿਚ ਉਨ੍ਹਾਂ ਨੂੰ ਮਿਲੀਆਂ 178 ਸੀਟਾਂ ਵਿਚ ਬਿਹਾਰ ਦੇ 18 ਫ਼ੀਸਦੀ ਮੁਸਲਮਾਨਾਂ ਅਤੇ 14 ਫ਼ੀਸਦੀ ਯਾਦਵਾਂ ਦੇ ਵੋਟ ਵੀ ਸ਼ਾਮਿਲ ਹਨ। ਉਹ ਇਹ ਵੀ ਭੁੱਲ ਗਏ ਕਿ ਪਛੜੇ, ਮੁਸਲਮਾਨਾਂ ਦਾ ਅੰਦੋਲਨ ਉਨ੍ਹਾਂ

ਅਭੈ ਕੁਮਾਰ ਦੂਬੇ

ਦੀ ਸਰਪ੍ਰਸਤੀ ਵਿਚ ਹੀ ਸਿਰੇ ਚੜ੍ਹਿਆ ਸੀ। ਹੁਣ ਉਨ੍ਹਾਂ ਦੇ ਇਹ ਵੋਟਰ ਉਨ੍ਹਾਂ ਨੂੰ ਕੁਰਸੀ ਕੁਮਾਰ ਨਾ ਕਹਿਣ ਤਾਂ ਕੀ ਕਹਿਣ? ਇਸ ਵੋਟਰ ਮੰਡਲੀ ਦੀ ਮਜਬੂਰੀ ਤਾਂ ਦੇਖੋ, ਹੁਣ ਉਸ ਨੂੰ ਲਾਲੂ ਯਾਦਵ ਵਰਗੇ ਨੇਤਾ ਨਾਲ ਜਾਣਾ ਪਵੇਗਾ, ਜਿਸ ਦੀ ਬਿਹਾਰ ਦੇ ਗ਼ੈਰ-ਜਾਟਵ ਸਮਾਜ ਵਿਚ ਕੋਈ ਰਾਜਨੀਤਕ ਸਾਖ਼ ਨਹੀਂ ਬਚੀ।

ਹੁਣ ਹੋਏਗਾ ਇਹ ਕਿ ਪਾਸਵਾਨ, ਕੁਸ਼ਵਾਹਾ, ਉਚੀਆਂ ਜਾਤੀਆਂ, ਮਹਾਂ ਦਲਿਤ ਅਤੇ ਅਤਿ ਪਛੜੇ ਵਰਗਾਂ ਦਾ ਵੱਡਾ ਹਿੱਸਾ ਹਿੰਦੂਤਵ ਦੀ ਰਾਜਨੀਤੀ ਦਾ ਆਧਾਰ ਬਣ ਜਾਏਗਾ। ਯਾਦਵਾਂ ਵਿਚ ਵੀ ਹੁਕਮ ਦੇਵ ਨਾਰਾਇਣ, ਰਾਮ ਕ੍ਰਿਪਾਲ, ਨੰਦ ਕਿਸ਼ੋਰ, ਪੱਪੂ ਅਤੇ ਬਿਜੇਂਦਰ ਯਾਦਵ ਵਰਗੇ ਨੇਤਾ ਲਾਲੂ ਦੀ ਯਾਦਵ-ਅਗਵਾਈ ਨੂੰ ਚੁਣੌਤੀ ਦੇਣਗੇ। ਉਪਰੋਂ ਸ਼ਰਾਬਬੰਦੀ ਕਰ ਕੇ ਔਰਤਾਂ ਵਿਚ ਹਰਮਨ-ਪਿਆਰੇ ਹੋਏ ਨਿਤੀਸ਼ ਇਹ ਲਿੰਗ ਆਧਾਰਤ ਲਾਭ ਵੀ ਹਿੰਦੂਤਵ ਨੂੰ ਪਹੁੰਚਾਉਣਗੇ। ਛੇ ਮਹੀਨੇ ਪਹਿਲਾਂ ਅਜਿਹੇ ਖੁਸ਼ਨੁਮਾ ਹਾਲਾਤ ਦੀ ਸੰਘ ਪਰਿਵਾਰ ਕਲਪਨਾ ਵੀ ਨਹੀਂ ਕਰ ਸਕਦਾ ਸੀ। ਬਿਹਾਰ ਵਿਚ ਜੋ ਹੋਇਆ, ਉਸ ਨੂੰ ਰਾਜਨੀਤੀ ਸ਼ਾਸਤਰ ਦੇ ਵਿਦਿਆਰਥੀ ਉਥੋਂ ਦੀ ਰਾਜਨੀਤੀ ਦੇ ਦੋ ਕੁਸ਼ਲ ਖਿਡਾਰੀਆਂ ਵੱਲੋਂ ਪੜ੍ਹਾਏ ਗਏ ਪਾਠ ਵਾਂਗ ਦੇਖ ਸਕਦੇ ਹਨ। ਇਸ ਜਮਾਤ ਵਿਚ ਸਾਹਮਣੇ ਤੋਂ ਸੁਸ਼ੀਲ ਮੋਦੀ ਇਹ ਪਾਠ ਪੜ੍ਹਾ ਰਹੇ ਸੀ, ਪਰ ਪਿਛੋਕੜ ਵਿਚ ਨਿਤੀਸ਼ ਕੁਮਾਰ ਦੀ ਹਸਤੀ ਮੌਜੂਦ ਸੀ। ਦਰਅਸਲ ਨਿਤੀਸ਼ ਕੁਮਾਰ ਨੇ ਨਾ ਸਿਰਫ ਲਾਲੂ ਦੀ ਪਾਰਟੀ ਅਤੇ ਕਾਂਗਰਸ ਨੂੰ ਧੋਖੇ ਵਿਚ ਰੱਖਿਆ, ਸਗੋਂ ਆਪਣੀ ਪਾਰਟੀ ਦੇ ਨੇਤਾਵਾਂ ਨੂੰ ਵੀ ਉਲੂ ਬਣਾਇਆ। ਪਿਛਲੇ ਤਿੰਨ ਮਹੀਨੇ ਤੋਂ ਬਿਹਾਰ ਦੀ ਰਾਜਨੀਤੀ ਵਿਚ ਉਥੋਂ ਦੀ ਹਰ ਰਾਜਨੀਤਕ ਤਾਕਤ ਆਪਣੇ-ਆਪਣੇ ਹਿਤ ਵਿਚ ਪੇਸ਼ਬੰਦੀ ਕਰ ਰਹੀ ਸੀ। ਨਿਤੀਸ਼ ਭਾਜਪਾ ਦੇ ਉਚ ਨੇਤਾਵਾਂ ਨਾਲ ਖੁਫੀਆ ਗੱਲਬਾਤ ਚਲਾ ਰਹੇ ਸੀ।

ਉਧਰ, ਕਾਂਗਰਸ ਲਈ ਬਿਹਾਰ ਦੀ ਰਾਜਨੀਤੀ ਵਿਚ ਲਾਲੂ ਹੀ ਸਭ ਤੋਂ ਜ਼ਿਆਦਾ ਵਿਸ਼ਵਾਸਪਾਤਰ ਸੀ। ਨਿਤੀਸ਼ ਜਾਣਦੇ ਸੀ ਕਿ ਉਹ ਸੋਨੀਆ ਦੇ ਦਰਬਾਰ ਵਿਚ ਲਾਲੂ ਵਰਗੀ ਹੈਸੀਅਤ ਕਦੇ ਵੀ ਪ੍ਰਾਪਤ ਨਹੀਂ ਕਰ ਸਕਦੇ। ਮੁੱਖ ਮੰਤਰੀ ਦੇ ਰੂਪ ਵਿਚ ਨਿਤੀਸ਼ ਸ਼ੁਰੂ ਤੋਂ ਹੀ ਆਪਣੇ ਹੱਥ ਬੱਝੇ ਹੋਏ ਮਹਿਸੂਸ ਕਰ ਰਹੇ ਸੀ; ਕਿਉਂਕਿ ਲਾਲੂ ਕੋਲ ਉਨ੍ਹਾਂ ਤੋਂ ਜ਼ਿਆਦਾ ਸੀਟਾਂ ਸਨ ਅਤੇ ਕਾਂਗਰਸ ਦਾ ਹੱਥ ਵੀ ਯਾਦਵ ਸੁਪਰੀਮੋ ਦੀ ਪਿੱਠ 'ਤੇ ਸੀ। ਮਾਹਿਰ ਜਾਣਦੇ ਸਨ ਕਿ ਲਾਲੂ ਦੇ ਪੁੱਤਰ, ਖ਼ਾਸ ਕਰ ਕੇ ਤੇਜਸਵੀ ਪ੍ਰਸਾਦ ਹਰ ਮੌਕੇ 'ਤੇ ਮੁੱਖ ਮੰਤਰੀ ਦੇ ਰੁਤਬੇ ਦਾ ਮਖੌਲ ਉਡਾਉਂਦੇ ਸਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਰਾਸ਼ਟਰੀ ਜਨਤਾ ਦਲ ਆਪਣੇ ਭ੍ਰਿਸ਼ਟਾਚਾਰੀ, ਭਾਈ-ਭਤੀਜਾਵਾਦ ਅਤੇ ਹੋਰ ਤੌਰ-ਤਰੀਕਿਆਂ ਨੂੰ ਬਦਲਣ ਲਈ ਤਿਆਰ ਨਹੀਂ ਸੀ। ਉਸ ਨਾਲ ਲਗਾਤਾਰ ਵਧਦੇ ਤਣਾਅ ਕਾਰਨ ਬਿਹਾਰ ਦੇ ਸੁਸ਼ਾਸਨ ਬਾਬੂ ਪਿਛਲੇ ਕੁਝ ਦਿਨਾਂ ਤੋਂ ਦੁਬਿਧਾ ਦੇ ਸ਼ਿਕਾਰ ਸਨ। ਉਨ੍ਹਾਂ ਸਾਹਮਣੇ ਦੋ ਰਸਤੇ ਸਨ- ਲੰਮੇ ਸਮੇਂ ਵਾਲਾ ਅਤੇ ਥੋੜ੍ਹੇ ਸਮੇਂ ਵਾਲਾ। ਲੰਮੇ ਸਮੇਂ ਦਾ ਪ੍ਰਸੰਗ ਨੈਤਿਕਤਾਪੂਰਨ ਸੀ, ਪਰ ਉਸ ਨਾਲ ਮਿਲਣ ਵਾਲੇ ਲਾਭ ਅਨਿਸਚਿਤ ਦਿਖਾਈ ਦੇ ਰਹੇ ਸਨ। ਇਸ ਲਈ ਨਿਤੀਸ਼ ਨੇ ਥੋੜ੍ਹੇ ਸਮੇਂ ਵਾਲਾ, ਪਰ ਤੁਰੰਤ ਸੱਤਾ ਮਿਲਣ ਵਾਲਾ ਪ੍ਰਸੰਗ ਪਸੰਦ ਕੀਤਾ। ਜੇ ਉਹ ਲੰਮੇ ਸਮੇਂ ਦਾ ਪ੍ਰਸੰਗ ਅਪਣਾਉਂਦੇ ਤਾਂ ਕੀ ਹੁੰਦਾ?

ਨਿਤੀਸ਼ ਜਾਣਦੇ ਸੀ ਕਿ ਕਾਂਗਰਸ ਰਾਹੁਲ ਗਾਂਧੀ ਦੀ ਪ੍ਰਧਾਨ ਮੰਤਰੀ ਦੀ ਇੱਛਾ ਨੂੰ ਠੰਢੇ ਬਸਤੇ ਵਿਚ ਪਾਉਣ ਲਈ ਕਦੇ ਵੀ ਤਿਆਰ ਨਹੀਂ ਹੋਵੇਗੀ। ਉਹ ਕਾਂਗਰਸ ਅਤੇ ਬਾਕੀ ਵਿਰੋਧੀ ਧਿਰਾਂ ਸਾਹਮਣੇ ਮੋਦੀ ਦੇ ਬਦਲ ਦੇ ਤੌਰ 'ਤੇ ਇਕ ਹੀ ਤਰੀਕੇ ਨਾਲ ਉਭਰ ਸਕਦੇ ਸਨ ਕਿ ਉਹ ਮੁੱਖ ਮੰਤਰੀ ਦੀ ਕੁਰਸੀ ਛੱਡਣ ਤੋਂ ਬਾਅਦ ਦੁਬਾਰਾ ਸੱਤਾ ਦਾ ਜੁਗਾੜ ਕਰਨ ਦੀ ਬਜਾਏ ਬਿਹਾਰ ਦੇ ਰਾਜਨੀਤਕ ਦੌਰੇ 'ਤੇ ਨਿਕਲ ਪੈਂਦੇ ਅਤੇ ਉਸ ਤੋਂ ਬਾਅਦ ਪੂਰੇ ਦੇਸ਼ ਦਾ ਦੌਰਾ ਕਰਦੇ। ਲੋਕ ਫਿਰ ਤਿਆਗੀ-ਵੈਰਾਗੀ ਨੇਤਾ ਨੂੰ ਸੁਣਨ ਲਈ ਆ ਪਹੁੰਚਦੇ ਅਤੇ ਫਿਰ ਬਿਹਾਰ ਦੇ ਖੇਤ-ਖਲਿਆਣਾਂ ਤੋਂ ਇਕ ਹੋਰ ਜੈ ਪ੍ਰਕਾਸ਼ ਨਾਰਾਇਣ ਦਾ ਜਨਮ ਹੁੰਦਾ।

ਉਂਜ ਵੀ ਉਨ੍ਹਾਂ ਨੂੰ 2019 ਦੀਆਂ ਚੋਣਾਂ ਵਿਚ ਮੋਦੀ ਦੇ ਬਰਾਬਰ ਸਭ ਤੋਂ ਸਮਰੱਥ ਨੇਤਾ ਮੰਨਿਆ ਜਾ ਰਿਹਾ ਸੀ, ਪਰ ਇਹ ਭਾਰਤੀ ਲੋਕਤੰਤਰ ਦੀ ਤ੍ਰਾਸਦੀ ਹੈ ਕਿ ਨਿਤੀਸ਼ ਨੇ ਵਿਰੋਧੀ ਧਿਰ ਦਾ ਕੌਮੀ ਨੇਤਾ ਹੋਣ ਦੇ ਮੁਸ਼ਕਿਲ ਰਸਤੇ 'ਤੇ ਚਲਣਾ ਸਵੀਕਾਰ ਨਹੀਂ ਕੀਤਾ ਅਤੇ ਮੌਕਾਪ੍ਰਸਤ ਢੰਗ ਨਾਲ ਛੇਵੀਂ ਵਾਰ ਮੁੱਖ ਮੰਤਰੀ ਬਣ ਕੇ ਖ਼ੁਦ ਨੂੰ ਇਤਿਹਾਸ ਦੇ ਕੂੜੇਦਾਨ ਵਿਚ ਜਾਣ ਲਈ ਮਜਬੂਰ ਕਰ ਲਿਆ। ਇਸ ਕੂੜੇਦਾਨ ਵਿਚ ਪਹਿਲਾਂ ਤੋਂ ਕਈ ਮੌਕਾਪ੍ਰਸਤ ਨੇਤਾ ਸੜ ਰਹੇ ਹਨ। ਜੇ ਕੁਝ ਅਸਾਧਾਰਨ ਨਹੀਂ ਹੋਇਆ ਤਾਂ ਭਾਜਪਾ ਦੀ ਸੋਹਬਤ ਵਿਚ ਨਿਤੀਸ਼ ਦਾ ਬਾਕੀ ਮੁੱਖ ਮੰਤਰੀ ਵਜੋਂ ਕਾਰਜਕਾਲ ਸਹੀ ਢੰਗ ਨਾਲ ਲੰਘ ਜਾਵੇਗਾ; ਪਰ ਜਿਵੇਂ ਹੀ 2019 ਲੰਘੇਗਾ, ਮੋਦੀ ਲਈ ਉਨ੍ਹਾਂ ਦੀ ਜ਼ਰੂਰਤ ਘਟ ਜਾਏਗੀ ਅਤੇ ਭਾਜਪਾ ਉਨ੍ਹਾਂ ਨੂੰ ਦੁੱਧ ਵਿਚੋਂ ਮੱਖੀ ਵਾਂਗ ਕੱਢ ਕੇ ਸੁੱਟਣ ਦੀ ਯੋਜਨਾ 'ਤੇ ਅਮਲ ਕਰਨ ਲੱਗੇਗੀ।

ਨਿਤੀਸ਼ ਨੂੰ ਪਤਾ ਹੀ ਹੋਵੇਗਾ ਕਿ ਅੱਜ ਦੀ ਭਾਜਪਾ ਕੱਲ੍ਹ ਦੀ ਅਡਵਾਨੀ ਵਾਲੀ ਭਾਜਪਾ ਨਹੀਂ ਹੈ ਜੋ ਕੌਮੀ ਜਮਹੂਰੀ ਗਠਜੋੜ ਦੇ ਸਹਿਯੋਗੀ ਦਲਾਂ ਨੂੰ ਮਜ਼ਬੂਤ ਕਰਨ ਦੀ ਨੀਤੀ 'ਤੇ ਚਲਦੀ ਸੀ। ਮੋਦੀ ਦੀ ਭਾਜਪਾ ਦਾ ਨਾਅਰਾ ਹੈ ਚੱਪੇ-ਚੱਪੇ 'ਤੇ ਭਾਜਪਾ। ਲਾਲੂ ਨੂੰ ਤਾਂ ਉਨ੍ਹਾਂ ਨੇ ਨਜ਼ਰਅੰਦਾਜ਼ ਕਰ ਦਿੱਤਾ, ਪਰ ਭਾਜਪਾ ਨੂੰ ਨਜ਼ਰਅੰਦਾਜ਼ ਕਰਨਾ ਆਸਾਨ ਨਹੀਂ ਹੋਏਗਾ। ਦਰਅਸਲ ਨਿਤੀਸ਼ ਨੇ ਆਪਣੇ ਲਈ ਟੋਆ ਪੁੱਟ ਲਿਆ ਹੈ। ਵੇਖਣਾ ਹੈ ਕਿ ਜਦੋਂ ਭਾਜਪਾ ਉਨ੍ਹਾਂ ਨੂੰ ਇਸ ਵਿਚ ਸੁੱਟਣ ਲੱਗੇਗੀ ਤਾਂ ਉਹ ਕਿਵੇਂ ਬਚਦੇ ਹਨ। 26 ਜੁਲਾਈ ਨੂੰ ਜਦੋਂ ਸਾਡੀ ਕੌਮੀ ਰਾਜਨੀਤੀ ਪਟਨਾ ਵਿਚ ਹੋਏ ਤਖਤਾ ਪਲਟੇ ਤੋਂ ਕੰਬ ਰਹੀ ਸੀ, ਟਵਿੱਟਰ 'ਤੇ ਕੀਤੀ ਗਈ ਇਕ ਦਿਲਚਸਪ ਟਿੱਪਣੀ ਨੇ ਪੂਰੇ ਘਟਨਾਕ੍ਰਮ ਦਾ ਮੁਜ਼ਾਹਰਾ ਕਰ ਦਿੱਤਾ। ਹਿੰਦੀ ਵਿਚ ਲਿਖੀ ਗਈ ਇਕ ਲਾਈਨ ਨੇ ਮੋਦੀ ਰਾਜ ਦੀ ਨਿਰੰਤਰ ਵਧਦੀ ਸੀਮਾ ਪਿੱਛੇ ਰਣਨੀਤੀ 'ਤੇ ਵਿਅੰਗ ਕਰਦਿਆਂ ਕਿਹਾ, 'ਜਹਾਂ ਹਮ ਚੁਨਾਵ ਜੀਤਤੇ ਹੈਂ, ਵਹਾਂ ਤੋ ਸਰਕਾਰ ਬਨਾਤੇ ਹੀ ਹੈਂ; ਜਹਾਂ ਨਹੀਂ ਜੀਤਤੇ, ਵਹਾਂ ਤੋ ਨਿਸਚਤ ਰੂਪ ਸੇ ਬਨਾਤੇ ਹੈਂ।' ਗੋਆ ਅਤੇ ਮਨੀਪੁਰ ਦੇ ਬਾਅਦ ਇਸ ਵਾਰ ਬਿਹਾਰ ਦਾ ਨੰਬਰ ਸੀ, ਜਿਥੇ ਮੋਦੀ-ਸ਼ਾਹ ਨੇ ਆਪਣੀ ਵਿਲੱਖਣ ਰਾਜਨੀਤਕ ਪ੍ਰਯੋਗਸ਼ਾਲਾ ਦਾ ਇਸਤੇਮਾਲ ਕੁਝ ਇਸ ਅੰਦਾਜ਼ ਵਿਚ ਕੀਤਾ ਕਿ ਵੱਡੇ-ਵੱਡੇ ਸ਼ਾਤਰ ਦਿਮਾਗ ਵੀ ਹੈਰਾਨ ਰਹਿ ਗਏ।

***ਆਜ਼ਾਦ ਭਾਰਤ ਦੇ ਰਾਜਨੀਤਕ ਇਤਿਹਾਸ ਵਿਚ ਅਜਿਹਾ ਪਹਿਲੀ ਵਾਰ ਵੇਖਿਆ ਗਿਆ ਹੈ ਕਿ ਕੇਂਦਰ ਸਰਕਾਰ ਦੀਆਂ ਜਾਂਚ ਏਜੰਸੀਆਂ ਦਾ ਏਨੇ ਪ੍ਰਭਾਵੀ ਢੰਗ ਨਾਲ ਇਸਤੇਮਾਲ ਕੀਤਾ ਜਾ ਸਕਦਾ ਹੈ। ਇਸ ਤੋਂ ਪਹਿਲਾਂ ਵੀ ਇਨ੍ਹਾਂ ਏਜੰਸੀਆਂ ਦਾ ਰਾਜਨੀਤਕ ਮਕਸਦਾਂ ਲਈ ਪ੍ਰਯੋਗ ਹੋਇਆ ਹੈ, ਪਰ ਇਸ ਵਾਰ ਇਨ੍ਹਾਂ ਜ਼ਰੀਏ ਇਕ ਵੱਡੇ ਉਤਰ ਭਾਰਤੀ ਸੂਬੇ ਦੇ ਰਾਜਨੀਤਕ ਸਮੀਕਰਨਾਂ ਨੂੰ ਹੀ ਪੂਰੀ ਤਰ੍ਹਾਂ ਬਦਲ ਦਿੱਤਾ ਗਿਆ। ਹੁਣ ਸਾਡੇ ਕੋਲ ਘਟਨਾਵਾਂ ਤੋਂ ਬਾਅਦ ਦਾ ਮਾਹੌਲ ਹੈ ਅਤੇ ਅਸੀਂ ਆਸਾਨੀ ਨਾਲ ਸਮਝ ਸਕਦੇ ਹਾਂ ਕਿ ਉਤਰ ਪ੍ਰਦੇਸ਼ ਦੀਆਂ ਚੋਣਾਂ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਬਿਹਾਰ ਦੇ ਗਠਜੋੜ ਨੂੰ ਖ਼ਤਮ ਕਰਨ ਦੀ ਯੋਜਨਾ 'ਤੇ ਕੰਮ ਕਰ ਰਹੀ ਸੀ।***

ਆਜ਼ਾਦ ਭਾਰਤ ਦੇ ਰਾਜਨੀਤਕ ਇਤਿਹਾਸ ਵਿਚ ਅਜਿਹਾ ਪਹਿਲੀ ਵਾਰ ਵੇਖਿਆ ਗਿਆ ਹੈ ਕਿ ਕੇਂਦਰ ਸਰਕਾਰ ਦੀਆਂ ਜਾਂਚ ਏਜੰਸੀਆਂ ਦਾ ਏਨੇ ਪ੍ਰਭਾਵੀ ਢੰਗ ਨਾਲ ਇਸਤੇਮਾਲ ਕੀਤਾ ਜਾ ਸਕਦਾ ਹੈ। ਇਸ ਤੋਂ ਪਹਿਲਾਂ ਵੀ ਇਨ੍ਹਾਂ ਏਜੰਸੀਆਂ ਦਾ ਰਾਜਨੀਤਕ ਮਕਸਦਾਂ ਲਈ ਪ੍ਰਯੋਗ ਹੋਇਆ ਹੈ, ਪਰ ਇਸ ਵਾਰ ਇਨ੍ਹਾਂ ਜ਼ਰੀਏ ਇਕ ਵੱਡੇ ਉਤਰ ਭਾਰਤੀ ਸੂਬੇ ਦੇ ਰਾਜਨੀਤਕ ਸਮੀਕਰਨਾਂ ਨੂੰ ਹੀ ਪੂਰੀ ਤਰ੍ਹਾਂ ਬਦਲ ਦਿੱਤਾ ਗਿਆ। ਹੁਣ ਸਾਡੇ ਕੋਲ ਘਟਨਾਵਾਂ ਤੋਂ ਬਾਅਦ ਦਾ ਮਾਹੌਲ ਹੈ ਅਤੇ ਅਸੀਂ ਆਸਾਨੀ ਨਾਲ ਸਮਝ ਸਕਦੇ ਹਾਂ ਕਿ ਉਤਰ ਪ੍ਰਦੇਸ਼ ਦੀਆਂ ਚੋਣਾਂ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਬਿਹਾਰ ਦੇ ਗਠਜੋੜ ਨੂੰ ਖ਼ਤਮ ਕਰਨ ਦੀ ਯੋਜਨਾ 'ਤੇ ਕੰਮ ਕਰ ਰਹੀ ਸੀ। ਉਸ ਨੂੰ ਡਰ ਸੀ ਕਿ ਚੋਣਾਂ ਵਿਚ ਕਰਾਰੀ ਹਾਰ ਕਿਤੇ ਅਖਿਲੇਸ਼ ਅਤੇ ਮਾਇਆਵਤੀ ਨੂੰ ਇਸੇ ਤਰ੍ਹਾਂ ਦਾ ਮਹਾਂਗਠਜੋੜ ਬਣਾਉਣ ਲਈ ਮਜਬੂਰ ਨਾ ਕਰ ਦੇਵੇ। ਇਸ ਲਈ ਭਾਜਪਾ ਪੂਰੇ ਰਾਜਨੀਤਕ ਸਮਾਜ ਨੂੰ ਦਿਖਾਉਣਾ ਚਾਹੁੰਦੀ ਸੀ ਕਿ ਉਹ ਆਪਣੇ ਖਿਲਾਫ ਕਿਸੇ ਵੀ ਮਹਾਂਗਠਜੋੜ ਨੂੰ ਨਾ ਸੂਬਿਆਂ ਦੀ ਪੱਧਰ 'ਤੇ ਅਤੇ ਨਾ ਹੀ ਕੌਮੀ ਪੱਧਰ 'ਤੇ ਬਣਨ ਜਾਂ ਟਿਕਣ ਦੇਵੇਗੀ।

ਜੇ ਪਟਨਾ, ਮਹਾਂਗਠਜੋੜ ਦੀ ਸਰਕਾਰ ਦੇ ਹੱਥ ਵਿਚ ਰਹਿੰਦਾ ਤਾਂ ਕੁਝ ਅਜਿਹਾ ਹੀ ਗਠਜੋੜ ਲਖਨਊ ਵਿਚ ਬਣਨਾ ਤੈਅ ਸੀ। ਅਖਿਲੇਸ਼, ਮਾਇਆਵਤੀ, ਕਾਂਗਰਸ ਦੇ ਅਜਿਹੇ ਗਠਜੋੜ ਦੀ ਪ੍ਰੀਖਿਆ ਸਭ ਤੋਂ ਪਹਿਲਾਂ ਫੂਲਪੁਰ ਸੰਸਦੀ ਖੇਤਰ ਵਿਚ ਹੋ ਜਾਂਦੀ ਜਿਥੋਂ ਯੋਗੀ ਸਰਕਾਰ ਦੇ ਉਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰਿਆ ਅਸਤੀਫ਼ਾ ਦੇਣ ਵਾਲੇ ਹਨ। ਮੋਦੀ ਸਰਕਾਰ ਦੇ ਰਣਨੀਤੀਕਾਰ ਫ਼ਿਕਰਮੰਦ ਸਨ ਅਤੇ ਉਨ੍ਹਾਂ ਦੀ ਪ੍ਰੇਸ਼ਾਨੀ ਇਸ ਰਣਨੀਤਕ ਸੁਝਾਅ ਤੋਂ ਪੜ੍ਹੀ ਜਾ ਸਕਦੀ ਸੀ ਕਿ ਮੌਰਿਆ ਨੂੰ ਕੇਂਦਰ ਵਿਚ ਵਾਪਸ ਬੁਲਾ ਲੈਣਾ ਚਾਹੀਦਾ ਹੈ ਤਾਂ ਕਿ ਉਪ ਚੋਣਾਂ ਦੀ ਨੌਬਤ ਹੀ ਨਾ ਆਏ ਅਤੇ ਮਹਾਂ ਗਠਜੋੜ ਦੀ ਵਰਤੋਂ ਹੋਰ ਪਿੱਛੇ ਖਿਸਕ ਜਾਵੇ। ਹੁਣ ਇਨ੍ਹਾਂ ਰਣਨੀਤੀਕਾਰਾਂ ਨੂੰ ਸੁੱਖ ਦਾ ਸਾਹ ਆਇਆ ਹੋਵੇਗਾ, ਕਿਉਂਕਿ ਪਿਛਲੇ ਤਿੰਨ ਮਹੀਨਿਆਂ ਵਿਚ ਸੁਸ਼ੀਲ ਮੋਦੀ ਵੱਲੋਂ ਕੀਤੀਆਂ ਗਈਆਂ 40 ਪ੍ਰੈੱਸ ਕਾਨਫ਼ਰੰਸਾਂ ਅਤੇ ਲਾਲੂ ਪਰਿਵਾਰ 'ਤੇ ਛਾਪਿਆਂ ਦੇ ਸਿਲਸਿਲੇ ਨੇ ਇਕ ਨਹੀਂ, ਸਗੋਂ ਇਕੋ ਸਮੇਂ ਤਿੰਨੇ ਮਕਸਦ ਹਾਸਲ ਕਰ ਲਏ ਹਨ। ਚੋਣ ਹਾਰਨ ਤੋਂ ਬਾਅਦ ਵੀ ਬਿਹਾਰ ਫਿਰ ਤੋਂ ਜਿੱਤ ਲਿਆ ਗਿਆ ਹੈ। ਲਾਲੂ ਦੀ ਸਥਿਤੀ ਨੇ ਮਾਇਆਵਤੀ ਅਤੇ ਅਖਿਲੇਸ਼ ਦੇ ਦਿਲਾਂ ਵਿਚ ਸੀ.ਬੀ.ਆਈ., ਆਮਦਨ ਕਰ ਵਿਭਾਗ, ਈ.ਡੀ. ਦਾ ਡਰ ਨਵੇਂ ਸਿਰੇ ਤੋਂ ਬਿਠਾ ਦਿੱਤਾ ਹੈ ਅਤੇ ਨਿਤੀਸ਼ ਕੁਮਾਰ ਦੀ ਕੌਮੀ ਜਮਹੂਰੀ ਗਠਜੋੜ ਦੀ ਸਮਰਥਕ ਕਲਾਬਾਜ਼ੀ ਕਾਰਨ ਕੌਮੀ ਵਿਰੋਧੀ ਧਿਰ ਇਕ ਵਾਰ ਫਿਰ ਖ਼ੁਦ ਨੂੰ ਬਚਾਅ ਦੀ ਸਥਿਤੀ ਵਿਚ ਪਾ ਰਹੀ ਹੈ।

# ਭਾਰਤ, ਭ੍ਰਿਸ਼ਟਾਚਾਰ ਤੇ ਸਿਆਸੀ ਪਾਰਟੀਆਂ

## ਸਭ ਤੋਂ ਵੱਡਾ ਝੂਠ ਹੈ ਕਿ ਕੋਈ ਪਾਰਟੀ ਭ੍ਰਿਸ਼ਟਾਚਾਰ ਨਾਲ ਲੜ ਰਹੀ ਹੈ

***ਸੱਤਾਧਾਰੀ ਭਾਰਤੀ ਜਨਤਾ ਪਾਰਟੀ ਆਪਣੀ ਹਰ ਗਿਣੀ-ਮਿਥੀ ਕਾਰਵਾਈ ਰਾਹੀਂ ਸਿਆਸਤ ਅੰਦਰ ਵੱਡੇ ਪੱਧਰ ਉਤੇ ਤਬਦੀਲੀ ਲਈ ਯਤਨਸ਼ੀਲ ਹੈ। ਹਰ ਮਸਲੇ ਦੀ ਵੱਖਰੀ ਵਿਆਖਿਆ ਕੀਤੀ ਜਾ ਰਹੀ ਹੈ ਅਤੇ ਉਸ ਹਿਸਾਬ ਨਾਲ ਹੀ ਅਗਲੀ ਸਰਗਰਮੀ ਤੈਅ ਕੀਤੀ ਜਾ ਰਹੀ ਹੈ। ਐਨ.ਡੀ.ਟੀ.ਵੀ ਨਾਲ ਜੁੜੇ ਪੱਤਰਕਾਰ ਰਵੀਸ਼ ਕੁਮਾਰ ਨੇ ਭਾਜਪਾ ਦੀ ਇਹ ਜੜ੍ਹ ਫੜਦਿਆਂ, ਅਸਲੀਅਤ ਆਮ ਲੋਕਾਂ ਅੱਗੇ ਰੱਖਣ ਦਾ ਯਤਨ ਇਸ ਲੇਖ ਵਿਚ ਕੀਤਾ ਹੈ ਜਿਸ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਉਚੇਚਾ 'ਪੰਜਾਬ ਟਾਈਮਜ਼' ਲਈ ਕੀਤਾ ਹੈ। -ਸੰਪਾਦਕ***

ਭ੍ਰਿਸ਼ਟਾਚਾਰ ਉਪਰ ਪਰਦਾ ਪਾਉਣ ਲਈ ਧਰਮ ਨਿਰਪੱਖਤਾ ਦਾ ਇਸਤੇਮਾਲ ਨਹੀਂ ਹੋ ਸਕਦਾ। ਇਹ ਸਵਾਗਤ ਯੋਗ ਕਥਨ ਹੈ। ਅੱਜ ਕੱਲ੍ਹ ਹਰ ਦੂਜੇ ਸਿਆਸੀ ਲੇਖ ਵਿਚ ਇਹ ਭਾਸ਼ਣ ਦਿੱਤਾ ਗਿਆ ਹੁੰਦਾ ਹੈ। ਲਗਦਾ ਹੈ ਕਿ ਧਰਮ ਨਿਰਪੱਖਤਾ ਕਾਰਨ ਹੀ ਭਾਰਤ ਵਿਚ ਭ੍ਰਿਸ਼ਟਾਚਾਰ ਹੈ। ਕਿਹਾ ਜਾ ਰਿਹਾ ਹੈ ਕਿ ਧਰਮ ਨਿਰਪੱਖਤਾ ਨਾ ਹੁੰਦੀ ਤਾਂ ਭਾਰਤ ਵਿਚ ਕੋਈ ਸਿਆਸੀ ਬੁਰਾਈ ਹੀ ਨਾ ਹੁੰਦੀ। ਸਾਰੀ ਬੁਰਾਈ ਦੀ ਜੜ੍ਹ ਧਰਮ ਨਿਰਪੱਖਤਾ ਹੈ। ਮੈਨੂੰ ਹੈਰਾਨੀ ਹੈ ਕਿ ਕੋਈ ਫਿਰਕਾਪ੍ਰਸਤੀ ਨੂੰ ਕਸੂਰਵਾਰ ਨਹੀਂ ਠਹਿਰਾ ਰਿਹਾ। ਕੀ ਭਾਰਤ ਵਿਚ ਫਿਰਕਾਪ੍ਰਸਤੀ ਖ਼ਤਮ ਹੋ ਚੁੱਕੀ ਹੈ? ਕੀ ਵਾਕਈ ਆਗੂਆਂ ਨੇ ਭ੍ਰਿਸ਼ਟਾਚਾਰ ਇਸ ਲਈ ਕੀਤਾ ਕਿ ਧਰਮ ਨਿਰਪੱਖਤਾ ਬਚਾ ਲਵੇਗੀ? ਭ੍ਰਿਸ਼ਟਾਚਾਰ ਤੋਂ ਤੰਤਰ ਬਚਾਉਂਦਾ ਹੈ ਜਾਂ ਧਰਮ ਨਿਰਪੱਖਤਾ?

ਸਾਡੇ ਆਗੂਆਂ ਵਿਚ ਸਿਆਸੀ ਭ੍ਰਿਸ਼ਟਾਚਾਰ ਉਪਰ ਖੁੱਲ੍ਹ ਕੇ ਬੋਲਣ ਦੀ ਹਿੰਮਤ ਨਹੀਂ ਰਹੀ।

**ਰਵੀਸ਼ ਕੁਮਾਰ**
**ਅਨੁਵਾਦ: ਬੂਟਾ ਸਿੰਘ**

ਲੜਨ ਦੀ ਤਾਂ ਗੱਲ ਹੀ ਛੱਡੋ। ਇਹ ਇਸ ਵਕਤ ਦਾ ਸਭ ਤੋਂ ਵੱਡਾ ਝੂਠ ਹੈ ਕਿ ਭਾਰਤ ਦੀ ਕੋਈ ਸਿਆਸੀ ਪਾਰਟੀ ਭ੍ਰਿਸ਼ਟਾਚਾਰ ਨਾਲ ਲੜ ਰਹੀ ਹੈ। ਭਾਰਤ ਵਿਚ ਲੋਕਪਾਲ ਨੂੰ ਲੈ ਕੇ ਦੋ ਸਾਲ ਤਕ ਲੋਕਾਂ ਨੇ ਲੜਾਈ ਲੜੀ। ਸੰਸਦ ਵਿਚ ਬਹਿਸ ਹੋਈ ਅਤੇ 2013 ਵਿਚ ਕਾਨੂੰਨ ਬਣ ਗਿਆ। ਚਾਰ ਸਾਲ ਹੋ ਗਏ, ਪਰ ਲੋਕਪਾਲ ਨਿਯੁਕਤ ਨਹੀਂ ਹੋਇਆ।

ਬਗ਼ੈਰ ਕਿਸੇ ਖ਼ੁਦਮੁਖਤਿਆਰ ਸੰਸਥਾ ਦੇ ਭ੍ਰਿਸ਼ਟਾਚਾਰ ਨਾਲ ਕਿਵੇਂ ਲੜਿਆ ਜਾ ਰਿਹਾ ਹੈ? ਲੜਾਈ ਦੀ ਭਰੋਸੇਯੋਗਤਾ ਕੀ ਹੈ? ਅਪਰੈਲ ਵਿਚ ਸੁਪਰੀਮ ਕੋਰਟ ਨੇ ਸਰਕਾਰ ਦਾ ਹਰ ਬਹਾਨਾ ਖ਼ਾਰਜ ਕਰ ਦਿੱਤਾ ਅਤੇ ਕਿਹਾ ਕਿ ਲੋਕਪਾਲ ਨਿਯੁਕਤ ਹੋਣਾ ਹੀ ਚਾਹੀਦਾ ਹੈ। ਵਿਰੋਧੀ ਧਿਰ ਦਾ ਆਗੂ ਨਾ ਹੋਣਾ ਲੋਕਪਾਲ ਦੀ ਨਿਯੁਕਤੀ ਵਿਚ ਰੁਕਾਵਟ ਨਹੀਂ ਹੈ। ਅਪਰੈਲ ਤੋਂ ਅਗਸਤ ਆ ਗਿਆ, ਲੋਕਪਾਲ ਦੀ ਕੋਈ ਉਘ-ਸੁਘ ਨਹੀਂ। ਕੀ ਤੁਸੀਂ ਭ੍ਰਿਸ਼ਟਾਚਾਰ ਲਈ ਧਰਮ ਨਿਰਪੱਖਤਾ ਨੂੰ ਜ਼ਿੰਮੇਵਾਰ ਠਹਿਰਾਉਣ ਵਾਲੇ ਕਿਸੇ ਵੀ ਆਗੂ ਨੂੰ ਲੋਕਪਾਲ ਲਈ ਸੰਘਰਸ਼ ਕਰਦੇ ਦੇਖਿਆ ਹੈ?

2011 ਵਿਚ ਸੁਪਰੀਮ ਕੋਰਟ ਨੇ 'ਸਿਟ' (ਸਪੈਸ਼ਲ ਇਨਵੈਸਟੀਗੇਸ਼ਨ ਟੀਮ) ਬਣਾਉਣ ਲਈ ਕਿਹਾ ਸੀ ਕਿ ਉਹ ਭ੍ਰਿਸ਼ਟਾਚਾਰ ਦਾ ਪਤਾ ਲਗਾਏ। 2011 ਤੋਂ 2014 ਤਕ ਤਾਂ 'ਸਿਟ' ਬਣੀ ਹੀ ਨਹੀਂ। ਇਸੇ ਦੇ ਆਦੇਸ਼ 'ਤੇ ਜਦੋਂ ਮੋਦੀ ਸਰਕਾਰ ਨੇ 27 ਮਈ 2014 ਨੂੰ 'ਸਿਟ' ਬਣਾਈ ਤਾਂ ਸਰਕਾਰ ਨੇ ਇਸ ਦਾ ਸਿਹਰਾ ਆਪਣੇ ਸਿਰ ਸਜਾ ਲਿਆ। ਫਿਰ ਇਸ 'ਸਿਟ' ਦੇ ਕੰਮ ਦਾ ਨਤੀਜਾ ਕੀ ਨਿਕਲਿਆ? 'ਸਿਟ' ਦੀ ਹਾਲਤ ਵੀ ਕਿਸੇ ਕਮੇਟੀ ਵਰਗੀ ਹੋ ਗਈ। ਇਸ ਦੇ ਹੁੰਦਿਆਂ ਭਾਰਤੀ ਰਿਜ਼ਰਵ ਬੈਂਕ ਉਨ੍ਹਾਂ ਲੋਕਾਂ ਦੇ ਨਾਂ ਜਨਤਕ ਕਰਨ ਤੋਂ ਵਰਜ ਰਿਹਾ ਹੈ ਜਿਨ੍ਹਾਂ ਨੇ ਬੈਂਕਾਂ ਤੋਂ ਹਜ਼ਾਰਾਂ ਕਰੋੜ ਦਾ ਕਰਜ਼ਾ ਲੈ ਕੇ ਵਾਪਸ ਨਹੀਂ ਕੀਤਾ ਅਤੇ ਇਸ ਖੇਡ ਵਿਚ ਭ੍ਰਿਸ਼ਟਾਚਾਰ ਦੇ ਵੀ ਇਲਜ਼ਾਮ ਹਨ। ਕੀ ਭ੍ਰਿਸ਼ਟਾਚਾਰ ਨਾਲ ਲੜਨ ਵਾਲੇ ਆਗੂ ਨਾਂ ਨਸ਼ਰ ਕਰਨ ਦੀ ਮੰਗ ਕਰਨਗੇ?

ਐਸਾ ਨਹੀਂ ਕਿ ਭ੍ਰਿਸ਼ਟਾਚਾਰ ਖ਼ਿਲਾਫ਼ ਕੁਝ ਨਹੀਂ ਹੋ ਰਿਹਾ। ਜਿੰਨਾ ਹੋ ਰਿਹਾ ਹੈ, ਉਨਾ ਤਾਂ ਹਰ ਦੌਰ ਵਿਚ ਹੁੰਦਾ ਹੀ ਰਹਿੰਦਾ ਹੈ; ਲੇਕਿਨ ਨਾ ਤਾਂ ਵੱਡੀ ਲੜਾਈ ਲੜੀ ਜਾ ਰਹੀ ਹੈ, ਨਾ ਸਿੱਧੀ। ਹਾਂ, ਲੜਾਈ ਦੇ ਨਾਂ ਉਪਰ ਚੁਣਵੀਂ ਲੜਾਈ ਹੁੰਦੀ ਹੈ। ਬਹੁਤ ਚਤੁਰਾਈ ਨਾਲ ਨੋਟਬੰਦੀ, ਜੀ.ਐਸ.ਟੀ. ਅਤੇ ਆਧਾਰ ਕਾਰਡ ਨੂੰ ਇਸ ਲੜਾਈ ਦਾ ਨਾਇਕ ਬਣਾ ਦਿੱਤਾ ਗਿਆ। ਕਾਲਾ ਧਨ ਨੰਗਾ ਨਹੀਂ ਹੋਇਆ ਅਤੇ ਭ੍ਰਿਸ਼ਟਾਚਾਰ ਖ਼ਿਲਾਫ਼ ਲੜਾਈ ਦਾ ਐਲਾਨ ਵੀ ਹੋ ਗਿਆ ਹੈ।

ਨੋਟਬੰਦੀ ਦੌਰਾਨ ਕਿਹਾ ਗਿਆ ਸੀ ਕਿ 500 ਅਤੇ 1000 ਦੇ ਜਿੰਨੇ ਨੋਟ ਛਪੇ ਹਨ, ਉਸ ਤੋਂ ਜ਼ਿਆਦਾ ਚੱਲ ਰਹੇ ਹਨ। ਜਦੋਂ ਇਹ ਨੋਟ ਵਾਪਸ ਆਉਣਗੇ ਤਾਂ ਸਰਕਾਰ ਨੂੰ ਪਤਾ ਲੱਗ ਜਾਵੇਗਾ ਕਿ ਕਿੰਨਾ ਕਾਲਾ ਧਨ ਸੀ! ਨੌਂ ਮਹੀਨੇ ਹੋ ਗਏ, ਲੇਕਿਨ ਰਿਜ਼ਰਵ ਬੈਂਕ ਦੱਸ ਨਹੀਂ ਸਕਿਆ ਕਿ ਕਿੰਨੇ ਨੋਟ ਵਾਪਸ ਆਏ। ਹੁਣ ਕਹਿ ਰਿਹਾ ਹੈ ਕਿ ਨੋਟ ਗਿਣੇ ਜਾ ਰਹੇ ਹਨ ਅਤੇ ਇਸ ਕੰਮ ਲਈ ਨੋਟ ਗਿਣਨ ਵਾਲੀਆਂ ਮਸ਼ੀਨਾਂ ਖ਼ਰੀਦੀਆਂ ਜਾਣਗੀਆਂ। ਕੀ ਬੈਂਕਾਂ ਨੇ ਬਿਨਾ ਗਿਣੇ ਹੀ ਨੋਟ ਰਿਜ਼ਰਵ ਬੈਂਕ ਨੂੰ ਦੇ ਦਿੱਤੇ ਹੋਣਗੇ?

ਤਰਕ ਤੇ ਤਾਕਤ ਦੇ ਬਲਬੂਤੇ ਸਵਾਲ ਕੁਚਲੇ ਜਾ ਰਹੇ ਹਨ। ਸਿਰਫ਼ ਵਿਰੋਧੀ ਪਾਰਟੀਆਂ ਖ਼ਿਲਾਫ਼ ਹੀ ਇਹ ਸਾਹਮਣੇ ਲਿਆਂਦੇ ਜਾਂਦੇ ਹਨ। ਇਹੀ ਰਿਜ਼ਰਵ ਬੈਂਕ ਸੁਪਰੀਮ ਕੋਰਟ ਨੂੰ ਕਹਿੰਦਾ ਹੈ ਕਿ ਜਿਨ੍ਹਾਂ ਲੋਕਾਂ ਨੇ ਬੈਂਕਾਂ ਦੇ ਹਜ਼ਾਰਾਂ ਕਰੋੜ ਰੁਪਏ ਦੇ ਕਰਜ਼ੇ ਦਾ ਗ਼ਬਨ ਕੀਤਾ ਹੈ, ਉਨ੍ਹਾਂ ਦੇ ਨਾਂ ਜਨਤਕ ਨਹੀਂ ਹੋਣੇ ਚਾਹੀਦੇ। ਭ੍ਰਿਸ਼ਟਾਚਾਰ ਦੀ ਲੜਾਈ ਵਿਚ ਜਦੋਂ ਆਗੂ ਦਾ ਨਾਂ ਆਉਂਦਾ ਹੈ ਤਾਂ ਛਾਪੇ ਤੋਂ ਪਹਿਲਾਂ ਹੀ ਮੀਡੀਆ ਨੂੰ ਦੱਸ ਦਿੱਤਾ ਜਾਂਦਾ ਹੈ; ਜਦੋਂ ਕਿਸੇ ਕਾਰਪੋਰੇਟ ਦਾ ਨਾਂ ਆਉਂਦਾ ਹੈ ਤਾਂ ਸੁਪਰੀਮ ਕੋਰਟ ਵਲੋਂ ਕਿਹਾ ਜਾਂਦਾ ਹੈ ਕਿ ਨਾਮ ਦੱਸੇ ਨਾ ਜਾਣ। ਇਹ ਕੈਸੀ ਲੜਾਈ ਹੈ? ਇਸ ਲਈ ਵੀ ਧਰਮ ਨਿਰਪੱਖਤਾ ਹੀ ਕਸੂਰਵਾਰ ਹੈ?

ਪਿਛਲੇ ਸਾਲ 'ਇੰਡੀਅਨ ਐਕਸਪ੍ਰੈੱਸ' ਨੇ ਪੂਰੇ ਅਪਰੈਲ ਮਹੀਨੇ ਵਿਚ ਪਨਾਮਾ ਪੇਪਰਜ਼ ਬਾਰੇ ਵਿਚ ਰਿਪੋਰਟ ਛਾਪੀ। 500 ਤੋਂ ਉਪਰ ਭਾਰਤੀਆਂ ਨੇ ਪਨਾਮਾ ਪੇਪਰਜ਼ ਜ਼ਰੀਏ ਆਪਣਾ ਧਨ ਬਾਹਰ ਲਗਾਇਆ ਹੈ। ਇਸ ਵਿਚ ਅਡਾਨੀ ਦੇ ਵੱਡੇ ਭਾਈ, ਅਮਿਤਾਭ ਬਚਨ, ਐਸ਼ਵਰਿਆ ਰਾਏ ਬਚਨ, ਇੰਡੀਆ ਬੁਲਜ਼ ਦੇ ਸਮੀਰ ਗਹਿਲੋਤ ਵਰਗੇ ਕਈ ਵੱਡੇ ਨਾਂ ਹਨ। ਛੱਤੀਸਗੜ੍ਹ ਦੇ ਮੁੱਖ ਮੰਤਰੀ ਰਮਨ ਸਿੰਘ ਦੇ ਫਰਜ਼ੰਦ ਦਾ ਨਾਂ ਵੀ ਆਇਆ। ਅਭਿਸ਼ੇਕ ਸਿੰਘ ਤਾਂ ਭਾਜਪਾ ਦਾ ਸੰਸਦ ਹੈ, ਉਸ ਦਾ ਨਾਂ ਵੀ ਹੈ। ਸਾਰਿਆਂ ਨੇ ਇਸ ਦਾ ਖੰਡਨ ਕਰ ਕੇ ਡੰਗ ਟਪਾ ਲਿਆ। ਸਰਕਾਰ ਨੇ ਦਬਾਓ ਵਿਚ ਆ ਕੇ ਜਾਂਚ ਤਾਂ ਬਿਠਾ ਦਿੱਤੀ, ਪਰ ਉਸ ਜਾਂਚ ਨੂੰ ਲੈ ਕੇ ਕੋਈ ਹਿਲਜੁਲ ਨਜ਼ਰ ਨਹੀਂ ਆ ਰਹੀ, ਜਿੰਨੀ ਵਿਰੋਧੀ ਧਿਰ ਦੇ ਆਗੂਆਂ ਦੇ ਛਾਪੇ ਮਾਰਨ ਅਤੇ ਪੁੱਛ-ਗਿੱਛ ਕਰਨ ਵਿਚ ਨਜ਼ਰ ਆਉਂਦੀ ਹੈ।

ਅਡਾਨੀ ਬਾਰੇ ਜਦੋਂ 'ਇਕਨਾਮਿਕ ਐਂਡ ਪੁਲੀਟੀਕਲ ਵੀਕਲੀ' ਵਿਚ ਲੇਖ ਛਪਿਆ ਤਾਂ ਸੰਪਾਦਕ ਨੂੰ ਹੀ ਹਟਾ ਦਿੱਤਾ ਗਿਆ। ਠੀਕ ਹੈ, ਕੰਪਨੀ ਨੇ ਨੋਟਿਸ ਭੇਜਿਆ, ਲੇਕਿਨ ਕੀ ਸਰਕਾਰ ਨੇ ਕੋਈ ਨੋਟਿਸ ਲਿਆ? ਕੀ ਭ੍ਰਿਸ਼ਟਾਚਾਰ ਨਾਲ ਲੜਨ ਵਾਲੇ ਕਿਸੇ ਆਗੂ ਜਾਂ ਪਾਰਟੀ ਨੇ ਜਾਂਚ ਦੀ ਮੰਗ ਕੀਤੀ ਹੈ? 'ਦਿ ਫੀਸਟ ਆਫ ਵਲਚਰਜ਼' (ਗਿਰਝਾਂ ਦਾ ਪ੍ਰੀਤੀ ਭੋਜਨ) ਨਾਂ ਦੀ ਕਿਤਾਬ ਆਈ ਹੈ, ਇਸ ਦੇ ਲੇਖਕ ਹਨ ਪੱਤਰਕਾਰ ਜੋਸੀ ਜੋਸੇਫ਼। ਇਸ ਕਿਤਾਬ ਵਿਚ ਕਾਰੋਬਾਰੀ ਘਰਾਣੇ ਕਿਵੇਂ ਮੁਲਕ ਦੇ ਲੋਕਤੰਤਰ ਦੀ ਸੰਘੀ ਘੁੱਟ ਰਹੇ ਹਨ, ਬਾਰੇ ਵੇਰਵੇ ਹਨ। ਜੋਸੇਫ਼ ਨੇ ਲਿਖਿਆ ਹੈ ਕਿ ਸੁਪਰੀਮ ਕੋਰਟ ਦੀ ਬਣਾਈ 'ਸਿਟ' ਦੇ ਸਾਹਮਣੇ ਭ੍ਰਿਸ਼ਟਾਚਾਰ ਦਾ ਸਭ ਤੋਂ ਵੱਡਾ ਮਾਮਲਾ ਅਡਾਨੀ ਸਮੂਹ ਦਾ ਆਇਆ ਹੈ। ਲੇਖਕ ਨੂੰ ਹਵਾਲਗੀ ਡਾਇਰੈਕਟੋਰੇਟ ਦੇ ਸੂਤਰਾਂ ਨੇ ਦੱਸਿਆ ਹੈ ਕਿ ਜੇ ਸਹੀ ਜਾਂਚ ਹੋ ਜਾਵੇ ਤਾਂ ਅਡਾਨੀ ਸਮੂਹ ਨੂੰ 15 ਕਰੋੜ ਰੁਪਏ ਦਾ ਜੁਰਮਾਨਾ ਭਰਨਾ ਪੈ ਸਕਦਾ ਹੈ। ਸਾਰੇ ਜਾਣਦੇ ਹੀ ਹੋਣਗੇ ਕਿ ਅਡਾਨੀ ਸਮੂਹ ਕਿਸ ਆਗੂ ਅਤੇ ਸੱਤਾਧਾਰੀ ਗੁੱਟ ਦਾ ਕਰੀਬੀ ਮੰਨਿਆ ਜਾਂਦਾ ਹੈ।

ਕੀ ਇਸ ਲੜਾਈ ਦੇ ਖ਼ਿਲਾਫ਼ ਕੋਈ ਆਗੂ ਬੋਲ ਰਿਹਾ ਹੈ? ਸਿਰਫ਼ ਦੋ ਚਾਰ ਪੱਤਰਕਾਰ ਹੀ ਕਿਉਂ ਬੋਲਦੇ ਹਨ? ਉਨ੍ਹਾਂ ਨੂੰ ਆਪਣੀ ਨੌਕਰੀ ਗੁਆਉਣੀ ਪੈਂਦੀ ਹੈ, ਲੇਕਿਨ ਕੀ ਕਿਸੇ ਆਗੂ ਨੇ ਮੂੰਹ ਖੋਲ੍ਹ ਕੇ ਕੁਰਸੀ ਗੁਆਉਣ ਦਾ ਜੋਖ਼ਮ ਲਿਆ? 'ਦਿ ਵਾਇਰ' ਉਪਰ ਜੋਸੀ ਜੋਸੇਫ਼ ਦੀ ਕਿਤਾਬ ਦੀ ਸਮੀਖਿਆ ਛਪੀ ਹੈ। ਕਾਰਪੋਰੇਟ ਭ੍ਰਿਸ਼ਟਾਚਾਰ ਨੂੰ ਲੈ ਕੇ ਕਈ ਖ਼ਬਰਾਂ ਵੀ ਛਪੀਆਂ, ਲੇਕਿਨ ਧਰਮ ਨਿਰਪੱਖਤਾ ਬਾਰੇ ਰੌਲਾ ਪਾਉਣ ਵਾਲੇ ਆਗੂਆਂ ਅਤੇ ਵਿਸ਼ਲੇਸ਼ਕਾਂ ਨੇ ਇਹ ਨਜ਼ਰਅੰਦਾਜ਼ ਕਰ ਦਿੱਤੀਆਂ।


ਲਾਲੂ ਯਾਦਵ ਦੇ ਟੱਬਰ ਖ਼ਿਲਾਫ਼ ਭ੍ਰਿਸ਼ਟਾਚਾਰ ਨੂੰ ਲੈ ਕੇ ਲਿਖਣ ਵਾਲੇ ਤਮਾਮ ਲੇਖਕਾਂ ਦੇ ਲੇਖ ਛਾਣ ਮਾਰੋ, ਇਕ ਵੀ ਲੇਖ ਕਾਰਪੋਰੇਟ ਭ੍ਰਿਸ਼ਟਾਚਾਰ ਦੇ ਇਲਜ਼ਾਮਾਂ ਉਪਰ ਨਹੀਂ ਮਿਲੇਗਾ। ਇਸ ਦਾ ਮਤਲਬ ਇਹ ਨਹੀਂ ਕਿ ਲਾਲੂ ਯਾਦਵ ਦੇ ਭ੍ਰਿਸ਼ਟਾਚਾਰ ਖ਼ਿਲਾਫ਼ ਕਾਰਵਾਈ ਗ਼ਲਤ ਹੈ। ਗ਼ਲਤ ਹੈ ਇਹ ਕਹਿਣਾ ਕਿ ਸਰਕਾਰ ਨੇ ਭ੍ਰਿਸ਼ਟਾਚਾਰ ਖ਼ਿਲਾਫ਼ ਦੇਸ਼ਵਿਆਪੀ ਮੁਹਿੰਮ ਵਿੱਢੀ ਹੋਈ ਹੈ। ਫਰਵਰੀ ਮਹੀਨੇ ਪ੍ਰਸ਼ਾਂਤ ਭੂਸ਼ਣ, ਯੋਗੇਂਦਰ ਯਾਦਵ ਅਤੇ ਕਾਲਿਖੋ ਪੁਲ ਦੀ ਪਹਿਲੀ ਪਤਨੀ ਨੇ ਪ੍ਰੈੱਸ ਕਾਨਫਰੰਸ ਕੀਤੀ। ਅਰੁਨਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਰਹਿ ਚੁਕੇ ਕਾਲਿਖੋ ਪੁਲ ਨੇ ਖ਼ੁਦਕੁਸ਼ੀ ਕਰ ਲਈ ਸੀ। ਉਸ ਦੇ ਖ਼ੁਦਕੁਸ਼ੀ ਨੋਟ ਨੂੰ ਕੋਈ ਮੀਡੀਆ ਛਾਪ ਨਹੀਂ ਰਿਹਾ ਸੀ। 'ਦਿ ਵਾਇਰ' ਨੇ ਛਾਪ ਦਿੱਤਾ। ਉਸ ਵਿਚ ਕਾਲਿਖੋ ਨੇ ਸੁਪਰੀਮ ਕੋਰਟ ਦੇ ਜੱਜਾਂ ਉਪਰ ਰਿਸ਼ਵਤ ਮੰਗਣ ਦੇ ਸੰਗੀਨ ਇਲਜ਼ਾਮ ਲਗਾਏ ਸਨ। ਕਿਸੇ ਨੇ ਉਸ ਇਲਜ਼ਾਮ ਦਾ ਨੋਟਿਸ ਨਹੀਂ ਲਿਆ। ਇਸ ਦੇ ਬਾਵਜੂਦ ਮੁਲਕ ਵਿਚ ਐਲਾਨ ਹੋ ਗਿਆ ਕਿ ਭ੍ਰਿਸ਼ਟਾਚਾਰ ਖ਼ਿਲਾਫ਼ ਜੰਗ ਹੋ ਰਹੀ ਹੈ। ਮੱਧ ਪ੍ਰਦੇਸ਼ ਦੇ ਵਿਆਪਮ ਘੁਟਾਲੇ ਤੋਂ ਲੈ ਕੇ ਮਹਾਰਾਸ਼ਟਰ ਦੇ ਸਿੰਜਾਈ ਘੁਟਾਲੇ ਤਕ ਸਾਰਿਆਂ ਨੂੰ ਲੈ ਕੇ ਖ਼ਾਮੋਸ਼ੀ ਹੈ। ਐਸੀਆਂ ਕਈ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ।

ਅੱਜ ਜੇ ਸਾਰੀਆਂ ਪਾਰਟੀਆਂ ਇਕ ਪਾਸੇ ਹੋ ਜਾਣ, ਭਾਜਪਾ ਵਿਚ ਸ਼ਾਮਲ ਹੋ ਜਾਣ ਤਾਂ ਹੋ ਸਕਦਾ ਹੈ ਕਿ ਇਕ ਦਿਨ ਪ੍ਰਧਾਨ ਮੰਤਰੀ ਟੀ.ਵੀ. ਉਪਰ ਆ ਕੇ ਐਲਾਨ ਕਰ ਦੇਵੇ ਕਿ ਮੁਲਕ ਵਿਚੋਂ ਭ੍ਰਿਸ਼ਟਾਚਾਰ ਖ਼ਤਮ ਹੋ ਗਿਆ ਹੈ, ਕਿਉਂਕਿ ਸਾਰੇ ਉਸ ਦੇ ਨਾਲ ਆ ਗਏ ਹਨ। ਭਾਜਪਾ ਨਾਲ ਜੁੜ ਜਾਣ 'ਤੇ ਹੀ ਭ੍ਰਿਸ਼ਟਾਚਾਰ ਦੂਰ ਹੋ ਜਾਂਦਾ ਹੈ।

ਸਿਆਸਤ ਵਿਚ ਭ੍ਰਿਸ਼ਟਾਚਾਰ ਅਤੇ ਪਰਿਵਾਰਵਾਦ ਧਰਮ ਨਿਰਪੱਖਤਾ ਦੇ ਕਾਰਨ ਹੈ, ਇਹ ਸਾਡੇ ਸਮਿਆਂ ਦਾ ਸਭ ਤੋਂ ਵੱਡਾ ਝੂਠ ਹੈ। ਭਾਜਪਾ ਦੇ ਅੰਦਰ ਅਤੇ ਉਸ ਦੀਆਂ ਤਮਾਮ ਜੋਟੀਦਾਰ ਪਾਰਟੀਆਂ ਵਿਚ ਪਰਿਵਾਰਵਾਦ ਹੈ। ਸ਼ਿਵ ਸੈਨਾ, ਲੋਕ ਜਨਸ਼ਕਤੀ ਪਾਰਟੀ, ਅਪਨਾ ਦਲ, ਅਕਾਲੀ ਦਲ ਵਿਚ ਪਰਿਵਾਰਵਾਦ ਨਹੀਂ ਤਾਂ ਕੀ ਲੋਕਤੰਤਰ ਹੈ? ਕੀ ਉਥੇ ਪਰਿਵਾਰਵਾਦ ਧਰਮ ਨਿਰਪੱਖਤਾ ਕਾਰਨ ਵਧਿਆ-ਫੁਲਿਆ ਹੈ? ਸਾਰਿਆਂ ਦਾ ਸਮਾਜੀ ਜਾਤੀਗਤ ਆਧਾਰ ਵੀ ਤਾਂ ਪਰਿਵਾਰਵਾਦ ਦੀ ਜੜ੍ਹ ਵਿਚ ਹੈ।

***ਪਰਿਵਾਰਵਾਦ ਭਾਜਪਾ ਵਿਚ ਵੀ ਹੈ, ਇਸ ਦੀਆਂ ਸਹਿਯੋਗੀ ਪਾਰਟੀਆਂ ਵਿਚ ਵੀ, ਤੇ ਕਾਂਗਰਸ ਤੋਂ ਲੈ ਕੇ ਤਮਾਮ ਪਾਰਟੀਆਂ ਵਿਚ ਇਹ ਹੈ। ਇਸ ਤੋਂ ਮੁਕਤ ਕੋਈ ਵੀ ਨਹੀਂ।... ਬਿਹਾਰ ਦੀ ਨਵੀਂ ਵਜ਼ਾਰਤ ਵਿਚ ਰਾਮਵਿਲਾਸ ਪਾਸਵਾਨ ਦਾ ਭਾਈ ਮੰਤਰੀ ਬਣਿਆ ਹੈ ਜੋ ਕਿਸੇ ਵੀ ਸਦਨ ਦਾ ਮੈਂਬਰ ਨਹੀਂ। ਕੀ ਇਸ ਪਰਿਵਾਰਵਾਦ ਲਈ ਧਰਮ ਨਿਰਪੱਖਤਾ ਕਸੂਰਵਾਰ ਹੈ? ਕਾਂਗਰਸ, ਰਾਸ਼ਟਰੀ ਜਨਤਾ ਦਲ ਅਤੇ ਸਮਾਜਵਾਦੀ ਪਾਰਟੀ, ਬਸਪਾ ਦਾ ਪਰਿਵਾਰਵਾਦ ਤਾਂ ਭੈੜਾ ਹੈ; ਅਕਾਲੀਦਲ, ਲੋਕ ਜਨਸ਼ਕਤੀ ਪਾਰਟੀ, ਤੇਲਗੂ ਦੇਸਮ, ਤੇਲੰਗਾਨਾ ਰਾਸ਼ਟਰ ਸਮਿਤੀ ਦਾ ਪਰਿਵਾਰਵਾਦ ਭੈੜਾ ਨਹੀਂ ਹੈ!***

ਦੱਖਣੀ ਭਾਰਤ ਦੀਆਂ ਤਮਾਮ ਪਾਰਟੀਆਂ ਵਿਚ ਪਰਿਵਾਰਵਾਦ ਹੈ। ਤੇਲੰਗਾਨਾ ਰਾਸ਼ਟਰ ਸਮਿਤੀ ਦੇ ਪ੍ਰਧਾਨ ਦਾ ਫਰਜ਼ੰਦ ਰਾਜ ਚਲਾ ਰਿਹਾ ਹੈ। ਤੇਲਗੂ ਦੇਸਮ ਪਾਰਟੀ ਦੇ ਮੁਖੀ ਅਤੇ ਐਨ.ਡੀ.ਏ. ਦੇ ਜੋਟੀਦਾਰ ਚੰਦਰਬਾਬੂ ਨਾਇਡੂ ਦਾ ਫਰਜ਼ੰਦ ਵੀ ਵਾਰਿਸ ਬਣ ਚੁੱਕਾ ਹੈ। ਕੀ ਭਾਜਪਾ ਨਾਇਡੂ ਉਪਰ ਪਰਿਵਾਰਵਾਦ ਦੇ ਨਾਂ 'ਤੇ ਹਮਲਾ ਕਰੇਗੀ? ਕੀ ਨਾਇਡੂ ਦੇ ਘਰ ਵਿਚ ਵੀ ਧਰਮ ਨਿਰਪੱਖਤਾ ਨੇ ਪਰਿਵਾਰਵਾਦ ਨੂੰ ਪਾਲਿਆ ਹੈ? ਬਿਹਾਰ ਦੀ ਨਵੀਂ ਵਜ਼ਾਰਤ ਵਿਚ ਰਾਮਵਿਲਾਸ ਪਾਸਵਾਨ ਦਾ ਭਾਈ ਮੰਤਰੀ ਬਣਿਆ ਹੈ ਜੋ ਕਿਸੇ ਵੀ ਸਦਨ ਦਾ ਮੈਂਬਰ ਨਹੀਂ। ਕੀ ਇਸ ਪਰਿਵਾਰਵਾਦ ਲਈ ਧਰਮ ਨਿਰਪੱਖਤਾ ਕਸੂਰਵਾਰ ਹੈ? ਕਾਂਗਰਸ, ਰਾਸ਼ਟਰੀ ਜਨਤਾ ਦਲ ਅਤੇ ਸਮਾਜਵਾਦੀ ਪਾਰਟੀ, ਬਸਪਾ ਦਾ ਪਰਿਵਾਰਵਾਦ ਤਾਂ ਭੈੜਾ ਹੈ; ਅਕਾਲੀਦਲ, ਲੋਕ ਜਨਸ਼ਕਤੀ ਪਾਰਟੀ, ਤੇਲਗੂ ਦੇਸਮ, ਤੇਲੰਗਾਨਾ ਰਾਸ਼ਟਰ ਸਮਿਤੀ ਦਾ ਪਰਿਵਾਰਵਾਦ ਭੈੜਾ ਨਹੀਂ ਹੈ!



ਭਾਜਪਾ ਅੰਦਰ ਆਗੂਆਂ ਦੇ ਅਨੇਕਾਂ ਕੁਰਸੀਨਾਮੇ ਮਿਲ ਜਾਣਗੇ। ਭਾਜਪਾ ਦੇ ਇਨ੍ਹਾਂ ਵਾਰਿਸਾਂ ਲਈ ਕਈ ਸੰਸਦੀ ਹਲਕੇ ਅਤੇ ਵਿਧਾਨ ਸਭਾ ਹਲਕੇ ਰਾਖਵੇਂ ਹੋ ਗਏ ਹਨ। ਇਕ ਹੀ ਵੱਡਾ ਫ਼ਰਕ ਹੈ, ਕਿ ਭਾਜਪਾ ਦਾ ਪ੍ਰਧਾਨ ਦਾ ਅਹੁਦਾ ਕਾਂਗਰਸ ਵਾਂਗ ਪਰਿਵਾਰ ਦੇ ਨਾਂ ਰਾਖਵਾਂ ਨਹੀਂ ਹੈ; ਲੇਕਿਨ ਭਾਜਪਾ ਦਾ ਪ੍ਰਧਾਨ ਵੀ ਉਸੇ ਪਰਿਵਾਰਵਾਦੀ ਰਵਾਇਤ ਵਿਚੋਂ ਚੁਣਿਆ ਜਾਂਦਾ ਹੈ ਜਿਸ ਨੂੰ ਅਸੀਂ ਸੰਘ ਪਰਿਵਾਰ ਦੇ ਨਾਂ ਨਾਲ ਜਾਣਦੇ ਹਾਂ। ਉਥੇ ਵੀ ਪ੍ਰਧਾਨ ਉਪਰੋਂ ਥੋਪੇ ਜਾਂਦੇ ਹਨ। ਕੋਈ ਫਸਵੀਂ ਚੋਣ ਨਹੀਂ ਹੁੰਦੀ। ਜਿਨ੍ਹਾਂ ਪਾਰਟੀਆਂ ਵਿਚ ਪਰਿਵਾਰਵਾਦ ਨਹੀਂ ਹੈ, ਇਹ ਮੰਨ ਲੈਣਾ ਬੇਵਕੂਫ਼ੀ ਹੋਵੇਗੀ ਕਿ ਉਥੇ ਸਭ ਤੋਂ ਵਧੀਆ ਲੋਕਤੰਤਰ ਹੈ। ਐਸੀਆਂ ਪਾਰਟੀਆਂ ਵਿਚ ਵਿਅਕਤੀਵਾਦ ਹੈ। ਵਿਅਕਤੀਵਾਦ ਵੀ ਪਰਿਵਾਰਵਾਦ ਹੀ ਹੈ।

ਪਰਿਵਾਰਵਾਦ ਭਾਜਪਾ ਵਿਚ ਵੀ ਹੈ, ਇਸ ਦੀਆਂ ਸਹਿਯੋਗੀ ਪਾਰਟੀਆਂ ਵਿਚ ਵੀ, ਤੇ ਕਾਂਗਰਸ ਤੋਂ ਲੈ ਕੇ ਤਮਾਮ ਪਾਰਟੀਆਂ ਵਿਚ ਇਹ ਹੈ। ਇਸ ਤੋਂ ਮੁਕਤ ਕੋਈ ਵੀ ਨਹੀਂ। ਇਸ ਲਈ ਮੁਲਕ ਦੀ ਸਿਆਸਤ ਵਿਚ ਪਰਿਵਾਰਵਾਦ ਅਤੇ ਭ੍ਰਿਸ਼ਟਾਚਾਰ ਲਈ ਧਰਮ ਨਿਰਪੱਖਤਾ ਨੂੰ ਕਸੂਰਵਾਰ ਕਰਾਰ ਦੇਣਾ ਸਹੀ ਨਹੀਂ। ਧਰਮ ਨਿਰਪੱਖਤਾ ਭਾਰਤ ਦੀ ਸਿਆਸਤ ਦੀ ਰੂਹ ਹੈ। ਹੁਣ ਕੋਈ ਇਸ ਨੂੰ ਕੁਚਲ ਦੇਣਾ ਚਾਹੁੰਦਾ ਹੈ ਤਾਂ ਇਹ ਵੱਖਰੀ ਗੱਲ ਹੈ। ਪਰਿਵਾਰਵਾਦ ਦੇ ਅੰਕੜਿਆਂ ਅਤੇ ਭ੍ਰਿਸ਼ਟਾਚਾਰ ਦੇ ਚੰਦ ਮਾਮਲਿਆਂ ਤੋਂ ਸਾਫ਼ ਹੈ ਕਿ ਨਾ ਤਾਂ ਕੋਈ ਪਰਿਵਾਰਵਾਦ ਨਾਲ ਲੜ ਰਿਹਾ ਹੈ, ਨਾ ਹੀ ਭ੍ਰਿਸ਼ਟਾਚਾਰ ਨਾਲ, ਤੇ ਨਾ ਹੀ ਕੋਈ ਧਰਮ ਨਿਰਪੱਖਤਾ ਲਈ ਲੜ ਰਿਹਾ ਹੈ।

ਬਸ ਪਰਿਵਾਰਵਾਦ ਅਤੇ ਭ੍ਰਿਸ਼ਟਾਚਾਰ ਨੂੰ ਲੈ ਕੇ ਕੋਈ ਠੋਸ ਸਵਾਲ ਨਾ ਪੁੱਛੇ, ਇਸ ਲਈ ਧਰਮ ਨਿਰਪੱਖਤਾ ਨੂੰ ਸ਼ੈਤਾਨ ਵਾਂਗ ਪੇਸ਼ ਕੀਤਾ ਜਾ ਰਿਹਾ ਹੈ, ਤਾਂ ਕਿ ਲੋਕ ਉਸ ਉਪਰ ਪੱਥਰ ਮਾਰਨਾ ਸ਼ੁਰੂ ਕਰ ਦੇਣ।


ਅੱਜ ਸਿਆਸੀ ਪਾਰਟੀਆਂ ਨੂੰ ਪੈਸਾ ਕਾਰਪੋਰੇਟ ਦਿੰਦਾ ਹੈ। ਬਦਲੇ ਵਿਚ ਕਾਰਪੋਰੇਟ ਨੂੰ ਤਰ੍ਹਾਂ ਤਰ੍ਹਾਂ ਦੀਆਂ ਛੋਟਾਂ ਦਿੱਤੀਆਂ ਜਾਂਦੀਆਂ ਹਨ। ਜਦੋਂ ਵੀ ਕਿਸੇ ਕਾਰਪੋਰੇਟ ਦਾ ਨਾਂ ਆਉਂਦਾ ਹੈ, ਸਾਰੀਆਂ ਸਿਆਸੀ ਪਾਰਟੀਆਂ ਚੁੱਪ ਹੋ ਜਾਂਦੀਆਂ ਹਨ। ਭ੍ਰਿਸ਼ਟਾਚਾਰ ਨਾਲ ਲੜਨ ਵਾਲੇ ਵੀ ਅਤੇ ਨਾ ਲੜਨ ਵਾਲੇ ਵੀ। ਤੁਸੀਂ ਉਨ੍ਹਾਂ ਦੇ ਮੂੰਹੋਂ ਇਨ੍ਹਾਂ ਕੰਪਨੀਆਂ ਦਾ ਨਾਂ ਨਹੀਂ ਸੁਣੋਗੇ। ਇਸ ਲਈ ਬਹੁਤ ਚਲਾਕੀ ਨਾਲ ਦੋ ਚਾਰ ਆਗੂਆਂ ਦੇ ਛਾਪੇ ਮਾਰ ਕੇ, ਉਨ੍ਹਾਂ ਨੂੰ ਜੇਲ੍ਹ ਭੇਜ ਕੇ ਭ੍ਰਿਸ਼ਟਾਚਾਰ ਦਾ ਮਹਾਨ ਪ੍ਰਤੀਕ ਤਿਆਰ ਕੀਤਾ ਜਾਂਦਾ ਹੈ ਤਾਂ ਕਿ ਕਾਰਪੋਰੇਟ ਭ੍ਰਿਸ਼ਟਾਚਾਰ ਦੇ ਵੱਲ ਕਿਸੇ ਦਾ ਧਿਆਨ ਹੀ ਨਾ ਜਾਵੇ; ਨਹੀਂ ਤਾਂ ਰੇਲਵੇ ਵਿਚ ਮਾੜਾ ਖਾਣਾ ਸਪਲਾਈ ਹੋ ਰਿਹਾ ਹੈ। ਕੀ ਇਹ ਭ੍ਰਿਸ਼ਟਾਚਾਰ ਤੋਂ ਬਿਨਾ ਹੀ ਸੰਭਵ ਹੋ ਗਿਆ? ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਨੂੰ ਲੈ ਕੇ 'ਕੈਗ' (ਕੰਪਟੋਲਰ ਐਂਡ ਆਡੀਟਰ ਜਨਰਲ) ਨੇ ਕਿਹਾ ਹੈ ਕਿ ਬੀਮਾ ਕੰਪਨੀਆਂ ਨੂੰ ਬਿਨਾ ਸ਼ਰਤਾਂ ਪੂਰੀਆਂ ਕੀਤੇ ਤਿੰਨ ਹਜ਼ਾਰ ਕਰੋੜ ਰੁਪਏ ਦੇ ਦਿੱਤੇ ਗਏ। 'ਕੈਗ' ਇਨ੍ਹਾਂ ਬੀਮਾ ਕੰਪਨੀਆਂ ਨੂੰ ਆਡਿਟ ਨਹੀਂ ਕਰ ਸਕਦੀ, ਜਦਕਿ ਸਰਕਾਰ ਉਨ੍ਹਾਂ ਨੂੰ ਹਜ਼ਾਰਾਂ ਕਰੋੜ ਰੁਪਏ ਦੇ ਰਹੀ ਹੈ। ਲਿਹਾਜ਼ਾ ਇਹ ਜਾਂਚ ਹੀ ਨਹੀਂ ਹੋ ਸਕੇਗੀ ਕਿ ਬੀਮੇ ਦੀ ਰਕਮ ਹੱਕਦਾਰ ਕਿਸਾਨ ਤਕ ਪਹੁੰਚੀ ਜਾਂ ਨਹੀਂ। ਹੁਣ ਕਿਸੇ ਨੂੰ ਇਹ ਸਭ ਨਜ਼ਰ ਨਹੀਂ ਆ ਰਿਹਾ ਤਾਂ ਕੀ ਕੀਤਾ ਜਾ ਸਕਦਾ ਹੈ।

ਭਾਜਪਾ ਤੋਂ ਪੁੱਛਣਾ ਚਾਹੀਦਾ ਹੈ ਕਿ ਉਸ ਨੇ ਨਿਤੀਸ਼ ਕੁਮਾਰ ਉਪਰ ਭ੍ਰਿਸ਼ਟਾਚਾਰ ਦੇ ਜੋ ਇਲਜ਼ਾਮ ਲਗਾਏ ਸਨ, ਕੀ ਉਹ ਸਾਰੇ ਝੂਠੇ ਸਨ? ਕੀ ਭਾਜਪਾ ਨੇ ਇਸ ਲਈ ਮਾਫ਼ੀ ਮੰਗ ਲਈ ਹੈ? ਕੀ ਪ੍ਰਧਾਨ ਮੰਤਰੀ ਚੋਣਾਂ ਦੌਰਾਨ ਨਿਤੀਸ਼ ਕੁਮਾਰ ਉਪਰ ਝੂਠੇ ਇਲਜ਼ਾਮ ਲਗਾ ਰਿਹਾ ਸੀ? ਦਰਅਸਲ ਮਾਮਲਾ ਹੋਰ ਹੈ। ਧਰਮ ਨਿਰਪੱਖਤਾ ਦੀ ਆੜ ਵਿਚ ਭਾਜਪਾ ਨੂੰ ਇਨ੍ਹਾਂ ਸਵਾਲਾਂ ਤੋਂ ਬਚਾਉਣ ਦੀ ਕੋਸ਼ਿਸ਼ ਹੋ ਰਹੀ ਹੈ ਤਾਂ ਕਿ ਉਸ ਤੋਂ ਕੋਈ ਸਵਾਲ ਨਾ ਪੁੱਛੇ। ਅੱਜ ਸਮੱਸਿਆ ਰਾਸ਼ਟਰਵਾਦ ਦੀ ਆੜ ਵਿਚ ਫਿਰਕਾਪ੍ਰਸਤੀ ਹੈ; ਲੇਕਿਨ ਇਸ ਬਾਬਤ ਕੋਈ ਨਹੀਂ ਬੋਲ ਰਿਹਾ। ਧਰਮ ਨਿਰਪੱਖਤਾ ਸਭ ਤੋਂ ਕਮਜ਼ੋਰ ਹਾਲਤ ਵਿਚ ਹੈ ਤਾਂ ਸਭ ਉਸ ਉਪਰ ਹਮਲੇ ਕੀਤੇ ਜਾ ਰਹੇ ਹਨ। ਭਾਜਪਾ ਨਾਲ ਜਾਣ ਵਿਚ ਕੋਈ ਬੁਰਾਈ ਨਹੀਂ ਹੈ। ਬਹੁਤ ਸਾਰੀਆਂ ਪਾਰਟੀਆਂ ਸ਼ਾਨ ਨਾਲ ਗਈਆਂ ਹਨ ਅਤੇ ਉਸ ਦੇ ਨਾਲ ਹਨ। ਭਾਰਤ ਵਿਚ ਕਹਾਣੀ ਹੋਰ ਹੀ ਹੈ। ਭ੍ਰਿਸ਼ਟਾਚਾਰ ਨਾਲ ਲੜਨ ਦੇ ਨਾਂ ਉਪਰ ਵਿਆਪਕ ਭ੍ਰਿਸ਼ਟਾਚਾਰ ਨੂੰ ਲੁਕੋਇਆ ਜਾ ਰਿਹਾ ਹੈ। ਕਾਰਪੋਰੇਟ ਭ੍ਰਿਸ਼ਟਾਚਾਰ ਬਾਰੇ ਚੁੱਪ ਵੱਟੀ ਹੋਈ ਹੈ।

ਧਰਮ ਨਿਰਪੱਖਤਾ ਦਾ ਇਸਤੇਮਾਲ ਉਸ ਵਿਆਪਕ ਭ੍ਰਿਸ਼ਟਾਚਾਰ ਉਪਰ ਚੁੱਪ ਲੁਕੋਣ ਲਈ ਹੋ ਰਿਹਾ ਹੈ। ਇਹ ਸਹੀ ਹੈ ਕਿ ਭਾਰਤ ਵਿਚ ਨਾ ਤਾਂ ਕੋਈ ਸਿਆਸੀ ਪਾਰਟੀ ਧਰਮ ਨਿਰਪੱਖਤਾ ਨੂੰ ਲੈ ਕੇ ਕਦੇ ਈਮਾਨਦਾਰ ਰਹੀ ਹੈ, ਨਾ ਹੀ ਭ੍ਰਿਸ਼ਟਾਚਾਰ ਨੂੰ ਮਿਟਾਉਣ ਨੂੰ ਲੈ ਕੇ। ਧਰਮ ਨਿਰਪੱਖਤਾ ਦਾ ਇਸਤੇਮਾਲ ਸਾਰੇ ਕਰਦੇ ਹਨ। ਜੋ ਇਸ ਵਿਚ ਯਕੀਨ ਰੱਖਦੇ ਹਨ, ਉਹ ਵੀ; ਜੋ ਇਸ ਵਿਚ ਯਕੀਨ ਨਹੀਂ ਰੱਖਦੇ, ਉਹ ਵੀ। ਇਸੇ ਤਰ੍ਹਾਂ ਭ੍ਰਿਸ਼ਟਾਚਾਰ ਦਾ ਇਸਤੇਮਾਲ ਸਾਰੇ ਕਰਦੇ ਹਨ, ਲੜਨ ਵਾਲੇ ਵੀ ਅਤੇ ਨਹੀਂ ਲੜਨ ਵਾਲੇ ਵੀ।

**ਨੋਟ:** ਤੁਹਾਨੂੰ ਇਕ ਜੰਤਰੀ ਦੇ ਰਿਹਾ ਹਾਂ। ਜੇ ਭ੍ਰਿਸ਼ਟਾਚਾਰ ਨਾਲ ਲੜਾਈ ਹੋ ਰਹੀ ਹੈ ਤਾਂ ਇਸ ਦਾ ਅਸਰ ਦੇਖਣ ਲਈ ਸਿਆਸੀ ਦਲਾਂ ਦੀਆਂ ਰੈਲੀਆਂ ਵਿਚ ਜਾਓ। ਉਨ੍ਹਾਂ ਦੇ ਰੋਡ ਸ਼ੋਅ ਵਿਚ ਜਾਓ। ਆਸਮਾਨ ਵਿਚ ਉਡਦੇ ਸੈਂਕੜੇ ਹੈਲੀਕਾਪਟਰ ਦੇਖੋ। ਉਮੀਦਵਾਰਾਂ ਦੇ ਖ਼ਰਚੇ ਅਤੇ ਇਸ਼ਤਿਹਾਰ ਦੇਖੋ। ਤੁਹਾਨੂੰ ਕੋਈ ਮੁਸ਼ਕਲ ਨਾ ਹੋਵੇ, ਇਸ ਲਈ ਇਕ ਹੋਰ ਜੰਤਰੀ ਦਿੰਦਾ ਹਾਂ। ਜਿਸ ਸਿਆਸੀ ਪਾਰਟੀ ਦੇ ਪ੍ਰੋਗਰਾਮਾਂ ਵਿਚ ਇਹ ਸਭ ਤੋਂ ਵੱਧ ਨਜ਼ਰ ਆਵੇ, ਉਸ ਨੂੰ ਇਮਾਨਦਾਰ ਕਰਾਰ ਦੇ ਦਿਓ। ਜ਼ਿੰਦਗੀ ਵਿਚ ਸੌਖਾ ਰਹੇਗਾ। 'ਟਾਈਮਜ਼ ਆਫ ਇੰਡੀਆ' ਅਤੇ ਡੀ.ਐਨ.ਏ. (ਡੇਲੀ ਨਿਊਜ਼ ਅਨੈਲਸਿਜ਼) ਨੂੰ ਇਹ ਜੰਤਰੀ ਪਹਿਲਾਂ ਹੀ ਮਿਲ ਗਈ ਸੀ, ਤਾਂ ਹੀ ਦੋਨਾਂ ਨੇ ਅਮਿਤ ਸ਼ਾਹ ਦੀ ਜਾਇਦਾਦ ਵਿਚ 300 ਫ਼ੀਸਦੀ ਵਾਧੇ ਦੀ ਖ਼ਬਰ ਛਾਪਣ ਤੋਂ ਬਾਅਦ ਹਟਾ ਦਿੱਤੀ ਸੀ।

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

# ਫਖਰ-ਏ-ਕੌਮ ਜੀ, ਫੜੋ ਹੁਣ ਹੱਥ...

ਇਨ੍ਹਾਂ ਕੁਝ ਸਤਰਾਂ ਨੂੰ ਚਾਹੇ ਕੋਈ ਮਜ਼ਾਕ ਵਜੋਂ ਹੀ ਲਵੇ, ਪਰ ਇਤਿਹਾਸਕ ਤੱਥਾਂ ਦੀ ਰੌਸ਼ਨੀ ਵਿਚ ਇਨ੍ਹਾਂ ਨੂੰ ਹਲਕੀਆਂ ਨਹੀਂ ਸਮਝਿਆ ਜਾ ਸਕਦਾ। ਗੱਲ ਕਰਨ ਜਾ ਰਿਹਾ ਹਾਂ ਅਕਾਲੀਆਂ ਬਾਰੇ, ਜਿਨ੍ਹਾਂ ਨੂੰ ਪੰਜਾਬ ਦੇ ਸਿਆਸੀ ਚੌਖਟੇ ਮੁਤਾਬਕ ਬਾਦਲ-ਦਲੀਏ ਕਹਿਣਾ ਵਧੇਰੇ ਢੁਕਵਾਂ ਹੋਵੇਗਾ। ਸਿੱਖ ਸਿਆਸਤ ਨੂੰ ਰਤਾ ਗਹੁ ਨਾਲ ਵਾਚਣ ਵਾਲੀਆਂ ਨਜ਼ਰਾਂ ਦੇਖ ਰਹੀਆਂ ਹੋਣਗੀਆਂ ਕਿ ਬਾਦਲ ਦਲ ਦੇ ਕੁਝ ਚੋਣਵੇਂ ਆਗੂ, ਖਾਸ ਕਰ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਮੋਦੀ ਸਰਕਾਰ ਖਿਲਾਫ ਕੁਝ ਕੁਝ ਤਿੱਖੀ ਬਿਆਨਬਾਜ਼ੀ ਕਰ ਰਹੇ ਹਨ। ਉਸ ਨੂੰ ਭਾਵੇਂ 'ਦੱਬਵੀਂ ਸੁਰ' ਵਾਲੀ ਬਿਆਨਬਾਜ਼ੀ ਕਿਹਾ ਜਾਵੇ, ਪਰ ਸਿਆਸੀ ਵਿਸ਼ਲੇਸ਼ਕਾਂ ਅਨੁਸਾਰ ਇਹ 'ਲੱਫਾਜ਼ੀ-ਗਰਮੀ' ਵੀ ਕਿਸੇ 'ਉਤਲੇ ਥਾਪੜੇ' ਤੋਂ ਬਿਨਾ ਨਹੀਂ ਆ ਸਕਦੀ ਤੇ ਇਸ ਦਾ ਕੋਈ ਗੁੱਝਾ ਮੰਤਵ ਹੋਵੇਗਾ।

ਖੈਰ! ਇਹ ਥਾਪੜੇ ਕੌਣ, ਕਿਉਂ ਤੇ ਕਿਸ ਮਕਸਦ ਲਈ ਦੇ ਰਿਹਾ ਹੈ, ਮੈਂ ਇਸ ਪਾਸੇ ਨਹੀਂ ਜਾਣਾ, ਸਗੋਂ ਪ੍ਰਧਾਨ ਮੰਤਰੀ ਮੋਦੀ ਜਾਂ ਉਨ੍ਹਾਂ ਦੀ ਸਰਕਾਰ ਖਿਲਾਫ ਬਾਦਲ-ਦਲੀਏ ਆਗੂਆਂ ਵੱਲੋਂ ਦਿਖਾਏ ਜਾ ਰਹੇ 'ਗੁੱਸੇ' ਦੀ ਇਕ ਹੋਰ ਜਾਵੀਏ ਤੋਂ ਪਰਖ-ਪੜਚੋਲ ਕਰਨੀ ਹੈ। ਉਹ ਇਹ ਹੈ ਕਿ ਸਾਰੇ ਹੀ ਸਿੱਖ ਆਗੂ ਸਿਆਸੀ ਜਾਂ ਧਾਰਮਿਕ ਸਟੇਜਾਂ ਉਤੇ ਗੱਜ-ਵੱਜ ਕੇ ਉਨ੍ਹਾਂ ਵਾਅਦਿਆਂ ਦੀ ਦਾਸਤਾਂ ਸੁਣਾਉਂਦੇ ਆ ਰਹੇ ਹਨ ਜੋ ਜੰਗ-ਏ-ਆਜ਼ਾਦੀ ਦੌਰਾਨ ਗਾਂਧੀ-ਨਹਿਰੂ-ਪਟੇਲ ਆਦਿ ਲੀਡਰਾਂ ਨੇ ਉਸ ਸਮੇਂ ਦੇ ਸਿੱਖ ਆਗੂਆਂ ਨਾਲ ਕੀਤੇ ਸਨ। ਵੱਡੇ ਵੱਡੇ ਇਕੱਠਾਂ ਵਿਚ ਸਿੱਖ ਆਗੂਆਂ ਮੂੰਹੋਂ ਅਜਿਹੇ ਵਾਅਦਿਆਂ ਦੇ ਸਹੀ ਸਹੀ ਬੋਲ, ਸਮੇਂ, ਸਥਾਨ ਅਤੇ ਬੋਲਣ ਵਾਲਿਆਂ ਦੇ ਨਾਂਵਾਂ ਸਮੇਤ ਅਸੀਂ ਹੁਣ ਤੱਕ ਸੁਣਦੇ ਆ ਰਹੇ ਹਾਂ। ਇਹ ਵਾਅਦੇ ਵਫਾ ਨਾ ਹੋਣ ਦੀ ਗਾਥਾ ਕਦੇ ਕਰੁਣਾਮਈ, ਕਦੇ ਜੋਸ਼ੀਲੀ ਤੇ ਕਦੇ ਗੁਸੈਲ ਭਾਸ਼ਾ ਵਿਚ ਬਿਆਨ ਕੀਤੀ ਜਾਂਦੀ ਰਹੀ ਹੈ।

ਇਹ ਵੀ ਹਕੀਕਤ ਹੈ ਕਿ ਜੰਗ-ਏ-ਆਜ਼ਾਦੀ ਦੌਰਾਨ ਕੀਤੇ ਗਏ ਇਹ ਵਾਅਦੇ, ਤਤਕਾਲੀ ਕੇਂਦਰੀ ਆਗੂਆਂ ਨੇ ਸਮਾਗਮਾਂ-ਕਾਨਫਰੰਸਾਂ ਆਦਿ ਵਿਚ ਭਾਸ਼ਣ ਕਰਦਿਆਂ ਕੀਤੇ। ਐਨ ਇਸੇ ਤਰ੍ਹਾਂ ਪਿਛਲੀਆਂ ਲੋਕ ਸਭਾ ਚੋਣਾਂ ਮੌਕੇ ਉਸ ਵੇਲੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਪੰਜਾਬ ਵਿਚ ਚੋਣ ਪ੍ਰਚਾਰ ਤੇ ਜਲਸਿਆਂ-ਜਲੂਸਾਂ ਵਿਚ ਹਜ਼ਾਰਾਂ-ਲੱਖਾਂ ਲੋਕਾਂ ਸਾਹਮਣੇ ਮੋਦੀ ਦੇ ਹੋਰ ਅਨੇਕਾਂ ਗੁਣ-ਗਾਨ ਕਰਦਿਆਂ ਪੰਜਾਬੀਆਂ ਨਾਲ ਇਹ ਵਾਅਦਾ ਅਲ-ਐਲਾਨੀਆਂ ਕਰਦੇ ਰਹੇ, "ਪੰਜਾਬ ਵਾਸੀਓ, ਕੇਰਾਂ ਮੋਦੀ ਜੀ ਨੂੰ ਪ੍ਰਧਾਨ ਮੰਤਰੀ ਬਣਾ ਦਿਓ, ਬਸ ਫਿਰ ਮੈਂ ਜਾਣਾ, ਮੇਰਾ ਕੰਮ ਜਾਣੇ! ਮੈਂ ਦਿੱਲੀ ਜਾ ਕੇ ਇਨ੍ਹਾਂ ਦੇ ਹੱਥ ਫੜ ਕੇ ਸਾਰੇ ਕੰਮ ਕਰਵਾ ਲਿਆਇਆ ਕਰਾਂਗਾ।"

ਲੋਕ ਲੁਭਾਊ ਅੰਦਾਜ਼ ਵਿਚ ਮਲਵਈ ਬੋਲੀ



ਵਿਚ ਉਹ ਬਹੁਤਾਤ ਵਿਚ ਬੈਠੇ ਪੱਗਾਂ ਵਾਲਿਆਂ ਵੱਲ ਬਾਂਹ ਕੱਢ ਕੇ ਇਹ ਵੀ ਕਿਹਾ ਕਰਦੇ ਸਨ, "ਲਿਖ ਲੋ ਬੇਸ਼ੱਕ ਕਲਮ ਨਾਲ, ਥੋਡੇ ਨਾਲ ਮੇਰਾ ਇਹ ਪੱਕਾ ਵਾਅਦਾ ਰਿਹਾ ਜੇ।"

ਨਿਰੋਲ ਪੱਗਾਂ ਵਾਲਿਆਂ ਦੀ ਕੇਂਦਰੀ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਖੁਸ਼ ਹੁੰਦਿਆਂ ਇਹ ਵਾਅਦੇ ਕਰਨ ਵਾਲੇ ਪ੍ਰਕਾਸ਼ ਸਿੰਘ ਬਾਦਲ ਨੂੰ ਅਕਾਲ ਤਖਤ ਸਾਹਿਬ ਤੋਂ 'ਫਖਰ-ਏ-ਕੌਮ' ਦਾ ਸਰਬੋਤਮ ਸਨਮਾਨ ਦਿਵਾ ਦਿੱਤਾ।

ਸੰਨ ਸੰਤਾਲੀ ਤੋਂ ਪਹਿਲਾਂ ਚਲਦੇ ਆਜ਼ਾਦੀ ਸੰਗਰਾਮ ਦੌਰਾਨ ਜਿਨ੍ਹਾਂ ਕੇਂਦਰੀ ਆਗੂਆਂ ਨੇ ਸਿੱਖਾਂ ਨਾਲ 'ਉਤਰੀ ਭਾਰਤ ਵਿਚ ਆਜ਼ਾਦ ਖਿੱਤਾ' ਦੇਣ ਜਿਹੇ ਦਾਅਵੇ ਕੀਤੇ ਸਨ। ਅੱਜ ਨਾ ਉਹ ਵਾਅਦੇ ਕਰਨ ਵਾਲੇ ਆਗੂ ਜਿਉਂਦੇ ਹਨ ਤੇ ਨਾ ਹੀ ਉਹ ਜਿਉਂਦੇ ਹਨ ਜਿਨ੍ਹਾਂ ਨਾਲ ਜਾਂ ਜਿਨ੍ਹਾਂ ਦੇ ਸਾਹਮਣੇ ਉਹ ਕੌਲ-ਕਰਾਰ ਕੀਤੇ ਗਏ ਸਨ। ਫਿਰ ਵੀ ਉਨ੍ਹਾਂ ਵਾਅਦਿਆਂ ਨੂੰ ਸਿੱਖ ਆਗੂ ਅਜੇ ਤੱਕ ਚੇਤੇ ਕਰਦੇ/ਕਰਵਾਉਂਦੇ ਆ ਰਹੇ ਹਨ, ਪਰ ਜੋ ਵਾਅਦਾ ਬਾਦਲ ਨੇ ਪੰਜਾਬ ਵਾਸੀਆਂ ਨਾਲ ਕੀਤਾ ਸੀ, ਉਹਦੇ ਨਾਲ ਸਬੰਧਤ ਸਾਰੀਆਂ ਧਿਰਾਂ ਸੁੱਖ ਨਾਲ ਜਿਉਂਦੀਆਂ ਜਾਗਦੀਆਂ ਹਨ; ਮਤਲਬ ਬਾਦਲ, ਪ੍ਰਧਾਨ ਮੰਤਰੀ ਮੋਦੀ ਅਤੇ ਪੰਜਾਬ ਦੇ ਲੋਕ-ਤਿੰਨੇ ਗਵਾਹ ਧਿਰਾਂ ਮੌਜੂਦ ਹਨ।

ਹੁਣ ਜਦੋਂ ਪਾਕਿਸਤਾਨ ਵਿਚਲੇ ਗੁਰਧਾਮਾਂ ਵਿਚ ਗੁਰਪੁਰਬ ਮਨਾਉਣ ਜਾ ਰਹੇ ਵੀਜ਼ਾ-ਧਾਰੀ ਸਿੱਖਾਂ ਨੂੰ ਮੋਦੀ ਸਰਕਾਰ ਵੱਲੋਂ ਰੋਕ ਦਿੱਤਾ ਗਿਆ, ਜਦੋਂ ਸਾੜੀ ਗਈ ਸਿੱਖ ਰੈਫਰੈਂਸ ਲਾਇਬ੍ਰੇਰੀ ਦੇ ਸਮਾਨ ਦੀ ਵਾਪਸੀ ਲਈ ਕੇਂਦਰ ਵੱਲੋਂ ਟਕੇ ਵਰਗਾ ਜਵਾਬ ਆ ਗਿਆ, ਜਦੋਂ ਹਰਿਦੁਆਰ ਵਿਚ ਗਿਆਨ ਗੋਦੜੀ ਗੁਰਦੁਆਰਾ ਮੁੜ ਸਥਾਪਤ ਕਰਨ ਲਈ ਸੰਘਰਸ਼ ਕਰਨ ਦੇ ਦਮਗਜੇ ਵੱਜਦੇ ਹਨ, ਜਦੋਂ ਅਕਾਸ਼ਵਾਣੀ ਦਿੱਲੀ ਤੋਂ ਪੰਜਾਬੀ ਖਬਰਾਂ ਦਾ ਬੁਲਿਟਨ ਬੰਦ ਕਰਨ ਖਿਲਾਫ ਰੋਸ ਪੱਤਰ ਲਿਖੇ ਜਾਂਦੇ ਹਨ ਅਤੇ ਜਦੋਂ ਸ੍ਰੀ ਗੁਰੂ ਰਾਮਦਾਸ ਦੇ ਲੰਗਰ ਉਤੇ ਜੀ.ਐਸ.ਟੀ. ਠੋਕਣ ਵਰਗੇ ਹੋਰ ਕਈ ਸਿੱਖ ਮਸਲਿਆਂ ਬਾਰੇ ਰੋਸ ਵਜੋਂ ਪ੍ਰੋ. ਬਡੂੰਗਰ ਜਾਂ ਹੋਰ ਬਾਦਲ ਦਲੀਏ ਆਗੂ ਮੋਦੀ ਸਰਕਾਰ ਖਿਲਾਫ ਬੁੜ-ਬੁੜ ਕਰਦਿਆਂ ਹਿਰਖ ਪ੍ਰਗਟਾਉਂਦੇ ਹਨ ਤਾਂ ਉਨ੍ਹਾਂ ਨੂੰ ਫਖਰ-ਏ-ਕੌਮ ਦਾ ਤਾਜ਼ਾ ਤਾਜ਼ਾ ਕੀਤਾ ਵਾਅਦਾ ਕਿਉਂ ਨਹੀਂ ਯਾਦ ਆਉਂਦਾ? ਉਪਰੋਕਤ ਵੱਖ ਵੱਖ ਸਿੱਖ ਮਸਲਿਆਂ ਪ੍ਰਤੀ ਮੋਦੀ ਸਰਕਾਰ ਦਾ ਨਾਂਹ-ਮੁਖੀ ਰਵੱਈਆ ਦੇਖ ਕੇ ਉਸ ਨੂੰ 'ਮੰਦਭਾਗਾ' ਕਹਿਣ ਜਾਂ ਸਿੱਖਾਂ ਨੂੰ ਕਿਸੇ ਸੰਘਰਸ਼ ਵਿਚ ਕੁੱਦਣ ਦਾ ਸੱਦਾ ਦੇਣ ਦੀ ਬਜਾਏ ਪ੍ਰਕਾਸ਼ ਸਿੰਘ ਬਾਦਲ ਨੂੰ ਵਾਅਦਾ ਯਾਦ ਕਰਾਉਂਦਿਆਂ ਕਿਉਂ ਨਹੀਂ ਆਖਿਆ ਜਾਂਦਾ ਕਿ ਮਾਨਯੋਗ ਫਖਰ-ਏ-ਕੌਮ ਜੀ, ਦਿੱਲੀ ਪਹੁੰਚੋ ਤੇ ਪ੍ਰਧਾਨ ਮੰਤਰੀ ਦਾ ਹੱਥ ਫੜ ਕੇ ਸਾਰੇ ਮਸਲੇ ਹੱਲ ਕਰਾ ਕੇ ਆਓ।

ਕਬਰਾਂ ਵਿਚ ਜਾ ਸੁੱਤਿਆਂ ਦੇ ਵਾਅਦਿਆਂ 'ਤੇ ਤਲਖੀ ਵਿਚ ਆਉਣਾ, ਪਰ ਵਾਅਦੇ ਕਰਨ ਵਾਲੀਆਂ 'ਆਪਣੀਆਂ ਮਹਾਨ ਹਸਤੀਆਂ' ਨੂੰ ਫਰਜ਼-ਸਨਾਸ਼ੀ ਤੋਂ ਛੋਟ ਦੇਣੀ ਕਿਧਰਲੀ ਦਿਆਨਤਦਾਰੀ ਹੋਈ?

# ਬਲੈਕ ਪ੍ਰਿੰਸ: ਸਰਤਾਜ ਤੇ ਸ਼ਬਾਨਾ ਆਜ਼ਮੀ ਦੀ ਅਦਾਕਾਰੀ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਮੈਂ ਅੱਜ ਦੀ ਗੱਲ ਆਪਣੇ ਜੱਦੀ ਪੁਸ਼ਤੀ ਖੇਤਰ ਨਾਲ ਸ਼ੁਰੂ ਕਰਦਾ ਹਾਂ। ਫਿਲਮ 'ਦ ਬਲੈਕ ਪ੍ਰਿੰਸ' ਵਿਚ ਮਹਾਰਾਜਾ ਦਲੀਪ ਸਿੰਘ ਦਾ ਰੋਲ ਨਿਭਾਉਣ ਵਾਲਾ ਸੂਫੀ ਗਾਇਕ ਸਤਿੰਦਰ ਸਰਤਾਜ ਮੇਰਾ ਗਰਾਈਂ ਹੀ ਸਮਝੋ। ਉਸ ਦਾ ਪਿੰਡ ਬਜਰੌੜ ਤੇ ਮੇਰਾ ਪਿੰਡ ਸੂਨੀ ਚੰਡੀਗੜ੍ਹ-ਹੁਸ਼ਿਆਰਪੁਰ ਸੜਕ 'ਤੇ ਪੈਂਦੇ ਹਨ। ਬਜਰੌੜ ਮਾਹਿਲਪੁਰ ਤੋਂ 8 ਕਿਲੋਮੀਟਰ ਹੁਸ਼ਿਆਰਪੁਰ ਵੱਲ ਨੂੰ ਹੈ ਤੇ ਸੂਨੀ ਏਨੀ ਹੀ ਦੂਰੀ 'ਤੇ ਗੜ੍ਹਸ਼ੰਕਰ ਵੱਲ ਨੂੰ। ਸਰਤਾਜ ਚੜ੍ਹਦੀ ਉਮਰੇ 'ਸਾਈਂ ਵੇ ਸਾਈਂ' ਗਾ ਕੇ ਗੀਤ-ਸੰਗੀਤ ਦੀ ਦੁਨੀਆਂ ਦਾ ਉਭਰਦਾ ਸਿਤਾਰਾ ਬਣ ਗਿਆ।

ਸਰਤਾਜ ਸੈਨ ਹੋਜ਼ੇ (ਅਮਰੀਕਾ) ਵਿਚ ਸ਼ੋਅ ਕਰਨ ਗਿਆ ਤਾਂ ਮਿੱਡੂ ਖੇੜਾ (ਡੱਬਵਾਲੀ ਨੇੜਲੇ ਪਿੰਡ) ਦੇ ਜੰਮਪਲ ਤੇ ਪ੍ਰਸਿੱਧ ਤੈਰਾਕ ਜਸਜੀਤ ਦੇ ਨਜ਼ਰੀਂ ਚੜ੍ਹ ਗਿਆ। ਜਸਜੀਤ ਵਾਟਰ ਪੋਲੋ ਖੇਡ ਵਿਚ ਸੋਵੀਅਤ ਰੂਸ ਵਿਖੇ ਭਾਰਤ ਦੀ ਪ੍ਰਤੀਨਿਧਤਾ ਕਰ ਚੁਕਾ ਹੈ। ਉਹ ਵਿਦੇਸ਼ ਜਾਣ ਤੋਂ ਪਹਿਲਾਂ ਨੈਸ਼ਨਲ ਇੰਸਟੀਚਿਊਟ ਆਫ ਸਪੋਰਟਸ, ਪਟਿਆਲਾ 'ਚ ਕੋਚ ਰਹਿ ਚੁਕਾ ਹੈ ਅਤੇ ਸਰਤਾਜ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਚ ਸੰਗੀਤ ਅਧਿਆਪਕ। ਇਸ ਜੋੜੀ ਦੀ ਕਲਾ ਦੀ ਸਿਖਰ ਫਿਲਮ 'ਦ ਬਲੈਕ ਪ੍ਰਿੰਸ' ਹੈ। ਇਸ ਵਿਚ ਸ਼ਬਾਨਾ ਆਜ਼ਮੀ ਤੋਂ ਰਾਣੀ ਜਿੰਦਾਂ ਦਾ ਰੋਲ ਕਰਵਾਉਣਾ ਸਿਖਰਾਂ ਦੀ ਸਿਖਰ ਛੂਹਣ ਵਾਂਗ ਹੈ। ਸ਼ਬਾਨਾ ਪ੍ਰਸਿੱਧ ਉਰਦੂ ਸ਼ਾਇਰ ਕੈਫੀ ਆਜ਼ਮੀ ਦੀ ਬੇਟੀ ਹੈ। ਮੈਂ ਸ਼ਬਾਨਾ ਦੀ ਅਦਾਕਾਰੀ ਦਾ ਮੱਦਾਹ ਹਾਂ।



ਪੰਜਾਬੀ ਉਸ ਦੀ ਮਾਂ ਬੋਲੀ ਨਹੀਂ। ਉਹ ਨਹੀਂ ਸੀ ਜਾਣਦੀ ਕਿ ਰਾਣੀ ਜਿੰਦਾਂ ਦਾ ਰੋਲ ਕਰਨ ਸਮੇਂ ਉਸ ਨੂੰ ਪੰਜਾਬੀ ਬੋਲਣੀ ਪਵੇਗੀ? ਪਰ ਉਸ ਨੇ ਆਪਣੀ ਅਦਾਕਾਰੀ ਨਾਲ ਰਾਣੀ ਜਿੰਦਾਂ ਨੂੰ ਮੁੜ ਜਿਉਂਦੀ ਕਰ ਦਿੱਤਾ ਹੈ। ਮੇਰੀ ਨਜ਼ਰੇ 'ਦੀ ਬਲੈਕ ਪ੍ਰਿੰਸ' ਫਿਲਮ ਦਾ ਨਾਇਕ ਦਲੀਪ ਸਿੰਘ ਉਹ ਸਿਖਰਾਂ ਨਹੀਂ ਛੂੰਹਦਾ ਜੋ ਉਸ ਦੀ ਮਾਂ ਜਿੰਦਾਂ ਛੂੰਹਦੀ ਹੈ। ਇਸ ਲਈ ਵੀ ਕਿ ਸ਼ਬਾਨਾ ਇਸ ਦੁਨੀਆਂ ਵਿਚ ਪਹਿਲਾਂ ਹੀ ਨਾਮਣਾ ਖੱਟ ਚੁਕੀ ਹੈ ਤੇ ਸਰਤਾਜ ਨਵਾਂ ਹੈ। ਉਂਜ ਉਸ ਦਾ ਰੋਲ ਸ਼ਲਾਘਾਯੋਗ ਹੈ, ਖਾਸ ਕਰਕੇ ਪਹਿਲੇ ਅੱਧ ਵਿਚ ਮਾਂ ਜਿੰਦਾਂ ਨੂੰ ਮਿਲਣ ਦੀ ਤਾਂਘ ਵਿਚ ਉਦਾਸੀ ਦੇ ਪਲਾਂ ਨੂੰ ਜਿਉਣ ਸਮੇਂ।

ਮੈਂ ਗੀਤ-ਸੰਗੀਤ ਦੀ ਦੁਨੀਆਂ ਦਾ ਬੰਦਾ ਨਹੀਂ, ਤੇ ਫਿਲਮੀ ਦੁਨੀਆਂ ਦਾ ਤਾਂ ਉਕਾ ਹੀ ਨਹੀਂ। ਮੈਂ ਸ਼ਬਾਨਾ ਦੇ ਪਿਤਾ ਕੈਫੀ ਆਜ਼ਮੀ ਨੂੰ ਮਿਲਿਆ ਸਾਂ, ਸੈਂਟਰ ਫਾਰ ਰੂਰਲ ਐਂਡ ਇੰਡਸਟਰੀਅਲ ਰਿਸਰਚ (ਕਰਿਡ) ਚੰਡੀਗੜ੍ਹ ਦੇ ਇਕ ਪ੍ਰੋਗਰਾਮ ਸਮੇਂ। ਕੈਫੀ ਆਜ਼ਮੀ ਨੇ ਆਪਣੀ ਸ਼ਾਇਰੀ ਪੇਸ਼ ਕਰਦਿਆਂ ਮੰਨਿਆ ਸੀ ਕਿ ਧੀ ਦੀ ਚੜ੍ਹਤ ਤੋਂ ਪਿਛੋਂ ਉਸ ਨੂੰ ਉਸ ਦੇ ਮੱਦਾਹ ਸ਼ਾਇਰ ਕੈਫੀ ਆਜ਼ਮੀ ਦੀ ਥਾਂ ਸ਼ਬਾਨਾ ਆਜ਼ਮੀ ਦੇ ਪਿਤਾ ਵਜੋਂ ਵਧੇਰੇ ਵਡਿਆਉਂਦੇ ਹਨ। ਇਹ ਪੰਝੀ ਸਾਲ ਪਹਿਲਾਂ ਦੀ ਗੱਲ ਹੈ। ਨਿਸਚੇ ਹੀ 'ਬਲੈਕ ਪ੍ਰਿੰਸ' ਦੀ ਸਫਲਤਾ ਦਾ ਸਿਹਰਾ ਸ਼ਬਾਨਾ ਆਜ਼ਮੀ ਦੇ ਸਿਰ ਬਝਦਾ ਹੈ।

ਜਸਜੀਤ ਟੀਮ ਦੀ ਮਾਇਕ ਤੇ ਹੋਰ ਸਹਾਇਤਾ ਅਤੇ ਸਰਤਾਜ ਦੀ ਕਲਾ ਦਾ ਕਮਾਲ ਇਸ ਵਿਚ ਹੈ ਕਿ ਉਹ ਸ਼ਬਾਨਾ ਨੂੰ ਆਪਣੇ ਨਾਲ ਗੰਢਣ ਵਿਚ ਸਫਲ ਹੋ ਗਏ। ਦਲੀਪ ਸਿੰਘ ਪੰਜਾਬੀਆਂ ਦਾ ਅਜਿਹਾ ਨਾਇਕ ਸੀ ਜੋ ਮਹਾਰਾਣੀ ਵਿਕਟੋਰੀਆ ਦਾ ਪਿਆਰਾ ਪ੍ਰਿੰਸ ਹੋਣ ਦੇ ਬਾਵਜੂਦ ਜ਼ਿੰਦਗੀ ਭਰ ਮਾਨਸਿਕ ਤਣਾਓ ਦਾ ਸ਼ਿਕਾਰ ਰਿਹਾ। ਇਸ ਤਣਾਓ ਨੂੰ ਸਿਰੇ ਤੱਕ ਨਿਭਾਉਣਾ ਕਿਸੇ ਵੀ ਅਭਿਨੇਤਾ ਦੇ ਵੱਸ ਦਾ ਰੋਗ ਨਹੀਂ। ਸਰਤਾਜ ਦੋ ਪੁੜਾਂ ਵਿਚ ਠੀਕ ਹੀ ਪਿਸਿਆ। ਇੱਕ ਪਾਸੇ ਪਾਲਣ ਪੋਸਣ ਵਾਲਿਆਂ ਦਾ ਈਸਾਈ ਧਰਮ ਤੇ ਬਰਤਾਨਵੀ ਰਾਜ ਦੀ ਸ਼ਕਤੀ ਹੈ ਅਤੇ ਦੂਜੇ ਪਾਸੇ ਜੱਦੀ ਪੁਸ਼ਤੀ ਬਾਦਸ਼ਾਹੀ, ਅਣਖੀਲਾ ਸਿੱਖ ਧਰਮ। ਉਸ ਦੀ ਪੇਸ਼ਕਾਰੀ ਦੋਹਾਂ ਪੁੜਾਂ ਵਿਚ ਪਿਸਣੀ ਹੀ ਸੀ!

ਫਿਲਮ ਗੁੰਝਲਦਾਰ ਜੀਵਨ ਦੀ ਤਸੱਲੀਬਖਸ਼ ਪੇਸ਼ਕਾਰੀ ਵਿਚ ਸਫਲ ਹੈ। ਇਸ ਦੀ ਸਫਲਤਾ ਦਾ ਇਕ ਪੈਮਾਨਾ ਇਹ ਵੀ ਹੈ ਕਿ ਇਸ ਨੇ ਕੁੱਲ ਦੁਨੀਆਂ ਵਿਚ ਮਹਾਰਾਜਾ ਦੇ ਜੀਵਨ ਨਾਲ ਸਬੰਧਤ ਵਾਦ-ਵਿਵਾਦ ਨੂੰ ਜਨਮ ਦਿੱਤਾ ਹੈ, ਜਿਨ੍ਹਾਂ ਵਿਚ ਮਹਾਰਾਜਾ ਦਲੀਪ ਸਿੰਘ ਦੀਆਂ ਅਸਥੀਆਂ ਨੂੰ ਪੰਜਾਬ ਲਿਆ ਕੇ ਉਸ ਦਾ ਸਸਕਾਰ ਸਿੱਖੀ ਮਰਿਆਦਾ ਨਾਲ ਕਰਨ ਦੀ ਮੰਗ ਪ੍ਰਮੁੱਖ ਹੈ।

ਜਿਥੋਂ ਤੱਕ ਮੇਰੇ ਨਿਜ ਦਾ ਸਬੰਧ ਹੈ, ਮੈਨੂੰ ਇਸ ਦੇ ਪ੍ਰੀਮੀਅਰ ਸ਼ੋਅ ਉਤੇ ਚਿਰਾਂ ਦੇ ਮਿਲੇ ਸਾਥੀ ਮੁੜ ਮਿਲੇ, ਜਿਨ੍ਹਾਂ ਵਿਚ ਹਾਕੀ ਓਲੰਪੀਅਨ ਬਲਬੀਰ ਸਿੰਘ, ਸਿਆਸਤਦਾਨ ਬੀਰ ਦਵਿੰਦਰ ਸਿੰਘ, ਐਡਵੋਕੇਟ ਰਾਜਿੰਦਰ ਸਿੰਘ ਚੀਮਾ, ਭਾਈ ਅਸ਼ੋਕ ਸਿੰਘ ਬਾਗੜੀਆਂ, ਸਾਹਿਤਕਾਰਾ ਦਲੀਪ ਕੌਰ ਟਿਵਾਣਾ ਅਤੇ ਪੱਤਰਕਾਰਾਂ ਵਿਚੋਂ ਸੁਖਦੇਵ ਭਾਈ, ਜਗਤਾਰ ਸਿੰਘ ਤੇ ਕਰਮਜੀਤ ਸਿੰਘ ਅਤੇ ਅੱਧੀ ਦਰਜਨ ਮੇਰੇ ਪਰਿਵਾਰਕ ਮੈਂਬਰ ਵੀ ਸ਼ਾਮਲ ਹਨ ਜਿਨ੍ਹਾਂ ਨੂੰ ਹੁਣ ਕਦੀ ਕਦਾਈਂ ਹੀ ਮਿਲਦੇ ਹਾਂ। ਮਿਲਾਉਣ ਵਾਲਾ ਮੇਰਾ ਪੱਤਰਕਾਰ ਮਿੱਤਰ ਦਲਜੀਤ ਸਿੰਘ ਤੇ ਉਸ ਦੀ ਜੀਵਨ ਸਾਥਣ ਇੰਦਰਜੀਤ ਹਨ। ਮੈਨੂੰ ਅਫਸੋਸ ਹੈ ਕਿ ਮੈਂ ਉਨ੍ਹਾਂ ਨੂੰ ਆਪਣੇ ਮਿੱਤਰ ਰਛਪਾਲ ਮਲਹੋਤਰਾ ਤੇ ਠਾਕਰ ਸਿੰਘ ਸੰਧਾਵਾਲੀਆ ਦੀ ਵੰਸ਼ ਦੇ ਅੰਮ੍ਰਿਤਸਰ ਨਿਵਾਸੀ ਸੁਖਦੇਵ ਸਿੰਘ ਸੰਧਾਵਾਲੀਆ ਦੇ ਨਾਂ ਦੇਣੇ ਭੁੱਲ ਗਿਆ, ਨਹੀਂ ਤਾਂ ਉਹ ਵੀ ਹਾਜ਼ਰ ਹੋ ਸਕਦੇ ਸਨ। 'ਦੀ ਬਲੈਕ ਪ੍ਰਿੰਸ' ਦੀ ਪੇਸ਼ਕਾਰੀ ਚੇਤੇ ਰਹੇਗੀ, ਮਿੱਤਰ ਮਿਲਣੀ ਕਰਕੇ ਹੋਰ ਵੀ। ਹੁਣ ਉਮਰ ਤੇ ਸਿਹਤ ਦੇ ਤਕਾਜ਼ੇ ਮਿੱਤਰ ਮਿਲਣੀਆਂ ਦੇ ਰਾਹ ਵਿਚ ਰੁਕਾਵਟਾਂ ਪਾਉਂਦੇ ਹਨ। ਅਜਿਹੇ ਅਵਸਰਾਂ ਦੀ ਲੋੜ ਰਹਿੰਦੀ ਹੈ।


**ਅੰਤਿਕਾ:** ਮਿਰਜਾ ਗਾਲਿਬ

ਉਸ ਸਾਦਗੀ ਪੇ ਕੌਨ ਨਾ ਮਰ ਜਾਏ ਐ ਖੁਦਾ,
ਲੜਤੇ ਹੈਂ ਔਰ ਹਾਥ ਮੇਂ ਤਲਵਾਰ ਭੀ ਨਹੀਂ।

# ਲਹਿੰਦੇ ਪੰਜਾਬ ਦਾ ਚਰਚਿਤ ਗਜ਼ਲ ਸੰਗ੍ਰਿਹ 'ਰਹਿਤਲ ਵਲੀਆਂ ਵਰਗੀ'

ਪੁਸਤਕ ਚਰਚਾ

ਪਿਛਲੇ ਦਿਨੀਂ ਲਹਿੰਦੇ ਪੰਜਾਬ ਦੇ ਚਰਚਿਤ ਸ਼ਾਇਰ ਇਰਸ਼ਾਦ ਸੰਧੂ ਦਾ ਗਜ਼ਲ ਸੰਗ੍ਰਿਹ 'ਰਹਿਤਲ ਵਲੀਆਂ ਵਰਗੀ' ਚੜ੍ਹਦੇ ਪੰਜਾਬ 'ਚ ਲੋਕ ਅਰਪਣ ਕੀਤਾ ਗਿਆ, ਜਿਸ ਦਾ ਸ਼ਾਹਮੁਖੀ ਤੋਂ ਗੁਰਮੁਖੀ ਵਿਚ ਲਿਪੀਅੰਤਰ ਨਵਦੀਪ ਝੁਨੀਰ ਨੇ ਕੀਤਾ ਹੈ। ਇਰਸ਼ਾਦ ਸੰਧੂ ਨੇ ਇਕ-ਇਕ ਸ਼ੇਅਰ ਵਿਚ ਪੂਰੀ ਦੀ ਪੂਰੀ ਕਹਾਣੀ ਪਰੋਈ ਪਈ ਹੈ। ਦੋਹਾਂ ਪੰਜਾਬਾਂ ਦੀ ਆਪਸੀ ਸਾਂਝ ਦੀ ਗੱਲ ਕਰਦਾ ਸ਼ਾਇਰ ਸਾਡੀ ਕਲਪਨਾ ਨੂੰ 80-90 ਸਾਲ ਪਹਿਲਾਂ ਦੇ ਪੰਜਾਬ ਦੀ ਸਹਿਜੇ ਹੀ ਸ਼ਬਦਾਂ ਦੇ ਰੱਥ ਉਤੇ ਬਿਠਾ ਕੇ ਯਾਤਰਾ ਕਰਵਾ ਦਿੰਦਾ ਹੈ।






ਲੇਖਕ ਇਰਸ਼ਾਦ ਸੰਧੂ

ਇਰਸ਼ਾਦ ਸੰਧੂ ਨੇ ਆਪਣੀ ਸ਼ਾਇਰੀ ਵਿਚ ਪੰਜਾਬ, ਪੰਜਾਬੀਅਤ, ਸਾਂਝੇ ਰਸਮੋ-ਰਿਵਾਜ, ਬੋਲ-ਚਾਲ ਤੇ ਆਪਸੀ ਭਾਈਚਾਰਕ ਸਾਂਝ ਦੇ ਗਵਾਚ ਜਾਣ 'ਤੇ ਹੇਰਵਾ ਜਾਹਰ ਕਰਦਿਆਂ ਪੰਜਾਬੀ ਮਾਂ-ਬੋਲੀ ਬਾਰੇ ਚਿੰਤਾ ਪ੍ਰਗਟਾਈ ਹੈ। ਉਸ ਨੇ ਆਪਣੀਆਂ ਰਚਨਾਵਾਂ ਵਿਚ ਵੰਡ ਦਾ ਦਰਦ, 47 ਦੀ ਅੱਗ ਦਾ ਸੇਕ, ਸਰਮਾਏਦਾਰਾਂ ਦੀ ਲੁੱਟ-ਖਸੁੱਟ, ਕਿਰਤੀ ਵਰਗ ਲਈ ਹਮਦਰਦੀ, ਸਮਾਜਿਕ ਊਚ-ਨੀਚ, ਪਿੰਡ ਦੀ ਮੌਜ ਅਤੇ ਸਿੱਧੀ-ਸਾਦੀ ਜੀਵਨ-ਸ਼ੈਲੀ ਦੇ ਨਾਲ ਨਾਲ ਬਾਲ-ਮਜ਼ਦੂਰੀ ਵਰਗੇ ਵਿਸ਼ੇ ਛੋਹੇ ਹਨ।

ਇਰਸ਼ਾਦ ਸੰਧੂ ਦੀ ਭਾਸ਼ਾ ਮਾਖਿਓਂ ਮਿੱਠੀ ਤੇ ਸ਼ਬਦ ਮਿਸ਼ਰੀ ਦੀਆਂ ਡਲੀਆਂ ਵਰਗੇ ਹਨ। ਉਸ ਇਸ ਕਿਤਾਬ ਵਿਚ ਬੋਹੜ, ਪਿੱਪਲ, ਨਿੰਮ, ਸਰੀਂਹ, ਟਾਹਲੀ ਆਦਿ ਰੁੱਖਾਂ ਦੇ ਅਲੋਪ ਹੋ ਜਾਣ ਦਾ ਹੇਰਵਾ ਜਤਾਇਆ ਹੈ ਅਤੇ ਪੁਰਾਣੇ ਘੁੱਗ ਵਸਦੇ ਪੰਜਾਬ ਦੀ ਮੌਤ ਨੂੰ ਬਿਆਨਿਆ ਹੈ ਕਿ ਕਿਵੇਂ ਆਧੁਨਿਕੀਕਰਨ ਨੇ ਸਾਥੋਂ ਸਾਡਾ ਪੰਜਾਬ, ਸਾਡਾ ਵਿਰਸਾ ਖੋਹ ਲਿਆ ਹੈ। ਉਸ ਦਾ ਹੇਰਵਾ ਇਨ੍ਹਾਂ ਸ਼ੇਅਰ ਵਿਚ ਸਾਫ ਝਲਕਦਾ ਹੈ:

ਖੂਹ ਮੁੱਕੇ ਤੇ ਮੁੱਕ ਗਈਆਂ ਸਭ ਸਾਂਝਾਂ
ਨਾਲ ਈ ਲੈ ਗਏ ਪਿਆਰ ਖੂਹਾਂ ਦੇ ਪਾਣੀ।
—
ਕਿੱਕਰ, ਟਾਹਲੀ, ਬੇਰੀ, ਨਿੰਮ,
ਪਿੱਪਲ, ਤੂਤ ਤੇ ਬੋਹੜਾਂ,
ਕਿੱਥੇ ਗਏ ਉਹ ਰੁੱਖ ਪੁਰਾਣੇ
ਸਕੀਆਂ ਮਾਂਵਾਂ ਵਰਗੇ।

ਵੰਡ ਦਾ ਦਰਦ ਬਿਆਨਦਾ ਸ਼ਾਇਰ ਦੋਵਾਂ ਦੇਸ਼ਾਂ ਵਿਚਾਲੇ ਪਣਪੇ ਜ਼ਹਿਰ ਨੂੰ ਖਤਮ ਕਰਨ ਦੀ ਇੱਛਾ ਰੱਖਦਾ ਹੈ:

ਸਾਡਾ ਸਾਵਾ ਚਿੱਟਾ ਵੱਸੇ
ਤੇਰਾ ਵੀ ਤਿੰਨ ਰੰਗਾ,
ਇਕ ਦੂਜੇ ਦੇ ਰੰਗ ਮਿਟਾ ਕੇ
ਕੁਝ ਨਈਂ ਮਿਲਣਾ ਸਾਨੂੰ।
ਆ ਖਾਂ 'ਸੰਧੂ' ਇੱਕ ਥਾਂ ਬਹਿ ਕੇ
ਵੈਰ ਦਾ ਜ਼ਹਿਰ ਮੁਕਾਈਏ,
ਇਕ ਦੂਜੇ ਨੂੰ ਨਾਗ ਲੜਾ ਕੇ
ਕੁਝ ਨਈਂ ਮਿਲਣਾ ਸਾਨੂੰ।

ਇਰਸ਼ਾਦ ਸੰਧੂ ਦੀ ਲਿਖਣ ਸ਼ੈਲੀ, ਭਾਸ਼ਾ, ਵਿਸ਼ੇ ਅਤੇ ਠੇਠ ਪੰਜਾਬੀ ਬੋਲੀ 'ਤੇ ਚੰਗੀ-ਖਾਸੀ ਪਕੜ ਹੈ। ਇਹ ਕਿਤਾਬ ਸਾਡੀ ਮਾਂ ਬੋਲੀ ਲਈ ਉਤਮ ਤੋਹਫਾ ਹੈ। ਰੱਬ ਇਰਸ਼ਾਦ ਦੀ ਕਲਮ ਨੂੰ ਹੋਰ ਤਾਕਤ ਬਖਸ਼ੇ।

*-ਦੀਪ ਗਿੱਲ*
*ਫੋਨ: 91-78889-46060*

# 'ਸੂਰਜ ਦੀ ਅੱਖ' ਵਾਲੇ ਹੰਝੂ

## ਪ੍ਰਸੰਗ ਲਿਖਾਰੀਆਂ ਨਾਲ ਗਾਲ੍ਹ-ਮੰਦੇ ਅਤੇ ਧਮਕੀਆਂ ਦਾ

**ਪੰਜਾਬੀ ਲਿਖਾਰੀ ਬਲਦੇਵ ਸਿੰਘ (ਸੜਕਨਾਮਾ) ਦੇ ਨਵੇਂ ਨਾਵਲ 'ਸੂਰਜ ਦੀ ਅੱਖ' ਬਾਰੇ ਅੱਜ ਕੱਲ੍ਹ ਖ਼ੂਬ ਧਮੱਚੜ ਮੱਚਿਆ ਹੋਇਆ ਹੈ। ਇਹ ਨਾਵਲ ਮਹਾਰਾਜਾ ਰਣਜੀਤ ਸਿੰਘ ਅਤੇ ਉਨ੍ਹਾਂ ਦੇ ਰਾਜ ਬਾਰੇ ਹੈ। ਕੁਝ ਸਿੱਖਾਂ ਦਾ ਖਿਆਲ ਹੈ ਕਿ ਇਸ ਵਿਚ ਮਹਾਰਾਜੇ ਦੀ ਕਿਰਦਾਰਕੁਸ਼ੀ ਕੀਤੀ ਗਈ ਹੈ। ਨਾਵਲ ਬਾਰੇ ਬਹਿਸ ਦੀ ਥਾਂ ਲਿਖਾਰੀ ਖਿਲਾਫ ਇਤਰਾਜ਼ ਵਾਲੇ ਸ਼ਬਦ ਵਰਤੇ ਜਾ ਰਹੇ ਹਨ ਅਤੇ ਧਮਕੀਆਂ ਵੀ ਦਿੱਤੀਆਂ ਜਾ ਰਹੀਆਂ ਹਨ। ਉਘੇ ਸ਼ਾਇਰ ਸੁਰਜੀਤ ਪਾਤਰ ਨੇ ਇਸ ਲੇਖ ਵਿਚ ਇਸ ਮਾਮਲੇ ਨੂੰ ਆਪਣੇ ਢੰਗ ਨਾਲ ਨਜਿੱਠਣ ਦਾ ਯਤਨ ਕੀਤਾ ਹੈ। -ਸੰਪਾਦਕ**



ਬਲਦੇਵ ਸਿੰਘ ਸੜਕਨਾਮਾ

*ਇਹ ਨਾਵਲ ਪੜ੍ਹਦਿਆਂ ਕਈ ਥਾਂਈਂ ਅੱਖਾਂ ਨਮ ਹੋਈਆਂ, ਕਈ ਥਾਂਈਂ ਨਮੋਸ਼ੀ ਹੋਈ, ਕਈ ਥਾਂਈਂ ਆਪਣੇ ਮਹਾਰਾਜੇ 'ਤੇ ਮਾਣ ਨਾਲ ਸਿਰ ਉਚਾ ਹੋਇਆ... 'ਸਿੱਖ ਸੰਕੇਤ' ਦੇ ਸਿਰਜਕ ਪ੍ਰੋ. ਅਵਤਾਰ ਸਿੰਘ ਹੋਰਾਂ ਦੀਆਂ ਲਿਖੀਆਂ ਕੁਝ ਸਤਰਾਂ ਮੈਨੂੰ ਚਾਨਣ ਦਿੰਦੀਆਂ ਹਨ। ਉਹ ਕਹਿੰਦੇ ਹਨ: ਜਿਹੜੇ ਲੋਕ ਇਸ ਨਾਵਲ ਦੇ ਵਿਰੁਧ ਹਨ, ਉਨ੍ਹਾਂ ਨੇ ਰਣਜੀਤ ਸਿੰਘ ਦੇ ਰਾਜ ਦਾ ਇਤਿਹਾਸ ਅਤੇ ਵਿਸਤਾਰ ਨਹੀਂ ਦੇਖਿਆ। ਭਾਈ ਕਪੂਰ ਸਿੰਘ ਅਤੇ ਗੁਰਤੇਜ ਸਿੰਘ ਨੇ ਰਣਜੀਤ ਸਿੰਘ ਦੇ ਕਿਰਦਾਰ ਦੇ ਗੈਰ ਸਿੱਖ ਖਾਸੇ ਦੇ ਸਪਸ਼ਟ ਸੰਕੇਤ ਕੀਤੇ ਹੋਏ ਹਨ। ਸ਼ਾਇਦ ਉਹ ਕਿਸੇ ਨੇ ਪੜ੍ਹੇ ਨਹੀਂ ਜਾਂ ਕਿਸੇ ਨੂੰ ਚੇਤੇ ਨਹੀਂ। ਮਹਾਰਾਜਾ ਰਣਜੀਤ ਸਿੰਘ ਵਿਚ ਰਾਜਿਆਂ ਮਹਾਰਾਜਿਆਂ ਵਾਲੇ ਖੋਟ ਤੇ ਐਬ ਵੀ ਮੌਜੂਦ ਸਨ।*




ਨਾਵਲ ਦਾ ਮੁਖੜਾ।

ਸੋਸ਼ਲ ਮੀਡੀਏ ਨਾਲ ਬਹੁਤਾ ਨਾ ਜੁੜਿਆ ਹੋਣ ਕਾਰਨ ਮੈਨੂੰ ਜ਼ਰਾ ਦੇਰ ਨਾਲ ਪਤਾ ਲੱਗਾ ਕਿ ਬਲਦੇਵ ਸਿੰਘ ਦੇ ਨਾਵਲ 'ਸੂਰਜ ਦੀ ਅੱਖ' ਬਾਰੇ ਕਾਫ਼ੀ ਤਿੱਖੀ ਬਹਿਸ ਚੱਲ ਰਹੀ ਹੈ ਤੇ ਉਸ ਵਿਚ ਮੇਰਾ ਨਾਮ ਵੀ ਬੋਲਦਾ ਹੈ। ਬਲਦੇਵ ਸਿੰਘ ਸਾਡਾ ਬਹੁਤ ਮਿਹਨਤੀ ਤੇ ਸੁਝਵਾਨ ਸਾਹਿਤਕਾਰ ਹੈ। ਸੜਕਨਾਮਾ, ਲਾਲ ਬੱਤੀ, ਅੰਨਦਾਤਾ ਤੇ ਪੰਜਵਾਂ ਸਾਹਿਬਜ਼ਾਦਾ ਜਿਹੇ ਨਾਵਲਾਂ ਦਾ ਸਿਰਜਕ। ਨਿੱਘਾ ਦੋਸਤ, ਹਸਮੁਖ, ਸੁਘੜ ਇਨਸਾਨ। ਜਦੋਂ ਡਾ. ਕੇਵਲ ਧਾਲੀਵਾਲ ਨੇ ਲਾਲ ਬੱਤੀ ਦਾ ਨਾਟਕੀ ਰੂਪ ਪੇਸ਼ ਕਰਨਾ ਸੀ ਤਾਂ ਮੈਂ ਉਸ ਲਈ ਗੀਤ ਲਿਖੇ ਸਨ; ਤੇ ਮੇਰਾ ਇਕ ਗੀਤ ਮੇਰੇ ਮਨ ਵਿਚ ਬਲਦੇਵ ਦਾ ਨਾਵਲ 'ਅੰਨਦਾਤਾ' ਪੜ੍ਹਦਿਆਂ ਹੀ ਸ਼ੁਰੂ ਹੋਇਆ ਸੀ:

ਕੀ ਪੁੱਛਦੇ ਓਂ ਹਾਲ ਪੰਜਾਬ ਦਾ
ਉਹ ਸ਼ਰਫ਼ ਦੇ ਸੁਰਖ਼ ਗੁਲਾਬ ਦਾ
ਉਸ ਅੱਧ 'ਚੋਂ ਟੁੱਟੇ ਗੀਤ ਦਾ
ਉਸ ਵਿਛੜੀ ਹੋਈ ਰਬਾਬ ਦਾ

ਏਥੇ ਕੁੱਖਾਂ ਹੋਈਆਂ ਕੱਚ ਦੀਆਂ
ਏਥੇ ਬੱਚੀਆਂ ਮੁਸ਼ਕਲ ਬਚਦੀਆਂ
ਜੋ ਬਚਣ ਉਹ ਅੱਗ ਵਿਚ ਮਚਦੀਆਂ
ਜਿਉਂ ਟੁਕੜਾ ਹੋਏ ਕਬਾਬ ਦਾ

ਕੁਝ ਦਿਨ ਪਹਿਲਾਂ ਮੈਨੂੰ ਇਕ ਪੱਤਰਕਾਰ ਦਾ ਫ਼ੋਨ ਆਇਆ: ਤੁਸੀਂ 'ਸੂਰਜ ਦੀ ਅੱਖ' ਨਾਵਲ ਦਾ ਸਮਰਥਨ ਕੀਤਾ ਹੈ। ਇਸ ਨਾਵਲ ਬਾਰੇ ਕੀ ਕਹਿਣਾ ਚਾਹੋਗੇ? ਮੈਂ ਉਸ ਕੋਲੋਂ ਮਾਫ਼ੀ ਮੰਗੀ ਕਿ ਮੈਂ ਅਜੇ ਨਾਵਲ



**ਸੁਰਜੀਤ ਪਾਤਰ**

ਪੜ੍ਹਿਆ ਨਹੀਂ। ਸੋ, ਉਸ ਦਾ ਸਮਰਥਨ ਜਾਂ ਵਿਰੋਧ ਦਾ ਮੇਰਾ ਕੋਈ ਹੱਕ ਨਹੀਂ ਬਣਦਾ। ਆਪਣੇ ਅਗਿਆਨ ਉਤੇ ਸ਼ਰਮਿੰਦਗੀ ਹੋਈ। ਉਸ ਪਲ ਹੋਰ ਕੁਝ ਕਹਿਣ ਜੋਗਾ ਨਹੀਂ ਸਾਂ। ਨਾਵਲ ਖਰੀਦਿਆ, ਪੜ੍ਹਿਆ।

ਇਹ ਨਾਵਲ ਪੜ੍ਹਦਿਆਂ ਕਈ ਥਾਂਈਂ ਅੱਖਾਂ ਨਮ ਹੋਈਆਂ, ਕਈ ਥਾਂਈਂ ਨਮੋਸ਼ੀ ਹੋਈ, ਕਈ ਥਾਂਈਂ ਆਪਣੇ ਮਹਾਰਾਜੇ 'ਤੇ ਮਾਣ ਨਾਲ ਸਿਰ ਉਚਾ ਹੋਇਆ। ਬਹੁਤ ਸਾਲ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਦੀ ਤਾਜਪੋਸ਼ੀ ਬਾਰੇ ਲਿਖੀ ਆਪਣੀ ਇਕ ਕਵਿਤਾ ਯਾਦ ਆਈ ਜਿਸ ਦਾ ਇਕ ਹਿੱਸਾ ਤੁਹਾਡੇ ਨਾਲ ਸਾਂਝਾ ਕਰਨਾ ਚਾਹੁੰਦਾ ਹਾਂ:

ਰਹੀ ਮਸ਼ਹੂਰ ਜੱਗ ਉਤੇ
ਜਿਨ੍ਹਾਂ ਦੀ ਸਰਫ਼ਰੋਸ਼ੀ

ਜਿਨ੍ਹਾਂ ਦੇ ਸੀਸ 'ਤੇ ਚਲਦੇ ਰਹੇ ਆਰੇ
ਜਿਨ੍ਹਾਂ ਨੇ ਸੀ ਨਾ ਕੀਤੀ ਦਰਦ ਦੇ ਮਾਰੇ

ਜੋ ਸੁੱਤੇ ਜੰਗਲਾਂ ਵਿਚ
ਘੋੜਿਆਂ ਦੀ ਪਿੱਠ ਦੇ ਉਤੇ
ਜਿਨ੍ਹਾਂ ਦੇ ਸਿਰਾਂ 'ਤੇ ਦਸਤਾਰਾਂ ਸਨ
ਜਿਉਂ ਫੁੱਲ ਹੋਵਣ ਔੜ ਦੀ ਰੁੱਤੇ

ਉਨ੍ਹਾਂ ਹੀ ਸਰਫ਼ਰੋਸ਼ਾਂ 'ਚੋਂ ਕਿਸੇ ਜਾਏ ਦੀ
ਅੱਜ ਹੈ ਤਾਜਪੋਸ਼ੀ
ਰਹੀ ਮਸ਼ਹੂਰ ਜੱਗ ਉਤੇ
ਜਿਨ੍ਹਾਂ ਦੀ ਸਰਫ਼ਰੋਸ਼ੀ

ਝੁਕਾ ਕੇ ਸਿਰ ਗੁਰੂ-ਦਰ 'ਤੇ
ਕਿਹਾ ਉਸ ਨੇ:

ਮੇਰੇ ਸਤਿਗੁਰ,
ਮੇਰੇ ਰਹਿਬਰ,
ਮੇਰੇ ਮੁਰਸ਼ਿਦ
ਇਹ ਮੇਰਾ ਤਾਜ ਕੀ ਹੈ
ਤੇਰੀ ਦਹਿਲੀਜ਼ ਉਤਲੀ ਧੂੜ ਦੇ
ਕੁਝ ਕਿਣਕਿਆਂ ਦੀ
ਮੇਰੇ ਮੱਥੇ ਦੇ ਮੁੜ੍ਹਕੇ 'ਤੇ ਬੁਣੀ ਬੁਣਤੀ।

ਹੇ ਸੱਚੇ ਪਾਤਸ਼ਾਹ ਵਰ ਦੇ
ਜਿਵੇਂ ਤੇਰੇ ਪਵਿਤਰ ਗ੍ਰੰਥ ਅੰਦਰ
ਰਲ ਕੇ ਬੈਠੇ ਨੇ ਫ਼ਰੀਦ, ਕਬੀਰ, ਰਾਮਾਨੰਦ
ਸੈਨ, ਰਵਿਦਾਸ, ਪਰਮਾਨੰਦ
ਧੰਨਾ, ਨਾਮਦੇਵ, ਜੈਦੇਵ
ਤੇ ਕਿੰਨੇ ਹੋਰ ਇਹਨਾਂ ਸੰਗ
ਇਵੇਂ ਮੇਰੀ ਵਜ਼ਾਰਤ ਵਿਚ
ਇਕੱਠੇ ਦਿਸਣ ਸਭ ਈਮਾਨ ਵਾਲੇ ਵੀ
ਮਜੀਦ ਕੁਰਾਨ ਵਾਲੇ ਵੀ
ਸਲੀਬ ਨਿਸ਼ਾਨ ਵਾਲੇ ਵੀ
ਕੇਸ ਕਿਰਪਾਨ ਵਾਲੇ ਵੀ

ਇਸ ਨਾਵਲ ਦੇ 558 ਸਫ਼ੇ ਉਤੇ ਬਲਦੇਵ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਸ਼ਾਨ ਵਿਚ ਲਾਰਡ ਆਕਲੈਂਡ ਦੀ ਭੈਣ ਐਮਿਲੀ ਦਾ ਕਥਨ ਕੋਟ ਕਰਦਾ ਹੈ:

ਰਣਜੀਤ ਸਿੰਘ ਨੇ ਆਪਣੇ ਆਪ ਨੂੰ ਮਹਾਨ ਬਾਦਸ਼ਾਹ ਬਣਾ ਲਿਆ ਹੈ। ਉਸ ਨੇ ਬਹੁਤ ਸਾਰੇ ਮਹਾਂਬਲੀ ਦੁਸ਼ਮਣਾਂ ਨੂੰ ਜਿੱਤਿਆ ਹੈ। ਉਸ ਦੀ ਸਰਕਾਰ ਬੇਹੱਦ ਨਿਆਂਕਾਰ ਹੈ। ਉਸ ਨੇ ਵੱਡੀ ਸ਼ਕਤੀਸ਼ਾਲੀ ਸੈਨਾ ਨੂੰ ਨਿਯਮ-ਬੱਧ ਕੀਤਾ ਹੈ। ਉਹ ਕਦੀ ਕਿਸੇ ਦੀ ਜਾਨ ਨਹੀਂ ਲੈਂਦਾ। ਕਿਸੇ ਖ਼ੁਦਮੁਖ਼ਤਾਰ ਹਾਕਮ ਵਿਚ ਏਨੇ ਗੁਣਾਂ ਦਾ ਹੋਣਾ ਅਚੰਭੇ ਦੀ ਗੱਲ ਹੈ ਅਤੇ ਸਭ ਤੋਂ ਵੱਧ, ਉਸ ਦੀ ਪਰਜਾ ਉਸ ਨੂੰ ਅਤਿਅੰਤ ਪਿਆਰ ਕਰਦੀ ਹੈ।

ਆਪਣੇ ਨਾਵਲ ਦੇ ਪੰਨਾ 492 'ਤੇ ਬਲਦੇਵ ਸਿੰਘ ਬੁਖ਼ਾਰੇ ਦੀ ਯਾਤਰਾ ਦੇ ਲੇਖਕ, ਇਕ ਵਿਦੇਸ਼ੀ ਸੈਲਾਨੀ ਨੂੰ ਕੋਟ ਕਰਦਾ ਹੈ ਜਿਹੜਾ ਮਹਾਰਾਜਾ ਬਾਰੇ ਲਿਖਦਾ ਹੈ:

ਮੈਂ ਕਦੇ ਵੀ ਏਸ਼ੀਆ ਦੇ ਕਿਸੇ ਵਾਸੀ ਦਾ ਏਨਾ ਚੰਗਾ ਪ੍ਰਭਾਵ ਲੈ ਕੇ ਵਿਦਾ ਨਹੀਂ ਹੋਇਆ। ਰਣਜੀਤ ਸਿੰਘ ਬਿਨਾ ਕਿਸੇ ਵਿਦਿਆ ਦੇ, ਬਿਨਾ ਕਿਸੇ ਦੀ ਅਗਵਾਈ ਦੇ, ਆਪਣੇ ਰਾਜੇ ਦੇ ਸਾਰੇ ਕਾਰ ਵਿਹਾਰ ਅਸੀਮ ਤਾਕਤ ਨਾਲ ਕਰਦਾ ਹੈ; ਪਰ ਉਹ ਆਪਣੀ ਤਾਕਤ ਦੀ ਵਰਤੋਂ ਬੇਹੱਦ ਧਿਆਨ ਨਾਲ ਕਰਦਾ ਹੈ। ਪੂਰਬੀ ਰਾਜੇ ਵਿਚ ਇਹ ਅਨੋਖੀ ਅਤੇ ਨਿਵੇਕਲੀ ਮਿਸਾਲ ਹੈ।

480 ਸਫ਼ੇ 'ਤੇ ਬਲਦੇਵ ਸਿੰਘ ਲਿਖਦਾ ਹੈ: ਵਿਦੇਸ਼ਾਂ ਦੇ ਰਾਜੇ ਮਹਾਰਾਜੇ ਖ਼ਾਲਸਾ ਰਾਜ ਦੀਆਂ ਗੱਲਾਂ ਜਾਣ ਕੇ ਹੈਰਾਨ ਰਹਿ ਜਾਂਦੇ। ਉਪਰ ਇਕ ਅਜਿਹਾ ਬਾਦਸ਼ਾਹ ਰਾਜ ਕਰਦਾ ਹੈ ਜਿਥੇ ਹਿੰਦੂਆਂ, ਮੁਸਲਮਾਨਾਂ, ਸਿੱਖਾਂ ਅਤੇ ਈਸਾਈਆਂ ਨੂੰ ਇਕੋ ਜਿਹਾ ਮਾਣ ਹਾਸਲ ਹੈ। ਬਿਨਾ ਜਾਤ ਪਾਤ ਅਤੇ ਬਿਨਾ ਜਮਾਤ ਦੇ ਖ਼ਾਲਸਾ ਰਾਜ ਵਿਚ ਸ਼ਖ਼ਸ ਦੀ ਲਿਆਕਤ ਦੇਖੀ ਜਾਂਦੀ ਹੈ।

ਸਫ਼ਾ 329 'ਤੇ ਬਲਦੇਵ ਸਿੰਘ ਦਾ ਦੋਸਤ ਡਾ. ਕੌਤਕੀ ਕਹਿੰਦਾ ਹੈ:

ਉਸ ਦੇ ਰਾਜ ਵਿਚ ਹਰ ਧਰਮ ਨੂੰ ਮੰਨਣ ਦੀ ਪੂਰੀ ਆਜ਼ਾਦੀ ਸੀ। ਨਾਜ਼ਿਮਾਂ, ਦੀਵਾਨਾਂ, ਕੋਤਵਾਲਾਂ, ਥਾਣੇਦਾਰਾਂ, ਕਾਰਦਾਰਾਂ, ਕਾਨੂੰਗੋਆਂ, ਪਟਵਾਰੀਆਂ ਤੇ ਕਾਜ਼ੀਆਂ ਦੁਆਰਾ ਚਲਾਈ ਜਾ ਰਹੀ ਸਮਾਜਕ ਵਿਵਸਥਾ ਨਾਲ ਵੀ ਧੱਕਾ ਨਹੀਂ ਸੀ ਕੀਤਾ ਜਾਂਦਾ।

ਤੇ ਫਿਰ ਸਫ਼ਾ 332 'ਤੇ ਕੌਤਕੀ ਕਹਿੰਦਾ ਹੈ: ਪੂਰੇ ਚਾਲੀ ਸਾਲ ਮਾਈਨੌਰਿਟੀ ਰਾਜ ਕਰਦੀ ਰਹੀ। ਇਹ ਅਚੰਭਾ ਨਹੀਂ? ਇਹ ਰਣਜੀਤ ਸਿੰਘ ਦੀ ਸ਼ਖ਼ਸੀਅਤ ਹੀ ਸੀ ਕਿ ਅਜਿਹਾ ਹੋਇਆ। ਇਕ ਵੀ ਅਜਿਹੀ ਘਟਨਾ ਨਹੀਂ ਹੋਈ ਕਿ ਮੁਸਲਮਾਨਾਂ ਨੇ ਕਿਹਾ ਹੋਵੇ- ਸਾਨੂੰ ਸਿੱਖ ਮਹਾਰਾਜਾ ਮਨਜ਼ੂਰ ਨਹੀਂ।

ਬਲਦੇਵ ਸਿੰਘ ਨੇ ਮਹਾਰਾਜੇ ਦੀ ਅਜ਼ਮਤ ਨੂੰ ਮਹਿਸੂਸ ਕੀਤਾ ਹੈ ਤੇ ਕਰਵਾਇਆ ਵੀ ਹੈ।

ਪਰ ਰਣਜੀਤ ਸਿੰਘ ਦਾ ਹਰਮ, ਉਹਦੀਆਂ ਰਾਣੀਆਂ, ਰਖੇਲਾਂ, ਦਾਸੀਆਂ, ਏਥੇ ਕੁਝ ਕਹਿਣ ਲੱਗਿਆਂ ਮੈਂ ਰੁਕ ਜਾਂਦਾ ਹਾਂ ਤੇ ਮੈਨੂੰ ਆਪਣਾ ਇਕ ਸ਼ੇਅਰ ਯਾਦ ਆਉਂਦਾ ਹੈ:

ਕਿੰਨਾ ਭੁੱਖਾ ਹੈ ਅਸਲ ਵਿਚ ਬੰਦਾ
ਰਾਜਿਆਂ ਦੇ ਕੋਈ ਹਰਮ ਦੇਖੇ

ਏਥੇ 'ਸਿੱਖ ਸੰਕੇਤ' ਦੇ ਸਿਰਜਕ ਪ੍ਰੋ. ਅਵਤਾਰ ਸਿੰਘ ਹੋਰਾਂ ਦੀਆਂ ਲਿਖੀਆਂ ਕੁਝ ਸਤਰਾਂ ਮੈਨੂੰ ਚਾਨਣ ਦਿੰਦੀਆਂ ਹਨ। ਉਹ ਕਹਿੰਦੇ ਹਨ: ਜਿਹੜੇ ਲੋਕ ਇਸ ਨਾਵਲ ਦੇ ਖਿਲਾਫ ਹਨ, ਉਨ੍ਹਾਂ ਨੇ ਰਣਜੀਤ ਸਿੰਘ ਦੇ ਰਾਜ ਦਾ ਇਤਿਹਾਸ ਅਤੇ ਵਿਸਤਾਰ ਨਹੀਂ ਦੇਖਿਆ। ਭਾਈ ਕਪੂਰ ਸਿੰਘ ਅਤੇ ਗੁਰਤੇਜ ਸਿੰਘ ਨੇ ਰਣਜੀਤ ਸਿੰਘ ਦੇ ਕਿਰਦਾਰ ਦੇ ਗੈਰ ਸਿੱਖ ਖਾਸੇ ਦੇ ਸਪਸ਼ਟ ਸੰਕੇਤ ਕੀਤੇ ਹੋਏ ਹਨ। ਸ਼ਾਇਦ ਉਹ ਕਿਸੇ ਨੇ ਪੜ੍ਹੇ ਨਹੀਂ ਜਾਂ ਕਿਸੇ ਨੂੰ ਚੇਤੇ ਨਹੀਂ। ਮਹਾਰਾਜਾ ਰਣਜੀਤ ਸਿੰਘ ਵਿਚ ਰਾਜਿਆਂ ਮਹਾਰਾਜਿਆਂ ਵਾਲੇ ਖੋਟ ਤੇ ਐਬ ਵੀ ਮੌਜੂਦ ਸਨ (ਮੈਨੂੰ ਸਮਰਾਟ ਅਸ਼ੋਕ- ਅਸ਼ੋਕਾ ਦਿ ਗ੍ਰੇਟ- ਯਾਦ ਆਉਂਦਾ ਹੈ ਜਿਸ ਬਾਰੇ 'ਅਸ਼ੋਕਾਵਦਾਨ' ਵਿਚ ਲਿਖਿਆ ਹੈ ਕਿ ਉਸ ਦੀਆਂ ਪੰਜ ਰਾਣੀਆਂ ਤੇ 500 ਰਖੇਲਾਂ ਸਨ; ਤੇ ਇਹ ਵੀ ਕਿ ਉਸ ਨੇ ਕਿਸੇ ਗੱਲੋਂ ਨਾਰਾਜ਼ ਹੋ ਕੇ ਆਪਣੀਆਂ ਪੰਜ ਸੌ ਰਖੇਲਾਂ ਨੂੰ ਜਲਾ ਦਿੱਤਾ ਸੀ। ਹੋਰ ਸਮਰਾਟਾਂ ਤੇ ਬਾਦਸ਼ਾਹਾਂ ਦੀ ਤਾਂ ਗੱਲ ਹੀ ਛੱਡੋ)।

ਅਸੀਂ ਜਿਹੜੇ ਪਰਜਾ ਹਾਂ, ਲਿਖਾਰੀ ਹਾਂ, ਪੱਤਰਕਾਰ ਹਾਂ, ਐਬ ਤੇ ਖੋਟ ਤਾਂ ਸਾਡੇ ਵਿਚ ਵੀ ਘੱਟ ਨਹੀਂ। ਜੇ ਸਾਡੇ ਵਿਚ ਐਬ ਤੇ ਖੋਟ ਨਾ ਹੁੰਦੇ ਤਾਂ ਅਸੀਂ ਸੱਚ ਮੁੱਚ ਹਲੇਮੀ ਰਾਜ ਤੇ ਬੇਗਮ ਪੁਰੇ ਲਈ ਜੂਝ ਰਹੇ ਹੁੰਦੇ। ਅਸੀਂ ਇਕ ਦੂਜੇ 'ਤੇ ਇਲਜ਼ਾਮ ਲਾਉਣ ਦੀ ਥਾਂ ਇਕ ਦੂਜੇ ਤੋਂ ਸੰਵਾਦ ਰਾਹੀਂ ਕੁਝ ਸਿੱਖ ਰਹੇ ਹੁੰਦੇ। ਆਪਣੇ ਐਬਾਂ ਅਤੇ ਖੋਟਾਂ ਖਿਲਾਫ਼ ਲੜ ਰਹੇ ਹੁੰਦੇ। ਉਰਦੂ ਸ਼ਾਇਰ ਸ਼ਕੇਬ ਜਲਾਲੀ ਦਾ ਸ਼ੇਅਰ ਹੈ:

ਤੂ ਜੋ ਇਸ ਰਾਹ ਸੇ ਗੁਜ਼ਰਾ ਹੋਤਾ
ਤੇਰਾ ਮਲਬੂਸ ਭੀ ਕਾਲਾ ਹੋਤਾ

ਗਾਲ੍ਹਾਂ ਅਤੇ ਇਲਜ਼ਾਮ ਤਾਂ ਸਾਨੂੰ ਉਸ ਸਿੱਖੀ ਤੋਂ ਬਹੁਤ ਦੂਰ ਲੈ ਜਾਂਦੇ ਹਨ ਜਿਸ ਸਿੱਖੀ ਦੀ ਰਾਖੀ ਲਈ ਅਸੀਂ ਗਾਲ੍ਹਾਂ ਦਿੰਦੇ ਜਾਂ ਇਲਜ਼ਾਮ ਲਾਉਂਦੇ ਹਾਂ।

ਗੁਰੂ ਅਰਜਨ ਦੇਵ ਜੀ ਦੇ ਮਹਾਵਾਕ:
ਮਾਟੀ ਕਾ ਕਿਆ ਧੋਪੈ ਸੁਆਮੀ
ਮਾਨਸ ਕੀ ਗਤਿ ਏਹੀ

ਦੀ ਲੋਏ ਆਪਣੇ ਪਿਆਰੇ ਦੋਸਤ, ਕਲਾ ਸਾਧਕ ਤੇ ਪ੍ਰਤਿਭਾਸ਼ੀਲ ਨਾਵਲਕਾਰ ਬਲਦੇਵ ਸਿੰਘ ਨੂੰ ਵੀ ਇਹ ਸਲਾਹ ਦਿੰਦਾ ਹਾਂ ਕਿ ਆਪਣੇ ਕਿਰਦਾਰਾਂ ਦੇ ਐਬਾਂ ਤੇ ਖੋਟਾਂ ਦਾ ਜ਼ਿਕਰ ਇਸ ਤਰ੍ਹਾਂ ਵੀ ਹੋ ਸਕਦਾ ਹੈ, ਜਿਵੇਂ ਉਹ ਆਪਣੇ ਹੀ ਐਬ ਤੇ ਖੋਟ ਹੋਣ।

ਅਖੀਰ ਵਿਚ ਇਸ ਨਾਵਲ ਵਿਚੋਂ ਐਸੀਆਂ ਦੋ ਘਟਨਾਵਾਂ ਬਿਆਨ ਕਰਨੀਆਂ ਚਾਹੁੰਦਾ ਹਾਂ ਜਿਨ੍ਹਾਂ ਨੇ ਮੇਰੇ ਮਨ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਰੂਹ ਨਾਲ ਮੇਰੀ ਸਾਂਝ ਪੁਆਈ। ਮੇਰੀਆਂ ਅੱਖਾਂ ਵਿਚੋਂ ਹੰਝੂ ਸਿੰਮ ਆਏ। ਮੈਂ ਮਹਾਰਾਜਾ ਰਣਜੀਤ ਸਿੰਘ ਦੀ ਰੂਹ ਅਤੇ ਬਲਦੇਵ ਸਿੰਘ ਦੀ ਕਲਮ ਨੂੰ ਸਲਾਮ ਕੀਤਾ:

ਇਕ ਦਿਨ ਕਸ਼ਮੀਰ ਦੇ ਮਾਮਲਿਆਂ ਦਾ ਪ੍ਰਬੰਧਕ ਜਮਾਂਦਾਰ ਖ਼ੁਸ਼ਹਾਲ ਸਿੰਘ ਕਸ਼ਮੀਰੀਆਂ ਕੋਲੋਂ ਆਸ ਨਾਲੋਂ ਵੀ ਵੱਧ ਕਰ ਉਗਰਾਹ ਕੇ ਲੈ ਆਇਆ। ਰਣਜੀਤ ਸਿੰਘ ਨੂੰ ਇਹ ਵੀ ਜਾਣਕਾਰੀ ਸੀ ਕਿ ਕਸ਼ਮੀਰ ਵਿਚ ਪਿਛਲੇ ਦਿਨੀਂ ਭੁਚਾਲ ਆ ਗਿਆ ਸੀ, ਬਿਮਾਰੀ ਫੈਲ ਗਈ ਸੀ, ਕਾਲ ਪੈ ਗਿਆ ਸੀ।

ਮਹਾਰਾਜ ਨੇ ਪੁੱਛਿਆ: ਕਸ਼ਮੀਰੀਆਂ ਨੇ ਆਪਣੀ ਮਰਜ਼ੀ ਨਾਲ ਹੀ ਲਗਾਨ ਦੇ ਦਿੱਤਾ ਕਿ ਕਾਫ਼ੀ ਸਖ਼ਤੀ ਕਰਨੀ ਪਈ?

ਖ਼ੁਸ਼ਹਾਲ ਸਿੰਘ ਕਹਿਣ ਲੱਗਾ: ਮਹਾਰਾਜ, ਸਿੱਧੀ ਉਂਗਲ ਨਾਲ ਘੀ ਨਹੀਂ ਨਿਕਲਦਾ।

ਜਮਾਂਦਾਰ ਖ਼ੁਸ਼ਹਾਲ ਸਿੰਘ ਨੇ ਸ਼ੇਰ ਦੀ ਦਹਾੜ ਸੁਣੀ: ਖ਼ਾਮੋਸ਼ ਬਦਬਖ਼ਤ।

ਮਹਾਰਾਜ ਦੇ ਆਦੇਸ਼ 'ਤੇ ਫ਼ੌਰਨ ਪ੍ਰਬੰਧ ਕੀਤਾ ਗਿਆ। ਕਣਕ, ਦਾਲਾਂ, ਗੁੜ, ਕੰਬਲ, ਰੁਪਏ ਕਸ਼ਮੀਰ ਪਹੁੰਚਾਏ ਗਏ।

---

ਇਕ ਵਾਰ ਸ਼ਿਕਾਰ ਖੇਡਣ ਗਏ ਤਾਂ ਇਕ ਘੋੜ ਸਵਾਰ ਨੇ ਦੱਸਿਆ ਕਿ ਸ਼ੇਰਨੀ ਦਾ ਬੱਚਾ ਉਨ੍ਹਾਂ ਦੇ ਜਾਲ ਵਿਚ ਫਸ ਗਿਆ। ਮਹਾਰਾਜਾ ਰਣਜੀਤ ਸਿੰਘ ਉਸ ਸ਼ੇਰਨੀ ਦੇ ਬੱਚੇ ਨੂੰ ਆਪਣੇ ਹੱਥਾਂ ਦੇ ਵਿਚ ਪਕੜ ਕੇ ਪਲੋਸਦਾ ਹੈ ਤੇ ਕਹਿੰਦਾ ਹੈ: ਹਰ ਬੱਚਾ ਮਾਸੂਮ ਹੁੰਦਾ ਹੈ, ਇਸ ਤਰ੍ਹਾਂ... ਤੇ ਵੱਡਾ ਹੋ ਕੇ ਖ਼ੂੰਖ਼ਾਰ ਬਣ ਜਾਂਦਾ ਹੈ, ਸਾਡੀ ਤਰ੍ਹਾਂ। ਇਹਨੂੰ ਅਸੀਂ ਲਾਹੌਰ ਕਿਲ੍ਹੇ ਵਿਚ ਪਾਲਤੂ ਸ਼ੇਰ ਬਣਾਵਾਂਗੇ।

ਉਸ ਰਾਤ ਉਹ ਜੰਗਲ ਵਿਚ ਲਾਏ ਤੰਬੂਆਂ 'ਚ ਹੀ ਸੁੱਤੇ। ਅੱਧੀ ਰਾਤੀਂ ਜੰਗਲ ਇਕਦਮ ਸ਼ਾਂਤ ਸੀ। ਤੰਬੂਆਂ ਲਾਗਿਓਂ ਹੀ ਕਿਸੇ ਦੇ ਰੋਣ ਦੀ ਆਵਾਜ਼ ਆਈ। ਰਣਜੀਤ ਸਿੰਘ ਦੀ ਅੱਖ ਖੁੱਲ੍ਹ ਗਈ। ਕਿਸੇ ਜਾਨਵਰ ਦੀ ਆਵਾਜ਼ ਜਾਪਦੀ ਸੀ। ਸਿਪਾਹੀਆਂ ਨੂੰ ਦੇਖਣ ਲਈ ਭੇਜਿਆ। ਉਨ੍ਹਾਂ ਦੇਖਿਆ, ਭਟਕੀ ਹੋਈ ਸ਼ੇਰਨੀ ਸੀ, ਏਧਰ ਓਧਰ ਬੇਚੈਨ ਘੁੰਮਦੀ। ਉਸ ਦੇ ਮੂੰਹ ਵਿਚੋਂ ਹੀ ਅਜੀਬ ਰੋਂਦੀਆਂ ਆਵਾਜ਼ਾਂ ਨਿਕਲ ਰਹੀਆਂ ਸਨ। ਮਾਹਿਰ ਸ਼ਿਕਾਰੀ ਝੱਟ ਸਮਝ ਗਏ। ਇਕ ਸੈਨਿਕ ਕਹਿਣ ਲੱਗਾ: ਮਹਾਰਾਜ, ਜਿਹੜਾ ਬੱਚਾ ਆਪਾਂ ਕੱਲ੍ਹ ਪਕੜਿਆ ਸੀ, ਇਹ ਰੋਂਦੀ ਆਵਾਜ਼ ਉਸ ਬੱਚੇ ਦੀ ਮਾਂ ਦੀ ਹੈ।

'ਓ ਇਸ ਬੱਚੇ ਦੀ ਮਾਂ' ਰਣਜੀਤ ਸਿੰਘ ਦੇ ਮੂੰਹੋਂ ਨਿਕਲਿਆ।

'ਹਾਂ ਮਹਾਰਾਜ ਏਧਰ ਓਧਰ ਭਟਕ ਰਹੀ ਤੇ ਕੁਰਲਾ ਰਹੀ ਹੈ।'

'ਆਖ਼ਰ ਮਾਂ ਹੈ ਨਾ, ਬੱਚੇ ਲਈ ਤੜਪ ਰਹੀ ਹੈ।' ਰਣਜੀਤ ਸਿੰਘ ਨੇ ਜਿਵੇਂ ਆਪਣੇ ਅੰਦਰਲੇ ਨੂੰ ਕਿਹਾ।

ਸੈਨਿਕ ਨੇ ਕਿਹਾ: ਮਹਾਰਾਜ ਖਿਮਾ ਕਰਨਾ, ਇਹ ਮੌਕਾ ਹੈ। ਮਾਂ ਬੱਚੇ ਕੋਲ ਆਵੇਗੀ ਤਾਂ ਅਸੀਂ ਉਹਨੂੰ ਵੀ ਕਾਬੂ ਕਰ ਲਵਾਂਗੇ।

ਰਣਜੀਤ ਸਿੰਘ ਨੇ ਕ੍ਰੋਧਿਤ ਨਜ਼ਰਾਂ ਨਾਲ ਇਸ ਤਰ੍ਹਾਂ ਸੈਨਿਕ ਵੱਲ ਦੇਖਿਆ ਕਿ ਡਰ ਨਾਲ ਉਸ ਦਾ ਚਿਹਰਾ ਫੱਕ ਹੋ ਗਿਆ।

ਰਣਜੀਤ ਸਿੰਘ ਨੇ ਕਿਹਾ: ਬੱਚੇ ਨੂੰ ਲੈ ਜਾਓ ਤੇ ਇਸ ਦੀ ਮਾਂ ਕੋਲ ਲਿਜਾ ਕੇ ਛੱਡ ਦਿਓ।

ਇਹ ਘਟਨਾ ਮਹਾਰਾਜਾ ਰਣਜੀਤ ਸਿੰਘ ਦੀ ਅੰਤਰ-ਆਤਮਾ ਦੀ ਝਾਤ ਵੀ ਪਵਾਉਂਦੀ ਹੈ ਤੇ ਇਉਂ ਵੀ ਲਗਦਾ ਹੈ ਜਿਵੇਂ ਇਹ ਦਲੀਪ ਅਤੇ ਜਿੰਦਾਂ ਦੇ ਵਿਛੋੜੇ ਦੀ ਕਥਾ ਦਾ ਅਗਾਊਂ ਸੁਪਨਾ ਜਾਂ ਪਰਛਾਵਾਂ ਹੋਵੇ।

#


# ਡਿਸ਼ ਵਾਸ਼ਰ, ਹੈਲਪਰ ਅਤੇ ਵੇਟਰ ਦੀ ਲੋੜ ਹੈ

**ਅਟਲਾਂਟਾ, ਜਾਰਜੀਆ 'ਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਅਨੁਭਵੀ ਡਿਸ਼ ਵਾਸ਼ਰ, ਕਿਚਨ ਹੈਲਪਰ ਤੇ ਵੇਟਰ ਦੀ ਫੌਰੀ ਲੋੜ ਹੈ। ਜੋੜੇ ਨੂੰ ਤਰਜੀਹ। ਚੰਗੀ ਤਨਖਾਹ, ਮੁਫਤ ਰਿਹਾਇਸ਼**

ਸੰਪਰਕ ਕਰੋ

**ਫੋਨ: 757-240-9348**

30-32

# 15ਵੇਂ ਕੌਮਾਂਤਰੀ ਗਤਕਾ ਯੁਧ ਮੁਕਾਬਲਿਆਂ ਵਿਚ ਸਿੰਘ ਤੇ ਸਿੰਘਣੀਆਂ ਨੇ ਦਿਖਾਏ ਗਤਕੇ ਦੇ ਜੌਹਰ

**ਟੋਰਾਂਟੋ, ਕੈਨੇਡਾ (ਬਿਊਰੋ):** ਇਥੇ ਹੋਏ 15ਵੇਂ ਸਾਲਾਨਾ ਕੌਮਾਂਤਰੀ ਗਤਕਾ ਯੁਧ ਟੂਰਨਾਮੈਂਟ ਦੌਰਾਨ ਦੁਨੀਆਂ ਦੇ ਵੱਖ ਵੱਖ ਮੁਲਕਾਂ ਤੋਂ ਗਤਕਾ ਖਿਡਾਰੀਆਂ ਨੇ ਗਤਕੇ ਦੇ ਜੌਹਰ ਦਿਖਾਏ ਅਤੇ ਦਰਸ਼ਕਾਂ ਦੀ ਵੀ ਪੂਰੀ ਰੌਣਕ ਰਹੀ। ਲੰਘੀ 30 ਜੁਲਾਈ ਨੂੰ ਹੋਏ ਇਨ੍ਹਾਂ ਮੁਕਾਬਲਿਆਂ ਵਿਚ ਕੈਲੀਫੋਰਨੀਆ, ਬ੍ਰਿਟਿਸ਼ ਕੋਲੰਬੀਆ, ਵਰਜੀਨੀਆ, ਮੈਰੀਲੈਂਡ, ਮੌਂਟਰੀਅਲ, ਨਿਊ ਯਾਰਕ, ਇੰਡੀਆ ਤੇ ਇੰਗਲੈਂਡ ਦੀਆਂ ਟੀਮਾਂ ਨੇ ਹਿੱਸਾ ਲਿਆ।

ਟੂਰਨਾਮੈਂਟ ਦੇ ਮੁੱਖ ਆਯੋਜਕ ਜਸਦੇਵ ਸਿੰਘ ਨੇ ਦੱਸਿਆ ਕਿ ਮੁਕਾਬਲੇ ਚੱਕਰ/ਜਾਲ ਅਤੇ ਦੋ ਤਲਵਾਰਾਂ ਘੁਮਾਉਣ ਅਤੇ ਫੜ੍ਹੀ-ਸੋਟੀ ਦੇ ਹੋਏ। ਇਨ੍ਹਾਂ ਵਿਚ 18 ਸਾਲ ਤੋਂ ਵੱਧ ਅਤੇ 17 ਸਾਲ ਤੇ ਇਸ ਤੋਂ ਛੋਟੀ ਉਮਰ ਦੇ ਖਿਡਾਰੀ ਸ਼ਾਮਲ ਸਨ। ਮੁਕਾਬਲਿਆਂ ਵਿਚ ਬੀਬੀਆਂ ਨੇ ਵੀ ਆਪਣੇ ਹੁਨਰ ਦੇ ਜੌਹਰ ਦਿਖਾਏ। ਜੇਤੂਆਂ ਨੂੰ 10,000 ਡਾਲਰ ਤੋਂ ਵੱਧ ਰਕਮ ਦੇ ਇਨਾਮ ਦਿੱਤੇ ਗਏ।

ਸਿੰਘਾਂ ਦੇ ਫੜ੍ਹੀ-ਸੋਟੀ ਮੁਕਾਬਲੇ ਵਿਚ 18 ਅਤੇ ਵੱਧ ਉਮਰ ਦੇ ਵਰਗ ਵਿਚ ਕੈਲੀਫੋਰਨੀਆ ਗਤਕਾ ਦਲ ਦੇ ਅਜੇਪਾਲ ਸਿੰਘ ਫਰੀਮਾਂਟ ਪਹਿਲੇ ਅਤੇ ਭਰਜੋਬਨ ਸਿੰਘ ਐਲ ਸਬਰਾਂਟੇ ਦੂਜੇ ਤੇ ਹਿੰਮਤ ਸਿੰਘ ਫਰੀਮਾਂਟ ਤੀਜੇ ਨੰਬਰ 'ਤੇ ਰਹੇ। 17 ਅਤੇ ਘੱਟ ਉਮਰ ਵਰਗ ਵਿਚ ਪਰਗਟ ਸਿੰਘ ਟੋਰਾਂਟੋ, ਸ਼ਹੀਦ ਬਾਬਾ ਦੀਪ ਸਿੰਘ ਅਖਾੜਾ ਅੱਵਲ; ਸੁਖਮਨ ਸਿੰਘ ਰਿਵਰਸਾਈਡ, ਕੈਲੀਫੋਰਨੀਆ ਗਤਕਾ ਦਲ ਦੂਜੇ ਅਤੇ ਮੋਹਕਮ ਸਿੰਘ ਸਟਾਕਟਨ, ਕੈਲੀਫੋਰਨੀਆ ਗਤਕਾ ਦਲ ਤੀਜੇ ਨੰਬਰ 'ਤੇ ਰਹੇ।

ਬੀਬੀਆਂ ਦੇ ਫੜ੍ਹੀ-ਸੋਟੀ ਮੁਕਾਬਲਿਆਂ ਵਿਚ 18 ਸਾਲ ਤੇ ਵੱਧ ਉਮਰ ਵਰਗ ਵਿਚ ਕੈਲੀਫੋਰਨੀਆ ਗਤਕਾ ਦਲ ਦੀ ਗੁਰਲੀਨ ਕੌਰ ਫਰੀਮਾਂਟ ਪਹਿਲੇ ਅਤੇ ਜਸਕੀਰਤ ਕੌਰ ਐਲ ਸਬਰਾਂਟੇ ਦੂਜੇ ਨੰਬਰ 'ਤੇ ਰਹੀਆਂ। 14 ਤੋਂ 17 ਸਾਲ ਦੇ ਉਮਰ ਵਰਗ ਵਿਚ ਕੈਲੀਫੋਰਨੀਆ ਗਤਕਾ ਦਲ ਦੀ ਨਵਨੀਤ ਕੌਰ ਯੂਬਾ ਸਿਟੀ ਅਤੇ ਸਰਬਪ੍ਰੀਤ ਕੌਰ ਫਰੀਮਾਂਟ ਦੂਜੇ ਨੰਬਰ 'ਤੇ ਰਹੀਆਂ।

ਸਿੰਘਾਂ ਦੇ ਚੱਕਰ/ਜਾਲ ਮੁਕਾਬਲਿਆਂ ਵਿਚ 18 ਸਾਲ ਤੇ ਵੱਧ ਉਮਰ ਵਰਗ ਵਿਚ ਕੈਲੀਫੋਰਨੀਆ ਗਤਕਾ ਦਲ ਦੇ ਤਰਨਜੋਧ ਸਿੰਘ ਫਰੀਮਾਂਟ ਪਹਿਲੇ ਅਤੇ ਗੁਰਪਰਤਾਪ ਸਿੰਘ ਰਿਵਰਸਾਈਡ ਦੂਜੇ ਨੰਬਰ 'ਤੇ ਰਹੇ। ਬੀਬੀਆਂ ਦੇ ਚੱਕਰ/ਜਾਲ ਮੁਕਾਬਲਿਆਂ ਵਿਚ 18 ਸਾਲ ਤੇ ਵੱਧ ਉਮਰ ਵਰਗ ਵਿਚ ਸੁਖਮਿਨ ਕੌਰ, ਕੈਲੀਫੋਰਨੀਆ ਗਤਕਾ ਦਲ ਪਹਿਲੇ ਅਤੇ ਮਧੁਰ ਕੌਰ, ਮੈਰੀਲੈਂਡ ਗਤਕਾ ਅਖਾੜਾ ਦੂਜੇ ਨੰਬਰ 'ਤੇ ਰਹੀਆਂ।

ਸਿੰਘਾਂ ਦੇ ਦੋ ਕਿਰਪਾਨਾਂ ਦੇ 14 ਤੋਂ 17 ਸਾਲ ਦੇ ਉਮਰ ਵਰਗ ਦੇ ਮੁਕਾਬਲੇ ਵਿਚ ਪਰਗਟ ਸਿੰਘ, ਟੋਰਾਂਟੋ, ਸ਼ਹੀਦ ਬਾਬਾ ਦੀਪ ਸਿੰਘ ਅਖਾੜਾ ਪਹਿਲੇ ਅਤੇ ਸਾਹਿਬਜੋਤ ਸਿੰਘ ਫਰੀਮਾਂਟ, ਕੈਲੀਫੋਰਨੀਆ ਗਤਕਾ ਦਲ ਦੂਜੇ ਨੰਬਰ 'ਤੇ ਰਹੇ। ਬੀਬੀਆਂ ਦੇ 14 ਤੋਂ 17 ਸਾਲ ਦੇ ਉਮਰ ਵਰਗ ਦੇ ਇਸੇ ਮੁਕਾਬਲੇ ਵਿਚ ਕੈਲੀਫੋਰਨੀਆ ਗਤਕਾ ਦਲ ਦੀਆਂ ਹੀ ਜਪਲੀਨ ਕੌਰ ਰਿਵਰਸਾਈਡ ਪਹਿਲੇ ਅਤੇ ਸਰਬਪ੍ਰੀਤ ਕੌਰ ਫਰੀਮਾਂਟ ਦੂਜੇ ਨੰਬਰ 'ਤੇ ਰਹੀਆਂ। ਕੁਲ ਮਿਲਾ ਕੇ ਕੈਲੀਫੋਰਨੀਆ ਗਤਕਾ ਦਲ ਦੇ ਸਿੰਘ ਤੇ ਸਿੰਘਣੀਆਂ ਛਾਏ ਰਹੇ।

ਇਨ੍ਹਾਂ ਮੁਕਾਬਲਿਆਂ ਲਈ ਜੱਜਾਂ ਦੀ ਭੂਮਿਕਾ ਭਾਈ ਸਰਬਜੀਤ ਸਿੰਘ ਟੋਰਾਂਟੋ, ਭਾਈ ਹਰਜੋਤ ਸਿੰਘ ਮੈਰੀਲੈਂਡ ਅਤੇ ਭਾਈ ਨਵਰੀਤ ਸਿੰਘ ਯੂ. ਕੇ. ਨੇ ਨਿਭਾਈ ਜਦੋਂਕਿ ਰੈਫਰੀ ਭਾਈ ਦੀਦਾਰ ਸਿੰਘ ਐਲ ਸਬਰਾਂਟੇ, ਕੈਲੀਫੋਰੀਆ; ਭਾਈ ਗੁਰਸ਼ੀਲ ਸਿੰਘ ਟੋਰਾਂਟੋ ਅਤੇ ਭਾਈ ਤਰਵੀਰ ਸਿੰਘ ਸੱਰੀ, ਬੀ ਸੀ ਸਨ। ਹੋਰ ਜਾਣਕਾਰੀ ਲਈ ਭਾਈ ਜਸਦੇਵ ਸਿੰਘ ਨਾਲ ਫੋਨ: 416-835-1909 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।



ਗਤਕਾ ਯੁਧ ਵਿਚ ਸ਼ਾਮਲ ਹੋਏ ਯੋਧੇ

# ਖੂਬ ਰਿਹਾ ਜੀ.ਐਚ.ਜੀ. ਅਕੈਡਮੀ ਦਾ ਸਾਲਾਨਾ ਕੌਮਾਂਤਰੀ ਯੁਵਕ ਮੇਲਾ

**ਫਰਿਜ਼ਨੋ (ਬਿਊਰੋ):** ਸਥਾਨਕ ਸੰਸਥਾ ਜੀ.ਐਚ.ਜੀ. ਅਕੈਡਮੀ ਵਲੋਂ ਡਾ. ਦਲਜਿੰਦਰ ਸਿੰਘ ਜੌਹਲ ਦੀ ਅਗਵਾਈ ਹੇਠ ਕਰਵਾਏ ਗਏ ਨੌਵੇਂ ਸਾਲਾਨਾ ਕੌਮਾਂਤਰੀ ਯੁਵਕ ਮੇਲੇ ਵਿਚ ਗਿੱਧੇ ਤੇ ਭੰਗੜੇ ਦੀਆਂ 27 ਟੀਮਾਂ ਨੇ ਹਿੱਸਾ ਲਿਆ। ਇਨ੍ਹਾਂ ਵਿਚ ਕੈਨੇਡਾ ਅਤੇ ਨੌਰਥ ਅਮਰੀਕਾ ਦੀਆਂ ਕੁੜੀਆਂ ਅਤੇ ਮੁੰਡਿਆਂ ਦੀਆਂ ਗਿੱਧੇ ਤੇ ਭੰਗੜੇ ਦੀਆਂ 13 ਟੀਮਾਂ ਸ਼ਾਮਲ ਸਨ।

ਲਾਈਵ ਭੰਗੜਾ ਮੁਕਾਬਲੇ ਵਿਚ 'ਰੋਇਲ ਭੰਗੜਾ ਗਰੁੱਪ' ਪਹਿਲੇ ਅਤੇ 'ਕੈਲੀਫੋਰਨੀਆ ਫੋਕ ਭੰਗੜਾ ਗਰੁੱਪ' ਦੂਜੇ ਸਥਾਨ 'ਤੇ ਰਹੇ, ਜਦੋਂਕਿ ਸੰਗੀਤਕ ਭੰਗੜਾ ਮੁਕਾਬਲੇ ਵਿਚ 'ਬੁਲਡੋਗ ਭੰਗੜਾ ਜੂਨੀਅਰ ਕੈਲੀਫੋਰਨੀਆ' ਟੀਮ ਪਹਿਲੇ ਸਥਾਨ 'ਤੇ ਰਹੀ। ਸੱਰੀ, ਕੈਨੇਡਾ ਦੀਆਂ ਦੋ ਟੀਮਾਂ-'ਰੋਇਲ ਏਂਜਲਜ਼' ਦੂਜੇ ਅਤੇ 'ਸ਼ਾਨੇ ਪੰਜਾਬ ਨੱਚਦੇ ਪੰਜਾਬੀ' ਤੀਜੇ ਸਥਾਨ 'ਤੇ ਰਹੀਆਂ। 'ਰੋਇਲ ਬਲੌਕਰਜ਼' ਅਤੇ 'ਵਿਨਸਿਟੀ ਭੰਗੜਾ' ਚੌਥੇ ਸਥਾਨ 'ਤੇ ਰਹੀਆਂ। ਤਰਨਜੀਤ ਕਲੇਰ ਦੇ ਤਿਆਰ ਮਾਂਵਾਂ ਦੇ ਇਕ ਗਰੁੱਪ ਨੇ ਆਪਣੀ ਕਲਾ ਦੇ ਖੂਬ ਜੌਹਰ ਦਿਖਾਏ।

ਹਿੱਸਾ ਲੈਣ ਵਾਲੇ ਬੱਚਿਆਂ ਨੂੰ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਕੌਮਾਂਤਰੀ ਪੱਧਰ ਦੇ ਮੁਕਾਬਲਿਆਂ ਵਿਚ ਜੇਤੂਆਂ ਨੂੰ ਯਾਦਗਾਰੀ ਟਰਾਫੀਆਂ ਅਤੇ ਇਨਾਮ ਦਿੱਤੇ ਗਏ।

ਪ੍ਰੋਗਰਾਮ ਦੌਰਾਨ ਸੰਸਥਾ ਵੱਲੋਂ ਸਥਾਨਕ ਮੁਦਲੇ ਮੈਂਬਰ ਅਤੇ ਪੱਤਰਕਾਰ ਜਗਜੀਤ ਸਿੰਘ ਥਿੰਦ ਅਤੇ ਹੋਰ ਬਹੁਤ ਸਾਰੇ ਪਤਵੰਤੇ ਸੱਜਣਾਂ, ਸਹਿਯੋਗੀਆਂ ਦਾ ਸਨਮਾਨ ਚਿੰਨ ਦੇ ਕੇ ਸਨਮਾਨ ਕੀਤਾ ਗਿਆ। ਮੰਚ ਸੰਚਾਲਨ ਅੰਤਰ-ਰਾਸ਼ਟਰੀ ਪੱਧਰ ਦੀ ਸਟੇਜ ਸੰਚਾਲਕਾ ਬੀਬੀ ਆਸ਼ਾ ਸ਼ਰਮਾ ਨੇ ਆਪਣੇ ਖਾਸ ਸ਼ਾਇਰਾਨਾ ਅੰਦਾਜ਼ ਵਿਚ ਕੀਤਾ। ਗੁਰਦੀਪ ਸ਼ੇਰਗਿੱਲ ਨੇ ਉਸ ਦਾ ਸਾਥ ਬਾਖੂਬੀ ਨਿਭਾਇਆ। ਪ੍ਰੋਗਰਾਮ ਦੀ ਕਾਮਯਾਬੀ ਲਈ ਪਰਮਜੀਤ ਧਾਲੀਵਾਲ, ਉਦੈਦੀਪ ਸਿੱਧੂ ਅਤੇ ਜੀ.ਐਚ.ਜੀ. ਅਕੈਡਮੀ ਦੇ ਸਮੂਹ ਮੈਂਬਰ ਵਧਾਈ ਦੇ ਪਾਤਰ ਹਨ।



# ਸਭ ਤੋਂ ਭਾਰੀ ਮਹਿਲਾ ਨੇ ਘਟਾਇਆ 315 ਕਿੱਲੋ ਵਜ਼ਨ

**ਨਵੀਂ ਦਿੱਲੀ:** ਦੁਨੀਆਂ ਦੀ ਸਭ ਤੋਂ ਵਜ਼ਨਦਾਰ ਮਹਿਲਾ ਨੇ ਆਪਣੀ ਦ੍ਰਿੜ ਇੱਛਾ ਤੇ ਲਗਨ ਨਾਲ ਵਜ਼ਨ ਘਟਾਉਣ ਦੀ ਚਾਹਤ ਪੂਰੀ ਕਰ ਲਈ ਹੈ। ਮਿਸਰ ਦੀ ਰਹਿਣ ਵਾਲੀ ਇਮਾਨ ਅਹਿਮਦ ਢਾਈ ਮਹੀਨੇ ਪਹਿਲਾਂ ਭਾਰਤ 'ਚ ਬੇਰ੍ਰਿਆਟਿਕ ਸਰਜਰੀ ਕਰਵਾ ਕੇ ਇਲਾਜ ਲਈ ਯੂ.ਏ.ਈ. ਚਲੀ ਗਈ ਸੀ। 500 ਕਿਲੋ ਵਜ਼ਨ ਨਾਲ ਇਮਾਨ ਨੂੰ ਦੁਨੀਆਂ ਦੀ ਸਭ ਤੋਂ ਵਜ਼ਨੀ ਮਹਿਲਾ ਦਾ ਖਿਤਾਬ ਮਿਲ ਚੁੱਕਾ ਹੈ।

ਹੁਣ ਅਬੂਧਾਬੀ ਦੇ ਬੁਰਜੀਲ ਹਸਪਤਾਲ 'ਚ ਉਸ ਦੇ ਰੁਖ ਵਿਚ ਬਦਲਾਅ ਦੇਖਣ ਨੂੰ ਮਿਲਿਆ। ਡਾਕਟਰਾਂ ਦਾ ਕਹਿਣਾ ਸੀ ਕਿ ਇਮਾਨ ਦੀ ਇੱਛਾ ਉਸ ਦੇ ਡਿਪਰੈਸ਼ਨ ਨੂੰ ਖਤਮ ਕਰ ਰਹੀ ਹੈ। ਇਮਾਨ ਨੇ 5 ਮਹੀਨਿਆਂ 'ਚ ਇਲਾਜ ਦੌਰਾਨ ਕਰੀਬ 315 ਕਿਲੋ ਵਜ਼ਨ ਘਟਾ ਲਿਆ ਹੈ। ਇਮਾਨ ਦਾ ਇਲਾਜ ਕਰਨ ਵਾਲੇ ਡਾਕਟਰ ਸਮਸ਼ੇਰ ਵੈਲਿਲ ਦਾ ਕਹਿਣਾ ਹੈ ਕਿ ਹੁਣ ਇਮਾਨ ਦਾ ਵਜ਼ਨ 100 ਕਿਲੋ ਤੋਂ ਵੀ ਘੱਟ ਕਰਨ ਦਾ ਟੀਚਾ ਹੈ। ਸਮਾਂ ਲੱਗੇਗਾ ਪਰ ਕੋਸ਼ਿਸ਼ ਲਈ ਇਮਾਨ ਤਿਆਰ ਹੈ।

ਉਨ੍ਹਾਂ ਨੇ ਇਮਾਨ ਨੂੰ ਇਲੈਕਟ੍ਰਾਨਿਕ ਵ੍ਹੀਲਚੇਅਰ ਤੋਹਫੇ ਵਜੋਂ ਦੇਣ ਦਾ ਵੀ ਵਾਅਦਾ ਕੀਤਾ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਇਮਾਨ ਆਮ ਜ਼ਿੰਦਗੀ ਜਿਊਣਾ ਚਾਹੁੰਦੀ ਹੈ। ਡਾਕਟਰ ਦਾ ਕਹਿਣਾ ਸੀ ਕਿ ਇਮਾਨ ਦੀ ਮਾਨਸਿਕ ਸਥਿਤੀ 'ਚ ਪਹਿਲਾਂ ਨਾਲੋਂ ਕਾਫੀ ਸੁਧਾਰ ਹੋਇਆ ਹੈ। ਉਸ ਦੇ ਇਲਾਜ ਲਈ ਤਿੰਨ ਪੜਾਅ ਬਣਾਏ ਗਏ ਸਨ। ਪਹਿਲਾ ਪੜਾਅ ਪੂਰਾ ਹੋ ਗਿਆ ਹੈ। ਬਾਕੀ ਸਰਜ਼ਰੀ ਅਗਸਤ ਤੋਂ ਸ਼ੁਰੂ ਕਰਨਗੇ।

# ਗਾਂ ਰੱਖਿਆ ਦੇ ਨਾਂ 'ਤੇ ਵਧੀਕੀਆਂ ਵਧੀਆਂ

## ਚਾਲੂ ਸਾਲ ਦੇ ਸੱਤ ਮਹੀਨਿਆਂ ਵਿਚ 27 ਹਮਲੇ



**ਨਵੀਂ ਦਿੱਲੀ:** ਚਾਲੂ ਸਾਲ ਦੇ ਸੱਤ ਮਹੀਨਿਆਂ ਦੌਰਾਨ ਗਊ ਰੱਖਿਆ ਦੇ ਨਾਂ ਉਤੇ ਵਾਪਰੀਆਂ ਹਿੰਸਕ ਘਟਨਾਵਾਂ ਤਹਿਤ ਮੱਧ ਪ੍ਰਦੇਸ਼ ਦੇ ਮੰਦਸੌਰ ਵਿਚ ਦੋ ਔਰਤਾਂ ਉਤੇ ਗਊ ਦਾ ਮਾਸ ਲਿਜਾਣ ਦੇ ਸ਼ੱਕ 'ਚ ਹੋਇਆ ਹਮਲਾ ਅਜਿਹਾ 26ਵਾਂ ਹਮਲਾ ਸੀ। ਪਹਿਲੀ ਅਪਰੈਲ ਨੂੰ ਭੀੜ ਵੱਲੋਂ ਪਹਿਲੂ ਖਾਨ 'ਤੇ ਕੀਤੇ ਗਏ ਹਮਲੇ ਤੋਂ ਬਾਅਦ ਉਸ ਦੀ ਮੌਤ ਨਾਲ ਇਨ੍ਹਾਂ ਹਮਲਿਆਂ ਦੀ ਗਿਣਤੀ 27 ਹੋ ਗਈ। ਭਾਰਤ ਵਿਚ ਅਜਿਹੀ ਹਿੰਸਾ ਦਾ ਰਿਕਾਰਡ ਰੱਖਣ ਵਾਲੇ ਡਾਟਾਬੇਸ 'ਇੰਡੀਆ ਸਪੈਂਡ' ਮੁਤਾਬਕ ਪਿਛਲੇ 8 ਸਾਲਾਂ 'ਚ ਇਹ ਗਿਣਤੀ ਸਭ ਤੋਂ ਵੱਧ ਹੈ। ਪਿਛਲੇ ਅੱਠ ਸਾਲਾਂ ਦੌਰਾਨ ਗਊ ਰੱਖਿਆ ਦੇ ਨਾਂ ਉਤੇ ਹੋਈ ਹਿੰਸਾ ਦੇ 70 ਕੇਸ ਸਾਹਮਣੇ ਆਏ ਹਨ।

ਅੰਗਰੇਜ਼ੀ ਮੀਡੀਆ ਦੀਆਂ ਰਿਪੋਰਟਾਂ ਦੇ ਮੁਲਾਂਕਣ ਤੋਂ ਬਾਅਦ ਤਿਆਰ ਡਾਟਾਬੇਸ ਮੁਤਾਬਕ 97 ਫੀਸਦੀ (70 ਵਿਚੋਂ 68) ਮਾਮਲੇ ਮਈ 2014 ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਸਰਕਾਰ ਸੱਤਾ ਵਿਚ ਆਉਣ ਤੋਂ ਬਾਅਦ ਸਾਹਮਣੇ ਆਏ ਹਨ। ਅਜਿਹੇ ਮਾਮਲਿਆਂ ਵਿਚੋਂ ਅੱਧਿਓਂ ਵੱਧ ਜਾਂ 54 ਫੀਸਦੀ ਭਾਜਪਾ ਸ਼ਾਸਿਤ ਰਾਜਾਂ ਤੋਂ ਹਨ। ਅੰਕੜਿਆਂ ਮੁਤਾਬਕ ਸਾਲ 2010 ਤੋਂ 2017 ਤੱਕ 51 ਫੀਸਦੀ ਮਾਮਲਿਆਂ ਵਿਚ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ, ਜਿਨ੍ਹਾਂ ਵਿਚ 86 ਫੀਸਦੀ ਦੀ ਮੌਤ ਹੋ ਗਈ। ਇਨ੍ਹਾਂ ਹਮਲਿਆਂ ਵਿਚ 136 ਵਿਅਕਤੀ ਜ਼ਖ਼ਮੀ ਹੋ ਗਏ ਸਨ ਅਤੇ ਇਨ੍ਹਾਂ ਵਿਚੋਂ ਅੱਧਿਓਂ ਵੱਧ ਅਫਵਾਹ ਦੇ ਆਧਾਰ 'ਤੇ ਹੀ ਕੀਤੇ ਗਏ ਸਨ।

ਸਰਕਾਰ ਵੱਲੋਂ 25 ਜੁਲਾਈ ਨੂੰ ਲੋਕ ਸਭਾ ਵਿਚ ਦਿੱਤੇ ਗਏ ਬਿਆਨ ਮੁਤਾਬਕ ਪਿਛਲੇ ਤਿੰਨ ਸਾਲਾਂ ਵਿਚ ਗਊ ਰੱਖਿਆ ਦੇ ਨਾਂ ਉਤੇ ਵਾਪਰੇ ਹਿੰਸਕ ਮਾਮਲਿਆਂ 'ਚ ਹੋਏ ਵਾਧੇ ਤੋਂ ਇਲਾਵਾ ਗ੍ਰਹਿ ਮੰਤਰਾਲੇ ਵੱਲੋਂ ਭੀੜ ਵੱਲੋਂ ਕੁੱਟ-ਕੁੱਟ ਕੇ ਮਾਰੇ ਗਏ ਵਿਅਕਤੀਆਂ ਸਬੰਧੀ ਕੋਈ ਡਾਟਾ ਇਕੱਠਾ ਨਹੀਂ ਕੀਤਾ ਗਿਆ। ਨੈਸ਼ਨਲ ਜਾਂ ਸਟੇਟ ਕ੍ਰਾਈਮ ਡਾਟਾ, ਸਧਾਰਨ ਹਿੰਸਾ ਅਤੇ ਗਊ ਰੱਖਿਆ ਦੇ ਨਾਂ ਉਤੇ ਹੁੰਦੇ ਹਮਲਿਆਂ ਤੇ ਭੀੜ ਵੱਲੋਂ ਕੁੱਟ ਕੁੱਟ ਕੇ ਮਾਰੇ ਗਏ ਵਿਅਕਤੀਆਂ ਦੇ ਮਾਮਲਿਆਂ 'ਚ ਕੋਈ ਫਰਕ ਨਹੀਂ ਕਰਦਾ। ਇਸ ਕਰ ਕੇ 'ਇੰਡੀਆ ਸਪੈਂਡ ਦਾ ਡਾਟਾਬੇਸ' ਅਜਿਹੀ ਹਿੰਸਾ ਉਤੇ ਹੋਣ ਵਾਲੀਆਂ ਬਹਿਸਾਂ ਲਈ ਅਜਿਹਾ ਪਹਿਲਾ ਅੰਕੜਾ ਅਧਾਰਤ ਡਾਟਾਬੇਸ ਹੈ।

# 'ਵੰਦੇ ਮਾਤਰਮ' ਬਾਰੇ ਹੁਕਮ 'ਤੇ ਸਿਆਸੀ ਕਸ਼ਮਕਸ਼

**ਮੁੰਬਈ:** ਮਦਰਾਸ ਹਾਈ ਕੋਰਟ ਵੱਲੋਂ 'ਵੰਦੇ ਮਾਤਰਮ' ਗਾਉਣ ਬਾਰੇ ਦਿੱਤੇ ਫੈਸਲੇ ਨਾਲ ਮਹਾਰਾਸ਼ਟਰ ਵਿਚ ਸਿਆਸੀ ਕਸ਼ਮਕਸ਼ ਸ਼ੁਰੂ ਹੋ ਗਈ ਹੈ। ਭਾਜਪਾ ਦਾ ਇਕ ਵਿਧਾਇਕ ਇਸ ਨੂੰ ਰਾਜ ਦੇ ਸਕੂਲਾਂ ਤੇ ਕਾਲਜਾਂ ਵਿਚ ਲਾਗੂ ਕਰਨ ਦੀ ਮੰਗ ਕਰ ਰਿਹਾ ਹੈ, ਜਦੋਂ ਕਿ ਕੁਝ ਹੋਰ ਪਾਰਟੀਆਂ ਦੇ ਕਾਨੂੰਨਸਾਜ਼ ਅਜਿਹੇ ਕਿਸੇ ਕਦਮ ਦਾ ਵਿਰੋਧ ਕਰ ਰਹੇ ਹਨ। ਆਲ ਇੰਡੀਆ ਮਜਲਿਸ-ਏ-ਇਤਹਾਦ-ਉਲ ਮੁਸਲਮੀਨ ਦੇ ਮੁੰਬਈ ਤੋਂ ਵਿਧਾਇਕ ਵਾਰਿਸ ਪਠਾਨ ਨੇ ਕਿਹਾ ਕਿ ਭਾਵੇਂ ਕੋਈ ਉਸ ਦੇ ਸਿਰ ਉਤੇ ਪਿਸਤੌਲ ਵੀ ਤਾਣ ਲਵੇ ਤਾਂ ਵੀ ਉਹ ਕੌਮੀ ਗੀਤ ਨਹੀਂ ਗਾਏਗਾ। ਸਮਾਜਵਾਦੀ ਪਾਰਟੀ ਦੀ ਮਹਾਰਾਸ਼ਟਰ ਇਕਾਈ ਦੇ ਪ੍ਰਧਾਨ ਤੇ ਵਿਧਾਇਕ ਅਬੂ ਆਸਿਮ ਆਜ਼ਮੀ ਨੇ ਕਿਹਾ ਕਿ ਭਾਵੇਂ ਉਸ ਨੂੰ ਦੇਸ਼ ਤੋਂ ਬਾਹਰ ਸੁੱਟ ਦਿੱਤਾ ਜਾਵੇ ਤਾਂ ਵੀ ਉਹ ਨਹੀਂ ਗਾਏਗਾ। ਇਹ ਪ੍ਰਤੀਕਿਰਿਆ ਭਾਜਪਾ ਦੇ ਸੀਨੀਅਰ ਵਿਧਾਇਕ ਰਾਜ ਪੁਰੋਹਿਤ ਦੀ ਮੰਗ ਦੇ ਪਿਛੋਕੜ ਵਿਚ ਆਈ, ਜਿਸ ਨੇ ਮਦਰਾਸ ਹਾਈ ਕੋਰਟ ਦੇ ਹੁਕਮ ਦਾ ਹਵਾਲਾ ਦਿੰਦਿਆਂ ਕਿਹਾ ਸੀ ਕਿ ਮਹਾਰਾਸ਼ਟਰ ਦੇ ਸਕੂਲਾਂ ਤੇ ਕਾਲਜਾਂ ਵਿਚ ਵੰਦੇ ਮਾਤਰਮ ਗਾਉਣਾ ਲਾਜ਼ਮੀ ਕੀਤਾ ਜਾਣਾ ਚਾਹੀਦਾ ਹੈ। ਯਾਦ ਰਹੇ ਕਿ ਮਦਰਾਸ ਹਾਈ ਕੋਰਟ ਨੇ ਕਿਹਾ ਸੀ ਕਿ ਤਾਮਿਲਨਾਡੂ ਦੇ ਸਕੂਲਾਂ ਵਿਚ ਹਫਤੇ ਵਿਚ ਘੱਟੋ ਘੱਟ ਦੋ ਵਾਰ ਕੌਮੀ ਗੀਤ ਗਾਉਣਾ ਲਾਜ਼ਮੀ ਬਣਾਇਆ ਜਾਵੇ। ਵਿਧਾਨ ਸਭਾ ਵਿਚ ਭਾਜਪਾ ਦੇ ਚੀਫ ਵ੍ਹਿੱਪ ਪੁਰੋਹਿਤ ਨੇ ਕਿਹਾ ਕਿ ਉਹ ਮੁੱਖ ਮੰਤਰੀ ਦਵਿੰਦਰ ਫੜਨਵੀਸ ਨੂੰ ਮਿਲਣਗੇ ਅਤੇ ਉਨ੍ਹਾਂ ਤੋਂ ਸਮਾਗਮਾਂ ਮੌਕੇ ਕੌਮੀ ਗੀਤ ਗਾਉਣਾ ਲਾਜ਼ਮੀ ਕਰਨ ਲਈ ਦਖਲ ਦੇਣ ਦੀ ਮੰਗ ਕਰਨਗੇ।

# ਮਹਿਬੂਬਾ ਵੱਲੋਂ ਕਸ਼ਮੀਰ ਬਾਰੇ ਮੋਦੀ ਨੀਤੀ ਉਤੇ ਚਿਤਾਵਨੀ

**ਨਵੀਂ ਦਿੱਲੀ:** ਜੰਮੂ-ਕਸ਼ਮੀਰ ਦੀ ਮੁੱਖ ਮੰਤਰੀ ਮਹਿਬੂਬਾ ਮੁਫਤੀ ਨੇ ਦਾਅਵਾ ਕੀਤਾ ਹੈ ਕਿ ਜੇਕਰ ਸੂਬੇ ਦੇ ਵਿਸ਼ੇਸ਼ ਦਰਜੇ ਨਾਲ ਕੋਈ ਛੇੜਛਾੜ ਕੀਤੀ ਗਈ ਤਾਂ ਬਗਾਵਤ ਹੋਣ ਦਾ ਖਦਸ਼ਾ ਹੈ। ਉਨ੍ਹਾਂ ਕਿਹਾ ਕਿ ਜੇਕਰ ਅਜਿਹੀ ਕੋਈ ਕੋਸ਼ਿਸ਼ ਹੋਈ ਤਾਂ ਭਾਰਤ ਨੂੰ ਸੂਬੇ 'ਚ ਕੌਮੀ ਝੰਡਾ ਚੁੱਕਣ ਵਾਲਾ ਕੋਈ ਨਹੀਂ ਮਿਲੇਗਾ। ਉਨ੍ਹਾਂ ਕੁਝ ਚੈਨਲਾਂ ਵੱਲੋਂ ਕਸ਼ਮੀਰੀਆਂ ਨੂੰ ਗਲਤ ਢੰਗ ਨਾਲ ਪੇਸ਼ ਕੀਤੇ ਜਾਣ ਉਤੇ ਵੀ ਇਤਰਾਜ਼ ਜਤਾਇਆ।

ਕਸ਼ਮੀਰ ਮਸਲੇ ਨੂੰ ਹੱਲ ਕਰਨ ਲਈ ਪਾਕਿਸਤਾਨ ਨਾਲ ਗੱਲਬਾਤ ਸ਼ੁਰੂ ਕਰਨ ਦੀ ਵਕਾਲਤ ਕਰਦਿਆਂ ਉਨ੍ਹਾਂ ਕਿਹਾ ਕਿ ਸੂਬੇ 'ਚ ਬੰਦ ਸੜਕਾਂ ਖੋਲ੍ਹਣ ਲਈ ਗੁਆਂਢੀ ਮੁਲਕ ਦੇ ਹਾਂ-ਪੱਖੀ ਯੋਗਦਾਨ ਦੀ ਲੋੜ ਹੈ। ਇਕ ਸਮਾਗਮ ਦੌਰਾਨ ਉਨ੍ਹਾਂ ਕਿਹਾ ਕਿ ਐਨ.ਆਈ.ਏ. ਵੱਲੋਂ ਕਸ਼ਮੀਰ ਵਾਦੀ 'ਚ ਮਾਰੇ ਗਏ ਛਾਪਿਆਂ ਅਤੇ ਵੱਖਵਾਦੀ ਆਗੂਆਂ ਦੀ ਗ੍ਰਿਫਤਾਰੀ ਆਰਜ਼ੀ ਕਦਮ ਹੈ ਅਤੇ ਅਸਲ ਸਮੱਸਿਆ ਦਾ ਕੋਈ ਹੱਲ ਨਹੀਂ



ਹੈ। ਸਮਾਜਿਕ ਜਥੇਬੰਦੀ ਬ੍ਰੀਫ ਵੱਲੋਂ ਕਰਾਏ ਗਏ ਪ੍ਰੋਗਰਾਮ 'ਅੰਡਰਸਟੈਂਡਿੰਗ ਕਸ਼ਮੀਰ' ਨੂੰ ਸੰਬੋਧਨ ਕਰਦਿਆਂ ਮਹਿਬੂਬਾ ਨੇ ਕਿਹਾ ਕਿ ਪੀ.ਡੀ.ਪੀ.-ਬੀ.ਜੇ.ਪੀ. ਗਠਜੋੜ ਨੂੰ ਉਮੀਦ ਹੈ ਕਿ ਅਸੀਂ ਵਾਜਪਾਈ ਦੇ ਸਮੇਂ ਦਾ ਕ੍ਰਿਸ਼ਮਾ ਬਹਾਲ ਕਰ ਸਕਾਂਗੇ।

# ਨਿਵੇਕਲੀ ਅਤੇ ਰੌਚਿਕ ਰਹੀ 'ਸੰਦਲੀ ਆਥਣ' ਸ਼ਾਇਰ ਕੁਲਵਿੰਦਰ ਦੇ ਨਾਂ

**ਹੇਵਰਡ (ਬਿਊਰੋ):** ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਵਿਪਸਾਅ) ਬੇ ਏਰੀਆ ਵਲੋਂ ਸ਼ਾਇਰ ਕੁਲਵਿੰਦਰ ਦੀ ਗਜ਼ਲ ਚੇਤਨਾ ਅਤੇ ਉਸ ਦੇ ਸਾਹਿਤਕ ਸਫਰ ਬਾਰੇ ਨਿਰੋਲ ਸਾਹਿਤਕ ਸ਼ਾਮ 'ਸੰਦਲੀ ਆਥਣ-ਕੁਲਵਿੰਦਰ ਦੇ ਨਾਂ' ਅਕੈਡਮੀ ਦੇ ਪ੍ਰਧਾਨ ਸੁਖਵਿੰਦਰ ਕੰਬੋਜ ਦੀ ਅਗਵਾਈ ਹੇਠ ਇਥੇ ਮਹਿਰਾਨ ਰੈਸਟੋਰੈਂਟ ਵਿਚ ਮਨਾਈ ਗਈ। ਇਸ ਨੂੰ ਨਿਵੇਕਲੀ ਬਣਾਉਣ ਲਈ ਅਕੈਡਮੀ ਦੇ



ਅਕੈਡਮੀ ਦੇ ਮੀਤ ਪ੍ਰਧਾਨ ਸੁਰਿੰਦਰ ਸਿੰਘ ਸੀਰਤ ਨੇ ਪ੍ਰੋਗਰਾਮ ਉਲੀਕਿਆ ਅਤੇ ਤਾਰਾ ਸਿੰਘ ਸਾਗਰ ਤੇ ਨੀਲਮ ਸੈਣੀ ਦੇ ਸਹਿਯੋਗ ਨਾਲ ਨੇਪਰੇ ਚਾੜ੍ਹਿਆ।

ਪ੍ਰਧਾਨਗੀ ਮੰਡਲ ਵਿਚ ਮੁੱਖ ਮਹਿਮਾਨ ਮਾਸਟਰ ਦੀਪਕ, ਪੰਜਾਬੀ ਸਾਹਿਤ ਅਕੈਡਮੀ ਕੈਲੀਫੋਰਨੀਆ ਦੇ ਜਨਰਲ ਸਕੱਤਰ ਹਰਜਿੰਦਰ ਕੰਗ, ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੇ



ਪ੍ਰਧਾਨ ਜਸਵੰਤ ਸਿੰਘ ਸ਼ੀਂਹਮਾਰ, ਪੰਜਾਬੀ ਸਾਹਿਤ ਸਭਾ ਸਟਾਕਟਨ ਦੇ ਪ੍ਰਧਾਨ ਹਰਜਿੰਦਰ ਸਿੰਘ ਪੰਧੇਰ, ਡਾ. ਰਮੇਸ਼ ਕੁਮਾਰ ਤੇ ਸੁਖਵਿੰਦਰ ਕੰਬੋਜ ਬਿਰਾਜਮਾਨ ਸਨ।

ਸੁਖਵਿੰਦਰ ਕੰਬੋਜ ਵਲੋਂ ਮਹਿਮਾਨਾਂ ਨੂੰ ਜੀ ਆਇਆਂ ਆਖੇ ਜਾਣ ਪਿਛੋਂ ਕੁਲਵਿੰਦਰ ਦੀ ਪਤਨੀ ਮਨਜੀਤ ਫਾਹੀ ਨੇ ਉਸ ਦੀਆਂ ਗਜ਼ਲਾਂ ਦੇ ਪ੍ਰਮੁੱਖ ਬਿੰਬ 'ਦੀਵੇ' ਦੀ ਅਹਿਮੀਅਤ ਦਾ ਪ੍ਰਗਟਾਵਾ ਕਰਨ ਲਈ ਦੀਵਾ 'ਮੈਂ ਨਹੀਂ ਸੂਰਜ ਕਿ ਹਰ ਸ਼ਾਮ ਨੂੰ ਢਲਦਾ ਰਹਾਂਗਾ, ਮੈਂ ਬੜਾ ਨਿੱਕਾ ਜਿਹਾ ਦੀਵਾ ਹਾਂ ਪਰ ਬਲਦਾ ਰਹਾਂਗਾ' ਜਗਾ ਕੇ ਇਸ ਆਥਣ ਨੂੰ ਕਾਰਜਸ਼ੀਲ ਕੀਤਾ। ਸੁਖਵੀਰ ਕੌਰ ਨੇ ਇਸੇ ਬਿੰਬ ਦੀ ਤਰਜ਼ਮਾਨੀ ਕਰਦਾ ਗੀਤ 'ਤੇਲ ਦੀਵਿਆਂ 'ਚ ਅੱਖਰਾਂ ਦਾ ਪਾਇਆ ਅੰਮੀ ਨੇ' ਸੁਰੀਲੀ ਆਵਾਜ਼ ਵਿਚ ਪੇਸ਼ ਕੀਤਾ। ਨੀਲਮ ਸੈਣੀ ਨੇ 'ਪਛਤਾਵੇ ਦੀ ਅੱਗ' ਕਹਾਣੀ ਜਿਸ ਵਿਚ ਕੁਲਵਿੰਦਰ ਦੇ ਸ਼ੇਅਰ ਦਰਜ ਸਨ, ਪੜ੍ਹੀ।

ਸੁਰਿੰਦਰ ਸਿੰਘ ਸੀਰਤ ਨੇ 'ਸੰਦਲੀ ਆਥਣ' ਐਲਬਮ ਬਾਰੇ ਦੱਸਿਆ ਕਿ ਇਸ ਵਿਚ ਕੁਲਵਿੰਦਰ ਦੀਆਂ ਅੱਠ ਗਜ਼ਲਾਂ ਨੂੰ ਗਾਇਕ ਸੁਖਦੇਵ ਸਾਹਿਲ ਨੇ ਸੁਰ ਅਤੇ ਆਵਾਜ਼ ਦਿੱਤੀ ਹੈ। ਕਮਲ ਦੇਵ ਪਾਲ ਨੇ ਕੁਲਵਿੰਦਰ ਨੂੰ ਪ੍ਰਕਿਰਤੀ ਦਾ ਸ਼ਾਇਰ ਕਰਾਰ ਦਿੱਤਾ। ਜਗਜੀਤ ਨੌਸ਼ਹਿਰਵੀ ਨੇ ਕਿਹਾ ਕਿ ਕੁਲਵਿੰਦਰ ਨੇ ਜਿੰਨੀ ਸ਼ਿੱਦਤ ਨਾਲ ਗਜ਼ਲਾਂ ਲਿਖੀਆਂ ਹਨ, ਸਾਹਿਲ ਨੇ ਓਨੀ ਹੀ ਸ਼ਿੱਦਤ ਨਾਲ ਇਹ ਗਾਈਆਂ ਹਨ। ਹਰਦੇਵ ਸਿੰਘ, ਜਗਤਾਰ ਗਿੱਲ, ਆਸ਼ਾ ਸ਼ਰਮਾ, ਤਾਰਾ ਸਿੰਘ ਸਾਗਰ, ਦਵਿੰਦਰ ਸਿੰਘ ਦਮਨ ਅਤੇ ਸਮੁੱਚੇ ਪ੍ਰਧਾਨਗੀ ਮੰਡਲ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਕੁਲਵਿੰਦਰ ਨੇ ਆਪਣੇ ਸਾਹਿਤਕ ਸਫਰ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਉਸ ਨੇ ਇਸ ਮੁਕਾਮ 'ਤੇ ਪੁੱਜਣ ਲਈ ਅਣਥੱਕ ਮਿਹਨਤ ਕੀਤੀ ਹੈ। ਐਲਬਮ ਦੀ ਪ੍ਰੋਮੋ ਸੁਣਾਈ ਗਈ ਜਿਸ ਦਾ ਅਰੰਭ ਸੁਰਜੀਤ ਪਾਤਰ ਦੇ ਇਨ੍ਹਾਂ ਬੋਲਾਂ ਨਾਲ ਹੋਇਆ ਕਿ ਕੋਈ ਸਮਾਂ ਸੀ ਗਜ਼ਲ ਨੂੰ ਪੰਜਾਬੀ ਬੋਲੀ ਦੀ ਜ਼ਮੀਨ ਲਈ ਓਪਰਾ ਬੂਟਾ ਮੰਨਿਆ ਜਾਂਦਾ ਸੀ ਪਰ ਹੁਣ ਗਜ਼ਲ ਪੰਜਾਬੀ ਬੋਲੀ ਦੀ ਧਰਤੀ 'ਤੇ ਇਕ ਘਣਛਾਵੇਂ ਬਿਰਖ ਵਾਂਗ ਹੈ ਜਿਸ ਦੀ ਛਾਂਵੇਂ ਅਕਸਰ ਮਹਿਫਿਲਾਂ ਜੁੜਦੀਆਂ ਹਨ।

ਜ਼ਿਕਰਯੋਗ ਹੈ ਕਿ ਕੁਲਵਿੰਦਰ ਸਥਾਪਤ ਗਜ਼ਲਕਾਰਾਂ ਦੀ ਮੂਹਰਲੀ ਕਤਾਰ ਦਾ ਹੱਸਾਸ ਗਜ਼ਲਗੋ ਹੈ। ਉਹ ਪੂਰਬੀ ਅਤੇ ਪੱਛਮੀ ਦੋਵਾਂ ਪਾਸਿਆਂ ਦੀਆਂ ਸੰਭਾਵਨਾਵਾਂ ਅਤੇ ਸੀਮਾਵਾਂ ਦਾ ਮਹਿਰਮ ਹੈ। ਉਸ ਦੀਆਂ ਗਜ਼ਲਾਂ ਇਨਸਾਨ ਦੇ ਅੰਦਰੂਨੀ ਅਹਿਸਾਸਾਂ, ਸੋਚਾਂ, ਰੀਝਾਂ, ਖੁਸ਼ੀਆਂ, ਤੌਖਲਿਆਂ ਤੇ ਸੁਪਨਿਆਂ ਨੂੰ ਬਾਹਰ ਦਿਸਦੇ ਜਹਾਨ ਦੇ ਦ੍ਰਿਸ਼ਾਂ ਨਾਲ ਰੂਪਮਾਨ ਕਰਦੀਆਂ ਹਨ। ਉਹ ਨਵੇਂ ਯੁੱਗ ਦੀ ਰਹਿਤਲ 'ਚ ਵਸਦਾ ਇਕ ਮਾਹਿਰ ਇੰਜੀਨੀਅਰ ਹੈ ਪਰ ਉਸ ਦੀਆਂ ਗਜ਼ਲਾਂ ਤੋਂ ਲੱਗਦਾ ਹੈ ਜਿਵੇਂ ਉਹ ਕੋਈ ਰਿਸ਼ੀ ਹੋਵੇ।

ਇਸ ਪਿਛੋਂ 'ਸੰਦਲੀ ਆਥਣ' ਐਲਬਮ ਲੋਕ ਅਰਪਿਤ ਕੀਤੀ ਗਈ। ਇਸ ਰਸਮ 'ਚ ਸੁਖਵਿੰਦਰ ਕੰਬੋਜ, ਸੁਰਿੰਦਰ ਸਿੰਘ ਸੀਰਤ, ਹਰਭਜਨ ਢਿੱਲੋਂ, ਤਾਰਾ ਸਿੰਘ ਸਾਗਰ, ਰੇਸ਼ਮ ਸਿੱਧੂ, ਜਗਜੀਤ ਨੌਸ਼ਿਰਵੀ, ਮਾਸਟਰ ਕੁੰਦਨ ਲਾਲ, ਗੁਰਦੀਪ, ਕਮਲ ਦੇਵ ਪਾਲ ਅਤੇ ਨੀਲਮ ਸੈਣੀ ਸ਼ਾਮਿਲ ਸਨ। ਅਕੈਡਮੀ ਵਲੋਂ ਕੁਲਵਿੰਦਰ ਅਤੇ ਸੁਖਦੇਵ ਸਾਹਿਲ ਦਾ ਸਨਮਾਨ ਕੀਤਾ ਗਿਆ। ਮੰਚ ਸੰਚਾਲਨ ਨੀਲਮ ਸੈਣੀ ਤੇ ਸੁਰਿੰਦਰ ਸਿੰਘ ਸੀਰਤ ਨੇ ਕੀਤਾ।

ਦੂਜੇ ਸੈਸ਼ਨ ਵਿਚ ਸੁਖਦੇਵ ਸਾਹਿਲ ਨੇ ਕੁਲਵਿੰਦਰ ਦੀਆਂ ਗਜ਼ਲਾਂ ਦਾ ਗਾਇਨ ਕਰਦਿਆਂ ਖੱਟਿਆ ਵੀ ਤੇ ਵੱਟਿਆ ਵੀ। ਇਸ ਸੈਸ਼ਨ ਦਾ ਸੰਚਾਲਨ ਸੁਖਵਿੰਦਰ ਕੰਬੋਜ ਨੇ ਕੁਲਵਿੰਦਰ ਦੀਆਂ ਗਜ਼ਲਾਂ ਦੀ ਖੂਬਸੂਰਤ ਵਿਆਖਿਆ ਕਰਦਿਆਂ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ।

ਅਖੀਰ 'ਚ ਉਨ੍ਹਾਂ ਆਏ ਮਹਿਮਾਨਾਂ ਜਸਪਾਲ ਸਿੰਘ ਸੈਣੀ, ਡਾ. ਧੁੱਗਾ, ਜੀਵਨ ਰੱਤੂ, ਕਮਲ ਬੰਗਾ, ਰਾਠੇਸ਼ਵਰ ਸੂਰਾਪੁਰੀ, ਜੋਤੀ ਸਿੰਘ, ਚਰਨ ਸਿੰਘ ਜੱਜ, ਪ੍ਰੋ. ਬਲਜਿੰਦਰ ਸਿੰਘ, ਸਿਆਸਤ ਸਿੰਘ ਜੰਮੂ, ਅਸ਼ੋਕ ਟਾਂਗਰੀ, ਡਾ. ਭੱਟੀ, ਧਰਮ ਸਿੰਘ, ਅਮਰਜੀਤ ਸਿੰਘ ਜੌਹਲ, ਅਮਰੀਕ ਸਿੰਘ ਜੌਹਲ, ਪ੍ਰਿੰਸੀਪਲ ਹਰਨੇਕ ਸਿੰਘ ਆਦਿ ਦੇ ਨਾਲ-ਨਾਲ ਮੁੱਖ ਸਪਾਂਸਰ ਮਾਸਟਰ ਦੀਪਕ ਦਾ ਖਾਣੇ ਲਈ, ਰਾਜ ਬਡਵਾਲ ਦਾ ਫੋਟੋਗ੍ਰਾਫੀ ਲਈ, ਸਿਤਾਰੇ ਟੀ.ਵੀ. ਦੇ ਕਰਤਾ-ਧਰਤਾ ਪੂਨਮ ਬਜਾਜ ਅਤੇ ਹੋਸਟ ਜਸਲੀਨ ਖਨੂਜਾ ਦਾ ਪ੍ਰੋਗਰਾਮ ਦੀ ਕਵਰੇਜ ਕਰਨ ਲਈ ਵਿਸ਼ੇਸ਼ ਧੰਨਵਾਦ ਕੀਤਾ।

# ਕਾਂਗਰਸ ਆਪਣੇ ਵਾਅਦਿਆਂ ਤੋਂ ਭੱਜੀ-ਭੁੱਲੇਵਾਲ ਰਾਠਾਂ

**ਸ਼ਿਕਾਗੋ (ਬਿਊਰੋ):** ਲੋਕ ਕਾਂਗਰਸ ਦੇ 3 ਮਹੀਨੇ ਦੇ ਰਾਜ ਤੋਂ ਹੀ ਤੰਗ ਆ ਚੁਕੇ ਹਨ, ਕਿਉਂਕਿ ਅਕਾਲੀ ਦਲ ਵਲੋਂ ਗਰੀਬਾਂ ਨੂੰ ਦਿੱਤੀਆਂ ਜਾਂਦੀਆਂ ਸਹੂਲਤਾਂ ਕਾਂਗਰਸ ਸਰਕਾਰ ਨੇ ਬੰਦ ਕਰ ਦਿੱਤੀਆਂ ਹਨ ਅਤੇ ਅਕਾਲੀ ਦਲ ਵਲੋਂ ਚਲਾਏ ਵਿਕਾਸ ਕਾਰਜਾਂ ਨੂੰ ਵੀ ਪੂਰੀ ਤਰ੍ਹਾਂ ਠੱਪ



ਕਰ ਦਿੱਤਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਇਨ੍ਹੀਂ ਦਿਨੀਂ ਅਮਰੀਕਾ ਦੌਰੇ 'ਤੇ ਆਏ ਹੋਏ ਜ਼ਿਲ੍ਹਾ ਹੁਸ਼ਿਆਰਪੁਰ ਦੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਹਲਕਾ ਗੜ੍ਹਸ਼ੰਕਰ ਤੋਂ ਸਾਬਕਾ ਵਿਧਾਇਕ ਸ. ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਨੇ ਇਥੇ ਅਕਾਲੀ ਵਰਕਰਾਂ ਦੇ ਇਕ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ।

ਇਹ ਸਮਾਗਮ ਸ਼੍ਰੋਮਣੀ ਅਕਾਲੀ ਦਲ ਅਮਰੀਕਾ ਦੀ ਕੋਰ ਕਮੇਟੀ ਦੇ ਮੈਂਬਰ ਅਤੇ ਮਿਡਵੈਸਟ ਇਕਾਈ ਦੇ ਚੀਫ ਮੀਡੀਆ ਇੰਚਾਰਜ ਸ. ਅਮਰੀਕ ਸਿੰਘ ਸ਼ਿਕਾਗੋ ਅਤੇ ਸਾਥੀਆਂ ਵਲੋਂ ਉਨ੍ਹਾਂ ਦੇ ਸਨਮਾਨ ਵਿਚ ਕੀਤਾ ਗਿਆ ਸੀ।

ਸਮਾਗਮ ਨੂੰ ਸੰਬੋਧਨ ਕਰਦਿਆਂ ਜਥੇਦਾਰ ਭੁਲੇਵਾਲ ਰਾਠਾਂ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਸੱਤਾ ਵਿਚ ਆਉਣ ਲਈ ਪੰਜਾਬ ਦੇ ਲੋਕਾਂ ਨਾਲ ਵੱਡੇ ਵੱਡੇ ਵਾਅਦੇ ਕਰਕੇ ਉਨ੍ਹਾਂ ਨੂੰ ਗੁੰਮਰਾਹ ਕੀਤਾ ਹੈ ਅਤੇ ਹੁਣ ਕੈਪਟਨ ਸਰਕਾਰ ਆਪਣੇ ਵਾਅਦਿਆਂ ਤੋਂ ਭੱਜ ਰਹੀ ਹੈ।

ਇਸ ਮੌਕੇ ਸ. ਅਮਰੀਕ ਸਿੰਘ ਸ਼ਿਕਾਗੋ ਨੇ ਕਿਹਾ ਕਿ ਜਿਹੜੇ ਲੋਕ ਅਕਾਲੀ ਦਲ ਖਿਲਾਫ ਕੂੜ ਪ੍ਰਚਾਰ ਕਰ ਰਹੇ ਸਨ, ਅੱਜ ਉਹੀ ਲੋਕ ਅਕਾਲੀ ਦਲ ਦੇ 10 ਸਾਲਾਂ ਦੇ ਰਾਜ ਨੂੰ ਸਲਾਹ ਰਹੇ ਹਨ। ਉਨ੍ਹਾਂ ਕਿਹਾ ਕਿ ਭਾਵੇਂ ਅਕਾਲੀ ਦਲ ਨੇ ਆਪਣੇ ਰਾਜ ਦੌਰਾਨ ਅਥਾਹ ਵਿਕਾਸ ਕੀਤਾ, ਪ੍ਰੰਤੂ ਸ਼ਰਾਰਤੀ ਅਨਸਰਾਂ ਨੇ ਇਸ ਦੀ ਤਸਵੀਰ ਗਲਤ ਢੰਗ ਨਾਲ ਪੇਸ਼ ਕੀਤੀ, ਜਿਸ ਕਾਰਨ ਪਾਰਟੀ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ।

ਆਪਣੀ ਗੱਲ ਜਾਰੀ ਰਖਦਿਆਂ ਉਨ੍ਹਾਂ ਕਿਹਾ ਕਿ ਪਾਰਟੀ ਨੂੰ ਵਿਦੇਸ਼ੀ ਧਰਤੀ 'ਤੇ ਹੋਰ ਮਜਬੂਤ ਕਰਨ ਲਈ ਉਹ ਤਨ, ਮਨ, ਧਨ ਨਾਲ ਸੇਵਾ ਕਰਦੇ ਆ ਰਹੇ ਹਨ ਤੇ ਭਵਿੱਖ ਵਿਚ ਵੀ ਕਰਦੇ ਰਹਿਣਗੇ। ਪਾਰਟੀ ਵਰਕਰਾਂ ਵਲੋਂ ਜਥੇਦਾਰ ਭੁੱਲੇਵਾਲ ਰਾਠਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਹੈਪੀ ਹੀਰ, ਹਰਵਿੰਦਰ ਸਿੰਘ ਬਿੱਲਾ, ਜਸਕਰਨ ਸਿੰਘ ਧਾਲੀਵਾਲ, ਡਾ. ਹਰਜਿੰਦਰ ਸਿੰਘ ਖਹਿਰਾ, ਨਰਿੰਦਰ ਸਿੰਘ ਸਰਾਂ, ਗੁਰਮੀਤ ਸਿੰਘ ਭੋਲਾ, ਯਾਦਵਿੰਦਰ ਸਿੰਘ ਗਰੇਵਾਲ, ਮਨਮਿੰਦਰ ਸਿੰਘ ਹੀਰ, ਲਖਵੀਰ ਸਿੰਘ ਸਹੋਤਾ, ਮਿੰਡਾ ਮਾਹਿਲਪੁਰੀਆ ਅਤੇ ਸਾਬੀ ਭੋਲਾ ਤੇ ਹੋਰ ਆਗੂ ਹਾਜ਼ਰ ਸਨ।

# ਅਮੋਲਕ ਸਿੰਘ ਗਾਖਲ ਵਲੋਂ ਫਿਲਮ ਪਾਏਰੇਸੀ ਵਿਰੁਧ ਚਿਤਾਵਨੀ

**ਵਾਟਸਨਵਿਲ, ਕੈਲੀਫੋਰਨੀਆ (ਬਿਊਰੋ):** ਫਿਲਮ ਨਿਰਮਾਤਾ ਅਮੋਲਕ ਸਿੰਘ ਗਾਖਲ ਨੇ ਹਾਸਰਸ, ਸਮਾਜਿਕ ਅਤੇ ਪਰਿਵਾਰਕ ਫਿਲਮ 'ਵੇਖ ਬਰਾਤਾਂ ਚੱਲੀਆਂ' ਨੂੰ ਦਰਸ਼ਕਾਂ ਤੋਂ



*ਅਮੋਲਕ ਸਿੰਘ ਗਾਖਲ, ਐਸ ਅਸ਼ੋਕ ਭੌਰਾ ਤੇ ਨਰਿੰਦਰ ਸਿੰਘ ਸਹੋਤਾ*

ਮਿਲੇ ਹੁੰਗਾਰੇ 'ਤੇ ਤਸੱਲੀ ਪ੍ਰਗਟਾਉਂਦਿਆਂ ਕਿਹਾ ਹੈ ਕਿ ਪੰਜਾਬੀ ਫਿਲਮ ਉਦਯੋਗ ਪਾਏਰੇਸੀ ਦੇ ਕੋਹੜ ਕਰਕੇ ਬਹੁਤ ਵੱਡਾ ਨੁਕਸਾਨ ਝੱਲਦਾ ਆ ਰਿਹਾ ਹੈ। ਜਿਹੜੇ ਪੰਜਾਬੀ ਆਪਣੀ ਮਾਂ ਬੋਲੀ, ਸੱਭਿਅਚਾਰ, ਸੰਸਕਾਰਾਂ ਨਾਲ ਜੁੜੇ ਹੋਏ ਹਨ, ਉਨ੍ਹਾਂ ਨੂੰ ਕਦੇ ਪਾਇਰੇਟਡ ਫਿਲਮਾਂ ਨਹੀਂ ਦੇਖਣੀਆਂ ਚਾਹੀਦੀਆਂ। ਉਨ੍ਹਾਂ ਕਿਹਾ ਕਿ 'ਵੇਖ ਬਰਾਤਾਂ ਚੱਲੀਆਂ' ਫਿਲਮ ਵਿਚ ਅੰਧ ਵਿਸ਼ਵਾਸ 'ਤੇ ਕੀਤੇ ਗਏ ਤਿੱਖੇ ਵਿਅੰਗ ਦਾ ਸਮਾਜ 'ਤੇ ਚੰਗਾ ਪ੍ਰਭਾਵ ਪਵੇਗਾ। ਉਨ੍ਹਾਂ ਚਿਤਾਵਨੀ ਦਿੱਤੀ ਕਿ ਉਤਰੀ ਅਮਰੀਕਾ 'ਚ ਫਿਲਮ ਦੀ ਪਾਇਰੇਸੀ ਕਰਕੇ ਫਿਲਮ ਵੇਚਣ ਵਾਲੇ ਛੋਟੇ ਦੁਕਾਨਦਾਰਾਂ 'ਤੇ ਕਾਨੂੰਨੀ ਸ਼ਿਕੰਜਾ ਕੱਸਿਆ ਜਾਵੇਗਾ।

ਸ. ਗਾਖਲ ਨੇ ਦਸਿਆ ਕਿ ਉਹ ਕਮੇਡੀ ਅਤੇ ਸੰਗੀਤਕ ਫਿਲਮ ਜੀ ਬੀ ਐਂਟਰਟੇਨਮੈਂਟ ਦੇ ਬੈਨਰ ਹੇਠ ਤਿਆਰ ਕਰ ਰਹੇ ਹਨ। ਫਿਲਮ ਦੀ ਕਹਾਣੀ, ਸੰਵਾਦ ਅਤੇ ਗੀਤ ਲੇਖਕ ਅਤੇ ਪੱਤਰਕਾਰ ਐਸ. ਅਸ਼ੋਕ ਭੌਰਾ ਨੇ ਲਿਖੇ ਹਨ।




# ਪਰਵਾਸੀ ਪੰਜਾਬੀ ਸਾਹਿਤ ਸੰਮੇਲਨ 20 ਅਗਸਤ ਨੂੰ

## 'ਰੂਹ 'ਤੇ ਉਕਰੇ ਚਿੱਤਰ' ਅਤੇ 'ਵਰਤਮਾਨ ਦੇ ਆਰ-ਪਾਰ' ਹੋਣਗੀਆਂ ਰਿਲੀਜ਼

**ਸਟਾਕਟਨ (ਬਿਊਰੋ):** ਕੈਲੀਫੋਰਨੀਆ ਦੀਆਂ ਤਿੰਨ ਸਾਹਿਤਕ ਸੰਸਥਾਵਾਂ ਵਲੋਂ 20 ਅਗਸਤ ਨੂੰ ਇਥੇ ਸਾਂਝੇ ਤੌਰ 'ਤੇ ਕਰਵਾਏ ਜਾ ਰਹੇ ਪਰਵਾਸੀ ਪੰਜਾਬੀ ਸਾਹਿਤ ਸੰਮੇਲਨ 'ਚ 'ਰੂਹ 'ਤੇ ਉਕਰੇ ਚਿੱਤਰ' ਅਤੇ 'ਵਰਤਮਾਨ ਦੇ ਆਰ ਪਾਰ' ਪੁਸਤਕਾਂ ਰਿਲੀਜ਼ ਕੀਤੀਆਂ ਜਾਣਗੀਆਂ।

ਇਹ ਸੰਮੇਲਨ ਕਰਾਂਤੀਕਾਰੀ ਕਵੀ ਲਾਲ




ਸਿੰਘ ਦਿਲ ਅਤੇ ਲੋਕ ਕਵੀ ਗੁਰਦਾਸ ਰਾਮ ਆਲਮ ਨੂੰ ਸਮਰਪਿਤ ਹੋਵੇਗਾ। 'ਵਰਤਮਾਨ ਦੇ ਆਰ-ਪਾਰ' ਬਾਰੇ ਡਾ. ਜਸਵਿੰਦਰ ਸਿੰਘ ਅਤੇ 'ਰੂਹ 'ਤੇ ਉਕਰੇ ਚਿੱਤਰ' ਬਾਰੇ ਡਾ. ਧਨਵੰਤ ਕੌਰ ਆਪਣੇ ਖੋਜ ਪੱਤਰ ਪੇਸ਼ ਕਰਨਗੇ। ਉਪਰੰਤ ਕਹਾਣੀ ਅਤੇ ਕਵੀ ਦਰਬਾਰ ਹੋਵੇਗਾ। ਸੰਮੇਲਨ ਰਾਇਲ ਇੰਡੀਅਨ ਕੁਜ਼ੀਨ, 7610 ਪੈਸਿਫਿਕ ਐਵੇਨਿਊ, ਸਟਾਕਟਨ ਕੈਲੀਫੋਰਨੀਆ 95209 ਵਿਚ ਸਵੇਰੇ ਦਸ ਵਜੇ ਅਰੰਭ ਹੋ ਕੇ ਸ਼ਾਮ ਦੇ ਦਸ ਵਜੇ ਤੱਕ ਚੱਲਦਾ ਰਹੇਗਾ।


ਜ਼ਿਕਰਯੋਗ ਹੈ ਕਿ 'ਰੂਹ 'ਤੇ ਉਕਰੇ ਚਿੱਤਰ' ਪ੍ਰੋ. ਹਰਭਜਨ ਸਿੰਘ ਦਾ ਕਹਾਣੀ ਸੰਗ੍ਰਹਿ ਹੈ, ਜਿਸ ਵਿਚ 15 ਚੋਣਵੀਆਂ ਕਹਾਣੀਆਂ ਸ਼ਾਮਿਲ ਹਨ। 'ਵਰਤਮਾਨ ਦੇ ਆਰ-ਪਾਰ' ਕਾਵਿ-ਸੰਗ੍ਰਹਿ ਵਿਚ ਅਮਰੀਕਾ, ਇੰਗਲੈਂਡ, ਕੈਨੇਡਾ ਅਤੇ ਜਾਪਾਨ ਦੇ 79 ਸ਼ਾਇਰਾਂ ਦੀਆਂ ਰਚਨਾਵਾਂ ਸ਼ਾਮਿਲ ਹਨ। ਇਸ ਸੰਗ੍ਰਿਹ ਦਾ ਸੰਪਾਦਨ ਇੰਗਲੈਂਡ ਵਸਦੇ ਪੰਜਾਬੀ ਲੇਖਕਾਂ ਦਰਸ਼ਨ ਬੁਲੰਦਵੀ, ਅਜ਼ੀਮ ਸ਼ੇਖ਼ਰ ਅਤੇ ਕੁਲਵੰਤ ਕੌਰ ਢਿੱਲੋਂ ਨੇ ਕੀਤਾ ਹੈ। ਇਸ ਪ੍ਰਯੋਜਨ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਵਿਚ ਸੰਪਾਦਕਾਂ ਤੋਂ ਇਲਾਵਾ ਪ੍ਰੋ. ਹਰਭਜਨ ਸਿੰਘ, ਸੁਰਿੰਦਰ ਸੋਹਲ, ਮਹਿੰਦਰਪਾਲ ਧਾਲੀਵਾਲ, ਦਲਜੀਤ ਮੋਖਾ (ਮਰਹੂਮ), ਤਾਰਾ ਸਾਗਰ, ਸੁਰਜੀਤ ਕੌਰ, ਅਮਰਜੀਤ ਚਾਹਲ ਅਤੇ ਉਂਕਾਰਪ੍ਰੀਤ ਸਿੰਘ ਦਾ ਵੀ ਵਿਸ਼ੇਸ਼ ਯੋਗਦਾਨ ਹੈ।

'ਵਰਤਮਾਨ ਦੇ ਆਰ-ਪਾਰ' ਵਿਚ ਛਪੇ ਸ਼ਾਇਰਾਂ ਸੂਚੀ ਇਸ ਪ੍ਰਕਾਰ ਹੈ:

**ਅਮਰੀਕਨ ਕਵੀ:** ਸੁਰਿੰਦਰ ਸੋਹਲ, ਸੁਖਵਿੰਦਰ ਕੰਬੋਜ, ਪ੍ਰੋ. ਹਰਭਜਨ ਸਿੰਘ, ਹਰਜੀਤ ਹਠੂਰ, ਹਰਪ੍ਰੀਤ ਕੌਰ ਧੂਤ, ਹਰਜਿੰਦਰ ਕੰਗ, ਕੁਲਵਿੰਦਰ, ਗੁਰਦਿਆਲ ਸਿੰਘ ਸੰਘਾ (ਮਰਹੂਮ), ਡਾ. ਗੁਰੂਮੇਲ ਸਿੱਧੂ, ਚਰਨਜੀਤ ਸਿੰਘ ਸਾਹੀ, ਡਾ. ਜਗਜੀਤ ਬਰਾੜ, ਤਾਰਾ ਸਿੰਘ ਸਾਗਰ, ਦਲਜੀਤ ਮੋਖਾ (ਮਰਹੂਮ), ਨੀਲਮ ਸੈਣੀ, ਪਰਮਜੀਤ ਸਾਗਰ, ਬਲਦੇਵ ਬਾਵਾ, ਮਨਦੀਪ ਗੋਰਾ, ਰਵਿੰਦਰ ਸਹਿਰਾਅ, ਡਾ. ਰਵੀ ਸ਼ੇਰਗਿਲ, ਰਾਜ ਲਾਲੀ ਸ਼ਰਮਾ, ਰਾਣੀ ਨਗਿੰਦਰ।

**ਕੈਨੇਡੀਅਨ ਕਵੀ:** ਉਂਕਾਰਪ੍ਰੀਤ, ਅਜਮੇਰ ਰੋਡੇ, ਅਮਰੀਕ ਪਲਾਹੀ, ਅਮਰਜੀਤ ਚਾਹਲ, ਅੰਮ੍ਰਿਤ ਦੀਵਾਨਾ, ਇਕਬਾਲ ਖਾਨ, ਇੰਦਰਜੀਤ ਸਿੰਘ ਧਾਮੀ, ਸੁਰਿੰਦਰ ਧੰਜਲ, ਸੁਖਿੰਦਰ, ਸੁਰਜੀਤ ਕੌਰ, ਕ੍ਰਿਸ਼ਨ ਭਨੋਟ, ਕੁਲਵਿੰਦਰ ਖਹਿਰਾ, ਗੁਰਦੇਵ ਚੌਹਾਨ, ਗੁਰਦਰਸ਼ਨ ਬਾਦਲ, ਤਨਦੀਪ ਤਮੰਨਾ, ਨਵਤੇਜ ਭਾਰਤੀ, ਨਦੀਮ ਪਰਮਾਰ, ਨੀਰੂ ਅਸੀਮ, ਡਾ. ਪ੍ਰਿਤਪਾਲ ਕੌਰ ਚਾਹਲ, ਪਰਮਿੰਦਰ ਕੌਰ ਸਵੈਚ, ਮੋਹਨ ਗਿੱਲ, ਮਹਿੰਦਰਪਾਲ ਸਿੰਘ ਪਾਲ, ਰਵਿੰਦਰ ਰਵੀ।

**ਬਰਤਾਨਵੀ ਕਵੀ:** ਅਜ਼ੀਮ ਸ਼ੇਖ਼ਰ, ਡਾ. ਅਮਰ ਜਿਓਤੀ, ਅਵਤਾਰ ਸਿੰਘ ਸਾਦਿਕ, ਐਸ ਬਲਵੰਤ, ਸੰਤੋਖ ਸਿੰਘ ਸੰਤੋਖ (ਮਰਹੂਮ), ਸੁਰਿੰਦਰਪਾਲ ਸਿੰਘ, ਸਾਥੀ ਲੁਧਿਆਣਵੀ, ਸੰਤੋਖ ਧਾਲੀਵਾਲ, ਸੁਰਿੰਦਰ ਸੀਹਰਾ, ਕੁਲਵੰਤ ਕੌਰ ਢਿਲੋਂ, ਕੇ ਸੀ ਮੋਹਨ, ਕਿਰਪਾਲ ਪੂੰਨੀ, ਕਿੱਟੀ ਬੱਲ, ਗੁਰਦਾਸ ਪਰਮਾਰ, ਗੁਰਨਾਮ ਢਿਲੋਂ, ਗੁਰਸ਼ਰਨ ਸਿੰਘ ਅਜੀਬ, ਗਗਨ ਬਰਾੜ, ਚਮਨ ਲਾਲ ਚਮਨ,




ਜਤਿੰਦਰ ਪੱਤੜ, ਜਗਤਾਰ ਢਾਅ, ਜਸਵਿੰਦਰ ਮਾਨ, ਡਾ. ਦੇਵਿੰਦਰ ਕੌਰ, ਦਰਸ਼ਨ ਬੁਲੰਦਵੀ, ਦਲਵੀਰ ਕੌਰ, ਬਿੱਟੂ ਖੰਗੂਰਾ, ਬਲਵਿੰਦਰ ਮਠਾੜੂ, ਭੂਪਿੰਦਰ ਸਿੰਘ ਸੱਗੂ, ਮੁਸ਼ਤਾਕ ਸਿੰਘ ਮੁਸ਼ਤਾਕ, ਮਹਿੰਦਰ ਗਿੱਲ, ਮਿਸਿਜ਼ ਮੁਸਕਾਨ ਸਿੰਘ, ਮਨਜੀਤ ਕੌਰ ਪੱਡਾ, ਮਹਿੰਦਰਪਾਲ ਸਿੰਘ ਧਾਲੀਵਾਲ, ਰਾਜਿੰਦਰਜੀਤ ਤੇ ਵਰਿੰਦਰ ਪਰਿਹਾਰ।

**ਜਾਪਾਨੀ ਕਵੀ:** ਪਰਮਿੰਦਰ ਸੋਢੀ।


ਹੋਰ ਜਾਣਕਾਰੀ ਲਈ ਪ੍ਰੋ. ਹਰਭਜਨ ਸਿੰਘ (ਫੋਨ: 209-222-3866) ਅਤੇ ਹਰਜਿੰਦਰ ਪੰਧੇਰ (ਫੋਨ: 209-610-5055) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਹੁਣ ਅਮਾਜ਼ੋਨ ਦਾ ਸੰਸਥਾਪਕ ਜੈਫ ਬੇਜੋਸ ਦੁਨੀਆਂ ਦਾ ਸਭ ਤੋਂ ਅਮੀਰ

**ਨਵੀਂ ਦਿੱਲੀ:** ਫੋਰਬਜ਼ ਮੈਗਜ਼ੀਨ ਵੱਲੋਂ ਜਾਰੀ ਅਨੁਮਾਨ ਮੁਤਾਬਕ ਅਮਰੀਕਾ ਦੀ ਆਨ ਲਾਈਨ ਟਰੇਡਿੰਗ ਕੰਪਨੀ ਅਮਾਜ਼ੋਨ ਦੇ



ਜੈਫ ਬੇਜੋਸ



ਮੁਕੇਸ਼ ਅੰਬਾਨੀ

ਸੰਸਥਾਪਕ ਜੈਫ ਬੇਜੋਸ ਨੇ ਮਾਈਕ੍ਰੋਸਾਫਟ ਦੇ ਬਿੱਲ ਗੇਟਸ ਨੂੰ ਪਛਾੜ ਕੇ ਦੁਨੀਆਂ ਦੇ ਸਭ ਤੋਂ ਅਮੀਰ ਵਿਅਕਤੀ ਦਾ ਖਿਤਾਬ ਹਾਸਲ ਕਰ ਲਿਆ ਹੈ। ਉਨ੍ਹਾਂ ਦੀ ਕੁੱਲ ਜਾਇਦਾਦ ਦੇਖੀ ਜਾਵੇ ਤਾਂ ਬਿੱਲ ਗੇਟਸ ਦੀ 90.7 ਬਿਲੀਅਨ ਦੀ ਜਾਇਦਾਦ ਦੇ ਮੁਕਾਬਲੇ ਜੈਫ ਦੀ ਦੌਲਤ 90.9 ਬਿਲੀਅਨ ਡਾਲਰ ਤੱਕ ਪੁੱਜ ਚੁੱਕੀ ਹੈ।



ਬਿਲ ਗੇਟਸ

ਫੋਰਬਜ਼ ਮੈਗਜ਼ੀਨ ਮੁਤਾਬਕ ਬਿੱਲ ਗੇਟਸ ਮਾਰਚ 'ਚ ਇਸ ਦੀ ਸਾਲਾਨਾ ਰੈਂਕਿੰਗ ਵਿਚ ਪਿਛਲੇ ਚਾਰ ਸਾਲ ਤੋਂ ਸਭ ਤੋਂ ਅੱਗੇ ਸੀ। ਜੇ ਦੁਨੀਆਂ ਦੇ ਸਭ ਤੋਂ ਅਮੀਰ ਵਿਅਕਤੀ ਦਾ ਮੁਕਾਬਲਾ ਭਾਰਤ ਦੇ ਸਭ ਤੋਂ ਅਮੀਰ ਬੰਦੇ ਮੁਕੇਸ਼ ਅੰਬਾਨੀ ਨਾਲ ਕੀਤਾ ਜਾਵੇ ਤਾਂ ਤੁਸੀਂ ਹੈਰਾਨ ਹੋਵੋਗੇ। ਅੰਬਾਨੀ ਕੋਲ 19.3 ਅਰਬ ਡਾਲਰ ਦੀ ਦੌਲਤ ਹੈ। ਦੂਜੇ ਪਾਸੇ ਜੈਫ ਕੋਲ 90.9 ਅਰਬ ਡਾਲਰ ਹੈ। ਦੋਵਾਂ ਦੀ ਜਾਇਦਾਦ 'ਚ 71.6 ਅਰਬ ਡਾਲਰ ਦਾ ਫਰਕ ਹੈ।

ਭਾਰਤ ਦੇ ਕੁੱਲ 6 ਕਰੋੜ ਲੋਕਾਂ ਦੇ ਬਰਾਬਰ ਇਕੱਲੇ ਜੈਫ ਬੇਜੋਸ ਦੀ ਆਮਦਨ ਹੈ। ਉਸ ਦੀ ਆਮਦਨ 'ਚ ਹਰ ਸਾਲ ਬੜਾ ਜ਼ਬਰਦਸਤ ਵਾਧਾ ਹੋ ਰਿਹਾ ਹੈ।

ਦੱਸਣਯੋਗ ਹੈ ਕਿ ਜੈਫ ਦੀ ਦੁਨੀਆਂ ਦੀ ਸਭ ਤੋਂ ਵੱਡੀ ਆਨਲਾਈਨ ਕੰਪਨੀ ਅਮਾਜ਼ੋਨ ਇੰਕ ਦੇ ਸ਼ੇਅਰ ਇਕ ਫੀਸਦੀ ਦੇ ਉਛਾਲ ਨਾਲ ਵਧੇ ਹਨ। ਇਸ ਦਾ ਸ਼ੇਅਰ ਅੱਜ ਕੱਲ੍ਹ 1046 ਡਾਲਰ ਦਾ ਚੱਲ ਰਿਹਾ ਹੈ।


ਬੇਲਾਗ, ਬੇਬਾਕ ਅਤੇ ਜਿੰਮੇਵਾਰ ਪੱਤਰਕਾਰੀ ਦਾ ਮੁੱਦਈ

ਪਾਠਕਾਂ ਦੀ ਪਹਿਲੀ ਪਸੰਦ ਪੰਜਾਬ ਟਾਈਮਜ਼




ਅਮਰੀਕਾ ਵਿਚ ਤਿੰਨ ਐਡੀਸ਼ਨਾਂ (ਸ਼ਿਕਾਗੋ, ਕੈਲੀਫੋਰਨੀਆ ਅਤੇ ਨਿਊ ਯਾਰਕ) ਵਿਚ ਛਪਣ ਵਾਲਾ ਇਕੋ ਇਕ ਪੰਜਾਬੀ ਹਫਤਾਵਾਰੀ ਅਖਬਾਰ, ਜਿਸ ਦੇ ਪਾਠਕਾਂ ਦੀ ਗਿਣਤੀ ਕਿਸੇ ਵੀ ਹੋਰ ਪੰਜਾਬੀ ਅਖਬਾਰ ਤੋਂ ਵੱਧ ਹੈ

ਪਿਛਲੇ 18 ਸਾਲ ਤੋਂ ਨਿਰਵਿਘਨ ਪ੍ਰਕਾਸ਼ਨ। ਹਰ ਵਰਗ ਦੇ ਪਾਠਕ ਲਈ ਸਭ ਤੋਂ ਵੱਧ ਮਿਆਰੀ ਪੜ੍ਹਨ ਸਮੱਗਰੀ ਦੇਣ ਵਾਲਾ ਪੰਜਾਬੀ ਅਖਬਾਰ।

ਪੰਜਾਬ ਟਾਈਮਜ਼ ਕਿਸੇ ਇਕ ਵਿਚਾਰਧਾਰਾ, ਕਿਸੇ ਇਕ ਸਮਾਜਿਕ, ਧਾਰਮਿਕ ਜਾਂ ਸਿਆਸੀ ਧਿਰ ਨਾਲ ਪ੍ਰਤੀਬੱਧ ਨਹੀਂ ਹੈ। ਹਮੇਸ਼ਾ ਸਭ ਨੂੰ ਆਪਣੀ ਗੱਲ ਕਹਿਣ ਦਾ ਮੌਕਾ ਦਿੰਦਾ ਹੈ।

*Advertisement in Punjab Times, Support Punjab Times.*

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦਿਓ ਤੇ ਆਪਣਾ ਕਾਰੋਬਾਰ ਵਧਾਓ

ਪੰਜਾਬ ਟਾਈਮਜ਼ ਸੇਲ ਪੇਪਰ ਨਹੀਂ, ਇਸ ਵਿਚ ਪੀਰ ਬਾਬਿਆਂ, ਜੋਤਸ਼ੀਆਂ, ਠੱਗੀ ਮਾਰਾਂ, ਭਰੂਣ ਹੱਤਿਆ ਕਰਨ ਵਾਲਿਆਂ ਦੇ ਇਸ਼ਤਿਹਾਰ ਨਹੀਂ ਛਾਪੇ ਜਾਂਦੇ।

ਸੂਝਵਾਨ ਤੇ ਸੁਹਿਰਦ ਪਾਠਕਾਂ ਜੋ ਚਾਹੁੰਦੇ ਹਨ ਕਿ ਪੰਜਾਬ ਟਾਈਮਜ਼ ਸਾਬਤ ਕਦਮੀਂ ਅੱਗੇ ਵਧਦਾ ਰਹੇ, ਨੂੰ ਬੇਨਤੀ ਹੈ ਕਿ ਜਿਨ੍ਹਾਂ ਵਿਗਿਆਪਕਾਂ ਨਾਲ ਉਨ੍ਹਾਂ ਦਾ ਵਾਸਤਾ ਪੈਂਦਾ ਹੈ, ਉਨ੍ਹਾਂ ਉਤੇ ਜ਼ੋਰ ਪਾਉਣ ਕਿ ਪੰਜਾਬ ਟਾਈਮਜ਼ ਨੂੰ ਇਸ਼ਤਿਹਾਰ ਜ਼ਰੂਰ ਦਿੱਤਾ ਜਾਵੇ।

ਫੋਨ: 847-359-0746 Email: punjabtimes1@gmail.com www.punjabtimesusa.com

# ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ, ਮਿਸ਼ੀਗਨ

ਸ਼ੋਹਰਤ ਦੇ ਦੀਵੇ ਵਿਚ ਖੂਨ ਜਿਗਰ ਦਾ ਪੈਂਦਾ ਏ, ਦੁਨੀਆਂ ਵਿਚ ਨਾਮ ਕਮਾਉਣਾ ਸੌਖਾ ਨਹੀਂ ਹੁੰਦਾ।
ਕਾਮਯਾਬ ਨੇ ਜਿਹੜੇ ਉਨ੍ਹਾਂ ਤੋਂ ਸਦਕੇ ਜਾਵਾਂ ਮੈਂ, ਬਾਹਰਲੇ ਮੁਲਕ 'ਚ ਪੈਰ ਜਮਾਉਣਾ ਸੌਖਾ ਨਹੀਂ ਹੁੰਦਾ।

## ਮਿਸ਼ੀਗਨ ਦੇ ਭਾਰਤੀ ਪੰਜਾਬੀ ਭਾਈਚਾਰੇ ਵਲੋਂ

# 10ਵਾਂ ਪੰਜਾਬੀ ਖੇਡ ਮੇਲਾ ਤੇ ਕਬੱਡੀ ਟੂਰਨਾਮੈਂਟ

## 9 ਸਤੰਬਰ 2017 *(ਸ਼ਨਿਚਰਵਾਰ, ਸਵੇਰੇ 8:30 ਤੋਂ ਸ਼ਾਮ 8:00 ਵਜੇ ਤੱਕ)*

**ਖੇਡਾਂ: ਕਬੱਡੀ, ਵਾਲੀਬਾਲ, ਸੌਕਰ, ਅਥਲੈਟਿਕਸ**

### ਇਨਾਮ

**ਕਬੱਡੀ ਓਪਨ**
ਪਹਿਲਾ ਇਨਾਮ $11,000
ਦੂਜਾ ਇਨਾਮ $9,000
ਤੀਜਾ ਇਨਾਮ $7,000
ਚੌਥਾ ਇਨਾਮ $5,000

**ਕਬੱਡੀ ਅੰਡਰ-21**
ਪਹਿਲਾ ਇਨਾਮ $21,00
ਦੂਜਾ ਇਨਾਮ $1500
ਤੀਜਾ ਇਨਾਮ $1000

**ਸੌਕਰ ਤੇ ਵਾਲੀਬਾਲ**
ਪਹਿਲਾ ਇਨਾਮ $3,100
ਦੂਜਾ ਇਨਾਮ $2,100

**ਕਬੱਡੀ ਰੈਫਰੀ:**
ਨਰਿੰਦਰ ਮੁੰਦਰ
ਕੁਲਵਿੰਦਰ ਕਿੰਦਾ
ਕੁਲਦੀਪ ਦੀਪਾ ਟਾਂਡੇਵਾਲਾ

ਲੰਗਰ ਦਾ ਖਰਚਾ ਤੇ ਸੇਵਾ ਆਗੇਨਾਈਜ਼ਿੰਗ ਕਮੇਟੀ ਦੇ ਮੈਂਬਰਾਂ ਵਲੋਂ ਹੋਣਗੇ

Radio Chann Pardesi ਰੇਡੀਓ ਚੰਨ ਪ੍ਰਦੇਸੀ

**Canton Sports Center - Victory Park:**
46555 W. Michigan Ave. Rd., Canton, MI 48188 (Near Beck Rd.)



ਮੇਲਾ-ਗੇਲਾ, ਖੇਡਾਂ, ਨੱਚਣ-ਟੱਪਣ, ਗਾਉਣ-ਪਾਣੀ ਅਤੇ ਖੁੱਲ੍ਹਾ ਖਾਣ-ਪੀਣ ਆਓ ਤੇ ਮੌਜ ਮਨਾਓ

**ਸਭਨਾਂ ਨੂੰ ਖੁੱਲ੍ਹਾ ਸੱਦਾ**

***Free Entry *Free Food *Free Entertainment**

**ਪਰਿਵਾਰਾਂ ਸਮੇਤ ਆਓ ਤੇ ਮੇਲੇ ਦਾ ਲੁਤਫ ਉਠਾਓ**

GN TRUCK SALES
TRUCK & TRAILER SALES
WE SELL ALL MAKES & MODELS
www.gntrucksale.com
905-291-0210

**Autobahn**
ਸਾਰੇ ਟਰੱਕ Under Warranty
800,000 kilometers



## PSCA Committee Members and Gold Sponsors


ਕਰਮਬੀਰ ਸਿੰਘ


ਅਰਜੁਨ ਗਿੱਲ


ਰਾਜ ਨਿੱਜਰ


ਜਸਵਿੰਦਰ ਧਾਲੀਵਾਲ


ਅਮਰਜੀਤ ਗਿੱਲ


ਰਵਿੰਦਰ ਥਿੰਦ


ਅਮਰੀਕ ਰਾਏ


ਮਨਪ੍ਰੀਤ ਗਿੱਲ


ਰਾਜ ਜਾਮਾਰਾਏ


ਸੁਖਵੰਤ ਸਿੰਘ ਗਿੱਲ


ਸੁਖਦੇਵ ਸੇਖੋਂ


ਕੇਵਲ ਗਿੱਲ


ਕੁਲਬੀਰ ਗਿੱਲ


ਸੁੱਖਾ ਸੇਖੋਂ


ਬਲਕਾਰ ਗਿੱਲ



ਕਰਨ ਗਿੱਲ

### ਹੋਰ ਜਾਣਕਾਰੀ ਲਈ ਕਾਲ ਕਰੋ

**Mela, Media, Stalls:** Karn Gill (734-612-9984) / Sukhdev Sekhon (248-431-9678)
**Volleyball, Soccer:** Karmbir Singh (734-558-3151)/ Amarjit Gill: 734-394-8768
**Kabaddi:** Arjan Gill (734-231-3576) / Kulbir Gill (248-310-0114)
**Cultural Programs, Stalls:** Raj Jamarai (734-644-1010) / Raj Nijjar (734-637-7540)

*ਇਸ ਵਰ੍ਹੇ ਵੀ ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਲੋਕ ਆਪਣੇ ਪਰਿਵਾਰਾਂ ਸਮੇਤ ਮੇਲੇ ਦਾ ਸੁਰੱਖਿਅਤ ਮਾਹੌਲ ਵਿਚ ਅਨੰਦ ਮਾਣ ਸਕਣ।*

# ਮੁਹੱਬਤਾਂ ਦੇ ਸਿਰਨਾਵੇਂ




## ਕਲਾ ਪਰਿਕਰਮਾ

**ਯਾਸ਼ੀ ਸਿੰਘ**

ਇਕ ਬਜ਼ੁਰਗ ਨੋਇਡਾ ਵਿਚ ਆਪਣੇ ਘਰ ਦੀ ਬੈਠਕ ਵਿਚ ਪ੍ਰਵੇਸ਼ ਕਰਦਾ ਹੈ: ਚਿੱਟੀ ਸ਼ੇਰਵਾਨੀ-ਚੂੜੀਦਾਰ ਪਹਿਨੀ ਹੋਈ ਹੈ ਅਤੇ ਸਿਰ ਉਤੇ ਨਹਿਰੂ ਟੋਪੀ ਹੈ; ਨਾਲ ਮੋਤੀਆਂ ਦੀ ਇਕ ਮਾਲਾ ਹੈ ਜਿਸ ਨਾਲ ਦੋ ਲੌਕਟ ਹਨ- ਇਕ ਕ੍ਰਿਸ਼ਨ ਵਾਲਾ ਅਤੇ ਦੂਜੇ ਉਤੇ ਕੁਰਾਨ ਦੀਆਂ ਆਇਤਾਂ ਦਿਖਾਈ ਦੇ ਰਹੀਆਂ ਹਨ। ਉਹ ਸਰੀਰ ਤੋਂ ਬੜਾ ਲਿੱਸਾ ਜਿਹਾ ਹੈ। ਉਮਰ ਇਸ ਵੇਲੇ 90ਵਿਆਂ ਤੋਂ ਉਪਰ ਹੈ। ਉਂਜ, ਇਕ ਵਾਰ ਜਦੋਂ ਉਹ ਬੋਲਣਾ ਸ਼ੁਰੂ ਕਰਦਾ ਹੈ ਤਾਂ ਜਾਪਦਾ ਹੈ, ਜਿਵੇਂ ਕਾਇਨਾਤ ਦੀ ਹਰ ਸ਼ੈਅ ਉਸ ਨੂੰ ਸੁਣਨ ਲੱਗ ਪਈ ਹੋਵੇ! ਇਹੀ ਰੰਗ ਉਹ ਆਪਣੇ ਵੇਲਿਆਂ ਦੌਰਾਨ ਮੁਸ਼ਾਇਰਿਆਂ ਅਤੇ ਸਾਹਿਤਕ ਸਮਾਗਮਾਂ ਅੰਦਰ ਬਖੇਰਦਾ ਰਿਹਾ ਹੈ। ਆਵਾਜ਼ ਬੜੀ ਧੜੱਲੇਦਾਰ ਤੇ ਮਜ਼ਬੂਤ ਅਤੇ ਯਾਦ ਜਿਵੇਂ ਕਟਾਰ ਦੀ ਧਾਰ ਹੋਵੇ।

ਇਹ ਹੈ ਬਜ਼ੁਰਗ ਉਰਦੂ ਸ਼ਾਇਰ ਗੁਲਜ਼ਾਰ ਦੇਹਲਵੀ। ਪੰਡਿਤ ਅਨੰਦ ਮੋਹਨ ਜ਼ੁਤਸ਼ੀ ਗੁਲਜ਼ਾਰ ਦੇਹਲਵੀ। ਭਾਰਤ ਸਰਕਾਰ ਵੱਲੋਂ ਉਰਦੂ ਵਿਚ ਛਾਪੇ ਜਾਂਦੇ ਇਕੋ-ਇਕ ਸਾਇੰਸ ਮੈਗਜ਼ੀਨ 'ਸਾਇੰਸ ਕੀ ਦੁਨੀਆ' ਦਾ ਸੰਪਾਦਕ। ਘਰ ਦੀਆਂ ਕੰਧਾਂ ਉਤੇ ਉਸ ਦੀਆਂ ਤਸਵੀਰਾਂ ਚਿਣੀਆਂ ਹੋਈਆਂ ਹਨ ਜਿਹੜੀਆਂ ਸਾਹਿਤ ਅਤੇ ਸਿਆਸਤ ਦੇ ਖੇਤਰਾਂ ਦੀ ਖਾਸ ਹਸਤੀਆਂ ਨਾਲ ਹਨ- ਵੱਖ ਵੱਖ ਸਮੇਂ ਦੀਆਂ ਅਤੇ ਵੱਖ ਵੱਖ ਦੇਸ਼ਾਂ ਦੀਆਂ। ਦੇਹਲਵੀ ਕਸ਼ਮੀਰੀ ਪੰਡਿਤ ਹੈ ਜਿਹੜਾ ਸਾਰੀ ਉਮਰ ਉਰਦੂ ਨੂੰ ਸਮਰਪਿਤ ਰਿਹਾ ਅਤੇ ਆਪਣੀ ਸ਼ਾਇਰੀ ਨਾਲ ਇਸ ਵਿਚ ਲਗਾਤਾਰ ਰੰਗ ਭਰਦਾ ਰਿਹਾ ਹੈ। ਉਹ ਦਿੱਲੀ ਦੀ ਉਸ ਵੰਨ-ਸੁਵੰਨਤਾ ਦਾ ਗਵਾਹ ਹੈ ਜਿਸ ਉਤੇ ਹੁਣ ਚੁਫੇਰਿਓਂ ਹਮਲਾ ਹੋ ਰਿਹਾ ਹੈ ਅਤੇ ਬਹੁ-ਸਭਿਆਚਾਰਕ ਪਛਾਣ ਔਖੇ ਸਾਹ ਭਰ ਰਹੀ ਹੈ।

ਦੇਹਲਵੀ ਉਦੋਂ ਬੱਚਾ ਹੀ ਸੀ ਜਦੋਂ ਆਜ਼ਾਦੀ ਦੀ ਲੜਾਈ ਵਿਚ ਕੁੱਦ ਪਿਆ। ਉਹ ਦੱਸਦਾ ਹੈ: "ਉਦੋਂ ਮੈਂ ਚੌਥੀ ਵਿਚ ਪੜ੍ਹਦਾ ਸਾਂ। ਸਾਲ 1933 ਸੀ। ਇੰਗਲੈਂਡ ਦਾ ਰਾਜਾ ਜਾਰਜ ਪੰਜਵਾਂ ਅਤੇ ਉਸ ਦੀ ਰਾਣੀ ਮੈਰੀ ਆਪਣੇ ਵਿਆਹ ਦੀ 10ਵੀਂ ਵਰ੍ਹੇਗੰਢ ਮਨਾ ਰਹੇ ਸਨ। ਸਕੂਲ ਦੇ ਬੱਚਿਆਂ ਨੂੰ ਖਾਸ ਤਿਆਰ ਕੀਤੀਆਂ ਪਲੇਟਾਂ ਵੰਡੀਆਂ ਜਾ ਰਹੀਆਂ ਸਨ ਅਤੇ ਨਾਲ ਹੀ ਚਾਰ ਚਾਰ ਆਨੇ, ਤਾਂ ਕਿ ਉਹ ਚਾਂਦਨੀ ਚੌਕ ਜਾ ਕੇ ਚਾਟ ਅਤੇ ਪਕੌੜੇ ਖਾ ਸਕਣ।" ਉਹ ਗੱਲਾਂ ਕਰਦੇ ਕਰਦੇ ਜੋਸ਼ ਵਿਚ ਆ ਜਾਦੇ ਹਨ; ਦੱਸਦੇ ਹਨ: "ਮੈਂ ਸਰਕਾਰੀ ਸਕੂਲ ਦੇ ਬੱਚਿਆਂ ਨੂੰ ਨਾਲ ਲਿਆ ਅਤੇ ਇਨ੍ਹਾਂ ਜਸ਼ਨਾਂ ਦਾ ਬਾਈਕਾਟ ਕਰ ਦਿੱਤਾ। ਉਦੋਂ ਹੀ ਅਰੁਣਾ ਆਸਿਫ ਅਲੀ ਦੀ ਨਿਗ੍ਹਾ ਮੇਰੇ ਉਪਰ ਪੈ ਗਈ ਅਤੇ ਇਉਂ ਕਾਂਗਰਸ ਨਾਲ ਮੇਰੀ ਸਾਂਝ ਪੈ ਗਈ।" ਉਹ ਇਕ ਹੋਰ ਦਰਦ ਸਾਂਝਾ ਕਰਦਾ ਹੈ, "ਹੁਣ ਉਰਦੂ ਨੂੰ ਗੈਰ-ਭਾਰਤੀ ਹੋਣ ਦੇ ਮਿਹਣੇ ਮਾਰੇ ਜਾ ਰਹੇ ਹਨ ਅਤੇ ਦੁਰਕਾਰਿਆ ਜਾ ਰਿਹਾ ਹੈ, ਉਦੋਂ ਬਹੁਤੀ ਇਨਕਲਾਬੀ ਸ਼ਾਇਰੀ ਉਰਦੂ ਵਿਚ ਹੀ ਕੀਤੀ ਜਾ ਰਹੀ ਸੀ।" ਦੇਹਲਵੀ ਦਾ ਜਨਮ 7 ਜੁਲਾਈ 1926 ਨੂੰ ਪੁਰਾਣੀ ਦਿੱਲੀ ਦੀ 'ਗਲੀ ਕਸ਼ਮੀਰੀਆਂ' ਵਿਚ ਅਲਾਮਾ ਤ੍ਰਿਭੂਨ ਨਾਥ ਜ਼ੁਤਸ਼ੀ ਜ਼ਾਰ ਦੇਹਲਵੀ ਅਤੇ ਬ੍ਰਿਜ ਰਾਣੀ ਜ਼ੁਤਸ਼ੀ ਬੇਜ਼ਾਰ ਦੇਹਲਵੀ ਦੇ ਘਰੇ ਹੋਇਆ। ਦੋਵੇਂ ਜੀਅ ਉਰਦੂ ਸ਼ਾਇਰ ਸਨ। ਗੁਲਜ਼ਾਰ ਦੇਹਲਵੀ ਬੜੇ ਚਾਅ ਨਾਲ ਦੱਸਦਾ ਹੈ: ਪੁਰਾਣੀ ਦਿੱਲੀ ਦੀ ਸੀਤਾਰਾਮ ਮਾਰਕੀਟ ਦਾ ਨਾਂ ਉਸ ਦੇ ਕਿਸੇ ਪੁਰਖੇ ਦੇ ਨਾਂ ਉਤੇ ਰੱਖਿਆ ਹੋਇਆ ਹੈ।


*ਅੰਦਾਜ਼-ਏ-ਸ਼ਾਇਰ:* ***ਸ਼ਾਇਰ ਗੁਲਜ਼ਾਰ ਦੇਹਲਵੀ ਉਪ ਰਾਸ਼ਟਰਪਤੀ ਹਾਮਿਦ ਅਨਸਾਰੀ ਨਾਲ।***

ਵੰਡ ਨੇ ਭਾਰਤ ਵਿਚ ਉਰਦੂ ਨੂੰ ਬੜੀ ਸੱਟ ਮਾਰੀ। ਇਸ ਬਾਰੇ ਉਹ ਆਖਦਾ ਹੈ: "ਵੰਡ ਨੇ ਹਿੰਦੀ-ਹਿੰਦੂ-ਹਿੰਦੁਸਤਾਨ ਅਤੇ ਉਰਦੂ-ਮੁਸਲਿਮ-ਪਾਕਿਸਤਾਨ ਵਾਲੀਆਂ ਲਕੀਰਾਂ ਖਿਚ ਦਿੱਤੀਆਂ। ਆਜ਼ਾਦੀ ਤੋਂ ਬਾਅਦ ਕਈ ਵੱਡੇ ਉਰਦੂ ਵਿਦਵਾਨ ਆਪਣੀ ਹੀ ਬੋਲੀ ਬੋਲਣ ਤੋਂ ਤ੍ਰਹਿਣ ਲੱਗ ਪਏ। 1947 ਤੋਂ ਪਹਿਲਾਂ ਸਾਨੂੰ ਅੰਗਰੇਜ਼ਾਂ ਨਾਲ ਲੜਨਾ ਪਿਆ ਅਤੇ ਪਿਛੋਂ ਫਿਰਕੂ ਸਦਭਾਵ ਤੇ ਉਰਦੂ ਦੀ ਰਾਖੀ ਲਈ ਤਰੱਦਦ ਕਰਨੇ ਪੈ ਗਏ।" 1990 ਤੋਂ ਬਾਅਦ ਜਦੋਂ ਫਿਰਕੂ ਤਾਕਤਾਂ ਦੇ ਹੱਥ ਤਾਕਤ ਆਉਣੀ ਸ਼ੁਰੂ ਹੋਈ ਤਾਂ ਉਸ ਬਾਰੇ ਦੇਹਲਵੀ ਦੀ ਟਿੱਪਣੀ ਦੇਖੋ: "ਕਾਂਗਰਸ ਕਮਜ਼ੋਰ ਪੈਣੀ ਸ਼ੁਰੂ ਹੋ ਗਈ, ਪਰ ਨਰਸਿਮਹਾ ਰਾਓ ਦੇ ਵੇਲੇ ਤਾਂ ਹੱਦ ਹੋ ਗਈ। ਬਾਬਰੀ ਮਸਜਿਦ ਹੀ ਢਾਹ ਦਿੱਤੀ ਗਈ। ਇਹੀ ਉਹ ਵਕਤ ਸਨ ਜਦੋਂ ਮੈਂ ਸਿਆਸੀ ਜੀਵਨ ਤੋਂ ਪੈਰ ਪਿਛਾਂਹ ਮੋੜਨੇ ਆਰੰਭ ਕਰ ਦਿੱਤੇ... ਤੁਹਾਨੂੰ ਪਤੈ ਕਿ ਮੈਂ ਹੀ ਨਰਸਿਮਹਾ ਰਾਓ ਨੂੰ ਇੰਦਰਾ (ਗਾਂਧੀ) ਨਾਲ ਮਿਲਾਇਆ ਸੀ? ਬਾਬਰੀ ਤੋਂ ਬਾਅਦ ਮੈਂ ਉਹਨੂੰ ਸਈਦ ਸਿਬਤੇ ਰਾਜ਼ੀ ਦੇ ਘਰੇ ਇਕ ਪਾਰਟੀ ਦੌਰਾਨ ਮਿਲਿਆ ਅਤੇ ਪੰਜਾਹ ਬੰਦਿਆਂ ਸਾਹਮਣੇ ਐਲਾਨ ਕੀਤਾ- ਅੱਜ ਤੋਂ ਤੂੰ ਮੇਰੇ ਲਈ ਮਰ ਗਿਆ ਅਤੇ ਮੈਂ ਤੇਰੇ ਲਈ।" ਜਾਪਦਾ ਸੀ, ਸ਼ਾਇਰ ਦਾ ਦਰਦ ਸਿੰਮਣ ਲੱਗ ਪਿਆ ਹੈ...!

ਅੱਜ ਦੇ ਸੱਤਾਧਾਰੀਆਂ ਦੀ ਪਹੁੰਚ ਬਾਰੇ ਉਹ ਆਖਦਾ ਹਨ: ਫਿਰਕਾਪ੍ਰਸਤਾਂ ਖਿਲਾਫ ਲੜਾਈ ਬਹੁਤ ਜ਼ਰੂਰੀ ਹੈ। ਮੇਰੇ ਪੁਰਖਿਆਂ ਨੂੰ ਸ਼ਾਹ ਜਹਾਨ ਨੇ ਕਸ਼ਮੀਰ ਤੋਂ ਦਿੱਲੀ ਸੱਦਿਆ ਸੀ। ਅੱਜ ਮੁੱਠੀ ਭਰ ਲੋਕ ਚੀਕਾਂ ਮਾਰ ਮਾਰ ਸਾਨੂੰ ਦੇਸ਼ ਦਾ ਮਤਲਬ ਦੱਸ ਰਹੇ ਹਨ! ਭਾਰਤ ਕੀ ਹੈ ਭਲਾ? ਭਾਰਤ ਤਾਂ ਹਾਥੀ ਵਾਂਗ ਹੈ, ਵਿਸ਼ਾਲ ਤੇ ਵਿਰਾਟ; ਪਰ ਕੁਝ ਲੋਕ ਸਿਰਫ ਪੂਛ ਜਾਂ ਲੱਤ ਫੜ ਕੇ ਹੀ ਆਪਣੇ ਰਾਏ ਦੇਈ ਜਾਂਦੇ ਹਨ ਅਤੇ ਇਹ ਰਾਏ ਫਿਰ ਲੋਕਾਂ ਉਪਰ ਥੋਪੀ ਜਾਂਦੇ ਹਨ। ਮੁਸਲਮਾਨਾਂ ਨੂੰ ਖਲਨਾਇਕ ਸਾਬਤ ਕੀਤਾ ਜਾ ਰਿਹਾ ਹੈ, ਪਰ ਇਸ ਮਾਮਲੇ ਵਿਚ ਇਨ੍ਹਾਂ ਨੂੰ ਸਾਰੇ ਹਿੰਦੂਆਂ ਦੀ ਹਮਾਇਤ ਹਾਸਲ ਨਹੀਂ; ਸਿੱਖਾਂ ਤੇ ਜੈਨੀਆਂ ਦੀ ਹਮਾਇਤ ਤਾਂ ਕੀ ਮਿਲਣੀ ਹੈ। ਗੁਲਜ਼ਾਰ ਦੇਹਲਵੀ ਨੂੰ ਸਰਕਾਰੀ ਸਮਾਗਮਾਂ ਲਈ ਅੱਜ ਵੀ ਸੱਦੇ ਆਉਂਦੇ ਹਨ, ਪਰ ਉਹ ਰੋਸ ਵਜੋਂ ਹੁਣ ਵਾਲੀ ਕਾਣੀ ਸਰਕਾਰ ਤੋਂ ਦੂਰ ਹੀ ਵਿਚਰ ਰਿਹਾ ਹੈ।




# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 12 ਅਗਸਤ 2017 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-285


*ਕੌਣ ਕਿਰਾਏ-ਭਾੜੇ ਲਾ ਕੇ, ਲਿਆਵੇ ਰੇਸ਼ਮੀ ਨਾਲੇ।*
*ਰੰਗ-ਬਰੰਗੇ ਮੈਂ ਬੁਣ ਦੇਣੇ, ਕਿਉਂ ਜਾਣੈ ਪਟਿਆਲੇ।*

## ਕੈਪਸ਼ਨ ਮੁਕਾਬਲਾ-283



ਉਪਰ ਥੱਲੇ, ਖੋਹਾ ਖਿੰਝੀ,
ਬਚਪਨ ਮੌਜ ਹੰਢਾਵੇ।
ਪਲਾਂ 'ਚ ਰੋਸਾ ਮਿਟ ਜਾਂਦਾ ਹੈ
ਫਿਰ ਆੜੀ ਪੈ ਜਾਵੇ।
ਸ਼ਾਹੀ ਉਮਰ ਨਾ ਮੁੜ ਕੇ ਆਉਣੀ
ਲੱਖ ਕੋਈ ਤਰਲੇ ਪਾਵੇ।

***-ਜਗਮੀਤ ਸਿੰਘ ਪੰਧੇਰ***

---

ਬਚਪਨ ਬੜਾ ਪਿਆਰਾ ਹੁੰਦਾ
ਸਭ ਗੱਲਾਂ 'ਚ ਨਿਆਰਾ ਹੁੰਦਾ।
ਚੂੰਢੀ-ਧੱਫੇ ਵਿਚ ਆਵੇ ਮਜ਼ਾ
ਖੋਹ-ਖਿੰਝ ਦੀ ਮਿਲੇ ਨਾ ਸਜ਼ਾ।
ਦਾਦਾ-ਦਾਦੀ ਹੱਸ ਹੱਸ ਹੋਣ ਦੂਹਰੇ
ਪੇਸ਼ ਨਾ ਚੱਲੇ ਨਿਆਣਿਆਂ ਮੂਹਰੇ।

***-ਕੈਲਾਸ਼ ਠਾਕੁਰ, ਨੰਗਲ ਟਾਊਨਸ਼ਿਪ***

---

ਮਸਤੀ ਦੇ ਦਿਨ ਫਿਰ ਨਾ ਆਉਣੇ
ਬਚਪਨ ਜਿੱਥੇ ਗੁਜਾਰਿਆ।
ਛੋਟੀ ਉਮਰੇ ਖੇਡ ਕੁੱਦ ਲਏ
ਕਿਸੇ ਨੇ ਨਾ ਫਿਟਕਾਰਿਆ।
ਮਾਂ ਭੀ ਦੇਖ ਕੇ ਦੁੱਗਣੀ ਹੁੰਦੀ
ਇਕ ਦੂਜੇ ਨੂੰ ਢਾਹ ਲਿਆ।
ਖਾਣ-ਪੀਣ ਦਾ ਫਿਕਰ ਨਾ ਕੋਈ
ਜੋ ਚਾਹਿਆ, ਸੋ ਖਾਹ ਲਿਆ।

***-ਗਿਆਨੀ ਜਗਜੀਤ ਕੌਰ ਚੰਡੀਗੜ੍ਹ***

---

ਕਾਕਾ ਨਿਰਾ ਹੈ ਭੂੰਡ ਪਟਾਕਾ
ਸਿੱਧੇ ਮੂੰਹ ਨਾ ਖਾਂਦਾ ਹੈ।
ਨਿੱਤ ਹੀ ਮਾਂ ਨੂੰ ਦੰਦੀਆਂ ਵੱਢਦਾ
ਪਰ ਫਿਰ ਵੀ ਚੰਗਾ ਲੱਗਦਾ ਹੈ।
ਹੈ ਖੋਤੇ ਨੂੰ ਲੂਣ ਦੇਣ ਬਰਾਬਰ
ਰੋਟੀ ਉਸ ਦੇ ਮੂੰਹ ਵਿਚ ਪਾਉਣੀ।
ਆਕੜ ਜਾਵੇ ਤਾਂ ਬਹੁਤ ਸਤਾਵੇ
ਧੌਣੋਂ ਫੜ੍ਹ ਫਿਰ ਪਏ ਖਿਲਾਉਣੀ।
ਮੁੰਡਾ ਤੇ ਰੰਭਾ ਦੋਵੇਂ ਚੰਡੇ ਚੰਗੇ
ਸਦੀਆਂ ਦੀ ਇਹ ਅਖੌਤ ਪੁਰਾਣੀ।

***-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ***

---

ਤੇਰ-ਮੇਰ, ਸੁੱਚ-ਭਿੱਟ ਤੋਂ ਮੁਕਤ,
ਖੋਹ ਖਿੰਝ ਕੇ, ਛੇੜ-ਛਾੜ ਕੇ,
ਬੱਚੇ ਕੁਸ਼ਤੀ ਕਰਨ ਦੀ ਬਣਾ ਲੈਂਦੇ ਨੇ ਜੁਗਤ।
ਗੇਮਾਂ, ਟੀ.ਵੀ. ਸ਼ੋਆਂ ਨੇ ਭਾਵੇਂ,
ਖੇਲਣ-ਮੱਲਣ ਤੋਂ ਕਰ'ਤੇ ਸੁਸਤ।
ਬਚਪਨ ਦੀਆਂ ਬੇਪਰਵਾਹੀਆਂ,
ਫਿਰ ਵੀ ਕੁਦਰਤ ਦਾ ਤੋਹਫਾ ਹੈ ਮੁਫਤ।

***-ਦਵਿੰਦਰ ਕੌਰ***

---

ਬਚਪਨ ਹੁੰਦਾ ਬੇਪਰਵਾਹਾ
ਨਾ ਫਿਕਰ-ਫਾਕਾ, ਨਾ ਸਾੜਾ।
ਹੂਰੋ-ਮੁੱਕੀ ਵੀ ਹੋ ਜਾਂਦੇ
ਪਲਾਂ 'ਚ ਫਿਰ ਇਕੱਠੇ।
ਫੜ੍ਹ ਗਿੱਚੀ ਤੋਂ ਕੋਡਾ ਕੀਤਾ
ਚਟਮ ਕਰ ਲਿਆ ਖਾਣਾ।
ਕਹਿੰਦਾ ਮੂੰਹ 'ਤੇ ਹੱਥ ਫੇਰ ਕੇ
ਤੂੰ ਤਕੜਾ ਕਿ ਮੈਂ ਤਕੜਾ
ਠੱਠੇ ਮਜ਼ਾਕ ਫਿਰ ਵੀ ਕਰਦੇ।

***-ਦਰਸ਼ਨਪਾਲ ਦੋਸਾਂਝ***

---

ਕੀਤੀਆਂ ਬਚਪਨ ਵਿਚ ਜੋ ਸ਼ਰਾਰਤਾਂ
ਉਹ ਕਿੱਥੇ ਵਿਚ ਜੁਆਨੀ?
ਜੇਬ ਖਰਚ ਲਈ ਮਿਲਦੇ ਸੀ
ਪੰਜ-ਦਸ ਪੈਸੇ, ਹੱਦੋਂ ਵੱਧ ਚੁਆਨੀ।
ਚੇਤੇ ਕਰ ਬਚਪਨ ਦਾ ਉਹ ਵੇਲਾ
ਅੱਖਾਂ ਵਿਚ ਆ ਜਾਂਦਾ ਪਾਣੀ।
ਮੈਂ ਇਕੱਲਾ ਨਹੀਂ ਚੇਤੇ ਕਰਦਾ
ਸਭ ਦੀ ਹੈ ਇਹੋ ਕਹਾਣੀ।

***-ਗੋਰਾ ਪ੍ਰਜਾਪਤ, ਨਿਊ ਯਾਰਕ***

---

ਬਚਪਨ ਤੇ ਜਵਾਨੀ ਦੇ ਵਿਚ ਵਿਚਾਲੇ
ਮੌਜ ਮਸਤੀਆਂ ਤੇ ਸ਼ਰਾਰਤਾਂ ਦੇ ਸੰਗ।
ਭਾਵੇਂ ਝੂਠੀ-ਮੂਠੀ ਦੀਆਂ ਲੜਾਈਆਂ
ਜ਼ੋਰ-ਅਜ਼ਮਾਈ ਦਿਖਾਉਂਦੀ ਆਪਣੇ ਰੰਗ।
ਬੱਚੇ ਹੋ ਜਾਵਣ ਜੇ ਜ਼ਿਆਦਾ ਕਲੇਸ਼ੀ
ਸਭ ਤੋਂ ਵੱਧ ਹੁੰਦਾ ਮਾਂ ਨੂੰ ਦੁਖ।
ਕੋਈ ਨਾ ਕੋਈ ਜੁਗਤ ਸੋਚੇ ਮਮਤਾ
ਘਰ ਕਿਸੇ ਤਰ੍ਹਾਂ ਹੋ ਜਾਏ ਸ਼ਾਂਤੀ-ਸੁੱਖ।

***-ਅਮਰਜੀਤ ਸਿੰਘ ਤੂਰ***

# ਨਿਊ ਯਾਰਕ 'ਚ ਚਰਨਜੀਤ ਸਿੰਘ ਬਰਾੜ, ਅਮਰੀਕ ਸਿੰਘ ਸ਼ਿਕਾਗੋ ਅਤੇ ਬਾਬਾ ਦਲਜੀਤ ਸਿੰਘ ਦਾ ਸਨਮਾਨ



**ਨਿਊ ਯਾਰਕ (ਬਿਊਰੋ):** ਸ਼੍ਰੋਮਣੀ ਅਕਾਲੀ ਦਲ, ਨਿਊ ਯਾਰਕ ਵਲੋਂ ਸ਼੍ਰੋਮਣੀ ਅਕਾਲੀ ਦਲ ਦੇ ਐਨ.ਆਰ.ਆਈ. ਵਿੰਗ ਦੇ ਕੋਆਰਡੀਨੇਟਰ ਸ. ਚਰਨਜੀਤ ਸਿੰਘ ਬਰਾੜ, ਪਾਰਟੀ ਦੀ ਅਮਰੀਕਾ ਇਕਾਈ ਦੇ ਚੀਫ ਮੀਡੀਆ ਇੰਚਾਰਜ ਅਤੇ ਕੋਰ ਕਮੇਟੀ ਮੈਂਬਰ ਸ. ਅਮਰੀਕ ਸਿੰਘ ਸ਼ਿਕਾਗੋ ਅਤੇ ਬਾਬਾ ਦਲਜੀਤ ਸਿੰਘ ਸ਼ਿਕਾਗੋ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਇਸ ਮੌਕੇ ਸ. ਚਰਨਜੀਤ ਸਿੰਘ ਬਰਾੜ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ 10 ਸਾਲਾਂ ਦੇ ਰਾਜ ਦੌਰਾਨ ਪੰਜਾਬ ਨੂੰ ਤਰੱਕੀ ਦੀਆਂ ਲੀਹਾਂ 'ਤੇ ਲਿਆਂਦਾ ਸੀ ਪ੍ਰੰਤੂ ਦੁੱਖ ਦੀ ਗੱਲ ਹੈ ਕਿ ਕਾਂਗਰਸ ਪਾਰਟੀ ਨੇ ਸੱਤਾ ਵਿਚ ਆਉਂਦਿਆਂ ਹੀ ਪੰਜਾਬ ਅੰਦਰ ਚੱਲ ਰਹੇ ਵਿਕਾਸ ਕਾਰਜਾਂ ਨੂੰ ਬਰੇਕਾਂ ਲਾ ਦਿੱਤੀਆਂ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦੇ ਰਾਜ ਵਿਚ ਗੈਂਗਸਟਰਾਂ ਵਲੋਂ ਨਿੱਤ ਦਿਨ ਖੂਨ ਖਰਾਬਾ ਕੀਤਾ ਜਾ ਰਿਹਾ ਹੈ ਅਤੇ ਪੰਜਾਬ ਦੀ ਅਮਨ ਸ਼ਾਂਤੀ ਪੂਰੀ ਤਰ੍ਹਾਂ ਭੰਗ ਹੋ ਰਹੀ ਹੈ ਜਿਸ ਲਈ ਸਿਰਫ ਤੇ ਸਿਰਫ ਕਾਂਗਰਸ ਸਰਕਾਰ ਜਿੰਮੇਵਾਰ ਹੈ। ਉਨ੍ਹਾਂ ਪਾਰਟੀ ਵਰਕਰਾਂ ਨੂੰ ਅਪੀਲ ਕੀਤੀ ਕਿ ਜੋ ਲੋਕ ਅਕਾਲੀ ਦਲ ਤੋਂ ਦੂਰ ਹੋ ਗਏ ਹਨ, ਉਨ੍ਹਾਂ ਨੂੰ ਪਾਰਟੀ ਨਾਲ ਮੁੜ ਜੋੜਿਆ ਜਾਵੇ।

ਇਸ ਮੌਕੇ ਸ਼ਿਕਾਗੋ ਤੋਂ ਉਚੇਚੇ ਤੌਰ 'ਤੇ ਪੁੱਜੇ ਸ. ਅਮਰੀਕ ਸਿੰਘ ਸ਼ਿਕਾਗੋ ਨੇ ਵੀ ਆਪਣੇ ਸੰਬੋਧਨ 'ਚ ਸਮੂਹ ਪਾਰਟੀ ਵਰਕਰਾਂ ਨੂੰ ਇੱਕਜੁੱਟ ਹੋ ਕੇ ਕੰਮ ਕਰਨ ਦੀ ਅਪੀਲ ਕੀਤੀ ਅਤੇ ਪਾਰਟੀ ਵਲੋਂ ਦਿੱਤੀ ਹਰ ਡਿਊਟੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣ ਦੀ ਆਸ ਜਤਾਈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਵਿੰਦਰ ਸਿੰਘ ਨਵਾਂਸ਼ਹਿਰ, ਮੋਹਣ ਸਿੰਘ ਖਟੜਾ, ਰਘਬੀਰ ਸਿੰਘ ਸੁਭਾਨਪੁਰ, ਜਰਨੈਲ ਸਿੰਘ ਗਿਲਜੀਆਂ, ਕਰਨੈਲ ਸਿੰਘ ਬਾਠ, ਗੁਰਬਖਸ਼ ਸਿੰਘ ਟਾਹਲੀ, ਪ੍ਰੀਤਮ ਸਿੰਘ ਗਿਲਜੀਆਂ, ਹਰਜੀਤ ਸਿੰਘ ਹੁੰਦਲ, ਗੁਰਪ੍ਰਤਾਪ ਸਿੰਘ ਵੱਲਾ, ਕਸ਼ਮੀਰ ਸਿੰਘ ਪਿਹੋਵਾ, ਮਲਕੀਤ ਸਿੰਘ, ਗੁਰਿੰਦਰ ਸਿੰਘ ਤੇ ਤਜਿੰਦਰ ਸਿੰਘ ਹਾਜ਼ਰ ਸਨ।

## ਵਿਕੀਲੀਕਸ ਨਸ਼ਰ ਕਰੇਗਾ ਫਰਾਂਸ ਚੋਣਾਂ ਬਾਰੇ ਈਮੇਲ

**ਪੈਰਿਸ:** ਵਿਕੀਲੀਕਸ ਨੇ ਐਲਾਨ ਕੀਤਾ ਹੈ ਕਿ ਉਸ ਨੇ ਫਰਾਂਸੀਸੀ ਸਦਰ ਇਮੈਨੂਅਲ ਮੈਕਰੌਨ ਦੀ ਪ੍ਰਚਾਰ ਮੁਹਿੰਮ ਦੀਆਂ ਚੋਰੀਸ਼ੁਦਾ ਤਕਰੀਬਨ 20 ਹਜ਼ਾਰ ਈਮੇਲਜ਼ ਹਾਸਲ ਕੀਤੀਆਂ ਹਨ, ਜਿਨ੍ਹਾਂ ਨੂੰ ਵੈਬਸਾਈਟ ਉਤੇ ਨਸ਼ਰ ਕੀਤਾ ਜਾਵੇਗਾ। ਇਨ੍ਹਾਂ ਈਮੇਲਜ਼ ਨੇ ਉਦੋਂ ਹਲਚਲ ਪੈਦਾ ਕੀਤੀ ਸੀ, ਜਦੋਂ ਇਨ੍ਹਾਂ ਨੂੰ ਮੁਢਲੇ ਤੌਰ 'ਤੇ ਬੀਤੀ ਸੱਤ ਮਈ ਨੂੰ ਹੋਈ ਰਾਸ਼ਟਰਪਤੀ ਚੋਣ ਤੋਂ ਦੋ ਦਿਨ ਪਹਿਲਾਂ ਨਸ਼ਰ ਕੀਤਾ ਗਿਆ ਸੀ।

# ਸਮ੍ਰਿਤੀ ਇਰਾਨੀ ਨੇ ਅਜੇ ਵੀ ਪਾਸ ਨਹੀਂ ਕੀਤੀ ਬੀ.ਏ.

**ਨਵੀਂ ਦਿੱਲੀ:** ਕੇਂਦਰੀ ਮੰਤਰੀ ਸਮ੍ਰਿਤੀ ਇਰਾਨੀ ਹਾਲੇ ਤੱਕ ਗ੍ਰੈਜੂਏਸ਼ਨ ਦੀ ਪੜ੍ਹਾਈ ਵੀ ਪੂਰੀ ਨਹੀਂ ਕਰ ਸਕੀ ਜਦੋਂਕਿ ਭਾਜਪਾ ਦੇ ਪ੍ਰਮੁੱਖ ਆਗੂ ਅਮਿੱਤ ਸ਼ਾਹ ਦੀ ਜਾਇਦਾਦ ਪਿਛਲੇ ਪੰਜ ਸਾਲਾਂ ਵਿਚ ਤਿੰਨ ਗੁਣਾ ਵਧ ਗਈ ਹੈ। ਇਹ ਜਾਣਕਾਰੀ ਦੋਵਾਂ ਨੇ ਗੁਜਰਾਤ ਵਿਚ ਰਾਜ ਸਭਾ ਚੋਣਾਂ ਲਈ ਆਪਣੇ ਹਲਫਨਾਮੇ ਵਿਚ ਦਿੱਤੀ ਹੈ। ਕਾਂਗਰਸ ਤੋਂ ਅਸਤੀਫਾ ਦੇਣ ਵਾਲੇ ਬਲਵੰਤ ਸਿੰਘ ਰਾਜਪੂਤ 315 ਕਰੋੜ ਰੁਪਏ ਦੀ ਜਾਇਦਾਦ ਨਾਲ ਤਿੰਨਾਂ ਉਮੀਦਵਾਰ ਤੋਂ ਸਭ ਤੋਂ ਧਨੀ ਵਿਅਕਤੀ ਹਨ।

ਇਰਾਨੀ ਨੇ ਆਪਣੇ ਹਲਫਨਾਮੇ ਵਿਚ ਸਪਸ਼ਟ ਜ਼ਿਕਰ ਕੀਤਾ ਹੈ ਕਿ ਉਨ੍ਹਾਂ ਨੇ ਹਾਲੇ ਤੱਕ ਗ੍ਰੈਜੂਏਸ਼ਨ ਦੀ ਪੜ੍ਹਾਈ ਪੂਰੀ ਨਹੀਂ ਕੀਤੀ ਹੈ। 2014 ਦੇ ਲੋਕ ਸਭਾ ਚੋਣਾਂ ਬਾਅਦ ਉਸ ਦੀ ਵਿੱਦਿਅਕ ਯੋਗਤਾ ਨੂੰ ਲੈ ਕੇ ਵਿਵਾਦ ਪੈਦਾ ਹੋਇਆ ਸੀ। ਉਨ੍ਹਾਂ ਨੇ ਹਲਫਨਾਮੇ ਵਿਚ ਕਿਹਾ ਹੈ ਕਿ ਬੀਕਾਮ ਪ੍ਰਥਮ ਸਾਲ ਵਿਚ ਤਿੰਨ ਸਾਲਾ ਡਿਗਰੀ ਕੋਰਸ ਪੂਰਾ ਨਹੀਂ ਕੀਤਾ। 2014 ਦੇ ਹਲਫਨਾਮੇ ਵਿਚ ਉਨ੍ਹਾਂ ਨੇ ਇੰਨਾ ਹੀ ਜ਼ਿਕਰ ਕੀਤਾ ਹੈ ਕਿ ਬੀਕਾਮ ਪਹਿਲਾ ਸਾਲ, ਸਕੂਲ ਆਫ ਓਪਨ (ਪੱਤਰਾਚਾਰ), ਦਿੱਲੀ ਯੂਨੀਵਰਸਿਟੀ,1994 ਤੋਂ ਕੀਤੀ ਹੈ। ਉਨ੍ਹਾਂ ਨੇ ਇਹ ਵੀ ਐਲਾਨ ਕੀਤਾ ਹੈ



ਕਿ ਆਪਣੇ ਪਤੀ ਦੇ ਨਾਲ ਉਸ ਦੀ ਜਾਇਦਾਦ ਕਰੀਬ ਸੱਤ ਕਰੋੜ ਰੁਪਏ ਹੈ।

ਅਮਿਤ ਸ਼ਾਹ ਦੇ ਹਲਫਨਾਮੇ ਮੁਤਾਬਕ ਪਤਨੀ ਸਮੇਤ ਚਲ-ਅਚੱਲ ਜਾਇਦਾਦ 34.40 ਕਰੋੜ ਰੁਪਏ ਹੈ ਜਿਸ ਵਿਚ 10.38 ਕਰੋੜ ਰੁਪਏ ਜੱਦੀ ਜਾਇਦਾਦ ਹੈ। ਵਿਧਾਨ ਸਭਾ ਚੋਣਾਂ ਦੇ ਲਈ 2012 ਦੇ ਹਲਫਨਾਮੇ ਵਿਚ ਉਸ ਨੇ ਕੁੱਲ ਜਾਇਦਾਦ ਕਰੀਬ 11.15 ਕਰੋੜ ਰੁਪਏ ਦੱਸੀ ਸੀ। ਇਸ ਤੋਂ ਲੱਗਦਾ ਹੈ ਕਿ 5 ਸਾਲਾਂ ਵਿਚ ਉਸ ਦੀ ਜਾਇਦਾਦ ਕਰੀਬ ਤਿੰਨ ਗੁਣਾ ਵਧੀ ਹੈ।

# ਆਸਟਰੇਲਿਆਈ ਮੰਤਰੀ ਦੀ ਜ਼ਿਦ ਕਾਰਨ ਵਾਪਸ ਪਰਤਿਆ ਪੰਜਾਬੀ

**ਨਵੀਂ ਦਿੱਲੀ:** ਟੈਕਸੀ ਵਿਚ ਸਵਾਰੀ ਨਾਲ ਜਿਸਮਾਨੀ ਛੇੜਛਾੜ ਦੇ ਦੋਸ਼ੀ ਇਕ ਪੰਜਾਬੀ ਟੈਕਸੀ ਡਰਾਈਵਰ ਜਗਦੀਪ ਸਿੰਘ ਦਾ ਵੀਜ਼ਾ ਆਸਟਰੇਲੀਆ ਦੇ ਇਮੀਗ੍ਰੇਸ਼ਨ ਮੰਤਰੀ ਮਿਸਟਰ ਪੀਟਰ ਡਟਨ ਵੱਲੋਂ ਆਪਣੇ ਨਿੱਜੀ ਵਕਾਰ ਦਾ ਸਵਾਲ ਬਣਾਉਂਦੇ ਹੋਏ ਤੀਜੀ ਵਾਰ ਰੱਦ ਕਰ ਕੇ ਉਸ ਨੂੰ ਭਾਰਤ ਭੇਜ ਦਿੱਤਾ।

ਇਸੇ ਜੁਰਮ ਹੇਠ ਦਸੰਬਰ 2015 'ਚ ਜਗਦੀਪ ਨੂੰ 18 ਮਹੀਨੇ ਦੀ ਸਮਾਜ ਸੇਵਾ ਦਾ ਹੁਕਮ ਦਿੱਤਾ ਗਿਆ ਸੀ, ਜੋ ਉਸ ਨੇ ਪੂਰਾ ਕਰ ਲਿਆ। ਉਸ ਅਤੇ ਉਸ ਦੀ ਪਤਨੀ ਦੇ ਗੰਭੀਰ ਮਾਨਸਿਕ ਤਣਾਅ ਵਾਲੇ ਹਾਲਾਤ ਕਾਰਨ ਐਡਮਨਿਸਟ੍ਰੇਟਿਵ ਅਪੀਲ ਟ੍ਰਿਬਿਊਨਲ ਨੇ ਉਸ ਦਾ ਵੀਜ਼ਾ ਬਹਾਲ ਕਰ ਦਿੱਤਾ ਸੀ, ਪਰ ਇਮੀਗ੍ਰੇਸ਼ਨ ਮੰਤਰੀ ਨੇ ਟ੍ਰਿਬਿਊਨਲ ਦਾ ਫੈਸਲੇ ਰੱਦ ਕਰਦੇ ਹੋਏ ਜਗਦੀਪ ਦਾ ਵੀਜ਼ਾ ਦੋ ਵਾਰ ਪਹਿਲਾਂ ਵੀ ਰੱਦ ਕਰ ਦਿੱਤਾ ਸੀ।

ਜੂਨ ਤੋਂ ਜਗਦੀਪ ਨੂੰ ਨਜ਼ਰਬੰਦੀ ਕੇਂਦਰ 'ਚ ਬੰਦ ਕਰ ਦਿੱਤਾ ਸੀ, ਜਿਸ 'ਤੇ ਜਗਦੀਪ ਨੇ ਤੀਜੀ ਵਾਰ ਅਪੀਲ ਕੀਤੀ ਹੋਈ ਸੀ, ਪਰ ਮੰਤਰੀ ਵੱਲੋਂ ਸਖਤ ਲਹਿਜ਼ਾ ਵਿਖਾਉਂਦੇ ਹੋਏ ਵੀਜ਼ਾ ਰੱਦ ਕਰ ਕੇ ਉਸ ਨੂੰ ਜਹਾਜ਼ ਬਿਠਾ ਦਿੱਤਾ। ਜਗਦੀਪ ਆਪਣੀ ਪਤਨੀ ਦੇ ਨਾਲ ਸਾਲ 2008 'ਚ ਵਿਦਿਆਰਥੀ ਵੀਜ਼ੇ ਉਤੇ ਇਥੇ ਆਇਆ ਸੀ।

## ਬੋਫੋਰਜ਼ ਰਿਸ਼ਵਤ ਕੇਸ 'ਤੇ ਹੋਵੇਗੀ ਸੁਣਵਾਈ

**ਨਵੀਂ ਦਿੱਲੀ:** ਰਾਜਨੀਤਕ ਤੌਰ 'ਤੇ ਸੰਵੇਦਨਸ਼ੀਲ 64 ਕਰੋੜ ਦੇ ਬੋਫੋਰਜ਼ ਰਿਸ਼ਵਤ ਮਾਮਲੇ ਦੀ ਸੁਣਵਾਈ ਸੁਪਰੀਮ ਕੋਰਟ ਵਿਚ ਛੇਤੀ ਸ਼ੁਰੂ ਹੋਣ ਦੀ ਉਮੀਦ ਹੈ। ਭਾਜਪਾ ਆਗੂ ਐਡਵੋਕੇਟ ਅਜੈ ਕੁਮਾਰ ਅਗਰਵਾਲ ਜਿਨ੍ਹਾਂ ਨੇ ਦਿੱਲੀ ਹਾਈ ਕੋਰਟ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਹੈ, ਨੇ ਇਹ ਜਾਣਕਾਰੀ ਦਿੱਤੀ।


ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ





Rates as low as 2.0%

ਸੰਪਰਕ ਕਰੋ: ਪਾਲ ਫੋਨ 1-800-705-3863

Trucking Companies-Improve Your Cash Flow

*Low Rates *One-Time Discounts *No Minimums

Call Paul at 1-800-705-3863

www.Transportationfunding.com

Transportation Funding Group, Inc.

Minneapolis , MN 55426



TRUCK STOP 40

SAYRE, OK 73662

ਰੋਟੀ ਬਣਾਉਣ ਵਾਲੇ ਅਤੇ ਗੈਸ ਸਟੇਸ਼ਨ ਲਈ ਕੈਸ਼ੀਅਰ ਦੀ ਲੋੜ ਹੈ





ਮਕੈਨਿਕ ਅਤੇ ਮਕੈਨਿਕ ਹੈਲਪਰ ਦੀ ਲੋੜ ਹੈ

ਸੰਪਰਕ ਕਰੋ:

ਫੋਨ: 832-512-7172

580-447-9366

# ਕਿਸਾਨ ਖੁਦਕੁਸ਼ੀਆਂ ਵਾਲੇ ਮਸਲੇ 'ਤੇ ਸਰਕਾਰ ਨੇ ਅੱਖਾਂ ਮੀਟੀਆਂ

**ਚੰਡੀਗੜ੍ਹ:** ਪੰਜਾਬ ਅੰਦਰ ਕਾਂਗਰਸ ਸਰਕਾਰ ਬਣਿਆਂ ਸਾਢੇ ਚਾਰ ਮਹੀਨੇ ਬੀਤ ਗਏ ਹਨ, ਪਰ ਕਿਸਾਨਾਂ ਵੱਲੋਂ ਮਜਬੂਰੀਵਸ ਮੌਤ ਨੂੰ ਗਲੇ ਲਗਾਉਣ ਦਾ ਸਿਲਸਿਲਾ ਨਿਰਵਿਘਨ ਜਾਰੀ ਹੈ। 135 ਦਿਨਾਂ ਵਿਚ 200 ਦੇ ਕਰੀਬ ਕਿਸਾਨ ਤੇ ਖੇਤ ਮਜ਼ਦੂਰ ਆਤਮ-ਹੱਤਿਆਵਾਂ ਕਰ ਚੁੱਕੇ ਹਨ। ਇਸ ਤੋਂ ਵੀ ਵਧੇਰੇ ਅਫਸੋਸਨਾਕ ਤੇ ਹੈਰਾਨੀ ਭਰੀ ਗੱਲ ਇਹ ਹੈ ਕਿ ਕੇਂਦਰ ਤੇ ਰਾਜ ਸਰਕਾਰ ਨੇ ਕਿਸਾਨ ਖੁਦਕੁਸ਼ੀਆਂ ਬਾਰੇ ਅੱਖਾਂ ਬੰਦ ਕਰ ਲਈਆਂ ਹਨ।

ਪਿਛਲੇ ਚਾਰ ਮਹੀਨਿਆਂ 'ਚ ਵਾਪਰੀਆਂ ਇਨ੍ਹਾਂ ਘਟਨਾਵਾਂ ਬਾਰੇ ਨਾ ਕੇਂਦਰ ਤੇ ਨਾ ਰਾਜ ਸਰਕਾਰ ਨੇ ਪੜਤਾਲ ਕਰਵਾਉਣ ਲਈ ਕੋਈ ਕਮੇਟੀ ਬਿਠਾਈ ਹੈ ਤੇ ਨਾ ਕਿਸਾਨਾਂ ਨੂੰ ਚਿੰਬੜੇ ਇਸ ਸੰਤਾਪ ਦੇ ਅਧਿਐਨ ਲਈ ਹੀ ਕੋਈ ਕਦਮ ਚੁੱਕਿਆ ਹੈ। ਕਿਸਾਨ ਸੰਗਠਨਾਂ ਦੇ ਆਗੂਆਂ ਦਾ ਕਹਿਣਾ ਹੈ ਕਿ ਸਰਕਾਰਾਂ ਨੇ ਜਿਵੇਂ ਇਸ ਨੂੰ ਰੋਜ਼ਮਰ੍ਹਾ ਦਾ ਕੰਮ ਹੀ ਸਮਝ ਲਿਆ ਹੈ। ਕਿਸਾਨ ਮੌਤਾਂ ਉਪਰ ਹੁਣ ਹਾਅ ਦਾ ਨਾਅਰਾ ਵੱਜਣਾ ਵੀ ਲਗਭਗ ਬੰਦ ਹੋ ਗਿਆ ਹੈ।

ਚਾਰ ਕਿਸਾਨ ਸੰਗਠਨਾਂ ਦੇ ਸਾਂਝੇ ਗਰੁੱਪ ਦੇ ਆਗੂ ਸਤਨਾਮ ਸਿੰਘ ਦਾ ਕਹਿਣਾ ਹੈ ਕਿ ਕਿਸਾਨ ਸੰਕਟ ਕਿਸੇ ਇਕੱਲੇ-ਕਹਿਰੇ ਰਾਜ ਦਾ ਮਸਲਾ ਨਹੀਂ ਤੇ ਕੇਂਦਰ ਸਰਕਾਰ ਕਿਸਾਨ ਸੰਕਟ ਹੱਲ



ਕਰਨ ਦੀ ਜ਼ਿੰਮੇਵਾਰੀ ਤੋਂ ਇਹ ਕਹਿ ਕੇ ਟਾਲਾ ਨਹੀਂ ਵੱਟ ਸਕਦੀ ਕਿ ਰਾਜ ਸਰਕਾਰਾਂ ਆਪਣੇ ਸੋਮਿਆਂ ਦੇ ਸਿਰ ਉਪਰ ਹੀ ਕਿਸਾਨਾਂ ਦੇ ਮਸਲੇ ਹੱਲ ਕਰਨ।

ਉਘੇ ਅਰਥ ਸ਼ਾਸਤਰੀ ਡਾ. ਸਰਦਾਰਾ ਸਿੰਘ ਜੌਹਲ ਦਾ ਕਹਿਣਾ ਹੈ ਕਿ ਸੰਕਟ 'ਚ ਫਸੇ ਪੰਜਾਬ ਦੇ ਕਿਸਾਨਾਂ ਨੂੰ ਸਰਕਾਰ ਉਪਰ ਭਰੋਸਾ ਹੀ ਨਹੀਂ ਕਿਉਂਕਿ ਉਸ ਨੇ ਚੋਣਾਂ ਦੌਰਾਨ ਜੋ ਵਾਅਦੇ ਕੀਤੇ ਸਨ, ਉਸ ਤੋਂ ਪਿੱਛੇ ਹਟ ਗਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਦੇ ਦਖਲ ਤੇ ਮਦਦ ਬਗੈਰ ਕਿਸਾਨ ਸੰਕਟ ਹੱਲ ਕਰਨਾ ਮੁਸ਼ਕਿਲ ਨਹੀਂ ਸਗੋਂ ਅਸੰਭਵ ਹੈ।

ਫਸਲਾਂ ਦੇ ਭਾਅ ਤੈਅ ਕਰਨੇ, ਖੇਤੀ ਵਸਤਾਂ 'ਤੇ ਜੀ.ਐਸ.ਟੀ., ਖਾਦਾਂ, ਕੀਟਨਾਸ਼ਕ ਦਵਾਈਆਂ ਦੇ ਭਾਅ ਤੈਅ ਕਰਨੇ ਕੇਂਦਰ ਸਰਕਾਰ ਦੇ ਅਧਿਕਾਰ ਹੇਠ ਹਨ, ਫਿਰ ਉਹ ਮਸਲੇ ਹੱਲ ਕਰਨ ਵੇਲੇ ਰਾਜਾਂ ਸਿਰ ਭਾਂਡਾ ਭੰਨ ਕੇ ਆਪਣੀ ਜ਼ਿੰਮੇਵਾਰੀ ਤੋਂ ਨਹੀਂ ਭੱਜ ਸਕਦੀ।

## ਕਰਜ਼ ਮੁਆਫੀ ਲਈ ਸਰਕਾਰ ਨੂੰ ਖੁਦ ਕਰਨਾ ਪਵੇਗਾ ਜੁਗਾੜ

**ਚੰਡੀਗੜ੍ਹ:** ਭਾਰਤੀ ਰਿਜ਼ਰਵ ਬੈਂਕ ਅਤੇ ਨਾਬਾਰਡ ਨੇ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦਾ ਦੋ ਲੱਖ ਤੱਕ ਸਹਿਕਾਰੀ ਬੈਂਕਾਂ ਦਾ ਕਰਜ਼ਾ ਮੁਆਫ ਕਰਨ ਦੀ ਯੋਜਨਾ ਨੂੰ ਸਹਿਮਤੀ ਤਾਂ ਦੇ ਦਿੱਤੀ ਹੈ ਪਰ ਕਰਜ਼ਾ ਮੁਆਫੀ ਲਈ ਪੈਸਾ ਦੇਣ ਦਾ ਬੰਦੋਬਸਤ ਪੰਜਾਬ ਸਰਕਾਰ ਨੂੰ ਖੁਦ ਹੀ ਕਰਨਾ ਪਵੇਗਾ। ਪੰਜਾਬ ਸਰਕਾਰ ਨੂੰ 3600 ਕਰੋੜ ਰੁਪਏ ਦਾ ਕਰਜ਼ਾ ਮਿਲਣ ਦਾ ਰਾਹ ਪੱਧਰਾ ਹੋ ਚੁੱਕਾ ਹੈ, ਪਰ ਇਸ ਨੂੰ 6000 ਕਰੋੜ ਰੁਪਏ ਦਾ ਹੋਰ ਪ੍ਰਬੰਧ ਕਰਨਾ ਪਵੇਗਾ। ਮਿਲੀ ਜਾਣਕਾਰੀ ਅਨੁਸਾਰ ਨੈਸ਼ਨਲ ਕੁਆਪ੍ਰੇਟਿਵ ਡਿਵੈਲਪਮੈਂਟ ਕਾਰਪੋਰੇਸ਼ਨ ਨੇ ਪੰਜਾਬ ਸਰਕਾਰ ਨੂੰ 3600 ਕਰੋੜ ਰੁਪਏ ਦਾ ਕਰਜ਼ਾ ਮਨਜ਼ੂਰ ਕਰ ਦਿੱਤਾ ਹੈ ਤੇ ਰਾਜ ਸਰਕਾਰ ਇਹ ਕਰਜ਼ਾ ਨਾਬਾਰਡ ਨੂੰ ਦੇਵੇਗੀ ਤਾਂ ਜੋ ਸਹਿਕਾਰੀ ਬੈਂਕਾਂ ਵੱਲੋਂ ਕਰਜ਼ਾ ਦੇਣ ਦਾ ਕੰਮ ਚਲਦਾ ਰੱਖਿਆ ਜਾ ਸਕੇ। ਰਾਜ ਸਰਕਾਰ ਨੇ ਕਿਸਾਨਾਂ ਦਾ ਕੁੱਲ 9600 ਕਰੋੜ ਦਾ ਕਰਜ਼ਾ ਮੁਆਫ ਕਰਨਾ ਹੈ ਤੇ ਇਸ ਲਈ ਹੁਣ ਇਸ ਨੂੰ 6000 ਕਰੋੜ ਰੁਪਏ ਦਾ ਹੋਰ ਇੰਤਜ਼ਾਮ ਕਰਨਾ ਪਵੇਗਾ। ਰਾਜ ਸਰਕਾਰ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਬੈਂਕਾਂ ਨੂੰ ਸਬੰਧਤ ਕਿਸਾਨਾਂ ਦਾ ਕਰਜ਼ਾ ਦੱਸਣ ਲਈ ਸਹਿਮਤੀ ਪੱਤਰਾਂ 'ਤੇ ਦਸਤਖਤ ਕਰਵਾਉਣੇ ਹੋਣਗੇ। ਤਕਰੀਬਨ ਸਵਾ ਦੱਸ ਲੱਖ ਕਿਸਾਨਾਂ ਦੀ ਸਹਿਮਤੀ ਲੈਣ ਦਾ ਕੰਮ ਕਾਫੀ ਵੱਡਾ ਹੈ ਤੇ ਇਸ 'ਚ ਕੁਝ ਸਮਾਂ ਲੱਗ ਜਾਵੇਗਾ। ਦੂਜੇ ਪਾਸੇ ਅਜੇ ਕਰਜ਼ਾ ਮੁਆਫੀ ਬਾਰੇ ਡਾ. ਟੀ ਹੱਕ ਦੀ ਅਗਵਾਈ ਹੇਠ ਬਣੀ ਕਮੇਟੀ ਦੀ ਰਿਪੋਰਟ ਵੀ ਅਜੇ ਆਉਣੀ ਹੈ।

### ਭਾਰਤੀ ਰਿਜ਼ਰਵ ਬੈਂਕ ਤੋਂ ਹੁੰਗਾਰਾ

**ਚੰਡੀਗੜ੍ਹ:** ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਬਾਦਲ ਨੇ ਦੱਸਿਆ ਕਿ ਮੁੰਬਈ ਵਿਚ ਭਾਰਤੀ ਰਿਜ਼ਰਵ ਬੈਂਕ ਅਤੇ ਨਾਬਾਰਡ ਦੇ ਸੀਨੀਅਰ ਅਧਿਕਾਰੀਆਂ ਨਾਲ ਉਨ੍ਹਾਂ ਦੀ ਮੀਟਿੰਗ ਲਾਹੇਵੰਦ ਰਹੀ ਹੈ ਤੇ ਰਾਜ ਸਰਕਾਰ ਕਿਸਾਨਾਂ ਦੇ ਦੋ ਲੱਖ ਰੁਪਏ ਤੱਕ ਕਰਜ਼ੇ ਨੂੰ ਮੁਆਫ ਕਰਨ ਲਈ ਜਲਦੀ ਅਮਲੀ ਕਾਰਵਾਈ ਕਰੇਗੀ। ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਕਰਜ਼ਾ ਮੁਆਫੀ ਦਾ ਸਾਰਾ ਪ੍ਰਬੰਧ ਸਾਨੂੰ ਹੀ ਕਰਨਾ ਪੈਣਾ ਹੈ ਤੇ ਇਸ ਵਿਚ ਕਿਸੇ ਨੇ ਕੁਝ ਨਹੀਂ ਕਰਨਾ। ਉਨ੍ਹਾਂ ਦਾ ਇਸ਼ਾਰਾ ਕੇਂਦਰ ਸਰਕਾਰ ਵੱਲ ਸੀ।

# ਜਪੁਜੀ ਸਾਹਿਬ ਦਾ 50 ਭਾਸ਼ਾਵਾਂ ਵਿਚ ਹੋਵੇਗਾ ਤਰਜਮਾ

**ਲੁਧਿਆਣਾ:** ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਮੱਦੇਨਜ਼ਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੋਰ ਸਿੱਖ ਸੰਸਥਾਵਾਂ ਵੱਲੋਂ 'ਜਪੁਜੀ ਸਾਹਿਬ' ਨੂੰ ਵਿਸ਼ਵ ਦੀਆਂ ਵੱਖ-ਵੱਖ ਭਾਸ਼ਾਵਾਂ ਵਿਚ ਛਪਵਾ ਕੇ ਵੰਡਿਆ ਜਾਵੇਗਾ। ਇਹ ਪ੍ਰਗਟਾਵਾ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕੀਤਾ।

ਜਥੇਦਾਰ ਨੇ ਕਿਹਾ ਕਿ ਗੁਰਬਾਣੀ ਦੀ ਇਕ-ਇਕ ਤੁਕ ਗਿਆਨ ਭਰਪੂਰ ਹੈ ਅਤੇ ਇਹ ਕਦਮ ਕਦਮ 'ਤੇ ਮਨੁੱਖ ਲਈ ਰਾਹ ਦਸੇਰਾ ਹੈ। ਉਨ੍ਹਾਂ ਕਿਹਾ ਕਿ 'ਜਪੁਜੀ ਸਾਹਿਬ' ਦਾ 50 ਭਾਸ਼ਾਵਾਂ ਵਿਚ ਤਰਜਮਾ ਕਰਵਾ ਕੇ ਵੰਡਿਆ ਜਾਵੇਗਾ ਤਾਂ ਜੋ ਵਿਸ਼ਵ ਭਰ ਦੇ ਲੋਕ ਇਸ ਬਾਣੀ ਤੋਂ ਸੇਧ ਲੈ ਸਕਣ। ਉਨ੍ਹਾਂ ਕਿਹਾ ਕਿ ਰਣਜੋਧ ਸਿੰਘ ਨੇ 'ਜਪੁਜੀ ਸਾਹਿਬ' ਦੀ ਪੰਜਾਬੀ ਤੋਂ ਇਲਾਵਾ ਹਿੰਦੀ ਅਤੇ ਅੰਗਰੇਜ਼ੀ ਭਾਸ਼ਾ 'ਚ ਛਪਾਈ ਕਰਵਾ ਕੇ ਸਾਰਥਕ ਉਪਰਾਲਾ ਕੀਤਾ ਹੈ। ਇਸ ਮੌਕੇ ਉਨ੍ਹਾਂ ਨੇ 'ਜਪੁਜੀ ਸਾਹਿਬ-ਏ ਪ੍ਰੇਅਰ ਬੁੱਕ' ਨੂੰ ਲੋਕ ਅਰਪਣ ਕੀਤਾ।

# ਅੱਧੀ ਸਦੀ ਬਾਅਦ ਮਿਲੇ ਹਵਾਈ ਹਾਦਸੇ ਦੇ ਮ੍ਰਿਤਕਾਂ ਦੇ ਅੰਗ

**ਗ੍ਰੇਨੋਬਲ:** ਫਰੈਂਚ ਐਲਪਸ (ਪਰਬਤਮਾਲਾ) ਖਿੱਤੇ ਦੇ ਮੌਂਟ ਬਲੈਂਕ 'ਚ ਮਿਲੀਆਂ ਲਾਸ਼ਾਂ ਦੇ ਅਵਸ਼ੇਸ਼ ਉਨ੍ਹਾਂ ਮੁਸਾਫਰਾਂ ਦੇ ਹੋ ਸਕਦੇ ਹਨ ਜੋ ਏਅਰ ਇੰਡੀਆ ਦੇ ਜਹਾਜ਼ ਹਾਦਸਿਆਂ ਦਾ ਸ਼ਿਕਾਰ ਹੋਏ ਸਨ। ਹਵਾਈ ਜਹਾਜ਼ ਹਾਦਸਿਆਂ 'ਚ ਜਾਨਾਂ ਗੁਆਉਣ ਵਾਲੇ ਲੋਕਾਂ ਦੇ ਅੰਗਾਂ ਦੀ ਬਾਸੋਨ ਗਲੇਸ਼ੀਅਰ ਵਿਚ ਕਈ ਸਾਲ ਭਾਲ ਕਰਨ ਵਾਲੇ ਡੇਨੀਅਲ ਰੋਸ਼ੇ ਨੂੰ ਇਹ ਅੰਗ ਮਿਲੇ ਹਨ। ਰੋਸ਼ੇ ਨੇ ਦੱਸਿਆ, 'ਮੈਨੂੰ ਇਸ ਤੋਂ ਪਹਿਲਾਂ ਕਦੀ ਇੰਨੇ ਅਹਿਮ ਮਨੁੱਖੀ ਅੰਗ ਨਹੀਂ ਮਿਲੇ ਹਨ।' ਇਸ ਵਾਰ ਉਸ ਨੂੰ ਇਕ ਹੱਥ ਅਤੇ ਇਕ ਲੱਤ ਦਾ ਉਪਰਲਾ ਹਿੱਸਾ ਮਿਲਿਆ ਹੈ।

ਜ਼ਿਕਰਯੋਗ ਹੈ ਮੁੰਬਈ ਤੋਂ ਨਿਊ ਯਾਰਕ ਜਾ ਰਿਹਾ ਏਅਰ ਇੰਡੀਆ ਦਾ ਬੋਇੰਗ 707 ਸਾਲ 1966 ਵਿਚ ਮੌਂਟ ਬਲੈਂਕ ਨੇੜੇ ਹਾਦਸਾਗ੍ਰਸਤ ਹੋ ਗਿਆ ਸੀ। ਇਸ ਹਾਦਸੇ 'ਚ ਜਹਾਜ਼ ਵਿਚ ਸਵਾਰ ਸਾਰੇ 117 ਵਿਅਕਤੀਆਂ ਦੀ ਮੌਤ ਹੋ ਗਈ ਸੀ। ਸਾਲ 1950 'ਚ ਏਅਰ ਇੰਡੀਆ ਦਾ ਇਕ ਹੋਰ ਜਹਾਜ਼ ਹਾਦਸੇ ਦਾ ਸ਼ਿਕਾਰ ਹੋ ਗਿਆ ਸੀ ਜਿਸ 'ਚ 48 ਵਿਅਕਤੀਆਂ ਦੀ ਮੌਤ ਹੋ ਗਈ ਸੀ।

ਰੋਸ਼ੇ ਨੇ ਦੱਸਿਆ ਕਿ ਜੋ ਮਨੁੱਖੀ ਅੰਗ ਮਿਲੇ ਹਨ, ਉਹ 1966 'ਚ ਜਹਾਜ਼ ਹਾਦਸੇ ਦਾ ਸ਼ਿਕਾਰ ਹੋਏ ਬੋਇੰਗ 707 ਦੀ ਕਿਸੇ ਮਹਿਲਾ ਮੁਸਾਫਰ ਦੇ ਲੱਗਦੇ ਹਨ ਕਿਉਂਕਿ ਉਸ ਜਹਾਜ਼ ਦੇ ਚਾਰ ਜੈੱਟ ਇੰਜਣਾਂ 'ਚੋਂ ਇਕ ਇੰਜਣ ਵੀ ਮਿਲਿਆ ਹੈ। ਰੋਸ਼ੇ ਨੇ ਚਾਮੋਨਿਕਸ ਘਾਟੀ ਵਿਚ ਸਥਾਨਕ ਹੰਗਾਮੀ ਸੇਵਾਵਾਂ ਨਾਲ ਸੰਪਰਕ ਕੀਤਾ ਜੋ ਹੈਲੀਕਾਪਟਰ ਰਾਹੀਂ ਇਹ ਅੰਗ ਲੈ ਗਏ।

# ਚੰਡੀਗੜ੍ਹ 'ਚ ਪੰਜਾਬੀ ਭਾਸ਼ਾ ਨੂੰ ਰਾਜਸੀ ਭਾਸ਼ਾ ਦਾ ਦਰਜਾ ਦੇਣ ਦਾ ਮੁੱਦਾ ਲੋਕ ਸਭਾ ਵਿਚ ਗੂੰਜਿਆ

**ਨਵੀਂ ਦਿੱਲੀ:** ਲੋਕ ਸਭਾ ਮੈਂਬਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਚੰਡੀਗੜ੍ਹ ਵਿਚ ਮਾਂ-ਬੋਲੀ ਪੰਜਾਬੀ ਨਾਲ ਹੋ ਰਹੇ ਧੱਕੇ ਦੀ ਨਿਖੇਧੀ ਕਰਦਿਆਂ ਪੰਜਾਬ ਦੀ ਰਾਜਧਾਨੀ ਵਿਚ ਪੰਜਾਬੀ ਭਾਸ਼ਾ ਨੂੰ ਰਾਜਸੀ ਭਾਸ਼ਾ ਦਾ ਦਰਜਾ ਦੇਣ ਦੀ ਮੰਗ ਕੀਤੀ ਹੈ।

ਲੋਕ ਸਭਾ ਵਿਚ ਸਿਫਰ ਕਾਲ ਦੌਰਾਨ ਪੰਜਾਬੀ ਨੂੰ ਰਾਜਸੀ ਭਾਸ਼ਾ ਦੇਣ ਦੀ ਆਵਾਜ਼ ਬੁਲੰਦ ਕਰਦਿਆਂ ਉਨ੍ਹਾਂ ਦੁੱਖ ਪ੍ਰਗਟਾਇਆ ਕਿ ਸਾਰੇ ਦੇਸ਼ ਦੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ ਉਥੋਂ ਦੀਆਂ ਖੇਤਰੀ ਭਾਸ਼ਾਵਾਂ ਨੂੰ ਰਾਜਸੀ ਭਾਸ਼ਾ ਦੀ ਮਾਨਤਾ ਹਾਸਲ ਹੈ, ਪਰ ਚੰਡੀਗੜ੍ਹ ਹੀ ਅਜਿਹਾ ਸ਼ਹਿਰ ਹੈ ਜਿਥੇ ਅੰਗਰੇਜ਼ੀ ਭਾਸ਼ਾ ਨੂੰ ਰਾਜਸੀ ਦਰਜਾ ਦਿੱਤਾ ਗਿਆ ਹੈ ਜਦੋਂਕਿ ਅੰਗਰੇਜ਼ੀ ਸਿਰਫ ਇਕ ਲਿੰਕ ਭਾਸ਼ਾ ਹੈ, ਖੇਤਰੀ ਭਾਸ਼ਾ ਨਹੀਂ। ਉਨ੍ਹਾਂ ਕਿਹਾ ਕਿ ਇਸ ਤੱਥ ਨੂੰ ਕੇਂਦਰੀ ਮਨੁੱਖੀ ਵਸੀਲੇ ਮੰਤਰੀ ਨੇ ਵੀ ਆਪਣੇ ਚੰਡੀਗੜ੍ਹ ਦੌਰੇ ਸਮੇਂ ਮੰਨਿਆ ਹੈ।

ਪ੍ਰੋ. ਚੰਦੂਮਾਜਰਾ ਨੇ ਕਿਹਾ ਕਿ ਜਿਨ੍ਹਾਂ ਪਿੰਡਾਂ ਨੂੰ ਉਜਾੜ ਕੇ ਚੰਡੀਗੜ੍ਹ ਵਸਾਇਆ ਗਿਆ, ਉਹ ਸਾਰੇ ਪੰਜਾਬੀ ਬੋਲਦੇ ਸਨ। ਇਸ ਲਈ ਕੇਂਦਰੀ ਗ੍ਰਹਿ ਮੰਤਰਾਲਾ ਪੰਜਾਬੀ ਭਾਸ਼ਾ ਨੂੰ ਚੰਡੀਗੜ੍ਹ ਦੀ ਰਾਜਸੀ ਭਾਸ਼ਾ ਦਾ ਦਰਜਾ ਦੇਣ ਸਬੰਧੀ ਐਲਾਨ ਕਰੇ। ਉਨ੍ਹਾਂ ਰੋਸ ਜਤਾਇਆ ਕਿ ਚੰਡੀਗੜ੍ਹ ਅੰਦਰ 60:40 ਅਨੁਪਾਤ ਨਾਲ (60 ਫੀਸਦੀ ਪੰਜਾਬੀ) ਮੁਲਾਜ਼ਮ ਰੱਖੇ ਜਾਣ ਦਾ ਨਵਾਂ ਕੇਡਰ ਖੜ੍ਹਾ ਕਰਨਾ ਸਰਾਸਰ ਗਲਤ



ਹੈ। ਸਿਫਰ ਕਾਲ ਦੌਰਾਨ ਹੀ ਪ੍ਰੋ. ਚੰਦੂਮਾਜਰਾ ਨੇ ਕੌਮੀ ਘੱਟ ਗਿਣਤੀ ਕਮਿਸ਼ਨ 'ਚ ਕੋਈ ਸਿੱਖ ਮੈਂਬਰ ਨਾ ਲਾਏ ਜਾਣ ਦੀ ਨਿੰਦਾ ਕਰਦਿਆਂ ਮੰਗ ਕੀਤੀ ਕਿ ਕੌਮੀ ਘੱਟ ਗਿਣਤੀ ਕਮਿਸ਼ਨ 'ਚ ਸਿੱਖ ਮੈਂਬਰ ਵੀ ਸ਼ਾਮਲ ਕੀਤੇ ਜਾਣ।

ਇਸੇ ਦੌਰਾਨ ਕਸ਼ਮੀਰ ਦੇ ਸਿੱਖਾਂ ਦਾ ਮੁੱਦਾ ਉਠਾਉਂਦਿਆਂ ਪ੍ਰੋ. ਚੰਦੂਮਾਜਰਾ ਨੇ ਕਿਹਾ ਕਿ ਜੰਮੂ ਕਸ਼ਮੀਰ ਵਿਚ ਸਿਰਫ ਸਿੱਖ ਹੀ ਹਨ, ਜੋ ਘੱਟ ਗਿਣਤੀ ਵਿਚ ਰਹਿੰਦੇ ਹਨ। ਉਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ ਤੇ ਨੌਕਰੀਆਂ ਵਿਚ ਮੁਸ਼ਕਲ ਆਉਂਦੀ ਹੈ। ਉਨ੍ਹਾਂ ਕਿਹਾ ਕਿ ਕਸ਼ਮੀਰ ਦਾ ਅਨੇਕਤਾ ਵਿਚ ਏਕਤਾ ਦਾ ਮੁਹਾਂਦਰਾ ਕਾਇਮ ਰੱਖਣ ਲਈ ਸਿੱਖ ਭਾਈਚਾਰੇ ਨੂੰ ਘੱਟ ਗਿਣਤੀ ਦੀ ਮਾਨਤਾ ਦੇ ਕੇ ਉਨ੍ਹਾਂ ਦੇ ਵਿੱਦਿਅਕ ਅਦਾਰਿਆਂ ਵਿਚ ਦਾਖਲੇ 'ਤੇ ਨੌਕਰੀਆਂ ਲੈਣ ਵਿਚ ਹੱਕ ਰਾਖਵੇਂ ਕੀਤੇ ਜਾਣ।

# ਸਾਲਾਨਾ ਪ੍ਰੀਖਿਆਵਾਂ ਵਿਚ ਮਾੜੇ ਨਤੀਜੇ ਦੇਣ ਵਾਲੇ ਅਧਿਆਪਕਾਂ ਦੀ ਸ਼ਾਮਤ

**ਚੰਡੀਗੜ੍ਹ:** ਸਾਲਾਨਾ ਪ੍ਰੀਖਿਆਵਾਂ ਵਿਚ ਮਾੜੇ ਨਤੀਜੇ ਦੇਣ ਵਾਲੇ ਅਧਿਆਪਕਾਂ ਦੀ ਸ਼ਾਮਤ ਆ ਸਕਦੀ ਹੈ। ਸਿੱਖਿਆ ਵਿਭਾਗ ਵੱਲੋਂ ਜਾਰੀ ਨਵੇਂ ਨੋਟਿਸ ਵਿਚ 50 ਫੀਸਦੀ ਤੋਂ ਘੱਟ ਨਤੀਜਿਆਂ ਵਾਲੇ ਅਧਿਆਪਕਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਹਨ। ਐਸ.ਐਸ.ਏ. ਰਮਸਾ ਤਹਿਤ ਠੇਕੇ 'ਤੇ ਕੰਮ ਕਰਦੇ ਸੈਂਕੜੇ ਅਧਿਆਪਕਾਂ ਉਤੇ ਬਰਖਾਸਤਗੀ ਦੀ ਤਲਵਾਰ ਲਟਕ ਗਈ ਹੈ, ਕਿਉਂਕਿ ਨੋਟਿਸ 'ਚ ਸਪਸ਼ਟ ਲਿਖਿਆ ਗਿਆ ਹੈ ਕਿ ਜਵਾਬ ਤਸੱਲੀਬਖਸ਼ ਨਾ ਹੋਣ ਦੀ ਸੂਰਤ ਵਿਚ ਉਨ੍ਹਾਂ ਨਾਲ ਸਿੱਖਿਆ ਵਿਭਾਗ ਵੱਲੋਂ ਨਿਯੁਕਤੀ ਦਾ ਅਹਿਦਨਾਮਾ ਅੱਗੇ ਨਹੀਂ ਵਧਾਇਆ ਜਾਵੇਗਾ।

ਇਨ੍ਹਾਂ ਅਧਿਆਪਕਾਂ ਦੇ ਇਸ ਅਹਿਦਨਾਮੇ ਦੀ ਮਿਆਦ ਪਹਿਲੀ ਅਪਰੈਲ ਤੋਂ 30 ਸਤੰਬਰ 2017 ਤੱਕ ਹੈ। ਇਨ੍ਹਾਂ ਵਿਚੋਂ ਦਰਜਨਾਂ ਅਧਿਆਪਕ ਤਾਂ ਅਜਿਹੇ ਹਨ ਜਿਨ੍ਹਾਂ ਦੇ ਪੜ੍ਹਾਏ ਹੋਏ ਵਿਦਿਆਰਥੀਆਂ ਵਿਚੋਂ 20 ਫੀਸਦੀ ਹੀ ਮਸਾਂ ਪਾਸ ਹੋਏ ਹਨ। ਇਹ ਨੋਟਿਸ ਅੰਗਰੇਜ਼ੀ, ਹਿਸਾਬ ਅਤੇ ਸਾਇੰਸ ਵਿਸ਼ਿਆਂ ਦੀ ਪੜ੍ਹਾਈ ਕਰਾਉਣ ਵਾਲੇ ਅਧਿਆਪਕਾਂ ਨੂੰ ਜਾਰੀ ਕੀਤੇ ਗਏ ਹਨ, ਜਿਨ੍ਹਾਂ ਵਿਚੋਂ ਬਹੁਗਿਣਤੀ ਮਾਲਵੇ ਦੇ ਲੁਧਿਆਣਾ, ਬਠਿੰਡਾ, ਬਰਨਾਲਾ, ਮੁਕਤਸਰ ਸਾਹਿਬ, ਸੰਗਰੂਰ, ਫਿਰੋਜ਼ਪੁਰ, ਫ਼ਾਜ਼ਿਲਕਾ ਆਦਿ ਜ਼ਿਲ੍ਹਿਆਂ ਦੇ ਹਨ। ਇਨ੍ਹਾਂ ਅਧਿਆਪਕਾਂ ਨੂੰ ਨੋਟਿਸ ਜਾਰੀ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਜਵਾਬ ਦੇਣ ਲਈ ਕਿਹਾ ਗਿਆ ਹੈ।

# ਸਖਤੀ ਪਿੱਛੋਂ ਕੇਬਲ ਅਪਰੇਟਰਾਂ 'ਚ ਮੱਚੀ ਭਾਜੜ

**ਜਲੰਧਰ:** ਕੇਬਲ ਅਪਰੇਟਰਾਂ ਨੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੂੰ ਘੇਰਨ ਦੀ ਰਣਨੀਤੀ ਘੜਦਿਆਂ ਪੰਜਾਬ ਦੇ ਵਿਧਾਇਕਾਂ ਨੂੰ ਮੰਗ ਪੱਤਰ ਦੇਣੇ ਸ਼ੁਰੂ ਕਰ ਦਿੱਤੇ ਹਨ। ਇਨ੍ਹਾਂ ਮੰਗ ਪੱਤਰਾਂ ਵਿਚ ਸਪੱਸ਼ਟ ਲਿਖਿਆ ਹੈ ਕਿ ਫਾਸਟਵੇਅ ਨਾਲ ਰਾਜਨੀਤਕ ਖੁੰਧਕ ਕੱਢਣ ਦੇ ਇਰਾਦੇ ਨਾਲ ਸੂਬੇ ਦੇ ਹੋਰ ਕੇਬਲ ਅਪਰੇਟਰਾਂ ਨੂੰ ਵੀ ਰਗੜਿਆ ਜਾ ਰਿਹਾ ਹੈ।

ਕੇਬਲ ਟੀ.ਵੀ. ਅਪਰੇਟਰ ਵੈੱਲਫੇਅਰ ਐਸੋਸੀਏਸ਼ਨ ਨੇ ਸਥਾਨਕ ਸਰਕਾਰਾਂ ਵਿਭਾਗ ਦੇ ਸਕੱਤਰ ਨੂੰ ਪੱਤਰ ਲਿਖਿਆ ਹੈ ਅਤੇ ਜ਼ਿਲ੍ਹਾ ਪੱਧਰ 'ਤੇ ਵੀ ਵਿਧਾਇਕਾਂ ਨੂੰ ਮੰਗ ਪੱਤਰ ਦਿੱਤੇ ਜਾ ਰਹੇ ਹਨ। ਜਥੇਬੰਦੀ ਵੱਲੋਂ ਸਕੱਤਰ ਨੂੰ ਲਿਖੇ ਪੱਤਰ ਵਿਚ ਤਾਂ ਨਗਰ ਨਿਗਮਾਂ ਤੇ ਨਗਰ ਕੌਂਸਲਾਂ ਵਿਚ ਕੇਬਲ ਅਪਰੇਟਰਾਂ ਵੱਲੋਂ ਤਾਰਾਂ ਲਾਉਣ ਲਈ ਵਰਤੇ ਜਾ ਰਹੇ ਬਿਜਲੀ ਦੇ ਖੰਭਿਆਂ ਬਾਰੇ ਜ਼ਿਕਰ ਕੀਤਾ ਗਿਆ ਹੈ ਪਰ ਜਿਹੜੇ ਮੰਗ ਪੱਤਰ ਵਿਧਾਇਕਾਂ ਨੂੰ ਦਿੱਤੇ ਜਾ ਰਹੇ ਹਨ, ਉਨ੍ਹਾਂ ਵਿਚ ਸਪੱਸ਼ਟ ਲਿਖਿਆ ਹੈ ਕਿ ਇਕ ਰਾਜਨੀਤਕ ਸ਼ਖਸੀਅਤ ਵੱਲੋਂ ਫਾਸਟਵੇਅ ਵਿਰੁੱਧ ਨਿੱਜੀ ਤੌਰ 'ਤੇ ਖੁੰਧਕ ਕੱਢੀ ਜਾ ਰਹੀ ਹੈ। ਨਵਜੋਤ ਸਿੰਘ ਸਿੱਧੂ ਦਾ ਨਾਂ ਲਿਖੇ ਬਿਨਾਂ ਪੱਤਰ ਵਿਚ ਇਹ ਸੰਕੇਤ ਦਿੱਤਾ ਹੈ ਕਿ ਇਕਲੌਤਾ ਸ਼ਖਸ ਕਿਵੇਂ ਪੂਰੇ ਮੰਤਰਾਲੇ ਨੂੰ ਆਪਣੀ ਨਿੱਜੀ ਕਿੜ ਕੱਢਣ ਲਈ ਹਾਈਜੈੱਕ ਕਰ ਸਕਦਾ ਹੈ? ਪੱਤਰ ਵਿਚ ਕਿਹਾ ਹੈ ਕਿ ਕੇਬਲ ਅਪਰੇਟਰ ਸਾਰੇ ਟੈਕਸ ਦੇ ਰਹੇ ਹਨ ਤੇ ਉਹ ਲੋਕਾਂ ਨੂੰ ਬਹੁਤ ਸਸਤੇ ਰੇਟਾਂ 'ਤੇ ਮਨੋਰੰਜਨ ਮੁਹੱਈਆ ਕਰਵਾ ਰਹੇ ਹਨ। ਜ਼ਿਕਰਯੋਗ ਹੈ ਕਿ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਫਾਸਟਵੇਅ 'ਤੇ ਕਰੋੜਾਂ ਰੁਪਏ ਦੀ ਹੇਰਾਫੇਰੀ ਦੇ ਦੋਸ਼ ਲਾਏ ਹਨ। ਸਥਾਨਕ ਸਰਕਾਰਾਂ ਵਿਭਾਗ ਨੂੰ ਇਹ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਉਹ ਇਹ ਦੇਖੇ ਕਿ ਕੇਬਲ ਅਪਰੇਟਰ ਨਗਰ ਨਿਗਮਾਂ ਦੇ ਖੰਭਿਆਂ ਨੂੰ ਬਿਨਾਂ ਇਜਾਜ਼ਤ ਕਿਵੇਂ ਵਰਤ ਰਹੇ ਹਨ।

ਜਥੇਬੰਦੀ ਦੇ ਜਨਰਲ ਸਕੱਤਰ ਜਤਿੰਦਰ ਸਿੰਘ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਸਥਾਨਕ ਸਰਕਾਰਾਂ ਵਿਭਾਗ ਦੇ ਸਕੱਤਰ ਨੂੰ ਪੱਤਰ ਭੇਜਿਆ ਗਿਆ ਹੈ ਅਤੇ ਨਾਲ ਹੀ ਵਿਧਾਇਕਾਂ ਨੂੰ ਵੀ ਮੰਗ ਪੱਤਰ ਦਿੱਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਬਿਜਲੀ ਦੇ ਖੰਭਿਆਂ ਨਾਲ ਜਿਹੜੀਆਂ ਤਾਰਾਂ ਬੰਨੀਆਂ ਗਈਆਂ ਹਨ, ਉਸ ਬਾਰੇ ਬਾਕਾਇਦਾ ਪਾਵਰਕੌਮ ਨਾਲ ਸਮਝੌਤਾ ਕੀਤਾ ਗਿਆ ਹੈ ਤੇ 160 ਰੁਪਏ ਪ੍ਰਤੀ ਖੰਭੇ ਦੇ ਹਿਸਾਬ ਨਾਲ ਪੈਸੇ ਦਿੱਤੇ ਜਾ ਰਹੇ ਹਨ।

# ਗੈਂਗਸਟਰਾਂ ਵੱਲੋਂ ਕਾਰੋਬਾਰੀ ਕਤਲ

**ਜੈਤੋ:** ਉਦਯੋਗਪਤੀ ਰਵਿੰਦਰ ਕੋਛੜ (ਪੱਪੂ) ਨੂੰ ਅਣਪਛਾਤੇ ਕਾਰ ਸਵਾਰਾਂ ਨੇ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ। ਮਹੀਨਾ ਦੇਣ ਤੋਂ ਇਨਕਾਰੀ ਸਨਅਤਕਾਰ ਤੇ ਗੈਂਗਸਟਰਾਂ ਵਿਚਾਲੇ ਲੰਮੇ ਸਮੇਂ ਤੋਂ ਤਣਾਅ ਚੱਲ ਰਿਹਾ ਸੀ। ਵਾਰਦਾਤ ਬਾਜਾਖਾਨਾ ਰੋਡ 'ਤੇ ਸਥਿਤ ਰਵਿੰਦਰ ਕੋਛੜ ਦੀ ਪੱਪੂ ਰਾਈਸ ਮਿੱਲ ਦੇ ਗੇਟ ਅੱਗੇ ਵਾਪਰੀ।

57 ਸਾਲਾ ਰਵਿੰਦਰ ਕੋਛੜ ਆਪਣੀ ਕਰੂਜ਼ਰ ਕਾਰ (ਪੀ.ਯੂ.ਯੂ-0007) 'ਚ ਘਰੋਂ ਸ਼ੈਲਰ ਵੱਲ ਜਾ ਰਿਹਾ ਸੀ। ਸ਼ੈਲਰ ਮਾਲਕ ਨੇ ਗੇਟ ਅੱਗੇ ਗੱਡੀ ਰੋਕ ਕੇ ਗੇਟਮੈਨ ਨੂੰ ਦਰਵਾਜ਼ਾ ਖੋਲ੍ਹਣ ਲਈ ਇਸ਼ਾਰਾ ਕੀਤਾ ਹੀ ਸੀ ਕਿ ਪਿਛਿਓਂ ਡਿਜ਼ਾਇਰ ਗੱਡੀ ਵੀ ਉਥੇ ਆ ਕੇ ਰੁਕ ਗਈ ਤੇ ਕਾਰ ਸਵਾਰ ਹਥਿਆਰਬੰਦ ਵਿਅਕਤੀ ਨੇ ਕੋਛੜ ਨੂੰ ਤਿੰਨ ਗੋਲੀਆਂ ਮਾਰ ਦਿੱਤੀਆਂ। ਸਨਅਤਕਾਰ ਦੇ ਭਰਾ ਨਰਿੰਦਰ ਕੁਮਾਰ ਕੋਛੜ ਨੇ ਪੁਲਿਸ ਕੋਲ ਰੋਸ ਜਤਾਇਆ ਕਿ ਸਥਿਤੀ ਤੋਂ ਜਾਣੂ ਹੁੰਦਿਆਂ ਵੀ ਪੁਲਿਸ ਨੇ ਉਸ ਦੇ ਭਰਾ ਨੂੰ ਲੋੜੀਂਦੀ ਸੁਰੱਖਿਆ ਨਹੀਂ ਦਿੱਤੀ। ਜ਼ਿਕਰਯੋਗ ਹੈ ਕਿ ਲੰਘੀ ਸੱਤ ਫਰਵਰੀ ਨੂੰ ਕੋਛੜ ਦੇ ਸ਼ੈਲਰ ਤੋਂ ਗੈਂਗਸਟਰਾਂ ਵੱਲੋਂ ਉਹੋ ਕਾਰ ਖੋਹੀ ਗਈ ਸੀ, ਜਿਸ 'ਤੇ ਘਟਨਾ ਵਕਤ ਸ੍ਰੀ ਕੋਛੜ ਸਵਾਰ ਸਨ। ਕਈ ਦਿਨਾਂ ਬਾਅਦ ਇਹ ਕਾਰ ਮੋਗੇ ਜ਼ਿਲ੍ਹੇ 'ਚੋਂ ਲਾਵਾਰਸ ਹਾਲਤ ਵਿਚ ਮਿਲੀ ਸੀ।

# ਖੇਤ ਮਜ਼ਦੂਰਾਂ ਉਤੇ ਵੀ ਛਾਏ ਸੰਕਟ ਦੇ ਬੱਦਲ

ਪੰਜਾਬ ਇਸ ਸਮੇਂ ਗੰਭੀਰ ਖੇਤੀ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਕੁਝ ਵਿਦਵਾਨ ਇਸ ਸੰਕਟ ਨੂੰ ਸਿਰਫ਼ ਕਿਸਾਨੀ ਦੇ ਸੰਕਟ ਵਜੋਂ ਦੇਖਦੇ ਹਨ। ਪੰਜਾਬ ਦਾ ਖੇਤੀ ਸੰਕਟ ਬਹੁਪੱਖੀ ਹੈ। ਇਸ ਸੰਕਟ ਦੇ ਵੱਖ-ਵੱਖ ਪੱਖਾਂ ਵਿਚ ਖੇਤੀਬਾੜੀ ਨਾਲ ਜੁੜੇ ਸਾਰੇ ਵਰਗਾਂ (ਕਿਸਾਨਾਂ, ਖੇਤ ਮਜ਼ਦੂਰਾਂ ਤੇ ਪੇਂਡੂ ਛੋਟੇ ਕਾਰੀਗਰਾਂ), ਧਰਤੀ ਹੇਠਲੇ ਪਾਣੀ ਅਤੇ ਵਾਤਾਵਰਨ ਸੰਬੰਧੀ ਸਮੱਸਿਆਵਾਂ ਅਹਿਮ ਹਨ।

ਇੰਡੀਅਨ ਕੌਂਸਲ ਆਫ਼ ਸੋਸ਼ਲ ਸਾਇੰਸ ਰਿਸਰਚ ਦੁਆਰਾ ਸਪਾਂਸਰ ਕੀਤੇ ਖੋਜ ਪ੍ਰੋਜੈਕਟ

**ਗਿਆਨ ਸਿੰਘ**

ਵਿਚ ਪੰਜਾਬ ਦੇ ਖੇਤ ਮਜ਼ਦੂਰਾਂ ਦੀਆਂ ਵੱਖ-ਵੱਖ ਸਮੱਸਿਆਵਾਂ ਦਾ ਡੂੰਘਾਈ ਵਿਚ ਅਧਿਐਨ ਕੀਤਾ ਗਿਆ ਹੈ। ਪੰਜਾਬ ਦੀਆਂ ਖੇਤੀਬਾੜੀ-ਜਲਵਾਯੂ ਹਾਲਤਾਂ 'ਤੇ ਆਧਾਰਤ ਕੇਂਦਰੀ ਮੈਦਾਨੀ, ਸ਼ਿਵਾਲਿਕ ਨੀਮ-ਪਹਾੜੀ ਅਤੇ ਦੱਖਣੀ-ਪੱਛਮੀ ਖੇਤਰਾਂ ਵਿਚੋਂ 301 ਖੇਤ ਮਜ਼ਦੂਰ ਪਰਿਵਾਰਾਂ ਦੇ ਸਰਵੇਖਣ ਉਪਰ ਇਹ ਖੋਜ ਅਧਿਐਨ ਆਧਾਰਤ ਹੈ। ਖੋਜ ਅਧਿਐਨ ਲਈ ਖੇਤ ਮਜ਼ਦੂਰ ਪਰਿਵਾਰ, ਉਸ ਪਰਿਵਾਰ ਨੂੰ ਮੰਨਿਆ ਗਿਆ ਹੈ ਜਿਸ ਦੀ ਅੱਧ ਤੋਂ ਵੱਧ ਆਮਦਨ ਖੇਤੀਬਾੜੀ ਮਜ਼ਦੂਰੀ ਤੋਂ ਆਉਂਦੀ ਹੈ।

ਇਸ ਅਧਿਐਨ ਅਨੁਸਾਰ 2014-15 ਦੌਰਾਨ ਸਰਵੇਖਣ ਅਧੀਨ ਲਿਆਂਦੇ ਗਏ 301 ਖੇਤ ਮਜ਼ਦੂਰ ਪਰਿਵਾਰਾਂ ਵਿਚੋਂ 80.07 ਫ਼ੀਸਦ ਪਰਿਵਾਰ ਕਰਜ਼ੇ ਥੱਲੇ ਸਨ। ਇਨ੍ਹਾਂ ਕਰਜ਼ਈ ਪਰਿਵਾਰਾਂ ਉਪਰ ਪ੍ਰਤੀ ਪਰਿਵਾਰ ਕਰਜ਼ਾ 68330 ਰੁਪਏ ਬਣਦਾ ਹੈ। ਇਸ ਕਰਜ਼ੇ ਵਿਚੋਂ 92 ਫ਼ੀਸਦ ਗ਼ੈਰ-ਸੰਸਥਾਗਤ ਅਤੇ ਸਿਰਫ਼ 8 ਫ਼ੀਸਦ ਸੰਸਥਾਗਤ ਸਰੋਤਾਂ ਦਾ ਹੈ। ਇਸ ਕਰਜ਼ੇ ਵਿਚੋਂ ਸੱਭ ਤੋਂ ਵੱਧ 36.09 ਫ਼ੀਸਦ ਨਿੱਤ ਦੀਆਂ ਲੋੜਾਂ, 32.63 ਫ਼ੀਸਦ ਵਿਆਹਾਂ ਤੇ ਸਮਾਜਿਕ-ਧਾਰਮਿਕ ਰਸਮਾਂ, 18.43 ਫ਼ੀਸਦ ਬਿਮਾਰੀਆਂ ਦੇ ਇਲਾਜ, 8.65 ਫ਼ੀਸਦ ਮਕਾਨ ਦੀ ਉਸਾਰੀ, ਨਵੇਂ ਕਮਰੇ ਦੀ ਉਸਾਰੀ ਅਤੇ ਮਕਾਨ ਦੀ ਵੱਡੀ ਮਰੰਮਤ ਅਤੇ ਸਿਰਫ਼ 1.58 ਫ਼ੀਸਦ ਬੱਚਿਆਂ ਦੀ ਪੜ੍ਹਾਈ ਲਈ ਖੇਤ ਮਜ਼ਦੂਰਾਂ ਸਿਰ ਚੜ੍ਹਿਆ ਹੈ।

ਕਰਜ਼ਾ ਅਤੇ ਗ਼ਰੀਬੀ ਜੌੜੇ ਬੱਚਿਆਂ ਵਾਂਗ ਹੁੰਦੇ ਹਨ। ਕਰਜ਼ਾ ਗ਼ਰੀਬੀ ਵਿਚੋਂ, ਗ਼ਰੀਬੀ ਕਰਜ਼ੇ ਵਿਚੋਂ ਅਤੇ ਇਹ ਦੋਵੇਂ ਆਰਥਿਕ ਪ੍ਰਬੰਧ ਵਿਚੋਂ ਉਪਜਦੇ ਹਨ। ਭਾਰਤ ਵਿਚ ਗ਼ਰੀਬੀ ਰੇਖਾ ਬਾਰੇ ਅਜ ਵੀ ਬਹਿਸ ਚਲ ਰਹੀ ਹੈ। ਸਰਕਾਰੀ ਨੀਤੀਘਾੜੇ ਤੇ ਸਰਕਾਰੀ ਅਤੇ ਕਾਰਪੋਰੇਟ ਜਗਤ ਪੱਖੀ ਅਰਥ ਵਿਗਿਆਨੀ ਅਤੇ ਇਸ ਤਰ੍ਹਾਂ ਦੇ ਹੋਰ ਵਿਦਵਾਨ ਗ਼ਰੀਬੀ ਰੇਖਾ ਦੀ ਪਰਿਭਾਸ਼ਾ ਨੂੰ ਇੰਨਾ ਛੋਟਾ ਕਰ ਦਿੰਦੇ ਹਨ ਜਿਸ ਤੋਂ ਦਿਖਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਦੇਸ਼ ਦੇ ਮਿਹਨਤਕਸ਼ ਲੋਕਾਂ ਵਿਚੋਂ ਗ਼ਰੀਬੀ ਲਗਾਤਾਰ ਅਤੇ ਤੇਜ਼ੀ ਨਾਲ ਘਟ ਰਹੀ। ਗ਼ਰੀਬੀ ਰੇਖਾ ਦੀ ਇਕ ਠੀਕ ਪਰਿਭਾਸ਼ਾ ਜ਼ਿੰਦਗੀ ਦੀਆਂ ਮੁੱਢਲੀਆਂ ਲੋੜਾਂ ਆਧਾਰਤ ਹੋਣੀ ਬਣਦੀ ਹੈ। ਜੇ ਕਿਸੇ ਮਨੁੱਖ ਦੀਆਂ ਜ਼ਿੰਦਗੀ ਦੀਆਂ ਮੁਢਲੀਆਂ ਸੱਤ ਲੋੜਾਂ- ਰੋਟੀ, ਕੱਪੜਾ, ਮਕਾਨ, ਸਿੱਖਿਆ, ਸਿਹਤ-ਸੰਭਾਲ, ਸਾਫ਼ ਵਾਤਾਵਰਨ ਅਤੇ ਸਮਾਜਿਕ ਸੁਰੱਖਿਆ ਪੂਰੀਆਂ ਨਹੀਂ ਹੁੰਦੀਆਂ ਹਨ, ਉਸ ਨੂੰ ਗ਼ਰੀਬ ਮੰਨਿਆ ਜਾਵੇ; ਪਰ ਇਸ ਪਰਿਭਾਸ਼ਾ ਨੂੰ ਮੰਨਣ ਲਈ ਸਰਕਾਰ ਤੇ ਸਰਮਾਏਦਾਰ ਤਿਆਰ ਨਹੀਂ।

ਪੰਜਾਬ ਦੇ ਖੇਤ ਮਜ਼ਦੂਰਾਂ ਬਾਰੇ ਕੀਤੇ ਖੋਜ ਅਧਿਐਨ ਲਈ ਗ਼ਰੀਬੀ ਰੇਖਾ ਦੇ ਤਿੰਨ ਮਾਪਦੰਡਾਂ ਦੀ ਵਰਤੋਂ ਕੀਤੀ ਗਈ ਹੈ। ਪਹਿਲਾ ਮਾਪਦੰਡ ਭਾਰਤ ਸਰਕਾਰ ਦੁਆਰਾ ਬਣਾਇਆ ਗਿਆ- ਮਾਹਿਰ ਗਰੁੱਪ, ਦੂਜਾ ਮਾਪਦੰਡ ਰਾਜ ਦੀ ਪ੍ਰਤੀ ਵਿਅਕਤੀ ਆਮਦਨ ਦਾ 50 ਫ਼ੀਸਦ ਅਤੇ ਤੀਜਾ ਮਾਪਦੰਡ ਰਾਜ ਦੀ ਪ੍ਰਤਿ ਵਿਅਕਤੀ ਆਮਦਨ ਦਾ 40 ਫ਼ੀਸਦ ਦਾ ਹੈ। ਮਾਹਿਰ ਗਰੁੱਪ ਮਾਪਦੰਡ, ਜਿਸ ਨੂੰ ਕਦੇ ਵੀ ਲੋਕਪੱਖੀ ਵਿਦਵਾਨਾਂ ਨੇ ਸਵੀਕਾਰਿਆ ਨਹੀਂ, ਅਨੁਸਾਰ ਪੰਜਾਬ ਦੇ ਖੇਤ ਮਜ਼ਦੂਰਾਂ ਵਿਚੋਂ 82.06 ਫ਼ੀਸਦ ਗ਼ਰੀਬੀ ਰੇਖਾ ਦੇ ਹੇਠਾਂ ਹਨ। ਦੂਜੇ ਮਾਪਦੰਡ, ਭਾਵ ਰਾਜ ਦੀ ਪ੍ਰਤੀ ਵਿਅਕਤੀ ਆਮਦਨ ਦਾ 50 ਫ਼ੀਸਦ ਅਨੁਸਾਰ, ਪੰਜਾਬ ਵਿਚ ਤਕਰੀਬਨ ਸਾਰੇ (99.67 ਫ਼ੀਸਦ) ਖੇਤ ਮਜ਼ਦੂਰ ਗ਼ਰੀਬੀ ਦੀ ਰੇਖਾ ਦੇ ਹੇਠਾਂ ਆਪਣੀ ਤੰਗੀਆਂ-ਤੁਰਸ਼ੀਆਂ ਵਾਲੀ ਜ਼ਿੰਦਗੀ ਭੋਗਣ ਲਈ ਮਜਬੂਰ ਕੀਤੇ ਹੋਏ ਹਨ। ਤੀਜੇ ਮਾਪਦੰਡ, ਰਾਜ ਦੀ ਪ੍ਰਤੀ ਵਿਅਕਤੀ ਆਮਦਨ ਦਾ 40 ਫ਼ੀਸਦ, ਜੋ ਦੂਜੇ ਮਾਪਦੰਡ ਨੂੰ 10 ਫ਼ੀਸਦ ਘਟਾ ਕੇ ਤਿਆਰ ਕੀਤਾ ਗਿਆ ਹੈ, ਅਨੁਸਾਰ ਵੀ ਪੰਜਾਬ ਵਿਚ 98.34 ਫ਼ੀਸਦ ਖੇਤ ਮਜ਼ਦੂਰ ਗ਼ਰੀਬੀ ਦਾ ਸੰਤਾਪ ਭੋਗਣ ਲਈ ਮਜਬੂਰ ਕੀਤੇ ਹੋਏ ਹਨ।

ਪੰਜਾਬ ਦੇ ਖੇਤ ਮਜ਼ਦੂਰਾਂ ਵਿਚਕਾਰ ਗ਼ਰੀਬੀ ਦੇਖਣ ਲਈ ਸਿਰਫ਼ ਆਮਦਨ ਦਾ ਪੱਧਰ ਵਿਚਾਰਨਾ ਕਾਫ਼ੀ ਨਹੀਂ, ਇਸ ਪੱਧਰ ਨਾਲ ਜੁੜੇ ਹੋਰ ਤੱਥਾਂ ਦਾ ਅਧਿਐਨ ਕਰਨਾ ਵੀ ਜ਼ਰੂਰੀ ਹੈ। ਪੰਜਾਬ ਦੇ ਆਰਥਿਕ ਅਤੇ ਖੇਤੀਬਾੜੀ ਵਿਕਾਸ ਸੰਬੰਧੀ ਵੱਖ-ਵੱਖ ਦਾਅਵਿਆਂ ਦੇ ਬਾਵਜੂਦ ਅੱਜ ਵੀ ਖੇਤ ਮਜ਼ਦੂਰਾਂ ਦਾ ਤਕਰੀਬਨ ਪੰਜਵਾਂ ਹਿੱਸਾ (19.60 ਫ਼ੀਸਦ) ਕੱਚੇ ਮਕਾਨਾਂ ਵਿਚ ਰਹਿਣ ਲਈ ਮਜਬੂਰ ਹੈ। ਲਗਭਗ ਤਿੰਨ-ਚੌਥਾਈ (72.43 ਫ਼ੀਸਦ) ਅਰਧ-ਪੱਕੇ ਮਕਾਨਾਂ ਅਤੇ ਸਿਰਫ਼ 7.97 ਫ਼ੀਸਦ ਪੱਕੇ ਮਕਾਨਾਂ ਵਿਚ ਰਹਿੰਦੇ ਹਨ। ਇੱਕ-ਤਿਆਹੀ ਤੋਂ ਵੱਧ (34.88 ਫ਼ੀਸਦ) ਖੇਤ ਮਜ਼ਦੂਰ ਮਾੜੇ ਮਕਾਨਾਂ, ਦੋ-ਤਿਆਹੀ ਤੋਂ ਮਾਮੂਲੀ ਘੱਟ (64.12 ਫ਼ੀਸਦ) ਔਸਤ ਮਕਾਨਾਂ ਅਤੇ ਸਿਰਫ਼ ਇੱਕ ਫ਼ੀਸਦ ਖੇਤ ਮਜ਼ਦੂਰ ਪਰਿਵਾਰ ਚੰਗੇ ਮਕਾਨਾਂ ਵਿਚ ਰਹਿੰਦੇ ਸਨ। 58.8 ਫ਼ੀਸਦ ਖੇਤ ਮਜ਼ਦੂਰ ਪਰਿਵਾਰਾਂ ਕੋਲ ਗੁਸਲਖਾਨੇ ਦੀ ਸਹੂਲਤ ਹੈ ਅਤੇ ਬਾਕੀ ਦੇ 41.2 ਫ਼ੀਸਦ ਇਸ ਸਹੂਲਤ ਤੋਂ ਵਾਂਝੇ ਹਨ। ਜਿਨ੍ਹਾਂ ਖੇਤ ਮਜ਼ਦੂਰ ਪਰਿਵਾਰਾਂ ਕੋਲ ਗੁਸਲਖਾਨੇ ਹਨ, ਉਨ੍ਹਾਂ ਵਿਚੋਂ ਬਹੁਤ ਜ਼ਿਆਦਾ ਦੇ ਕੇਸ ਵਿਚ ਇਹ ਸਹੂਲਤ ਘੱਟ ਅਤੇ ਬਿਮਾਰੀਆਂ ਦੀ ਜੜ੍ਹ ਜ਼ਿਆਦਾ ਹਨ।



ਖੇਤਰੀ ਸਰਵੇਖਣ ਤੋਂ ਇੱਕ ਦੁਖਦਾਈ ਪਹਿਲੂ ਸਾਹਮਣੇ ਹੈ ਕਿ ਆਮ ਤੌਰ 'ਤੇ ਇਨ੍ਹਾਂ ਮਜ਼ਦੂਰਾਂ ਦੇ ਘਰ ਪਿੰਡਾਂ ਦੀਆਂ ਮਾੜੀਆਂ ਥਾਵਾਂ ਉਤੇ ਹਨ। ਗਲੀਆਂ-ਨਾਲੀਆਂ ਦੀ ਹਾਲਤ ਬਹੁਤ ਭੈੜੀ ਹੈ। ਜ਼ਿਆਦਾਤਰ ਗਲੀਆਂ ਤੰਗ ਹਨ। ਕੁਝ ਥਾਵਾਂ ਐਨੀਆਂ ਤੰਗ ਹਨ ਕਿ ਕਿਸੇ ਔਰਤ ਦੇ ਬੱਚਾ ਹੋਣ ਜਾਂ ਜਾਨਲੇਵਾ ਬਿਮਾਰੀ, ਆਦਿ ਮੌਕਿਆਂ ਉਪਰ ਕੋਈ ਚੁਪਹੀਆ ਵਾਹਨ ਨਹੀਂ ਲੰਘ ਸਕਦਾ। ਪੰਜਾਬ ਦੇ ਖੇਤ ਮਜ਼ਦੂਰਾਂ ਦਾ ਵਿਦਿਆ ਪੱਧਰ ਉਨ੍ਹਾਂ ਦੀਆਂ ਤੰਗੀਆਂ-ਤੁਰਸ਼ੀਆਂ ਵਾਲੀ ਜ਼ਿੰਦਗੀ ਨੂੰ ਸਾਹਮਣੇ ਲਿਆਉਂਦਾ ਹੈ। ਅੱਜ ਵੀ ਪੰਜਾਬ ਵਿਚ ਖੇਤ ਮਜ਼ਦੂਰ ਪਰਿਵਾਰਾਂ ਦੇ 42.06 ਫ਼ੀਸਦ ਜੀਅ ਅਨਪੜ੍ਹ ਹਨ, ਜਦੋਂ ਕਿ 16.84 ਫ਼ੀਸਦ ਪੰਜਵੀਂ, 18.29 ਫ਼ੀਸਦ ਅੱਠਵੀਂ, 11.95 ਦਸਵੀਂ ਅਤੇ 8.02 ਫ਼ੀਸਦ ਬਾਰ੍ਹਵੀਂ ਤੱਕ ਹੀ ਪੜ੍ਹੇ ਹਨ। ਗ੍ਰੈਜੂਏਸ਼ਨ ਕਰਨ ਵਾਲੇ ਸਿਰਫ਼ 2.7 ਫ਼ੀਸਦ ਅਤੇ ਪੋਸਟ-ਗ੍ਰੈਜੂਏਸ਼ਨ ਅਤੇ ਹੋਰ ਕੋਰਸ ਕਰਨ ਵਾਲੇ 0.14 ਫ਼ੀਸਦ ਹੀ ਹਨ।

ਪੰਜਾਬ ਦੇ ਖੇਤ ਮਜ਼ਦੂਰਾਂ ਸਿਰ ਕਰਜ਼ਾ ਦੇਖਣ ਨੂੰ ਤਾਂ ਥੋੜ੍ਹਾ ਲੱਗਦਾ ਹੈ ਪਰ ਇਸ ਦਾ ਭਾਰ ਬਹੁਤ ਜ਼ਿਆਦਾ ਹੈ। ਇਨ੍ਹਾਂ ਮਜ਼ਦੂਰਾਂ ਦੀ ਕਰਜ਼ਾ ਵਾਪਸ ਕਰਨ ਦੀ ਸਮਰੱਥਾ ਸਿਫ਼ਰ ਹੈ, ਕਿਉਂਕਿ ਜੇ ਇਹ ਮਜ਼ਦੂਰ 1000 ਰੁਪਏ ਕਮਾਉਂਦੇ ਹਨ ਤਾਂ ਉਨ੍ਹਾਂ ਦਾ ਸਿਰਫ਼ ਜਿਉਣ ਲਈ ਘੱਟੋ-ਘੱਟ ਖ਼ਰਚ 1120 ਰੁਪਏ ਹੈ। ਜਿਥੇ ਪੰਜਾਬ ਦੇ ਕਿਸਾਨ ਕਰਜ਼ੇ ਅਤੇ ਗ਼ਰੀਬੀ ਕਾਰਨ ਖ਼ੁਦਕੁਸ਼ੀਆਂ ਕਰ ਰਹੇ ਹਨ, ਉਥੇ ਖੇਤੀਬਾੜੀ ਖੇਤਰ ਨਾਲ ਸਬੰਧਤ ਖ਼ੁਦਕੁਸ਼ੀਆਂ ਦਾ ਤਕਰੀਬਨ 40 ਫ਼ੀਸਦ ਇਕੱਲੇ ਖੇਤ ਮਜ਼ਦੂਰਾਂ ਦਾ ਹੈ।

1960ਵਿਆਂ ਦੌਰਾਨ ਦੇਸ਼ ਵਿਚ ਅਨਾਜ ਪਦਾਰਥਾਂ ਦੀ ਭਾਰੀ ਥੁੜ੍ਹ ਦੂਰ ਕਰਨ ਵਿਚ ਪੰਜਾਬ ਦੇ ਹਿੰਮਤੀ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਨੇ ਸ਼ਲਾਘਾਯੋਗ ਯੋਗਦਾਨ ਪਾਇਆ। ਸਰਕਾਰਾਂ, ਖ਼ਾਸ ਕਰ ਕੇ ਕੇਂਦਰ ਸਰਕਾਰ ਦੀਆਂ ਖੇਤੀਬਾੜੀ ਖੇਤਰ ਸਬੰਧੀ ਨੀਤੀਆਂ ਦੀ ਸਭ ਤੋਂ ਵੱਧ ਮਾਰ ਖੇਤ ਮਜ਼ਦੂਰਾਂ ਨੂੰ ਪਈ ਕਿਉਂਕਿ ਇਨ੍ਹਾਂ ਕੋਲ ਨਾ ਕੋਈ ਹੁਨਰ ਅਤੇ ਨਾ ਹੀ ਜ਼ਮੀਨ ਜਾਂ ਹੋਰ ਸੰਪਤੀ ਹੈ। ਕੇਂਦਰ ਸਰਕਾਰ ਦੁਆਰਾ ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਤੈਅ ਕਰਨ ਅਤੇ ਖੇਤੀਬਾੜੀ ਉਤਪਾਦਨ ਵਿਚ ਵਰਤੇ ਜਾਣ ਵਾਲੇ ਸਾਧਨਾਂ ਦੀਆਂ ਕੀਮਤਾਂ ਤੈਅ ਕਰਨ ਨੂੰ ਬੇਲਗਾਮ ਮੰਡੀ ਦੇ ਹਵਾਲੇ ਕਰਨ, ਖੇਤੀਬਾੜੀ ਖੋਜ ਅਤੇ ਵਿਕਾਸ ਕਾਰਜਾਂ ਵੱਲੋਂ ਹੱਥ ਪਿੱਛੇ ਖਿਚਣ, ਕੁਦਰਤੀ ਆਫ਼ਤਾਂ ਮੌਕੇ ਬਣਦੀ ਮਦਦ ਨਾ ਕਰਨ, ਖੇਤੀਬਾੜੀ ਆਧਾਰਤ ਉਦਯੋਗਾਂ ਨੂੰ ਸਰਮਾਏਦਾਰ/ ਕਾਰਪੋਰੇਸ਼ਨਾਂ ਹਵਾਲੇ ਕਰਨ, ਖੇਤੀਬਾੜੀ ਕਰਜ਼ਿਆਂ ਨੂੰ ਰਿਆਇਤੀ ਦਰਾਂ ਉਪਰ ਸਾਰਿਆਂ ਨੂੰ ਲੋੜਾਂ ਅਨੁਸਾਰ ਸਮੇਂ ਸਿਰ ਨਾ ਦੇਣ, ਆਦਿ ਨੇ ਖੇਤੀਬਾੜੀ ਨੂੰ ਘਾਟੇ ਵਾਲਾ ਧੰਦਾ ਬਣਾ ਦਿੱਤਾ ਜਿਸਦਾ ਨਾਂਕਾਰਾਤਮਿਕ ਅਸਰ ਖੇਤ ਮਜ਼ਦੂਰੀ ਦੀਆਂ ਦਰਾਂ ਉਤੇ ਹੁੰਦਾ ਹੈ। ਖੇਤੀਬਾੜੀ ਦੀ ਉਤਪਾਦਕਤਾ ਅਤੇ ਉਤਪਾਦਨ ਵਧਾਉਣ ਲਈ ਅਪਨਾਈ ਗਈ 'ਖੇਤੀਬਾੜੀ ਦੀ ਨਵੀਂ ਜੁਗਤ' ਦੇ ਪੈਕੇਜ ਵਿਚੋਂ ਮਸ਼ੀਨਰੀ ਅਤੇ ਨਦੀਨਨਾਸ਼ਕਾਂ ਦੀ ਵਰਤੋਂ ਨੇ ਖੇਤੀਬਾੜੀ ਖੇਤਰ ਵਿਚ ਰੁਜ਼ਗਾਰ ਦੇ ਮੌਕੇ ਘਟਾ ਦਿੱਤੇ ਹਨ। ਸਰਕਾਰ ਵੱਲੋਂ ਸਿੱਖਿਆ ਤੇ ਸਿਹਤ-ਸੇਵਾਵਾਂ ਨੂੰ ਨਿੱਜੀ ਸਰਮਾਏਦਾਰਾਂ/ ਕਾਰਪੋਰੇਸ਼ਨਾਂ ਦੇ ਹਵਾਲੇ ਕਰਨਾ ਵੀ ਖੇਤ ਮਜ਼ਦੂਰਾਂ ਦੀ ਤੰਗੀਆਂ-ਤੁਰਸ਼ੀਆਂ ਵਾਲੀ ਜ਼ਿੰਦਗੀ ਲਈ ਜ਼ਿੰਮੇਵਾਰ ਹੈ।

ਖੇਤੀਬਾੜੀ ਨੂੰ ਲਾਭ ਵਾਲਾ ਧੰਦਾ ਬਣਾਉਂਦੇ ਹੋਏ ਖੇਤ ਮਜ਼ਦੂਰੀ ਦੀਆਂ ਦਰਾਂ ਵਿਚ ਲੋੜੀਂਦਾ ਵਾਧਾ ਕਰਨ ਅਤੇ ਉਸ ਨੂੰ ਅਮਲ ਵਿਚ ਲਿਆਉਣ ਦੀ ਜ਼ਰੂਰਤ ਹੈ। ਇਸ ਤੋਂ ਵੱਧ ਜ਼ਰੂਰੀ ਹਨ ਭੂਮੀ ਸੁਧਾਰ। ਭੂਮੀ ਸੁਧਾਰ ਬੇਜ਼ਮੀਨੇ, ਸੀਮਾਂਤ ਅਤੇ ਛੋਟੇ ਕਿਸਾਨਾਂ ਦੇ ਹੱਕ ਵਿਚ ਕੀਤੇ ਜਾਣੇ ਬਣਦੇ ਹਨ, ਪਰ ਇਸ ਸਬੰਧ ਵਿਚ ਖੇਤ ਮਜ਼ਦੂਰਾਂ, ਜਿਨ੍ਹਾਂ ਨੂੰ ਸਦੀਆਂ ਤੋਂ ਲਤਾੜਿਆ ਜਾਂਦਾ ਆ ਰਿਹਾ ਹੈ, ਨੂੰ ਬਰਾਬਰ ਦੇ ਭਾਗੀਦਾਰ ਬਣਾਇਆ ਜਾਵੇ। ਖੇਤੀਬਾੜੀ ਦੇ ਮਾਡਲ ਵਿਚ ਮਸ਼ੀਨਰੀ ਅਤੇ ਨਦੀਨਨਾਸ਼ਕਾਂ ਦੀ ਥਾਂ ਕਿਰਤ ਨੂੰ ਦਿੱਤੀ ਜਾਣੀ ਯਕੀਨੀ ਬਣਾਈ ਜਾਵੇ। ਇਸੇ ਦੇ ਨਾਲ ਨਾਲ ਖੇਤ ਮਜ਼ਦੂਰਾਂ ਦੇ ਬੱਚਿਆਂ ਨੂੰ ਮੁਫ਼ਤ ਮਿਆਰੀ ਵਿੱਦਿਆ ਦਿੱਤੀ ਜਾਵੇ ਤਾਂ ਜੋ ਉਹ ਆਪਣੀਆਂ ਸਮੱਸਿਆਵਾਂ ਨੂੰ ਸਮਝਣ ਅਤੇ ਹੱਲ ਕਰਨ ਦੇ ਯੋਗ ਵਿਅਕਤੀ ਬਣ ਸਕਣ। ਜਨਤਕ ਖੇਤਰ ਵੱਲੋਂ ਇਸ ਵਰਗ ਨੂੰ ਮਿਆਰੀ ਸਿਹਤ-ਸੇਵਾਵਾਂ ਦਿੱਤੀਆਂ ਜਾਣ ਤਾਂ ਕਿ ਤੰਦਰੁਸਤ ਖੇਤ ਮਜ਼ਦੂਰਾਂ ਦੀ ਕਾਰਜਕੁਸ਼ਲਤਾ ਵਧ ਸਕੇ। ਕਰਜ਼ਾ-ਮੁਆਫ਼ੀ/ ਮੁਕਤੀ ਅਤੇ ਹੋਰ ਰਿਆਇਤਾਂ ਦੇਣ ਮੌਕੇ ਸਦੀਆਂ ਤੋਂ ਅਣਗੌਲੇ ਖੇਤ ਮਜ਼ਦੂਰਾਂ ਨੂੰ ਸਭ ਤੋਂ ਅੱਗੇ ਰੱਖਿਆ ਜਾਵੇ। ਇਥੇ ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਗ਼ਰੀਬਾਂ ਦੀਆਂ ਕਬਰਾਂ ਉਤੇ ਉਗਾਇਆ ਗਿਆ ਘਾਹ ਸਰਮਾਏਦਾਰ/ ਕਾਰਪੋਰੇਟ ਜਗਤ ਲਈ ਖ਼ਤਰੇ ਦੀ ਨਿਸ਼ਾਨੀ ਹੁੰਦਾ ਹੈ।

# ਸ਼ਰੀਫ਼ ਤੇ ਪਾਕਿ ਦੀ ਸਿਆਸਤ

ਮੀਆਂ ਨਵਾਜ਼ ਸ਼ਰੀਫ਼ ਨੂੰ ਜਿਸ ਤਰ੍ਹਾਂ ਅਪਮਾਨਜਨਕ ਢੰਗ ਨਾਲ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਰੁਖ਼ਸਤ ਹੋਣਾ ਪਿਆ ਹੈ, ਉਸ ਨਾਲ ਪਾਕਿਸਤਾਨ ਦੇ ਸਭ ਤੋਂ ਸ਼ਕਤੀਸ਼ਾਲੀ ਸਿਆਸੀ ਘਰਾਣੇ ਨੂੰ ਗੰਭੀਰ ਧੱਕਾ ਪਹੁੰਚਿਆ ਹੈ। ਸੁਪਰੀਮ ਕੋਰਟ ਦੇ ਪੰਜ ਮੈਂਬਰੀ ਬੈਂਚ ਦੇ ਵੱਡੇ ਤਬਾਹਕੁਨ ਫ਼ੈਸਲੇ ਨੇ ਸਿਰਫ਼ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨੂੰ ਜੀਵਨ ਭਰ ਲਈ ਅਯੋਗ ਕਰਾਰ ਨਹੀਂ ਦਿੱਤਾ, ਸਗੋਂ ਉਨ੍ਹਾਂ ਸਾਰੇ 'ਸ਼ਰੀਫ਼ਾਂ' ਨੂੰ ਵੀ ਦੋਸ਼ੀ ਠਹਿਰਾਇਆ ਹੈ ਜੋ ਪਿਛਲੇ ਤਿੰਨ ਦਹਾਕਿਆਂ ਨਾਲੋਂ ਵੱਧ ਸਮੇਂ ਤੋਂ ਦੇਸ਼ ਦੀ ਸਿਆਸਤ ਵਿਚ ਛਾਏ ਹੋਏ ਸਨ, ਭਾਵੇਂ ਉਹ ਸੱਤਾ ਵਿਚ ਸਨ ਜਾਂ ਨਹੀਂ। ਉਂਜ,

**ਜ਼ਾਹਿਦ ਹੁਸੈਨ**

ਇਹ ਯਕੀਨ ਨਾਲ ਕੋਈ ਨਹੀਂ ਕਹਿ ਸਕਦਾ ਕਿ ਸੁਪਰੀਮ ਕੋਰਟ ਦੇ ਫ਼ੈਸਲੇ ਨਾਲ ਇਸ ਪਰਿਵਾਰ ਦੀ ਸਿਆਸੀ ਵਿਰਾਸਤ ਖ਼ਤਮ ਹੋ ਜਾਵੇਗੀ ਜਾਂ ਨਹੀਂ। ਹਾਂ, ਇਹ ਪੱਕਾ ਹੋ ਗਿਆ ਹੈ ਕਿ ਫਿਲਹਾਲ ਸਰਕਾਰ ਦੀ ਅਗਵਾਈ ਨਵਾਜ਼ ਸ਼ਰੀਫ਼ ਦੇ ਭਰਾ ਸ਼ਾਹਬਾਜ਼ ਸ਼ਰੀਫ਼ ਜੋ ਇਸ ਵੇਲੇ ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਹਨ, ਕਰਦੇ ਰਹਿਣਗੇ ਅਤੇ ਫਿਲਹਾਲ ਸੱਤਾ ਉਪਰ ਸ਼ਰੀਫ਼ ਘਰਾਣੇ ਦੀ ਪਕੜ ਬਣਾਈ ਰੱਖਣਗੇ।

ਦਰਅਸਲ, ਗੱਦੀ 'ਤੇ ਬਿਰਾਜਮਾਨ ਪ੍ਰਧਾਨ ਮੰਤਰੀ ਖ਼ਿਲਾਫ਼ ਅਸਾਧਾਰਨ ਨਿਆਂਇਕ ਕਾਰਵਾਈ ਨੂੰ ਦੇਸ਼ ਦੀਆਂ ਲੋਕਤੰਤਰੀ ਕਦਰਾਂ-ਕੀਮਤਾਂ ਲਈ ਅਤਿਅੰਤ ਅਹਿਮ ਘਟਨਾ ਮੰਨਿਆ ਗਿਆ ਹੈ ਅਤੇ ਇਸ ਨੂੰ ਕਾਨੂੰਨ ਦਾ ਰਾਜ ਬਹਾਲ ਕਰਨ ਲਈ ਕੀਤਾ ਗਿਆ ਯਾਦਗਾਰੀ ਯਤਨ ਕਰਾਰ ਦਿੱਤਾ ਜਾ ਰਿਹਾ ਹੈ। ਨਿਰਸੰਦੇਹ ਫ਼ੈਸਲਾ ਬਹੁਤ ਸਖ਼ਤ ਹੋਣ ਕਾਰਨ ਇਸ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਿਆ ਗਿਆ ਹੈ, ਹਾਲਾਂਕਿ ਇਹ ਸੰਵਿਧਾਨ ਦੇ ਚੌਖਟੇ ਦੇ ਅੰਦਰੋਂ ਹੀ ਆਇਆ ਹੈ। ਇਹ ਆਜ਼ਾਦਾਨਾ ਨਿਆਂ ਪ੍ਰਣਾਲੀ ਵਿਚ ਮੀਲ ਪੱਥਰ ਦੀ ਤਰ੍ਹਾਂ ਹੈ, ਜੋ ਕਾਰਜਪਾਲਿਕਾ ਅੱਗੇ ਨਹੀਂ ਝੁਕੀ, ਭਾਵੇਂ ਕਿ ਫ਼ੈਸਲੇ ਦਾ ਖ਼ਰਵਾਪਨ ਵਿਵਾਦਗ੍ਰਸਤ ਕਿਹਾ ਜਾ ਸਕਦਾ ਹੈ। ਯਕੀਨਨ, ਇਸ ਫ਼ੈਸਲੇ ਦੇ ਦੂਰਗਾਮੀ ਨਤੀਜੇ ਨਿਕਲਣਗੇ ਅਤੇ ਸਿਆਸੀ ਅਸਥਿਰਤਾ ਦਾ ਦੌਰ ਵਧੇਗਾ। ਅਜਿਹਾ ਉਸ ਸਮੇਂ ਵਾਪਰਨਾ ਹੀ ਹੁੰਦਾ ਹੈ ਜਦੋਂ ਸਿਆਸੀ ਰਾਜ ਘਰਾਣੇ ਦੀ ਤਰਤੀਬ ਨੂੰ ਵੱਡਾ ਹਲੂਣਾ ਵੱਜਦਾ ਹੈ। ਇਹ ਨਜ਼ਰ ਆ ਰਿਹਾ ਹੈ ਕਿ ਸੁਪਰੀਮ ਕੋਰਟ ਦੇ ਫ਼ੈਸਲੇ ਨਾਲ ਦੇਸ਼ ਅੰਦਰ ਸਿਆਸੀ ਧਰੁਵੀਕਰਨ ਹੋਰ ਗਹਿਰਾ ਜਾਵੇਗਾ, ਪਰ ਯਕੀਨਨ ਇਸ ਨਾਲ ਲੋਕਤੰਤਰਿਕ ਸਿਆਸੀ ਪ੍ਰਕਿਰਿਆ ਨੂੰ ਕੋਈ ਖ਼ਤਰਾ ਨਹੀਂ ਜਿਵੇਂ ਨਵਾਜ਼ ਸ਼ਰੀਫ਼ ਦੇ ਸਮਰਥਕਾਂ ਵੱਲੋਂ ਪ੍ਰਚਾਰਿਆ ਜਾ ਰਿਹਾ ਹੈ।



ਇਸ ਫ਼ੈਸਲੇ ਨਾਲ ਵਿਰਾਸਤੀ ਸਿਆਸਤ ਨੂੰ ਗੰਭੀਰ ਝਟਕਾ ਲੱਗਾ ਹੈ, ਜਿਹੜੀ ਦੇਸ਼ ਅੰਦਰ ਲੋਕਤੰਤਰਿਕ ਸੰਸਥਾਵਾਂ ਦੇ ਵਿਕਾਸ ਅਤੇ ਕਦਰਾਂ-ਕੀਮਤਾਂ ਵਿਚ ਅੜਿੱਕਾ ਬਣ ਚੁੱਕੀ ਸੀ। ਪਨਾਮਾ ਦਸਤਾਵੇਜ਼ ਕੇਸ ਦੀ ਜਾਂਚ ਉਪਰ ਫ਼ੈਸਲੇ ਨੇ ਉਨ੍ਹਾਂ ਵੱਡੇ ਪੱਧਰ 'ਤੇ ਫੈਲੀਆਂ ਧਾਰਨਾਵਾਂ ਨੂੰ ਵੀ ਤੋੜ ਦਿੱਤਾ ਹੈ ਜਿਨ੍ਹਾਂ ਅਨੁਸਾਰ ਨਵਾਜ਼ ਸ਼ਰੀਫ਼ ਦੇ ਪੰਜਾਬੀ ਆਗੂ ਹੋਣ ਕਾਰਨ ਕੋਈ ਉਨ੍ਹਾਂ ਦੀ ਹਵਾ ਵੱਲ ਵੀ ਨਹੀਂ ਦੇਖ ਸਕਦਾ, ਜਦੋਂਕਿ ਸਿੰਧ ਤੇ ਹੋਰ ਛੋਟੇ ਸੂਬਿਆਂ ਦੇ ਆਗੂਆਂ ਨੂੰ ਕਿਸੇ ਸਮੇਂ ਵੀ ਹੱਥ ਪਾਇਆ ਜਾ ਸਕਦਾ ਹੈ।

ਸੁਪਰੀਮ ਕੋਰਟ ਵੱਲੋਂ ਬਣਾਈ ਸਾਂਝੀ ਜਾਂਚ ਟੀਮ ਵੱਲੋਂ ਨਵਾਜ਼ ਸ਼ਰੀਫ਼ ਅਤੇ ਉਸ ਦੇ ਪਰਿਵਾਰ (ਦੋ ਬੇਟੇ ਤੇ ਧੀ) ਨੂੰ ਦੋਸ਼ੀ ਠਹਿਰਾਏ ਜਾਣ ਵਾਲੀ ਰਿਪੋਰਟ ਨਸ਼ਰ ਹੋਣ ਬਾਅਦ ਹੀ ਨਜ਼ਰ ਆਉਣ ਲੱਗ ਪਿਆ ਸੀ ਕਿ ਪ੍ਰਧਾਨ ਮੰਤਰੀ ਉਪਰ ਸੰਕਟ ਦੇ ਬੱਦਲ ਗਹਿਰਾ ਗਏ ਹਨ। ਸਾਂਝੀ ਜਾਂਚ ਕਮੇਟੀ ਕੋਲ ਪਰਿਵਾਰ ਦੇ ਲੰਡਨ ਵਿਚਲੀ ਸੰਪਤੀਆਂ (ਚਾਰ ਬਹੁਤ ਮਹਿੰਗੇ ਫਲੈਟ) ਖ਼ਰੀਦਣ ਲਈ ਪੈਸਿਆਂ ਦੇ ਸਰੋਤ ਦੱਸਣ ਵਿਚ ਨਾਕਾਮ ਰਹਿਣ ਅਤੇ ਕੁਝ ਹੋਰ ਵਿੱਤੀ ਸੰਪਤੀਆਂ ਨਸ਼ਰ ਨਾ ਕੀਤੀਆਂ ਹੋਣ ਦੇ ਦੋਸ਼ਾਂ ਤੋਂ ਗੱਲ ਅੱਗੇ ਨਿਕਲ ਗਈ ਹੈ, ਪਰ ਸਮੁੱਚੇ ਪਰਿਵਾਰ ਖ਼ਿਲਾਫ਼ ਅਜਿਹਾ ਸਖ਼ਤ ਕਦਮ ਅਤੇ ਸੁਪਰੀਮ ਕੋਰਟ ਦਾ ਫ਼ੈਸਲਾ ਸਰਬਸੰਮਤੀ ਨਾਲ ਆਉਣਾ ਸਰਕਾਰ ਹੀ ਨਹੀਂ, ਸੱਤਾ ਵਿਚੋਂ ਬਾਹਰਲਿਆਂ ਲਈ ਵੀ ਝਟਕਾ ਲੱਗਣ ਤੋਂ ਘੱਟ ਨਹੀਂ ਸੀ।

ਦਰਅਸਲ, ਪਰਿਵਾਰ ਦੇ ਦੂਜੇ ਮੈਂਬਰਾਂ ਨੂੰ ਦੋਸ਼ੀ ਠਹਿਰਾਉਣ ਅਤੇ ਉਨ੍ਹਾਂ ਖ਼ਿਲਾਫ਼ ਭ੍ਰਿਸ਼ਟਾਚਾਰ ਦੇ ਕੇਸ ਕੌਮੀ ਜਵਾਬਦੇਹੀ ਬਿਊਰੋ ਕੋਲ ਭੇਜਣ ਦੇ ਫ਼ੈਸਲੇ ਨੇ ਸ਼ਰੀਫ਼ ਘਰਾਣੇ ਦੇ ਪਰਿਵਾਰ ਵਿਚੋਂ ਵਾਰਿਸ ਚੁਣੇ ਜਾਣ ਦੀ ਯੋਜਨਾ ਵਿਚ ਵਿਘਨ ਪਾ ਦਿੱਤਾ ਹੈ। ਨਵਾਜ਼ ਸ਼ਰੀਫ਼ ਦੀ ਬੇਟੀ ਮਰੀਅਮ ਸ਼ਰੀਫ਼ ਖ਼ਿਲਾਫ਼ ਜਾਅਲੀ ਦਸਤਾਵੇਜ਼ ਕੇਸ ਦਾ ਅਜਿਹਾ ਫ਼ੈਸਲਾ ਆਉਣ ਦੀ ਪਹਿਲਾਂ ਹੀ ਉਮੀਦ ਸੀ, ਪਰ ਸੂਚੀ ਵਿਚ ਸ਼ਾਹਬਾਜ਼ ਸ਼ਰੀਫ਼ ਦਾ ਨਾਂ ਹੋਣ 'ਤੇ ਸਾਰਿਆਂ ਨੂੰ ਹੈਰਾਨੀ ਹੋਈ ਹੈ। ਇਸ ਨੇ ਪੀ.ਐਮ.ਐਲ. (ਐਨ.) ਦੀ ਲੀਡਰਸ਼ਿਪ ਦੇ ਮਾਮਲੇ ਨੂੰ ਤਿੱਖਾ ਕਰ ਦਿੱਤਾ ਹੈ। ਫਿਰ ਵੀ ਇਸ ਪਾਰਟੀ ਦੇ ਬਹੁਤ ਸਾਰੇ ਕਾਰਕੁਨਾਂ ਨੂੰ ਭਰੋਸਾ ਹੈ ਕਿ ਜੂਨੀਅਰ ਸ਼ਰੀਫ਼ ਕੌਮੀ ਜਵਾਬਦੇਹੀ ਬਿਊਰੋ ਵਿਚ ਦੋਸ਼ਾਂ ਦਾ ਸਾਹਮਣਾ ਕਰਦਾ ਹੋਣ ਦੇ ਬਾਵਜੂਦ ਅਜੇ ਵੀ ਅਗਵਾਈ ਦੇ ਸਕਦਾ ਹੈ। ਪਾਰਟੀ ਵੱਲੋਂ ਪੀੜਤ ਹੋਣ ਦਾ ਪੱਤਾ ਖੇਡਿਆ ਜਾ ਰਿਹਾ ਹੈ। ਪਾਰਟੀ ਗੱਦੀਓਂ ਲੱਥੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨੂੰ 'ਸਿਆਸੀ ਸ਼ਹੀਦ' ਕਰਾਰ ਦੇ ਰਹੀ ਹੈ, ਪਰ ਕਿਸੇ ਨੂੰ ਯਕੀਨ ਨਹੀਂ ਕਿ ਇਹ ਪੱਤਾ ਕੰਮ ਕਰੇਗਾ ਜਾਂ ਨਹੀਂ।

ਨਵਾਜ਼ ਸ਼ਰੀਫ਼ ਦੀ ਸਿਆਸੀ ਤੇ ਨੈਤਿਕ ਸਥਿਤੀ ਕਮਜ਼ੋਰ ਪੈ ਜਾਣ ਕਾਰਨ ਉਨ੍ਹਾਂ ਦਾ ਪਾਰਟੀ ਅੰਦਰ ਪ੍ਰਭਾਵ ਸੀਮਤ ਹੋ ਗਿਆ ਹੈ। ਜਨਰਲ ਜ਼ਿਆ ਦੀ ਫ਼ੌਜੀ ਸਰਕਾਰ ਨੇ 1980ਵਿਆਂ ਵਿਚ ਨਵਾਜ਼ ਸ਼ਰੀਫ਼ ਨੂੰ ਸਿਆਸਤ ਵਿਚ ਲਿਆਉਂਦਿਆਂ, ਉਸ ਨੂੰ ਬੇਨਜ਼ੀਰ ਭੁੱਟੋ ਦੇ ਉਭਾਰ ਨੂੰ ਰੋਕਣ ਦੇ ਬਦਲ ਵਜੋਂ ਪੇਸ਼ ਕੀਤਾ ਸੀ। ਉਸ ਦੇ 1990ਵਿਆਂ ਵਿਚ ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਤੋਂ ਪ੍ਰਧਾਨ ਮੰਤਰੀ ਦੇ ਅਹੁਦੇ ਤੱਕ ਪਹੁੰਚਣ ਦੇ ਸਫ਼ਰ ਪਿੱਛੇ ਫ਼ੌਜ ਤੇ ਸ਼ਕਤੀਸ਼ਾਲੀ ਪੰਜਾਬ ਦਾ ਪ੍ਰਸ਼ਾਸਨ ਦਾ ਹੱਥ ਸੀ। ਇਸ ਸਿਆਸੀ ਸ਼ਕਤੀ ਦੀ ਬਦੌਲਤ ਪਰਿਵਾਰ ਦਾ ਕਾਰੋਬਾਰ ਬਹੁਤ ਤੇਜ਼ੀ ਨਾਲ ਵਧਿਆ-ਫੁੱਲਿਆ। ਨਵਾਜ਼ ਸ਼ਰੀਫ਼ ਦੇ ਸਿਆਸੀ ਕਰੀਅਰ ਵਿਚ ਵਿੱਤੀ ਧਾਂਦਲੀਆਂ ਨੇ ਉਸ ਦਾ ਪਿੱਛਾ ਨਹੀਂ ਛੱਡਿਆ। ਖ਼ਾਸ ਕਰ ਕੇ ਉਸ ਪਿੱਛੋਂ ਜਦੋਂ ਉਹ ਦੇਸ਼ ਦਾ ਸਭ ਤੋਂ ਅਮੀਰ ਵਿਅਕਤੀ ਬਣ ਚੁੱਕਾ ਸੀ। ਆਖ਼ਰਕਾਰ ਪਨਾਮਾ ਪੇਪਰਜ਼ ਸਕੈਂਡਲ ਵਿਚ ਪਰਿਵਾਰ ਦਾ ਨਾਂ ਆ ਗਿਆ ਜੋ ਉਸ ਦੀ ਸਿਆਸੀ ਗਿਰਾਵਟ ਦਾ ਕਾਰਨ ਬਣਿਆ।

ਹੁਣ ਵੱਡਾ ਸਵਾਲ ਇਹ ਹੈ- ਕੀ ਅਪਮਾਨਜਨਕ ਢੰਗ ਨਾਲ ਸੱਤਾ ਵਿਚੋਂ ਬਾਹਰ ਹੋਇਆ ਨਵਾਜ਼ ਸ਼ਰੀਫ਼ ਪਾਰਟੀ ਨੂੰ ਇਕਮੁੱਠ ਰੱਖਣ ਵਿਚ ਕਾਮਯਾਬ ਰਹੇਗਾ ਜਾਂ ਨਹੀਂ? ਇਸ ਤੋਂ ਵੀ ਮਹੱਤਵਪੂਰਨ ਇਹ ਹੈ ਕਿ ਪਰਿਵਾਰ ਨੂੰ ਦੋਸ਼ੀ ਠਹਿਰਾਏ ਜਾਣ ਬਾਅਦ ਕੀ ਛੋਟੇ ਸ਼ਰੀਫ਼ ਦੀ ਅਗਵਾਈ ਵਿਚ ਪੀਐਮਐਲ (ਐਨ.) ਨੂੰ ਪੰਜਾਬ ਵਿਚੋਂ ਪਹਿਲਾਂ ਵਾਂਗ ਜ਼ਬਰਦਸਤ ਹਮਾਇਤ ਮਿਲਦੀ ਰਹੇਗੀ? ਪਹਿਲੇ ਬੁਰੇ ਹਾਲਾਤ ਦੌਰਾਨ ਪਾਰਟੀ ਅੰਦਰ ਤਰੇੜਾਂ ਉਭਰ ਆਈਆਂ ਸਨ। ਸਭ ਤੋਂ ਵੱਡੀ ਉਦਾਹਰਨ ਮੁਸ਼ੱਰਫ ਦੇ ਤਖ਼ਤਾ ਪਲਟਣ ਬਾਅਦ ਪੀ.ਐਮ.ਐਲ. (ਕਿਊ) ਦੇ ਹੋਂਦ ਵਿਚ ਆਉਣ ਦੀ ਦਿੱਤੀ ਜਾ ਸਕਦੀ ਹੈ। ਦਿਲਚਸਪ ਗੱਲ ਇਹ ਹੈ ਕਿ ਪਾਰਟੀ ਦੇ ਕਈ ਬਾਗੀ ਆਗੂ, ਪਾਰਟੀ ਵਿਚ ਪਰਤ ਆਏ ਤੇ ਉਹ ਅਹਿਮ ਅਹੁਦਿਆਂ ਉਪਰ ਤਾਇਨਾਤ ਹੋ ਚੁੱਕੇ ਹਨ। ਉਨ੍ਹਾਂ ਪੱਖੀ ਕਾਫ਼ੀ ਐਮ.ਪੀ. ਹਨ, ਇਥੋਂ ਤੱਕ ਕਿ ਕੈਬਨਿਟ ਵਿਚ ਵੀ ਕਾਫ਼ੀ ਗਿਣਤੀ ਵਿਚ ਹਨ। ਇਹ ਸ਼ਰੀਫ਼ ਪਰਿਵਾਰ ਲਈ ਗੰਭੀਰ ਚੁਣੌਤੀ ਦਾ ਸਮਾਂ ਹੈ। ਨਵਾਜ਼ ਸ਼ਰੀਫ਼ ਦੇ ਸੱਤਾ ਵਿਚ ਪਰਤਣ ਦੇ ਆਸਾਰ ਤਾਂ ਨਜ਼ਰ ਨਹੀਂ ਆ ਰਹੇ, ਪਰ ਇਹ ਯਕੀਨ ਨਾਲ ਕੋਈ ਨਹੀਂ ਕਹਿ ਸਕਦਾ ਕਿ ਸ਼ਰੀਫ਼ ਪਰਿਵਾਰ ਦਾ ਸ਼ਾਸਨ ਖ਼ਤਮ ਹੋ ਗਿਆ ਹੈ।

# ਜਸ ਵਾਲਾ ਪੰਜਾਬੀ ਵਿਗਿਆਨੀ ਪ੍ਰੋ. ਯਸ਼ਪਾਲ

***ਭਾਰਤ ਦੇ ਉਘੇ ਵਿਗਿਆਨੀ ਪ੍ਰੋ. ਯਸ਼ਪਾਲ (26 ਨਵੰਬਰ 1926-24 ਜੁਲਾਈ 2017) ਸੰਸਾਰ ਤੋਂ ਰੁਖਸਤ ਹੋ ਗਏ ਹਨ। ਬਹੁਤ ਘੱਟ ਲੋਕਾਂ ਨੂੰ ਜਾਣਕਾਰੀ ਹੋਵੇਗੀ ਕਿ ਉਹ ਪੰਜਾਬੀ ਸਨ ਅਤੇ ਹੀਰ ਦੇ ਇਲਾਕੇ ਝੰਗ (ਹੁਣ ਪਾਕਿਸਤਾਨ) ਦੇ ਜੰਮਪਲ ਸਨ। ਅੰਧ-ਵਿਸ਼ਵਾਸਾਂ ਅਤੇ ਬੇਲੋੜੀਆਂ ਧਾਰਮਿਕ ਰਹੁ-ਰੀਤਾਂ ਨੂੰ ਉਨ੍ਹਾਂ ਗੈਰ-ਵਿਗਿਆਨਕ ਆਖ ਕੇ ਰੱਦ ਕੀਤਾ ਅਤੇ ਲੋਕ ਚੇਤਨਾ ਦਾ ਚਿਰਾਗ ਜਗਾਇਆ। ਡਾ. ਕੁਲਦੀਪ ਸਿੰਘ ਧੀਰ ਨੇ ਆਪਣੇ ਇਸ ਲੇਖ ਵਿਚ ਉਨ੍ਹਾਂ ਦੇ ਜੀਵਨ ਅਤੇ ਯੋਗਦਾਨ ਬਾਰੇ ਚਰਚਾ ਕੀਤੀ ਹੈ। -ਸੰਪਾਦਕ***

ਯਸ਼ਪਾਲ ਦਾ ਜਨਮ ਝੰਗ ਦੇ ਇਕ ਆਰੀਆ ਸਮਾਜੀ ਪਰਿਵਾਰ ਵਿਚ 26 ਨਵੰਬਰ 1926 ਨੂੰ ਹੋਇਆ। ਜਾਤ ਪਾਤ ਤੇ ਮੂਰਤੀ ਪੂਜਾ ਦਾ ਕੱਟੜ ਵਿਰੋਧੀ ਸੀ ਉਸ ਦਾ ਪਰਿਵਾਰ। ਉਂਜ ਆਪਣੇ ਭਾਰਤੀ ਹੋਣ 'ਤੇ ਪਰਿਵਾਰ ਨੂੰ ਪੂਰਾ ਮਾਣ ਸੀ। ਖ਼ਾਸ ਕਰ ਕੇ ਯਸ਼ ਜੋ ਦਸਵੀਂ ਤੱਕ ਆਪਣੇ ਨਾਂ ਨਾਲ ਆਰੀਆ ਲਿਖਣ ਦਾ ਸ਼ੌਕ ਪਾਲਦਾ ਰਿਹਾ, ਕਾਲਜ ਦੇ ਦੋ ਕੁ ਸਾਲ ਉਸ ਆਪਣੇ ਨਾਂ ਨਾਲ ਭਾਰਤੀ ਲਿਖਿਆ, ਪਰ ਫਿਰ ਕੇਵਲ ਯਸ਼ਪਾਲ ਹੀ ਰਹਿ ਗਿਆ। ਪਰਿਵਾਰ ਵਿਚ ਬਾਕੀ ਬੰਦੇ ਆਪਣੇ ਨਾਲ ਭੁਟਾਨੀ ਸ਼ਬਦ ਜੋੜਦੇ ਰਹੇ, ਪਰ ਯਸ਼ਪਾਲ ਕੇਵਲ ਯਸ਼ਪਾਲ ਹੀ ਰਿਹਾ। ਇਕ ਭੈਣ ਤੇ ਤਿੰਨ ਭਰਾ। ਇਕ ਭਰਾ ਫ਼ੌਜ ਵਿਚ, ਦੂਜਾ ਏਅਰ ਫੋਰਸ ਵਿਚ ਤੇ ਤੀਜਾ ਆਈ.ਏ.ਐਸ. ਬਣਿਆ। ਭੈਣ ਅੱਜ ਕਲ੍ਹ ਗੁੜਗਾਵਾਂ ਵਿਚ ਹੈ। ਪਿਤਾ ਰਾਮ ਪਿਆਰੇ ਲਾਲ ਆਰਡਨੈਂਸ ਵਿਚ ਸਰਕਾਰੀ ਮੁਲਾਜ਼ਮ ਸੀ ਜਿਸ ਦੀ ਬਦਲੀ ਦੇਸ਼ ਵਿਚ ਕਿਤੇ ਵੀ ਹੋ ਸਕਦੀ ਸੀ ਤੇ ਹੁੰਦੀ ਵੀ ਰਹੀ। ਇਥੋਂ ਤੱਕ ਕਿ 1947 ਦੀ

**ਕੁਲਦੀਪ ਧੀਰ**
**ਫੋਨ: +91-98722-60550**

ਕਤਲੋ-ਗਾਰਤ ਤੋਂ ਪਹਿਲਾਂ ਹੀ ਉਹ ਦਿੱਲੀ ਤਬਦੀਲ ਹੋ ਚੁੱਕਾ ਸੀ। ਪਰਿਵਾਰ ਪਿੱਛੇ ਹੀ ਸੀ। ਯਸ਼ ਗਰਮੀਆਂ ਦੀਆਂ ਛੁੱਟੀਆਂ ਪਿਤਾ ਕੋਲ ਗੁਜ਼ਾਰਨ ਦਿੱਲੀ ਆਇਆ, ਵਾਪਸ ਨਹੀਂ ਸੀ ਪਰਤ ਸਕਿਆ। ਯਸ਼ ਦੀ ਮਾਤਾ ਲਕਸ਼ਮੀ ਦੇਵੀ ਘਰ-ਪਰਿਵਾਰ ਨੂੰ ਸੂਝ ਸਿਆਣਪ, ਮੋਹ ਤੇ ਦਿਆਨਤਦਾਰੀ ਨਾਲ ਸੰਭਾਲਣ ਵਾਲੀ ਗ੍ਰਹਿਣੀ ਸੀ, ਉਸ ਦੇ ਪੇਕੇ ਕੋਟ ਈਸਾਸ਼ਾਹ ਸਨ। ਯਸ਼ ਦੀ ਮਾਸੀ ਲਾਇਲਪੁਰ ਸੀ, ਜਿਥੇ ਉਸ ਨੇ ਕੁਝ ਸਮਾਂ ਰਹਿ ਕੇ ਪੜ੍ਹਾਈ ਕੀਤੀ। ਪੜ੍ਹਾਈ ਪੱਖੋਂ ਹਾਲਾਤ ਵੱਸ ਉਸ ਨੂੰ ਕੋਇਟਾ, ਝੰਗ, ਲਾਹੌਰ, ਜਬਲਪੁਰ, ਲਾਇਲਪੁਰ, ਦਿੱਲੀ ਤੱਕ ਦੇ ਗੇੜੇ ਖਾਣੇ ਪਏ। ਪਿਤਾ ਦੀਆਂ ਬਦਲੀਆਂ, ਕੋਇਟੇ ਦਾ ਭੁਚਾਲ, ਯਸ਼ ਦੀ ਬਿਮਾਰੀ ਤੇ ਦੇਸ਼ ਵੰਡ ਇਸ ਉਲਝੀ ਹੋਈ ਸਥਿਤੀ ਦਾ ਉਸ ਦੇ ਸਾਰੇ ਪਰਿਵਾਰ ਨੂੰ ਸਾਹਮਣਾ ਕਰਨਾ ਪਿਆ।

ਝੰਗ ਵਿਚ ਜੰਮਿਆ ਯਸ਼ਪਾਲ ਛੇਤੀ ਹੀ ਕੋਇਟੇ ਤੁਰ ਗਿਆ। 1935 ਦੇ ਭੁਚਾਲ ਸਮੇਂ ਉਹ ਉਥੇ ਹੀ ਸੀ। ਭੁਚਾਲ ਪਿੱਛੋਂ ਮਾਂ ਉਨ੍ਹਾਂ ਨੂੰ ਨਾਨਕੇ ਲੈ ਗਈ ਅਤੇ ਉਥੇ ਪੜ੍ਹਨ ਲਾ ਦਿੱਤਾ। ਕੁਝ ਮਹੀਨੇ ਪਿੱਛੋਂ ਝੰਗ ਵਾਪਸ ਆ ਗਏ। ਝੰਗ ਦੋ ਸਾਲਾਂ ਵਿਚ ਦੋ ਸਕੂਲ ਬਦਲੇ। ਫਿਰ ਕੋਇਟੇ ਦੇ ਹਾਲਾਤ ਠੀਕ ਹੋਏ ਤਾਂ ਕੋਇਟੇ ਆ ਕੇ ਪੜ੍ਹਨ ਲੱਗਾ। ਏਨੇ ਨੂੰ ਪਿਤਾ ਦੀ ਬਦਲੀ ਜਬਲਪੁਰ ਹੋ ਗਈ ਤੇ ਉਹ ਜਬਲਪੁਰ ਪੜ੍ਹਨ ਲੱਗਾ। ਦਸਵੀਂ ਉਸ ਨੇ ਉਥੇ ਹੀ ਕੀਤੀ। ਉਥੋਂ ਫਿਰ ਬਦਲੀ ਦਾ ਸ਼ੱਕ ਪਿਆ ਤਾਂ ਮਾਸੀ ਕੋਲ ਲਾਇਲਪੁਰ ਆ ਗਿਆ। ਉਥੇ ਇੰਟਰ ਕਰਨ ਲੱਗ ਪਿਆ। ਦੋ ਕੁ ਮਹੀਨੇ ਪਿੱਛੋਂ ਨਮੂਨੀਆ ਹੋ ਗਿਆ। ਪੜ੍ਹਾਈ ਛੁਡਾ ਕੇ ਮਾਂ ਝੰਗ ਲੈ ਆਈ। ਸਾਲ ਕੁ ਵਿਹਲਾ ਰਹਿ ਕੇ ਸਿਲੇਬਸ ਦੀ ਥਾਂ ਸਾਹਿਤ ਤੇ ਗਿਆਨ ਦੇ ਖੇਤਰ ਦੀਆਂ ਭਾਂਤ-ਭਾਂਤ ਦੀਆਂ ਕਿਤਾਬਾਂ ਪੜ੍ਹੀਆਂ।

ਲਾਇਲਪੁਰ ਤੋਂ ਐਫ.ਐਸਸੀ. ਕੀਤੀ ਤੇ ਬੀ.ਐਸਸੀ. ਆਨਰਜ਼ ਲਾਹੌਰ ਵਿਚ ਕਰਨ ਲੱਗਾ ਪੰਜਾਬ ਯੂਨੀਵਰਸਿਟੀ ਦੇ ਆਨਰਜ਼ ਸਕੂਲ ਤੋਂ। ਫਾਈਨਲ ਕਰ ਰਿਹਾ ਸੀ ਕਿ ਰੌਲੇ-ਗੌਲੇ ਤੇ ਦੇਸ਼ ਵੰਡ ਦੀ ਅਸਥਿਰਤਾ ਦੇ ਹਾਲਾਤ ਵਿਚ ਪਿਤਾ ਦਿੱਲੀ ਤਬਦੀਲ ਹੋ ਗਏ। ਛੁੱਟੀਆਂ ਕੱਟਣ ਦਿੱਲੀ ਆਇਆ ਯਸ਼ ਦਿੱਲੀ ਹੀ ਰਹਿਣ ਲਈ ਮਜਬੂਰ ਹੋ ਗਿਆ। ਹਾਲਾਤ ਰਤਾ ਸੁਧਰੇ ਤਾਂ ਪੜ੍ਹਾਈ ਪੂਰੀ ਕਰਨ ਦਾ ਫ਼ਿਕਰ ਹੋਇਆ। ਪੰਜਾਬ ਯੂਨੀਵਰਸਿਟੀ ਦੀਆਂ ਸਾਇੰਸ ਕਲਾਸਾਂ ਦਿੱਲੀ ਵਿਚ ਸ਼ੁਰੂ ਕਰਵਾਉਣ ਲਈ ਡਾ. ਡੀ.ਐਸ. ਕੋਠਾਰੀ ਤੇ ਡਾ. ਐਮ.ਐਸ. ਰੰਧਾਵਾ ਨੇ ਮਦਦ ਕੀਤੀ। ਬੀ.ਐਸਸੀ. ਆਨਰਜ਼ 1948 ਵਿਚ ਹੋ ਗਈ ਅਤੇ 1949 ਵਿਚ ਐਮ.ਐਸਸੀ. ਕਰਦੇ ਕਰਦੇ ਹੀ ਟਾਟਾ ਇੰਸਟੀਚਿਊਟ ਆਫ ਫੰਡਾਮੈਂਟਲ ਰਿਸਰਚ ਤੋਂ ਸੱਦਾ ਆ ਗਿਆ। ਕਾਸਮਿਕ ਕਿਰਨਾਂ, ਉਚ ਊਰਜਾ ਭੌਤਿਕ ਵਿਗਿਆਨ, ਨਿਊਕਲੀਅਰ ਈਮਲਸ਼ਨ ਤਕਨੀਕ ਤੇ ਗੁਬਾਰਿਆਂ ਨਾਲ ਭਾਂਤ-ਭਾਂਤ ਦੇ ਤਜਰਬੇ ਉਸ ਦੀ ਰੋਜ਼ਾਨਾ ਜ਼ਿੰਦਗੀ ਦਾ ਬਹੁਤਾ ਸਮਾਂ ਖਾਣ ਲੱਗੇ। ਇਸ ਦੌਰਾਨ ਹੀ ਯਸ਼ਪਾਲ ਨੇ ਪੰਜਾਬ ਯੂਨੀਵਰਸਿਟੀ ਤੋਂ ਫਸਟ ਕਲਾਸ ਵਿਚ ਐਮ.ਐਸਸੀ. ਕਰ ਲਈ। ਉਹ ਯੂਨੀਵਰਸਿਟੀ ਵਿਚੋਂ ਸੈਕੰਡ ਰਿਹਾ। ਪਾਸ ਹੋ ਕੇ ਖੋਜ ਕਾਰਜ ਉਸ ਨੇ ਹੋਰ ਗੰਭੀਰਤਾ ਨਾਲ ਸ਼ੁਰੂ ਕਰ ਦਿੱਤਾ।

ਝਨਾਂ ਦਾ ਪਾਣੀ ਪੀਣ ਵਾਲੇ ਯਸ਼ਪਾਲ ਦਾ ਇਸ਼ਕ ਉਨ੍ਹਾਂ ਹੀ ਸਾਲਾਂ ਵਿਚ ਕਿਤੇ ਹੋਇਆ। ਦੋ ਕੁ ਸਾਲ ਬਾਅਦ 1953 ਵਿਚ ਦਿਲ ਦੀ ਉਸੇ ਮਲਕਾ ਨਿਰਮਲ ਨਾਲ ਉਸ ਦੀ ਸ਼ਾਦੀ ਹੋ ਗਈ। ਉਦੋਂ ਤੱਕ ਖੋਜ ਦੇ ਖੇਤਰ ਵਿਚ ਉਸ ਦੇ ਦਵਿੰਦਰ ਲਾਲ ਤੇ ਬਰਨਾਰਡ ਪੀਟਰ ਨਾਲ ਕਈ ਖੋਜ ਪੱਤਰ ਪ੍ਰਕਾਸ਼ਿਤ ਹੋ ਚੁੱਕੇ ਸਨ। ਪਹਾੜ ਗੰਜ (ਦਿੱਲੀ) ਦੀ ਸੀ ਨਿਰਮਲ। ਦੇਸ਼ ਵੰਡ ਉਪਰੰਤ ਅਤਿ ਸੰਘਰਸ਼ ਤੇ ਤੰਗੀ ਭਰੇ ਦਿਨ ਕੱਟੇ ਸਨ ਚਾਰ ਧੀਆਂ ਵਾਲੇ ਉਸ ਦੇ ਪਰਿਵਾਰ ਨੇ। ਯਸ਼ ਤੇ ਨਿਰਮਲ ਦੀ ਖੂਬ ਬਣੀ। ਸ਼ਾਦੀ ਤੋਂ ਛੇਤੀ ਪਿੱਛੋਂ ਹੀ ਯਸ਼ ਨੂੰ ਮੈਸਾਚੁਸੈਟਸ ਇੰਸਟੀਚਿਊਟ ਆਫ ਟੈਕਨਾਲੋਜੀ ਤੋਂ ਡਾਕਟਰੇਟ ਕਰਨ ਦਾ ਮੌਕਾ ਮਿਲ ਗਿਆ।

ਮੁੰਬਈ ਤੋਂ ਛੁਟੀ ਲੈ ਕੇ ਪਤਨੀ ਸਮੇਤ ਉਹ ਅਮਰੀਕਾ ਪਹੁੰਚ ਗਿਆ। ਪਤਨੀ ਜੋ ਦੇਸ਼ ਵਿਚ ਸ਼ਾਦੀ ਤੋਂ ਪਹਿਲਾਂ ਵੀ ਨਿੱਕੀ-ਮੋਟੀ ਨੌਕਰੀ ਕਰਨ ਦੇ ਤਜਰਬੇ ਕਰ ਚੁੱਕੀ ਸੀ, ਉਥੇ ਟੈਕਨੀਕਲ ਅਸਿਸਟੈਂਟ ਬਣ ਗਈ। ਪਰਿਵਾਰ ਦੀ ਆਰਥਿਕਤਾ ਵੀ ਸੁਖਾਲੀ ਹੋ ਗਈ ਤੇ ਮਾਨਸਿਕ ਪੱਖੋਂ ਸੰਤੁਸ਼ਟੀ ਵੀ ਮਿਲੀ। ਖੋਜ ਕਾਰਜ ਪੱਖੋਂ ਖੂਬ ਸਹੂਲਤਾਂ ਮਿਲੀਆਂ। ਉਸ ਸਮੇਂ ਦੇ ਸਭ ਤੋਂ ਵੱਡੇ ਕਲਾਊਡ ਚੈਂਬਰ ਤੇ ਸਭ ਤੋਂ ਪਹਿਲੇ ਐਕਸੈਲਰੇਟਰ (ਕਾਸਮੋਟਰੋਨ) ਉਤੇ ਕੰਮ ਕਰਨ ਦੇ ਅਵਸਰ ਮਿਲੇ। ਨਿਊਟਰੀਨੋ ਕਾਸਮਿਕ ਕਿਰਨਾਂ ਤੇ ਪਾਰਟੀਕਲ ਮਿਸ਼ਰਨ ਦੇ ਖੇਤਰਾਂ ਵਿਚ ਕੰਮ ਕੀਤਾ ਉਸ ਨੇ। ਬੋਲਟ ਤੇ ਬਰੈਟ ਉਸ ਦੇ ਖੋਜੀ ਸਾਥੀ ਸਨ। ਮੈਸਾਚੂਸੈਟਸ ਵਿਚ ਹੀ 1957 ਵਿਚ ਯਸ਼ਪਾਲ ਦੇ ਘਰ ਪਹਿਲੇ ਬੇਟੇ ਅਨਿਲ ਦਾ ਜਨਮ ਹੋਇਆ। ਅਗਲੇ ਸਾਲ 1958 ਵਿਚ ਉਸ ਦੀ ਡਾਕਟਰੇਟ ਪੂਰੀ ਹੋ ਗਈ। ਉਸ ਲਈ ਉਥੇ ਰਹਿਣ ਅਤੇ ਵਿਦੇਸ਼ ਦੀਆਂ ਹੋਰ ਯੂਨੀਵਰਸਿਟੀਆਂ ਵਿਚ ਜਾਣ ਲਈ ਅਵਸਰ ਸਨ, ਪਰ ਉਸ ਨੇ ਦੇਸ਼ ਪਰਤਣ ਦਾ ਫ਼ੈਸਲਾ ਕੀਤਾ। ਵਾਪਸ ਟਾਟਾ ਕੇਂਦਰ ਵਿਚ ਉਹੀ ਨਿਊਕਲੀਅਰ ਈਮਲਸ਼ਨਜ਼, ਕਲਾਊਡ ਚੈਂਬਰ ਤੇ ਕਾਸਮਿਕ ਰੇਜ਼। ਬਰਨਾਰਡ ਪੀਟਰ ਮੁੰਬਈ ਆਇਆ ਤਾਂ ਉਸ ਦੇ ਕੰਮ ਤੋਂ ਬਹੁਤ ਪ੍ਰਭਾਵਿਤ ਹੋਇਆ। ਉਹ ਉਸ ਨੂੰ ਨੀਲਜ਼ ਬੋਹਰ ਇੰਸਟੀਚਿਊਟ ਕੋਪਨਹੇਗਨ ਵਿਚ ਵਿਜ਼ਿਟਿੰਗ ਪ੍ਰੋਫੈਸਰ ਵਜੋਂ ਲੈ ਗਿਆ।



1973 ਵਿਚ ਸਤੀਸ਼ ਭਵਨ ਤੇ ਵਿਕਰਮ ਸਰਾਭਾਈ ਨੇ ਉਸ ਨੂੰ ਅਹਿਮਦਾਬਾਦ ਦੇ ਸਪੇਸ ਐਪਲੀਕੇਸ਼ਨਜ਼ ਸੈਂਟਰ ਦੇ ਫਾਊਂਡਰ ਡਾਇਰੈਕਟਰ ਵਜੋਂ ਕੰਮ ਕਰਨ ਲਈ ਮਨਾ ਲਿਆ। ਅਸਲੋਂ ਵੱਖਰਾ ਖੇਤਰ ਸੀ ਇਹ। 1981 ਤੱਕ ਉਹ ਇਸ ਕੇਂਦਰ ਵਿਚ ਰਿਹਾ। ਇਥੇ ਹੀ ਉਸ ਨੇ ਸੈਟੇਲਾਈਟ ਇੰਸਟਰਕਸ਼ਨਲ ਟੈਲੀਵਿਜ਼ਨ, ਐਕਸਪੇਰੀਮੈਂਟ (ਸਾਈਟ) ਦਾ ਪ੍ਰਾਜੈਕਟ ਹੱਥ ਵਿਚ ਲੈ ਕੇ ਸੰਚਾਰ ਉਪਗ੍ਰਹਿ ਦੇ ਜ਼ਰੀਏ ਸਿਖਿਆ ਸੰਚਾਰ ਵਿਚ ਦੇਸ਼-ਵਿਆਪੀ ਕ੍ਰਾਂਤੀ ਲਿਆਂਦੀ। ਡੇਢ ਸੌ ਤੋਂ ਵੱਧ ਪ੍ਰੋਗਰਾਮ ਤਿਆਰ ਕਰਵਾ ਕੇ ਟੈਲੀਕਾਸਟ ਕਰਵਾਏ ਤੇ ਇਸ ਸਿਸਟਮ ਨੂੰ ਪੱਕੇ ਪੈਰਾਂ ਉਤੇ ਖੜ੍ਹਾ ਕੀਤਾ। ਇਸ ਸ਼ਾਨਦਾਰ ਪ੍ਰਾਪਤੀ ਲਈ 1976 ਵਿਚ ਉਸ ਨੂੰ ਪਦਮ ਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ। ਦਿਹਾਤੀ ਖੇਤਰਾਂ ਤੇ ਵਿਦਿਅਕ ਖੇਤਰ ਵਿਚ ਸੰਚਾਰ ਕ੍ਰਾਂਤੀ ਲਿਆਉਣ ਵਾਲੇ ਉਸ ਦੇ ਉਦਮ ਲਈ ਅਮਰੀਕਾ ਵਿਚ 1980 ਵਿਚ ਉਸ ਨੂੰ ਮਾਰਕੋਨੀ ਫੈਲੋਸ਼ਿਪ ਦਿੱਤੀ ਗਈ। ਵਾਪਸ ਆ ਕੇ ਉਹ ਬੰਬਈ ਕੇਂਦਰ ਵਿਚ ਕੁਝ ਹੀ ਸਮੇਂ ਲਈ ਗਿਆ ਤੇ ਫਿਰ ਅਹਿਮਦਾਬਾਦ ਦੇ ਸਪੇਸ ਸੈਂਟਰ ਵਿਚ ਵਿਸ਼ੇਸ਼ ਵਿਗਿਆਨੀ ਵਜੋਂ ਬੁਲਾ ਲਿਆ ਗਿਆ। ਸਤੀਸ਼ ਧਵਨ ਨੇ ਉਸ ਨੂੰ ਇਸਰੋ ਦੇ ਹੈੱਡ ਕਵਾਟਰ ਵਿਚ ਆਉਣ ਦੀ ਪੇਸ਼ਕਸ਼ ਵੀ ਕੀਤੀ ਸੀ, ਪਰ ਪ੍ਰੋ. ਯਸ਼ ਨੇ ਨਿਮਰਤਾ ਸਹਿਤ ਅਸਵੀਕਾਰ ਕਰ ਦਿੱਤੀ। 1983 ਤੱਕ ਉਹ ਉਪਰੋਕਤ ਅਹੁਦੇ 'ਤੇ ਹੀ ਰਿਹਾ ਤੇ ਉਸੇ ਵਰ੍ਹੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਉਸ ਨੂੰ ਯੋਜਨਾ ਕਮਿਸ਼ਨ ਦਾ ਮੁੱਖ ਸਲਾਹਕਾਰ ਬਣਾ ਲਿਆ। ਸਾਲ ਡੇਢ ਸਾਲ ਪਿੱਛੋਂ ਉਸ ਨੂੰ ਡਿਪਾਰਟਮੈਂਟ ਆਫ ਸਾਇੰਸ ਐਂਡ ਟੈਕਨਾਲੋਜੀ ਦਾ ਸਕੱਤਰ ਬਣਾਇਆ ਗਿਆ। 1986 ਵਿਚ ਉਸ ਨੂੰ ਪੰਜ ਸਾਲ ਲਈ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ। ਇਸ ਦੇ ਨਾਲ ਹੀ ਨੈਸ਼ਨਲ ਇੰਸਟੀਚਿਊਟ ਆਫ ਡਿਜ਼ਾਈਨ ਦੀ ਕੁਰਸੀ ਚਲਦੀ ਰਹੀ।

ਯੂ.ਜੀ.ਸੀ. ਦੇ ਚੇਅਰਮੈਨ ਵਜੋਂ ਇੰਟਰ ਯੂਨੀਵਰਸਿਟੀ ਸੈਂਟਰ, ਅਕੈਡਮਿਕ ਸਟਾਫ ਕਾਲਜ ਤੇ ਇਨਫਾਰਮੇਸ਼ਨ ਤੇ ਲਾਇਬਰੇਰੀ ਨੈੱਟਵਰਕ ਪ੍ਰੋ. ਯਸ਼ਪਾਲ ਦੀ ਦੇਣ ਹਨ। 1992 ਵਿਚ ਉਸ ਨੇ ਭਾਰਤ ਗਿਆਨ ਵਿਗਿਆਨ ਦਾ ਜਥਾ ਲੈ ਕੇ ਦੇਸ਼ ਭਰ ਵਿਚ ਵਿਗਿਆਨਕ ਚੇਤਨਾ ਦੀ ਵਿਆਪਕ ਲਹਿਰ ਚਲਾਈ। 1992 ਵਿਚ ਹੀ ਉਸ ਨੇ 'ਟਰਨਿੰਗ ਪੁਆਇੰਟ' ਨਾਂ ਦਾ ਟੀ.ਵੀ. ਸੀਰੀਅਲ ਸ਼ੁਰੂ ਕਰਵਾਇਆ। ਇਸ ਦੇ ਡੇਢ ਸੌ ਤੋਂ ਵੱਧ ਹਫ਼ਤਾਵਾਰੀ ਪ੍ਰੋਗਰਾਮਾਂ ਵਿਚ ਉਸ ਨੇ ਵਿਗਿਆਨ ਬਾਰੇ ਪ੍ਰਸ਼ਨਾਂ ਦੇ ਉਤਰ ਦਿੱਤੇ। ਪੁਲਾੜ ਵਿਚ ਹੋਣ ਵਾਲੀਆਂ ਯਾਦਗਾਰੀ ਘਟਨਾਵਾਂ ਉਤੇ ਲਾਈਵ ਪ੍ਰੋਗਰਾਮਾਂ ਵਿਚ ਉਸ ਨੇ ਜਨ-ਸਾਧਾਰਨ ਨੂੰ ਪੁਲਾੜੀ ਵਰਤਾਰਿਆਂ ਦੇ ਰਹੱਸ ਸਮਝਾਏ। ਅਖ਼ਬਾਰਾਂ ਤੇ ਇੰਟਰਨੈੱਟ ਦੇ ਆਨਲਾਈਨ ਪ੍ਰੋਗਰਾਮਾਂ ਵਿਚ ਵੀ ਉਸ ਨੇ ਇਹ ਕਾਰਜ ਕੀਤਾ। 1995 ਵਿਚ ਯਸ਼ਪਾਲ ਨੂੰ ਨੈਸ਼ਨਲ ਰਿਸਰਚ ਪ੍ਰੋਫੈਸਰ ਬਣਨ ਦਾ ਮਾਣ ਮਿਲਿਆ। ਦੇਸ਼ ਭਰ ਵਿਚ ਵਿਗਿਆਨ ਨੂੰ ਜਨ-ਸਾਧਾਰਨ ਤੱਕ ਪਹੁੰਚਾਉਣ ਲਈ ਉਸ ਨੂੰ 1994 ਵਿਚ ਆਰਥਰ ਕਲਾਰਕ ਐਵਾਰਡ ਤੇ 2000 ਵਿਚ ਨੈਸ਼ਨਲ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

2004 ਵਿਚ ਨੈਸ਼ਨਲ ਮਹਾਤਮਾ ਗਾਂਧੀ ਫੈਲੋ ਤੇ 2005 ਵਿਚ ਨੈਸ਼ਨਲ ਕਰੀਕਲਮ ਕਮੇਟੀ ਦਾ ਚੇਅਰਮੈਨ ਬਣਾਇਆ ਗਿਆ ਪ੍ਰੋ. ਯਸ਼ਪਾਲ ਨੂੰ। 2008 ਵਿਚ ਉਚੇਰੀ ਸਿਖਿਆ ਲਈ ਰਾਸ਼ਟਰੀ ਕਮੇਟੀ ਦੀ ਚੇਅਰਮੈਨੀ ਉਸ ਨੂੰ ਸੌਂਪੀ ਗਈ। 2014 ਵਿਚ ਉਸ ਨੂੰ ਪਦਮ ਵਿਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ।

---

# ਅਤੀਤ ਦਾ ਪਰਛਾਵਾਂ

ਬਾਹਰ ਮੋਹਲੇਧਾਰ ਮੀਂਹ ਪੈ ਰਿਹਾ ਹੈ। ਕੁਝ ਦਿਨਾਂ ਦੀ ਗਰਮੀ ਤੋਂ ਨਿਜਾਤ ਪਾਉਣ ਲਈ ਬਰਸਾਤ ਪੈਣੀ ਜ਼ਰੂਰੀ ਵੀ ਸੀ। ਲੋਕ ਛੇਤੀ ਮੀਂਹ ਪੈਣ ਲਈ ਦੁਆਵਾਂ ਕਰ ਰਹੇ ਸਨ। ਕਈ ਪਿੰਡਾਂ ਵਿਚ ਮੀਂਹ ਪੁਆਉਣ ਲਈ ਗੁੱਡੀਆਂ ਫੂਕਣਾ ਅਤੇ ਲੋਕਾਂ ਦੇ ਯੱਗ ਕਰਨ ਦੀਆਂ ਖ਼ਬਰਾਂ ਵੀ ਆਈਆਂ ਸਨ। ਜ਼ਿਮੀਂਦਾਰ ਵੀ ਆਸਵੰਦ ਨਜ਼ਰਾਂ ਨਾਲ ਅਸਮਾਨ ਵੱਲ ਵੇਖ ਰਹੇ ਸਨ। ਖਿੜਕੀ ਖੋਲ੍ਹ ਕੇ ਮੈਂ ਬਾਹਰ ਦਾ ਨਜ਼ਾਰਾ ਵੇਖ ਰਿਹਾ ਹਾਂ। ਕਣੀਆਂ

**ਮੋਹਨ ਸ਼ਰਮਾ**
**ਫੋਨ: +91-94171-48866**

ਦੀ ਸਾਂ-ਸਾਂ ਚੋਂ ਮਧੁਰ ਸੰਗੀਤ ਜਿਹਾ ਉਭਰ ਰਿਹਾ ਹੈ। ਇਹ ਸਭ ਵਿੰਹਦਿਆਂ ਅਤੀਤ ਨੇ ਮੇਰੇ ਮਨ-ਮਸਤਕ 'ਤੇ ਦਸਤਕ ਦਿੱਤੀ।... ਸਾਹਵੇਂ ਆਉਂਦੀ ਹੈ ਘਰ ਦੀ ਗ਼ੁਰਬਤ, ਕੱਚਾ ਘਰ ਅਤੇ ਬਾਲਿਆਂ ਦੀ ਛੱਤ! ਵੱਡੇ ਕਮਰੇ ਵਿਚ ਥੰਮ੍ਹੀ ਦਾ ਠੁੰਮਣਾ ਲਾ ਕੇ ਛੱਤ ਦੇ ਗਿਰਨ ਤੋਂ ਬਚਾਉ ਜਿਹਾ ਕੀਤਾ ਹੋਇਆ ਸੀ। ਮਾਂ ਅਤੇ ਸਚਿਆਰੀ ਵੱਡੀ ਭੈਣ ਨੇ ਘਰ ਨੂੰ ਲਿੱਪ-ਪੋਚ ਕੇ ਸੁਰੱਖਿਅਤ ਅਤੇ ਚੰਗੀ ਦਿੱਖ ਵਾਲਾ ਬਣਾਉਣ ਵਿਚ ਕੋਈ ਕਸਰ ਨਹੀਂ ਸੀ ਛੱਡੀ। ਰਸੋਈ ਅਤੇ ਆਇਆਂ-ਗਿਆਂ ਲਈ ਬੈਠਣ ਵਾਲੇ ਕਮਰੇ ਵਿਚ ਕੰਧਾਂ 'ਤੇ ਬਣਾਏ ਮੋਰ-ਘੁੱਗੀਆਂ ਤੋਂ ਵਿਖਾਈ ਦਿੰਦਾ ਸੀ ਕਿ ਮਕਾਨ ਨੂੰ 'ਘਰ' ਬਣਾਉਣ ਵਿਚ ਮਾਂ ਦਾ ਅਹਿਮ ਰੋਲ ਹੈ। ਮਕਾਨ ਬਣਾਉਣ ਲੱਗਿਆਂ ਅਸੀਂ ਬਜਰੀ, ਇੱਟਾਂ, ਸੀਮਿੰਟ, ਮਾਰਬਲ ਅਤੇ ਚੰਗੀ ਲੱਕੜ ਦੀ ਵਰਤੋਂ ਕਰਦੇ ਹਾਂ, ਪਰ ਉਹ ਮਹਿਲਨੁਮਾ ਮਕਾਨ ਓਨੀ ਦੇਰ ਤਕ ਸਿਰਫ ਮਕਾਨ ਹੀ ਰਹਿੰਦਾ ਹੈ ਜਿੰਨੀ ਦੇਰ ਤਕ ਉਥੋਂ ਨਿਰਛਲ ਹਾਸੇ, ਇਕ ਦੂਜੇ ਦੇ ਕੰਮ ਆਉਣ ਦੀ ਲੋਚ, ਜਜ਼ਬਾਤ ਦੀ ਕਦਰ ਕਰਨ ਦੀ ਜਾਚ ਅਤੇ ਆਇਆਂ-ਗਿਆਂ ਲਈ ਸਵਾਗਤੀ ਸ਼ਬਦ ਲੋਪ ਹੁੰਦੇ ਹਨ। ਅਜਿਹੀ ਮਹਿਲਨੁਮਾ ਕੋਠੀ ਨੂੰ ਅਸੀਂ ਮਕਾਨ ਕਹਿ ਸਕਦੇ ਹਾਂ, ਘਰ ਨਹੀਂ।

ਸਾਡੇ ਕੱਚੇ ਮਕਾਨ ਵਿਚੋਂ ਸਾਡੀ ਮਾਂ ਦੀ ਮਮਤਾ ਅਤੇ ਗ਼ਰੀਬੀ ਦੇ ਪਰਛਾਵੇਂ ਹੇਠ ਵੀ ਸਬਰ ਅਤੇ ਸਹਿਜਤਾ ਨਾਲ ਜਿਊਣ ਦੀ ਲਾਲਸਾ, ਪਿਤਾ ਦਾ ਅਸੀਸਾਂ ਨਾਲ ਲਬਰੇਜ਼ ਆਸ਼ੀਰਵਾਦ, ਭੈਣ-ਭਰਾਵਾਂ ਦਾ ਏਕਾ ਅਤੇ ਗ਼ਰੀਬੀ ਨਾਲ ਲੜਨ ਦੀ ਸਮਰੱਥਾ ਕਾਰਨ ਮਹਿਸੂਸ ਹੁੰਦਾ ਸੀ, ਜਿਵੇਂ ਘਰ ਵਿਚ ਸੰਦਲੀ ਪੌਣਾਂ ਵਗ ਰਹੀਆਂ ਹੋਣ। ਇਸੇ ਲਈ ਮੈਨੂੰ ਹੁਣ ਵੀ ਉਹ ਕੱਚਾ ਘਰ ਬਹਿਸ਼ਤ (ਸਵਰਗ) ਤੋਂ ਘੱਟ ਨਹੀਂ ਲੱਗਦਾ, ਪਰ ਉਸ ਦਿਨ ਮੋਹਲੇਧਾਰ ਮੀਂਹ ਅਤੇ ਤੂਫਾਨ! ਲੱਗਦਾ ਸੀ ਜਿਵੇਂ ਸਭ ਕੁਝ ਰੋੜ੍ਹ ਕੇ ਲੈ ਜਾਵੇਗਾ। ਕੱਚੇ ਘਰ ਦੀ ਛੱਤ, ਕੰਧਾਂ ਤੋਂ ਲਹਿੰਦੇ ਖਲੇਪੜ, ਮਾਂ ਦੀਆਂ ਅੱਖਾਂ ਵਿਚ ਕੋਈ ਭਾਣਾ ਵਰਤਣ ਦਾ ਡਰ, ਅੰਨ੍ਹੇ ਪਿਤਾ ਦੀਆਂ ਬਚਾਉ ਲਈ ਕੀਤੀਆਂ ਅਰਦਾਸਾਂ ਅਤੇ ਸਾਰੇ ਭੈਣ ਭਰਾਵਾਂ ਦੇ ਚਿਹਰੇ 'ਤੇ ਖੌਫ ਦੀਆਂ ਰੇਖਾਵਾਂ ਦਾ ਚੇਤਾ ਕਰ ਕੇ ਮੈਂ ਕੰਬ ਉਠਦਾ ਹਾਂ। ਮੇਰੇ ਸਾਹਮਣੇ ਉਹ ਦ੍ਰਿਸ਼ ਵੀ ਆਉਂਦਾ ਹੈ ਜਦੋਂ ਛੱਤ ਚੋਣ ਸਮੇਂ ਵਰ੍ਹਦੇ ਮੀਂਹ ਵਿਚ ਵੱਡਾ ਭਰਾ ਲੱਕੜ ਦੀ ਪੌੜੀ ਦੇ ਸਹਾਰੇ ਨਾਲ ਛੱਤ 'ਤੇ ਜਾ ਕੇ ਮੋਰੀਆਂ ਬੰਦ ਕਰ ਕੇ ਆਇਆ ਸੀ। ਛੱਤ 'ਤੇ ਖੜ੍ਹਾ ਹੀ ਉਹ ਮੋਰੀਆਂ ਬੰਦ ਕਰਨ ਉਪਰੰਤ ਉਚੀ ਆਵਾਜ਼ ਵਿਚ ਪੁੱਛ ਰਿਹਾ ਸੀ, "ਕਿਉਂ, ਹੁਣ ਤਾਂ ਨਹੀਂ ਛੱਤ ਚੋਂਦੀ?" ਤੇ ਸਾਡੇ ਇਕ ਸੁਰ ਵਿਚ "ਨਹੀਂ" ਦੇ ਜਵਾਬ ਉਪਰੰਤ ਹੀ ਉਹ ਛੱਤ ਤੋਂ ਥੱਲੇ ਆਇਆ ਸੀ। ਕੁਝ ਸਮੇਂ ਬਾਅਦ ਮੀਂਹ ਥੰਮ੍ਹਣ 'ਤੇ ਘਰ ਦੇ ਸਾਰੇ ਪਰਿਵਾਰਕ ਮੈਂਬਰਾਂ ਨੇ ਸੁੱਖ ਦਾ ਸਾਹ ਲਿਆ ਸੀ। ਉਸ ਵੇਲੇ ਮੇਰਾ ਬਾਲ ਮਨ ਸੋਚ ਰਿਹਾ ਸੀ- 'ਪਿਤਾ ਜੀ ਦੀਆਂ ਅਰਦਾਸਾਂ ਕਰ ਕੇ ਹੀ ਮੀਂਹ ਥੰਮ੍ਹਿਆ ਹੈ।'

ਹੁਣ ਮੈਂ ਸ਼ਹਿਰ ਰਹਿੰਦਾ ਹਾਂ। ਫੁੱਲਾਂ-ਬੂਟਿਆਂ ਨਾਲ ਲਬਰੇਜ਼ ਆਪਣਾ ਘਰ ਵੀ ਬਣਾ ਲਿਆ ਹੈ, ਪਰ ਅਤੀਤ ਵਿਚ ਹੰਢਾਇਆ ਗ਼ੁਰਬਤ ਭਰਿਆ ਜੀਵਨ ਮੇਰੇ ਅੰਗ-ਸੰਗ ਰਹਿੰਦਾ ਹੈ। ਇਸ ਗ਼ੁਰਬਤ ਨੇ ਮੈਨੂੰ ਜ਼ਿੰਦਗੀ ਵਿਚ ਪਰਵਾਜ਼ ਭਰਨ ਦੀ ਜਾਚ ਵੀ ਸਿਖਾਈ। ਸੋਚਾਂ ਦੀ ਪਗਡੰਡੀ 'ਤੇ ਤੁਰਦਿਆਂ ਮੇਰੇ ਸਾਹਮਣੇ ਦੂਜੀ ਗਲੀ ਵਿਚ ਰਹਿ ਰਿਹਾ ਪਰਵਾਸੀ ਮਜ਼ਦੂਰ ਦਾ ਪਰਿਵਾਰ ਆ ਜਾਂਦਾ ਹੈ ਜਿਸ ਨੇ ਦਿਨ-ਕਟੀ ਲਈ ਕੱਚਾ ਕੋਠਾ ਕਿਰਾਏ 'ਤੇ ਲਿਆ ਹੋਇਆ ਹੈ। ਇਹ ਚੇਤਾ ਆਉਂਦਿਆਂ ਹੀ ਮੈਂ ਫ਼ਿਕਰਮੰਦ ਹੋ ਜਾਂਦਾ ਹਾਂ। ਤੁਰੰਤ ਆਪਣੇ ਆਪ ਨਾਲ ਫੈਸਲਾ ਕਰ ਕੇ, ਰੇਨਕੋਟ ਪਾ ਕੇ ਬਾਹਰ ਨਿਕਲ ਆਉਂਦਾ ਹਾਂ। ਬਾਹਰ ਗਲੀ ਵਿਚ ਵਹਿ ਰਹੇ ਮੀਂਹ ਦੇ ਪਾਣੀ ਵਿਚ ਛੱਪਲ ਛੱਪਲ ਕਰਦੇ ਪੈਰ ਮਜ਼ਦੂਰ ਦੇ ਕੋਠੇ ਵੱਲ ਆਪ-ਮੁਹਾਰੇ ਵਧ ਰਹੇ ਸਨ। ਉਨ੍ਹਾਂ ਦੇ ਕੋਠੇ ਅੱਗੇ ਖੜ੍ਹੋ ਕੇ ਜਦੋਂ ਮੈਂ ਉਨ੍ਹਾਂ ਦਾ ਬੂਹਾ ਖੜਕਾਉਂਦਾ ਹਾਂ ਤਾਂ ਅੰਦਰੋਂ ਕੰਬਦੀ ਜਿਹੀ ਆਵਾਜ਼ ਆਉਂਦੀ ਹੈ, 'ਕੌਣ ਹੈ ਬਾਈ?' ਬੂਹਾ ਖੁੱਲ੍ਹਣ 'ਤੇ ਮੈਂ ਉਨ੍ਹਾਂ ਨੂੰ ਇਕੋ ਸਾਹੇ ਕਹਿੰਦਾ ਹਾਂ, "ਬੋਦੀ ਛੱਤ ਹੈ, ਕੋਈ ਹੋਰ ਕਾਰਾ ਨਾ ਹੋ ਜਾਵੇ। ਛੇਤੀ ਬਾਹਰ ਨਿਕਲੋ।" ਪਤੀ-ਪਤਨੀ ਅਤੇ ਤਿੰਨ ਬੱਚਿਆਂ ਨੂੰ ਨਾਲ ਲੈ ਕੇ ਮੈਂ ਘਰ ਵੱਲ ਚੱਲ ਪੈਂਦਾ ਹਾਂ।

ਪਤਨੀ ਨੂੰ ਮੇਰੇ ਜਾਣ ਦਾ ਤਾਂ ਪਤਾ ਨਹੀਂ ਲੱਗਿਆ, ਪਰ ਆਉਣ ਵੇਲੇ ਨਾਲ ਇਕ ਪਰਿਵਾਰ ਨੂੰ ਵੇਖ ਕੇ ਉਸ ਨੇ ਅੱਡ ਕਰ ਕੇ ਮੈਨੂੰ ਹੌਲੀ ਜਿਹੇ ਕਿਹਾ, "ਇਨ੍ਹਾਂ ਨੂੰ ਇਥੇ ਕਿਵੇਂ ਲੈ ਆਏ?" ਮੈਂ ਗੱਚ ਭਰ ਕੇ ਪਤਨੀ ਨੂੰ ਜਵਾਬ ਦਿੱਤਾ, "ਤਾਂ ਜੋ ਕੋਈ ਹੋਰ 'ਮੋਹਨ' ਵਰ੍ਹਦੇ ਮੀਂਹ ਵਿਚ ਡਰ ਦਾ ਸੰਤਾਪ ਨਾ ਹੰਢਾਵੇ...।" ਪਤਨੀ ਨੇ ਮੇਰੀ ਅੱਥਰੂਆਂ ਦੀ ਭਾਸ਼ਾ ਨੂੰ ਪੜ੍ਹ ਲਿਆ ਸੀ ਅਤੇ ਉਹ ਬਗੈਰ ਕੁਝ ਕਹੇ ਇਨ੍ਹਾਂ ਮਹਿਮਾਨਾਂ ਵਾਸਤੇ ਚਾਹ ਬਣਾਉਣ ਲਈ ਰਸੋਈ ਵਿਚ ਚਲੀ ਗਈ।

***ਵੱਡੇ ਕਮਰੇ ਵਿਚ ਥੰਮ੍ਹੀ ਦਾ ਠੁੰਮਣਾ ਲਾ ਕੇ ਛੱਤ ਦੇ ਗਿਰਨ ਤੋਂ ਬਚਾਉ ਜਿਹਾ ਕੀਤਾ ਹੋਇਆ ਸੀ। ਮਾਂ ਅਤੇ ਸਚਿਆਰੀ ਵੱਡੀ ਭੈਣ ਨੇ ਘਰ ਨੂੰ ਲਿੱਪ-ਪੋਚ ਕੇ ਸੁਰੱਖਿਅਤ ਅਤੇ ਚੰਗੀ ਦਿੱਖ ਵਾਲਾ ਬਣਾਉਣ ਵਿਚ ਕੋਈ ਕਸਰ ਨਹੀਂ ਸੀ ਛੱਡੀ। ਰਸੋਈ ਅਤੇ ਆਇਆਂ-ਗਿਆਂ ਲਈ ਬੈਠਣ ਵਾਲੇ ਕਮਰੇ ਵਿਚ ਕੰਧਾਂ 'ਤੇ ਬਣਾਏ ਮੋਰ-ਘੁੱਗੀਆਂ ਤੋਂ ਵਿਖਾਈ ਦਿੰਦਾ ਸੀ ਕਿ ਮਕਾਨ ਨੂੰ 'ਘਰ' ਬਣਾਉਣ ਵਿਚ ਮਾਂ ਦਾ ਅਹਿਮ ਰੋਲ ਹੈ। ਮਕਾਨ ਬਣਾਉਣ ਲੱਗਿਆਂ ਅਸੀਂ ਬਜਰੀ, ਇੱਟਾਂ, ਸੀਮਿੰਟ, ਮਾਰਬਲ ਅਤੇ ਚੰਗੀ ਲੱਕੜ ਦੀ ਵਰਤੋਂ ਕਰਦੇ ਹਾਂ, ਪਰ ਉਹ ਮਹਿਲਨੁਮਾ ਮਕਾਨ ਓਨੀ ਦੇਰ ਤਕ ਸਿਰਫ ਮਕਾਨ ਹੀ ਰਹਿੰਦਾ ਹੈ ਜਿੰਨੀ ਦੇਰ ਤਕ ਉਥੋਂ ਨਿਰਛਲ ਹਾਸੇ, ਇਕ ਦੂਜੇ ਦੇ ਕੰਮ ਆਉਣ ਦੀ ਲੋਚ, ਜਜ਼ਬਾਤ ਦੀ ਕਦਰ ਕਰਨ ਦੀ ਜਾਚ ਅਤੇ ਆਇਆਂ-ਗਿਆਂ ਲਈ ਸਵਾਗਤੀ ਸ਼ਬਦ ਲੋਪ ਹੁੰਦੇ ਹਨ। ਅਜਿਹੀ ਮਹਿਲਨੁਮਾ ਕੋਠੀ ਨੂੰ ਅਸੀਂ ਮਕਾਨ ਕਹਿ ਸਕਦੇ ਹਾਂ, ਘਰ ਨਹੀਂ।***

ਸਾਡੀਆਂ ਰਸਮਾਂ ਸਾਡੇ ਗੀਤ



ਨੀਲਮ ਸੈਣੀ
ਫੋਨ: 510-502-0551

# ਦੁਪਹਿਰ ਤੇ ਰਾਤ ਦਾ ਖਾਣਾ: ਰਸਮਾਂ ਤੇ ਗੀਤ

***ਨੀਲਮ ਸੈਣੀ ਦੀ ਕਾਨੀ ਨੇ ਪੰਜਾਬੀ ਸਭਿਆਚਾਰ ਨਾਲ ਗੜੁੱਚ 'ਸਾਡੀਆਂ ਰਸਮਾਂ ਸਾਡੇ ਗੀਤ' ਦੀ ਰਚਨਾ ਕੀਤੀ ਹੈ। ਇਸ ਵਿਚ ਪੰਜਾਬੀ ਸਭਿਆਚਾਰ ਠਾਠਾਂ ਮਾਰਦਾ ਨਜ਼ਰ ਆਉਂਦਾ ਹੈ। ਪੰਜਾਬੀ ਜੀਵਨ ਦਾ ਪਲ-ਪਲ ਲੋਕ ਗੀਤਾਂ ਵਿਚ ਪਰੋਇਆ ਮਿਲਦਾ ਹੈ ਅਤੇ ਰਸਮਾਂ-ਰਿਵਾਜ਼ਾਂ ਨੂੰ ਪ੍ਰਨਾਏ ਲੋਕ ਗੀਤ ਸਾਡੇ ਸਭਿਆਚਾਰ ਦਾ ਸਰਮਾਇਆ ਹਨ। ਨੀਲਮ ਨੇ ਇਨ੍ਹਾਂ ਗੀਤਾਂ ਦੇ ਪ੍ਰਸੰਗ ਵਿਚ ਲੋਕ ਗੀਤਾਂ ਬਾਰੇ ਸੱਦ ਲਾਈ ਹੈ ਜਿਹੜੇ ਵੱਖ-ਵੱਖ ਮੌਕਿਆਂ 'ਤੇ ਸਾਡੇ ਸਮਾਗਮਾਂ ਦਾ ਸ਼ਿੰਗਾਰ ਵੀ ਬਣਦੇ ਹਨ। ਇਸ ਵਾਰ ਲਿਖਾਰੀ ਨੇ ਖਾਣੇ ਨਾਲ ਸਬੰਧਤ ਰਸਮਾਂ ਅਤੇ ਗੀਤਾਂ ਦੀ ਗਾਥਾ ਛੇੜੀ ਹੈ। -ਸੰਪਾਦਕ***

ਦੁਪਹਿਰ ਦੇ ਖਾਣੇ ਤੋਂ ਪਹਿਲਾਂ ਜਾਂਵੀ, ਜੰਞ ਘਰ ਵਿਖੇ ਸ਼ਰਾਬ ਪੀਂਦੇ ਸਨ। ਇਸ ਤੋਂ ਬਾਅਦ ਜਾਂਞੀਆਂ ਵਲੋਂ ਰੱਜ ਕੇ ਭੰਗੜਾ ਪਾਇਆ ਜਾਂਦਾ ਸੀ। ਜੰਞ ਰੋਟੀ ਖਾਣ ਜਾਂਦੀ ਸੀ। ਜਾਂਵੀ ਅੱਗੇ ਭੰਗੜਾ ਪਾਉਂਦੇ ਜਾਂਦੇ ਸਨ। ਜੰਞ ਖਾਣਾ ਖਾਣ ਲਈ ਪੰਡਾਲ ਦੇ ਅੱਗੇ ਪੁੱਜਦੀ ਸੀ ਤਾਂ ਕੁੜੀ ਦੀਆਂ ਭੂਆ ਚਾਦਰ ਤਾਣ ਕੇ ਰਸਤਾ ਰੋਕ ਕੇ ਲਾੜੇ ਦੇ ਬਾਬੇ ਜਾਂ ਬਾਪ ਤੋਂ ਬਣਦਾ ਲਾਗ ਲੈਂਦੀਆਂ ਸਨ। ਇਸ ਨੂੰ 'ਫ਼ਲ੍ਹਾ ਡੱਕਣਾ' ਕਿਹਾ ਜਾਂਦਾ ਸੀ। ਇਸ ਰਸਮ ਦਾ ਮਕਸਦ ਵੀ ਭੂਆ ਜਿਹੇ ਨਜ਼ਦੀਕੀ ਰਿਸ਼ਤੇ ਦੀ ਨਵੇਂ ਬਣੇ ਰਿਸ਼ਤੇਦਾਰਾਂ ਨਾਲ ਪਛਾਣ ਕਰਵਾਉਣਾ ਅਤੇ ਮਾਣ ਰੱਖਣਾ ਹੀ ਸੀ। ਇਹ ਰਸਮ ਕਈ ਥਾਵਾਂ 'ਤੇ ਅੱਜ ਵੀ ਕੀਤੀ ਜਾਂਦੀ ਹੈ।

ਰੋਟੀ ਖਾਣ ਤੋਂ ਪਹਿਲਾਂ ਸਹੁਰੇ ਵਲੋਂ ਵਿਆਹੀ ਜਾਣ ਵਾਲੀ ਕੁੜੀ ਲਈ ਥਾਲੀ ਵਿਚ ਰੋਟੀ ਕਢਵਾ ਕੇ 5 ਰੁਪਈਏ ਸ਼ਗਨ ਰੱਖਿਆ ਜਾਂਦਾ ਸੀ। ਇਹ ਰੋਟੀ ਕੁੜੀ ਨੂੰ ਖਾਣ ਲਈ ਭੇਜੀ ਜਾਂਦੀ ਸੀ। ਉਹ ਆਪਣੀਆਂ ਸਹੇਲੀਆਂ ਸੰਗ ਮਿਲ ਕੇ ਇਹ ਰੋਟੀ ਖਾਂਦੀ ਸੀ। ਇਸ ਦਾ ਭਾਵ ਇਹ ਹੀ ਕਿ ਲਾਵਾਂ-ਫ਼ੇਰਿਆਂ ਤੋਂ ਬਾਅਦ ਮਾਪਿਆਂ ਵਲੋਂ ਕੁੜੀ ਨੂੰ ਪਰਾਈ ਮੰਨਿਆ ਜਾਂਦਾ ਸੀ। ਸਹੁਰੇ ਵਲੋਂ ਆਪਣੀ ਨੂੰਹ ਨੂੰ ਆਪਣੇ ਪਰਿਵਾਰ ਦਾ ਹਿੱਸਾ ਮੰਨਣਾ ਹੁੰਦਾ ਸੀ। ਦੂਜੇ ਸ਼ਬਦਾਂ ਵਿਚ ਲਾਵਾਂ-ਫ਼ੇਰੇ ਤੋਂ ਬਾਅਦ ਵਿਆਹ ਵਾਲੀ ਕੁੜੀ ਸਹੁਰੇ ਪਰਿਵਾਰ ਦੀ ਰੋਟੀ ਹੀ ਖਾਂਦੀ ਸੀ। ਇਸ ਰਸਮ ਦਾ ਰੂਪ ਵੀ ਹੁਣ ਬਹੁਤ ਬਦਲ ਗਿਆ ਹੈ। ਹੁਣ ਵਿਆਹ ਵਾਲੀ ਕੁੜੀ ਨੂੰ ਥਾਲੀ ਕਢਵਾ ਕੇ ਜੰਞ ਦੇ ਨਾਲ ਹੀ ਰੋਟੀ ਖਾਣ ਲਈ ਬੁਲਾ ਲਿਆ ਜਾਂਦਾ ਹੈ। ਇਹ ਰੋਟੀ ਵਿਆਂਦੜ ਜੋੜੇ ਵਲੋਂ ਇੱਕਠੇ ਖਾਧੀ ਜਾਂਦੀ ਹੈ। ਥਾਲੀ ਵਿਚਲਾ ਸ਼ਗਨ 500 ਰੁਪਈਏ ਜਾਂ ਵੱਧ ਆਪਣੀ ਹੈਸੀਅਤ ਮੁਤਾਬਿਕ ਹੁੰਦਾ ਹੈ। ਪਹਿਲਾਂ ਰੋਟੀ ਵਰਤਾਉਣ ਦਾ ਕੰਮ ਸਕੇ-ਸੰਬੰਧੀ ਕਰਦੇ ਸਨ। ਇਹ ਲਾਗ ਲਾਗੀਆਂ ਨੂੰ ਜਾਂਦਾ ਸੀ। ਇਸ ਲਾਗ ਦੀ ਥਾਂ ਹੁਣ ਟਿੱਪ ਪ੍ਰਧਾਨ ਹੈ।

**ਦੁਪਹਿਰ ਦੇ ਖਾਣੇ ਵੇਲੇ ਦੀਆਂ ਸਿੱਠਣੀਆਂ**

ਕੋਰੀ ਤੇ ਤੌੜੀ ਅਸੀਂ ਰਿੰਨ੍ਹੀਆਂ ਗੁੱਲੀਆਂ
ਭੁੱਖ ਲੱਗੀ ਲਾੜਾ ਕੱਢਦਾ ਬੁੱਲ੍ਹੀਆਂ।
ਰੋਟੀ ਭਜਾਉਣੀ ਪਈ...
ਰੋਟੀ ਭਜਾਉਣੀ ਪਈ,
ਬੇਲੱਜਿਓ ਲੱਜ ਤੁਹਾਨੂੰ ਨਈਂ।

ਲਾੜਾ ਤਾਂ ਚੜ੍ਹਿਆ ਠਾਕੁਰ ਦਵਾਰੇ
ਚੁਣ ਚੁਣ ਢੀਮਾਂ ਆਪਣੇ ਬਾਪੂ ਦੇ ਮਾਰੇ।
ਇਹ ਗੱਲ ਬਣਦੀ ਨਈਂ...
ਇਹ ਗੱਲ ਬਣਦੀ ਨਈਂ,
ਬੇਲੱਜਿਓ ਲੱਜ ਤੁਹਾਨੂੰ ਨਈਂ।

ਸਭ ਗੈਸ ਬੁਝਾ ਦਿਓ ਜੀ,
ਸਾਡਾ ਕੁੜਮ ਬੈਟਰੀ ਵਰਗਾ।
ਸਾਨੂੰ ਸੱਚ ਨਾ ਆਵੇ ਜੀ,
ਵੀਰ ਜੀ ਬਟਨ ਦਬਾ ਕੇ ਦੇਖੋ।

ਸਭ ਦੇਸੀ ਬੰਦੇ ਜੀ,
ਸਾਡਾ ਕੁੜਮ ਵਲੈਤੀ ਤੋਤਾ।
ਸਾਨੂੰ ਸੱਚ ਨਾ ਆਵੇ ਜੀ,
ਵੀਰ ਜੀ ਚੂਰੀ ਪਾ ਕੇ ਦੇਖੋ।

ਸਭ ਕੋਠੀਆਂ ਭੰਨ ਦਿਓ ਜੀ,
ਸਾਡਾ ਕੁੜਮ ਭੜੋਲੇ ਵਰਗਾ।
ਸਾਨੂੰ ਸੱਚ ਨਾ ਆਵੇ ਜੀ,
ਵੀਰ ਜੀ ਛੋਲੇ ਪਾ ਕੇ ਦੇਖੋ।

ਲਿਆਓ ਕੜਾਹੀ ਤਲੋ ਕਰੇਲੇ,
ਕੁੜਮ ਦੇ ਢਿੱਡ ਵਿਚ 12 ਛੇਲੇ।
ਘਰ ਦਾ ਇੰਜੜ ਬਣਾਇਆ, ਵੇ ਕੁੜਮਾ,
ਘਰ ਦਾ ਇੰਜੜ ਬਣਾਇਆ।

ਲਿਆਓ ਗਾਰਾ ਕਰੋ ਕੜਾਹੀ,
ਕੁੜਮ ਦੇ ਢਿੱਡ ਵਿਚ ਬਾਰਾਂ ਸਿਪਾਹੀ।
ਘਰ ਦਾ ਥਾਣਾ ਬਣਾਇਆ ਵੇ ਕੁੜਮਾ,
ਘਰ ਦਾ ਥਾਣਾ ਬਣਾਇਆ।

ਕਿਸੇ ਤਾਏ ਵਲੋਂ ਕੋਈ ਚੰਗਾ ਗੀਤ ਗਾਉਣ ਨੂੰ ਕਿਹਾ ਜਾਂਦਾ ਸੀ, ਤਾਂ ਤਾਈਆਂ ਚਾਚੀਆਂ ਇਹ ਜਵਾਬ ਦਿੰਦੀਆਂ:

ਲਿਆਓ ਗਾਰਾ ਕਰੋ ਕੜਾਹ।
ਤੁਸੀਂ ਗਾਵੋ ਕੁੜੀਓ ਨੀ,
ਤਾਏ ਦਾ ਇਹੋ ਸੁਭਾਅ।
ਤੁਸੀਂ ਗੁੱਸਾ ਨਾ ਕਰਿਓ ਨੀ,
ਤਾਏ ਦਾ ਇਹੋ ਸੁਭਾਅ।

ਲਾੜਾ ਕਿਹੜੀਆਂ ਗੱਲਾਂ ਦਾ ਗ਼ਮ ਖਾ ਗਿਆ,
ਸੁੱਕ ਕੇ ਤਵੀਤ ਹੋ ਗਿਆ।
ਅੰਮਾਂ ਵੇਚ ਕੇ ਜਲੰਧਰ ਕੈਦ ਹੋ ਗਿਆ,
ਸਾਡੇ ਭਾਣੇ ਨੌਕਰ ਹੋ ਗਿਆ।

ਲਾੜਿਆ ਪੱਗ ਲਿਆਂਦੀ ਮੰਗ ਕੇ,
ਆਪੇ ਈ ਲਈ ਰੰਗਾ।
ਅੜਿਆ ਪੱਗ ਵਾਲੇ ਮੁੱਲ ਮੰਗਦੇ,
ਕਿਤੇ ਮਾਂ ਨੂੰ ਗਹਿਣੇ ਪਾ।

ਨਾਲੇ ਲਾੜਾ ਬਹਿ ਕੇ ਖਾ ਗਿਆ,
ਨਾਲੇ ਲੈ ਗਿਆ ਪੱਲੇ-ਰੁਮਾਲ ਪੱਲੇ।
ਘਰ ਜਾਂਦੇ ਨੂੰ ਭੈਣਾਂ ਪੁੱਛੇ,
ਇਹ ਕਿਨ੍ਹਾਂ ਨੇ ਘੱਲੇ-ਰੁਮਾਲ ਪੱਲੇ।
ਚੁੱਪ ਕਰਕੇ ਤੂੰ ਖਾ ਲਾ ਭੈਣੇਂ,
ਨਵੇਂ ਯਾਰਾਂ ਨੇ ਘੱਲੇ-ਰੁਮਾਲ ਪੱਲੇ।

ਰਾਤੇ ਦਾ ਖੱਟਾ ਬੁੱਸ ਗਿਆ...
ਨਵਾਂ ਜਵਾਈ ਵਿਹੜੇ ਵੜਿਆ,
ਪੁਰਾਣਾ ਜਵਾਈ ਰੁੱਸ ਗਿਆ।
ਰਾਤੇ ਦੇ ਖੱਟੇ ਨੂੰ ਤਾਰ ਪਈ...
ਨਵਾਂ ਜਵਾਈ ਵਿਹੜੇ ਵੜਿਆ,
ਪੁਰਾਣੇ ਜਵਾਈ ਨੂੰ ਮਾਰ ਪਈ।

ਹਰੇ ਵੇ ਸਾਫ਼ੇ ਵਾਲਿਆ,
ਤੇਰੇ ਸਾਫ਼ੇ ਤੇ ਬੈਠੀ ਜੂੰ।
ਹੋਰਾਂ ਨੇ ਛੱਡੀਆਂ ਗੋਰੀਆਂ,
ਤੇਰੀ ਗੋਰੀ ਨੇ ਛੱਡਿਆ ਤੂੰ।

ਕੁੜਮ ਤਾਂ ਚੱਲਿਆ ਗੰਗਾ ਨਹਾਉਣ,
ਹਰ ਗੰਗਾ ਬਈ ਹਰ ਗੰਗਾ।
ਪਹਿਲੇ ਗੋਤੇ ਗਿਆ ਪਤਾਲ,
ਹਰ ਗੰਗਾ ਬਈ ਹਰ ਗੰਗਾ।
ਮੱਛੀ ਨੇ ਫੜ ਲਿਆ ਮੁੱਛ ਦਾ ਵਾਲ,
ਹਰ ਗੰਗਾ ਬਈ ਹਰ ਗੰਗਾ।
ਫੇਰ ਨਹੀਂ ਆਉਂਦਾ ਤੇਰੇ ਦਰਬਾਰ,
ਹਰ ਗੰਗਾ ਬਈ ਹਰ ਗੰਗਾ।
ਏਥੇ ਕਰ ਦਊਂ ਜ਼ੋਰੋ ਦਾ ਦਾਨ,
ਹਰ ਗੰਗਾ ਬਈ ਹਰ ਗੰਗਾ।

ਨਿੱਕੀ ਜਿਹੀ ਕੋਠੜੀਏ,
ਤੈਂ ਵਿਚ ਮੇਰਾ ਆਟਾ।
ਕੁੜਮਾਂ ਜ਼ੋਰੋ ਉਧਲ ਚੱਲੀ,
ਲੈ ਕੇ ਧੌਲਾ ਝਾਟਾ।
ਨਿੱਕੀ ਜਿਹੀ ਕੋਠੜੀਏ,
ਤੈਂ ਵਿਚ ਮੇਰੇ ਦਾਣੇ।
ਕੁੜਮਾਂ ਜ਼ੋਰੋ ਉਧਲ ਚੱਲੀ,
ਲੈ ਕੇ ਚਾਰ ਨਿਆਣੇ।
ਨਿੱਕੀ ਜਿਹੀ ਕੋਠੜੀਏ,
ਤੈਂ ਵਿਚ ਮੇਰੀ ਭੇਲੀ।
ਕੁੜਮਾਂ ਜ਼ੋਰੋ ਉਧਲ ਚੱਲੀ,
ਲੈ ਕੇ ਫ਼ੱਤੂ ਤੇਲੀ।



ਕੁੜਮਾਂ ਜ਼ੋਰੋ ਸਾਡੇ ਆਈ,
ਘੱਗਰੀ ਲਿਆਈ ਪਾਟੀ।
ਸਮਾ ਲੈ ਨੀ,
ਸਮਾ ਲੈ ਦਾਦੀ ਸਾਡੀ।
ਕੌਣ ਜੋ ਉਹਦੇ ਧਾਗੇ ਵੱਟੇ,
ਕੌਣ ਜੋ ਲਾਵੇ ਟਾਕੀ।
ਸਮਾ ਲੈ ਨੀ,
ਸਮਾ ਲੈ ਦਾਦੀ ਸਾਡੀ।
ਮੁੰਡੇ ਸਾਡੇ ਧਾਗੇ ਵੱਟਣ,
ਓਹੀਓ ਲਾਵਣ ਟਾਕੀ।
ਸਮਾ ਲੈ ਨੀ,
ਸਮਾ ਲੈ ਦਾਦੀ ਸਾਡੀ।

ਲਾੜਿਆ ਆਪਣੀਆਂ ਵੱਲ ਵੇਖ ਵੇ,
ਕਿਉਂ ਲਵੇਂ ਪਰਾਈਆਂ ਬਿੜਕਾਂ?
ਘਰ ਭੈਣ ਕੁਆਰੀ ਕੰਨਿਆਂ,
ਤੂੰ ਉਹਦਾ ਦੇ ਦੇ ਸਾਕ ਵੇ।
ਕਿਉਂ ਲਵੇਂ ਪਰਾਈਆਂ ਬਿੜਕਾਂ?
ਤੂੰ ਆਪਣੀਆਂ ਵੱਲ ਝਾਕ ਵੇ।

ਚਾਦਰ ਵੇ ਕੁੜਮਾ ਮੇਰੀ ਪੰਜ ਗਜ਼ੀ,
ਵਿਚ ਗ਼ੁਲਾਬੀ ਫ਼ੁੱਲ।
ਜਦ ਮੈਂ ਨਿਕਲੀ ਪਹਿਨ ਕੇ,
ਤੇਰੀ ਸਾਰੀ ਜਨੇਤ ਦਾ ਮੁੱਲ।

ਚੁਟਕੀ ਵੇ ਮਾਰਾਂ ਰਾਖ਼ ਦੀ,
ਤੈਨੂੰ ਖੋਤਾ ਲਮਾਂ ਬਣਾ।
ਨੌਂ ਮਣ ਛੋਲੇ ਲੱਦ ਕੇ,
ਤੈਨੂੰ ਪਾਮਾਂ ਸ਼ਹਿਰ ਦੇ ਰਾਹ।

ਮੇਰੀ ਵੇ ਖੋਹ ਗਈ ਜੀਜਾ ਆਰਸੀ,
ਤੇਰੀ ਵੇ ਖੋਹ ਗਈ ਮਾਂ।
ਆਪਾਂ ਦੋਨੋਂ ਟੋਲੀਏ,
ਤੂੰ ਕਰ ਛੱਤਰੀ ਦੀ ਛਾਂ।

ਮੱਕੀ ਦਾ ਦਾਣਾ ਕੋਠੇ 'ਤੇ,
ਵਿਚੋਲਾ ਚੜ੍ਹਾਉਣਾ ਝੋਟੇ 'ਤੇ।

ਮੱਕੀ ਦਾ ਦਾਣਾ ਟਿੰਡ ਵਿਚ ਨੀ,
ਵਿਚੋਲਾ ਨਈਂ ਰੱਖਣਾ ਪਿੰਡ ਵਿਚ ਨੀ।

ਸਾਲੇ ਲਾੜੇ ਨੂੰ ਪੁੱਛੋ,
ਰਾਤੀਂ ਅੰਮਾਂ ਕਿਥੇ ਸੀ?
ਸਾਡੇ ਬੁੱਢਿਆਂ ਦੇ ਨਾਲ,
ਗੁੱਲੀ ਡੰਡਾ ਖੇਡੇਗੀ।
ਨਖ਼ਰੋ ਖੇਡਣ ਨਾ ਜਾਣੇ,
ਪਹਿਲੀ ਬਾਜੀ ਹਾਰੇਗੀ।
ਸਾਲੇ ਲਾੜੇ ਨੂੰ ਪੁੱਛੋ,
ਰਾਤੀਂ ਭੈਣਾਂ ਕਿੱਥੇ ਸੀ?
ਸਾਡੇ ਮੁੰਡਿਆਂ ਦੇ ਨਾਲ,
ਗੁੱਲੀ ਡੰਡਾ ਖੇਡੇਗੀ।
ਨਖ਼ਰੋ ਖੇਡਣ ਨਾ ਜਾਣੇ,
ਪਹਿਲੀ ਬਾਜੀ ਹਾਰੇਗੀ।

ਤਿਲ ਛਟੇਂਦੀਏ ਨੀ,
ਕੁੜਮੇ ਜ਼ੋਰੋ ਨੀ ਛਨਾਰੇ!
ਖ਼ਲ ਖਾਂਦੀਆਂ ਮੱਝੀਆਂ ਨੀ,
ਤੇਲ ਬਲ਼ੇ ਨੀ ਚੁਬਾਰੇ!

ਕੁੜਮਾਂ ਜ਼ੋਰੋ ਨੂੰ ਨਚਾ ਲਾ ਵੇ,
ਪਿੱਪਲੀ ਦੇ ਹੇਠ।
ਪੈਰੀਂ ਝਾਂਜਰਾਂ ਪਵਾ ਲਾ ਵੇ,
ਪਿੱਪਲੀ ਦੇ ਹੇਠ।
ਸਾਡੇ ਸੁਖਵਿੰਦਰ ਨੂੰ ਬੁਲਾ ਲਾ ਵੇ,
ਪਿੱਪਲੀ ਦੇ ਹੇਠ।
ਉਤੋਂ ਵਾਰਨੇ ਕਰਾ ਲਾ ਵੇ,
ਪਿੱਪਲੀ ਦੇ ਹੇਠ।
ਅੱਖਾਂ ਤੱਤੀਆਂ ਕਰਾ ਲਾ ਵੇ,
ਪਿੱਪਲੀ ਦੇ ਹੇਠ।

ਮੇਰੇ ਕਾਂਟੇ ਦੀ ਲੰਮੀ ਲੰਮੀ ਡੋਰ,
ਕਾਂਟੇ ਨੂੰ ਖਿੱਚ ਪੈਂਦੀ ਆ।
ਲਾੜੇ ਦੀ ਅੰਮਾਂ ਨੂੰ ਲੈ ਗਏ ਚੋਰ,
ਲੁਧਿਆਣੇ ਦੱਸ ਪੈਂਦੀ ਆ।

ਤੈਨੂੰ ਮਾਰਾਂ ਚੁੱਕ ਕੇ ਜੀਜਾ,
ਮਾਰਾਂ ਖ਼ੁਰਲੀ ਦੇ ਵਿਚ।
ਆਈਆਂ ਮੱਝਾਂ ਚਰ ਗਈਆਂ,
ਤੈਨੂੰ ਪੱਥਾਂ ਗੋਹੇ ਵਿਚ।

ਤੈਨੂੰ ਵੇ ਘੋੜਾ ਭੇਜਦੀ ਜੀਜਾ,
ਮੇਰਾ ਘੋੜਾ ਚਾਰ ਕੇ ਆ।
ਨਾਲ਼ ਲਿਆ ਵੇ ਭੈਣ ਨੂੰ,
ਸਾਨੂੰ ਭਾਬੋ ਆਖਣ ਦਾ ਚਾਅ।

ਸਾਲਿਆ ਲਾੜਿਆ ਗੁੱਸਾ ਨਾ ਕਰੀਂ,
ਵੇ ਗਰੇੜਾ ਨਾ ਕਰੀਂ।
ਵੇ ਵਿਆਹ ਦੀਆਂ ਸਿੱਠਣੀਆਂ,
ਲੜਾਈ ਦੇ ਮਿਹਣੇ,
ਅਸੀਂ ਨਿੱਤ ਨਹੀਂ ਦੇਣੇ,
ਵੇ ਰੋਜ਼ ਨਹੀਂ ਦੇਣੇ।

ਆਇਓਂ ਵੇ ਤੂੰ ਆਇਓਂ ਵੇ,
ਦੱਸ ਮਾਂ ਕਿਥੇ ਛੱਡ ਆਇਓਂ ਵੇ।
ਆਉਂਦੀ ਏ ਬਈ ਆਉਂਦੀ ਏ,
ਸੁਰਖੀ ਬਿੰਦੀ ਲਾਉਂਦੀ ਏ।

ਇਹ ਸਿਲ੍ਹਿਆ ਕਿਧਰ ਦੀ ਆਈ,
ਵੀਰ ਜੀ! ਸਿਲ੍ਹਿਆ ਕਿਧਰ ਦੀ ਆਈ।
ਪਕੌੜੇ ਵੀ ਖਾ ਗਏ ਚਾਹ ਵੀ ਪੀ ਗਏ,
ਪਲੇਟਾਂ ਦੀ ਕਰ ਗਏ ਸਫ਼ਾਈ।
ਵੀਰ ਜੀ! ਸਿਲ੍ਹਿਆ ਕਿੱਧਰ ਦੀ ਆਈ।

**ਰਾਤ ਦਾ ਖਾਣਾ: ਰਸਮ ਅਤੇ ਗੀਤ**

ਪਹਿਲਾਂ ਪਹਿਲ ਵਿਆਹ ਪਿੰਡਾਂ ਵਿਚ ਹੀ ਹੁੰਦੇ ਸਨ। ਵਿਆਹ ਵਾਲੇ ਘਰ ਨੂੰ ਝੰਡੀਆਂ ਲਾ ਕੇ ਸਜਾਇਆ ਜਾਦਾ ਸੀ। ਜੰਞ ਰਾਤ ਰਹਿੰਦੀ ਸੀ। ਰੋਟੀ ਖਾਣ ਲਈ ਕੋਰੇ (ਖੱਦਰ ਦੇ ਕੱਪੜੇ) ਵਿਛਾਏ ਜਾਂਦੇ ਸਨ। ਗਰਮੀ ਦੇ ਦਿਨਾਂ ਵਿਚ ਵੱਡੇ ਅਕਾਰ ਦੇ ਹੱਥ ਦੇ ਬਣੇ ਦੇਸੀ ਪੱਖੇ ਵਰਤੇ ਜਾਂਦੇ ਸਨ। ਇਨ੍ਹਾਂ ਪੱਖਿਆਂ ਨੂੰ ਰੇਸ਼ਮ ਦੀਆਂ ਝਾਲਰਾਂ ਲਗਾਈਆਂ ਜਾਂਦੀਆਂ ਸਨ। ਕੁੜੀ ਦੇ ਭਰਾਵਾਂ ਅਤੇ ਰਿਸ਼ਤੇਦਾਰਾਂ ਵਲੋਂ ਰੋਟੀ ਖਾਂਦੀ ਜੰਞ ਨੂੰ ਇਹ ਪੱਖੇ ਝੱਲੇ ਜਾਂਦੇ ਸਨ। ਹੁਣ ਹੱਥ ਦੇ ਬਣੇ ਪੱਖਿਆਂ ਦੀ ਥਾਂ ਬਿਜਲੀ ਦੇ ਪੱਖੇ ਜਾਂ ਏ ਸੀ ਨੇ ਲੈ ਲਈ ਹੈ। ਆਤਸ਼ਬਾਜ਼ੀ ਵੀ ਚਲਾਈ ਜਾਂਦੀ ਸੀ ਜਿਸ ਦੀ ਪੁਸ਼ਟੀ ਸਿੱਠਣੀਆਂ ਕਰਦੀਆਂ ਹਨ। ਇਹ ਰਸਮ ਲੋਪ ਹੋ ਚੁੱਕੀ ਹੈ। ਰਾਤ ਦੀ ਰੋਟੀ ਵੇਲੇ ਗਾਏ ਜਾਣ ਵਾਲੇ ਗੀਤ ਨਿਮਨ ਲਿਖਤ ਸਨ:

ਕੋਰੇ ਝਾੜ ਕੇ ਵਿਛਾਇਓ ਮੇਰੇ ਵੀਰਿਓ ਜੀ,
ਆਇਆਂ ਸਾਜਨਾਂ ਨੂੰ।
ਆਦਰ ਨਾਲ ਬੁਲਾਇਓ ਮੇਰੇ ਵੀਰਿਓ ਜੀ,
ਖਾਣਾ ਸੋਧ ਕੇ ਖਿਲਾਇਓ ਮੇਰੇ ਵੀਰਿਓ ਜੀ।

ਸਾਡਾ ਇਹੋ ਈ ਮੁੰਡਾ ਕੁਆਰਾ।
ਪੱਖਾ ਝੱਲਦੇ ਨੂੰ ਦਿਓ ਛੁਹਾਰਾ।
ਸਾਡਾ ਇਹੋ ਈ ਮੁੰਡਾ ਕੁਆਰਾ।
ਸਾਡਾ ਇਹੋ ਈ ਮੁੰਡਾ ਕੁਆਰਾ,
ਹੱਥ ਧਵਾਉਂਦੇ ਨੂੰ ਦਿਓ ਛੁਹਾਰਾ।

ਪੁਰਾਣੇ ਸਮੇਂ ਵਿਚ ਜੰਞ ਦੇ ਮਨੋਰੰਜਨ ਲਈ ਕੰਜਰੀ, ਨੱਚਣ ਜਾਂ ਗਾਉਣ ਵਾਲੇ ਲਿਆਂਦੇ ਜਾਂਦੇ ਸੀ। ਇਸ ਜ਼ਮਾਨੇ ਵਿਚ ਨੱਚਣ ਵਾਲੀ ਨੂੰ ਹੀ 'ਕੰਜਰੀ' ਕਿਹਾ ਜਾਂਦਾ ਸੀ। ਰਾਤ ਨੂੰ ਆਤਸ਼ਬਾਜ਼ੀ ਵੀ ਚਲਾਈ ਜਾਂਦੀ ਸੀ। ਇਸ ਦੀ ਪੁਸ਼ਟੀ ਹੇਠ ਲਿਖੀਆਂ ਸਿੱਠਣੀਆਂ ਕਰਦੀਆਂ ਹਨ। ਅੱਜ ਵੀ ਜੰਞ ਦੇ ਮਨੋਰੰਜਨ ਲਈ ਹੈਸੀਅਤ ਮੁਤਾਬਿਕ ਗਾਇਕ ਬੁਲਾਏ ਜਾਂਦੇ ਹਨ। ਜੰਞ ਵਿਚ ਸ਼ਾਮਿਲ, ਮੁੰਡੇ ਦੀ ਮਾਂ, ਭੈਣਾਂ, ਭਾਬੀਆਂ ਆਦਿ ਨੱਚ-ਨੱਚ ਧਰਤੀ ਹਿਲਾਉਂਦੀਆਂ ਹਨ:

ਵਿਹੜੇ ਤਾਂ ਸਾਡੇ, ਬਾਂਸ ਦੀ ਵੰਝਲੀ,
ਤੁਸੀਂ ਨਾ ਆਂਦੀ ਮੋਰਾਂ ਵੇ ਕੰਜਰੀ।
ਭੈਣ ਨਚਾਉਣੀ ਪਈ...
ਭੈਣ ਨਚਾਉਣੀ ਪਈ,
ਬੇਲੱਜਿਓ ਲੱਜ ਤੁਹਾਨੂੰ ਨਹੀਂ!

ਜੇ ਕੋਈ ਆਤਸ਼ਬਾਜ਼ੀ ਨਾ ਚੱਲੇ ਤਾਂ ਗਾਇਆ ਜਾਂਦਾ ਸੀ।

ਤੇਰੀ ਅੰਬਰ ਭਾਉਂਦੀ ਵੇ,
ਕੁੜਮਾਂ ਲਾਲਚੀਆ।
ਤੇਰੀ ਅੰਬਰ ਚੜ੍ਹ ਗਈ ਵੇ,
ਕੁੜਮਾਂ ਲਾਲਚੀਆ।
ਤੇਰੀ ਛੂੰ-ਛੂੰ ਕਰ ਗਈ ਵੇ,
ਕੁੜਮਾਂ ਲਾਲਚੀਆ।

**ਪਰਦੇਸ ਪੁੱਜਣ ਦੀ ਰੌਂਗਟੇ ਖੜ੍ਹੇ ਕਰਨ ਵਾਲੀ ਕਹਾਣੀ**

## ਸ਼ੌਰਟ ਕੱਟ ਵਾਇਆ ਲੌਂਗ ਰੂਟ-3



**ਅਮਰੀਕ ਸਿੰਘ ਬਲ**
ਫੋਨ: 34602835897

# ਜ਼ਿੰਦਗੀ ਦਾ ਸਫਰ ਮੌਤ ਦੇ ਰਾਹਾਂ 'ਤੇ

*ਅਮਰੀਕ ਸਿੰਘ ਬਲ ਅੱਜ ਕੱਲ੍ਹ ਸਪੇਨ ਵੱਸਦਾ ਹੈ, ਪਰ ਉਥੇ ਪੁੱਜਣ ਦੀ ਜਿਹੜੀ ਕਹਾਣੀ ਉਸ ਨੇ ਆਪਣੀ ਪੋਥੀ 'ਸ਼ੌਰਟ ਕੱਟ ਵਾਇਆ ਲੌਂਗ ਰੂਟ' ਰਾਹੀਂ ਸੁਣਾਈ ਹੈ, ਉਹ ਲੂੰ-ਕੰਡੇ ਖੜ੍ਹੇ ਕਰਨ ਵਾਲੀ ਹੈ। ਉਹਨੇ ਜਿਸ ਤਰ੍ਹਾਂ ਸ਼ਬਦਾਂ ਅਤੇ ਘਟਨਾਵਾਂ ਦੀ ਤਫਸੀਲ ਰਾਹੀਂ ਪਿੜ ਬੰਨ੍ਹਿਆ ਹੈ, ਉਹ ਲਾਮਿਸਾਲ ਹੈ। ਇਹ ਘਟਨਾਵਾਂ ਮੂੰਹ-ਜ਼ੋਰ ਅਤੇ ਅੱਥਰੀਆਂ ਹਨ, ਪਰ ਨਾਲ ਹੀ ਪਰਵਾਜ਼ ਭਰਨ ਲਈ ਤਾਂਘਦੀ ਜ਼ਿੰਦਗੀ ਦੇ ਪੈਰੀਂ ਪਹਾੜ ਬੱਝਣ ਦਾ ਦਰਦ ਵੀ ਹੰਢਾ ਰਹੀਆਂ ਹਨ... ਤੇ ਪੈਰੀਂ ਬੱਝੇ ਪਹਾੜ ਨਾਲ ਲੈ ਕੇ ਉਡਣਾ ਅਜੇ ਤਕ ਕਿਸੇ ਦੇ ਹਿੱਸੇ ਤਾਂ ਨਹੀਂ ਆਇਆ, ਪਰ ਅਮਰੀਕ ਨੂੰ ਸ਼ਾਇਦ ਇਸ ਪਹਾੜ ਸਣੇ ਉਡਣਾ ਪਿਆ! ਦੇਸ ਤੋਂ ਪਰਦੇਸ ਪੁੱਜਣ ਦੀ ਇਸ ਮਾਰਮਿਕ ਕਹਾਣੀ ਦੀ ਤੀਜੀ ਕਿਸ਼ਤ ਪਾਠਕਾਂ ਲਈ ਹਾਜ਼ਰ ਹੈ। -ਸੰਪਾਦਕ*

### ਤੁਸੀਂ ਪੜ੍ਹ ਚੁਕੇ ਹੋ...

*ਟ੍ਰੈਵਲ ਏਜੰਟ ਵੱਲੋਂ ਤੁਰੰਤ ਦਿੱਲੀ ਪੁੱਜਣ ਦੇ ਸੁਨੇਹੇ ਨਾਲ ਨੌਜਵਾਨ ਅਮਰੀਕ ਸਿੰਘ ਬਲ ਦਾ ਸਫਰ ਸ਼ੁਰੂ ਹੋ ਜਾਂਦਾ ਹੈ। ਪਹਿਲਾ ਵੱਡਾ ਝਟਕਾ ਤੁਰੰਤ ਕੇਸ ਕਟਵਾਉਣ ਵਾਲੇ ਹੁਕਮ ਨਾਲ ਲੱਗਦਾ ਹੈ। ਹਵਾਈ ਜਹਾਜ਼ ਤੋਂ ਬਾਅਦ ਜਦੋਂ ਜੀਪਾਂ ਦਾ ਸਫਰ ਸ਼ੁਰੂ ਹੋਇਆ ਤਾਂ ਲੱਗਿਆ, ਕੁਝ ਅਣਹੋਇਆ ਹੋਣ ਵਾਲਾ ਹੈ! ਫਿਰ ਇਕ ਏਜੰਟ ਤੋਂ ਦੂਜੇ ਤੱਕ ਪੁੱਜਣ ਦਾ ਸਿਲਸਿਲਾ ਚੱਲ ਪਿਆ। ਹਰ ਥਾਂ ਦੁਸ਼ਵਾਰੀਆਂ! ਹਰ ਮੁਕਾਮ 'ਤੇ ਜਿਹੜੇ ਨੌਜਵਾਨ ਮਿਲੇ, ਉਨ੍ਹਾਂ ਦੀ ਬੇਵਸੀ ਨੇ ਹੌਲ ਪਾਉਣੇ ਸ਼ੁਰੂ ਕਰ ਦਿੱਤੇ। ਹਰ ਕੋਈ ਅਚਾਨਕ ਸਿਰ ਪਈਆਂ ਮੁਸ਼ਕਿਲਾਂ ਵਿਚੋਂ ਨਿਕਲ ਕੇ ਅਗਲੇ ਮੁਕਾਮ ਲਈ ਤਾਂਘਦਾ। ਹੁਣ ਪੜ੍ਹੋ ਇਸ ਤੋਂ ਅੱਗੇ...*

ਦੋ ਜੀਪਾਂ ਧਰਤੀ ਦੇ ਸਭ ਤੋਂ ਵਿਸ਼ਾਲ ਸਹਾਰਾ ਰੇਗਿਸਤਾਨ ਦੀ ਰੇਤ ਖਿੰਡਾਉਂਦੀਆਂ, ਪੂਰੀ ਗਤੀ ਨਾਲ ਦੌੜ ਰਹੀਆਂ ਸਨ। ਦੋ ਅਧੇੜ, ਦੋਗਲੀ ਨਸਲ (ਹਬਸ਼ੀ-ਮੋਰੱਕੀ) ਦੇ ਡੌਂਕਰ ਅਤੇ ਦੋ ਸਹਾਇਕ ਹਬਸ਼ੀ ਨੌਜਵਾਨ ਸਾਨੂੰ ਖੌਰੇ ਕਿਹੜਿਆਂ ਰਾਹਾਂ 'ਤੇ ਘੜੀਸੀ ਲਿਜਾ ਰਹੇ ਸਨ!

ਜੀਪਾਂ ਵਾਕਈ ਮਜ਼ਬੂਤ ਤੇ ਤਾਕਤਵਰ ਸਨ, ਤਾਂ ਹੀ ਉਹ ਟਿੱਬਿਆਂ ਵਿਚ ਵੀ ਇੰਜ ਦੌੜਦੀਆਂ ਲੱਗਦੀਆਂ ਸਨ, ਜਿਵੇਂ ਸੜਕ 'ਤੇ ਚਲਦੀਆਂ ਹੋਣ। ਤੇਜ ਰਫਤਾਰ ਨਾਲ ਜਦੋਂ ਟਿੱਬਿਆਂ-ਧੋੜ੍ਹਿਆਂ ਤੋਂ ਉਛਲ ਕੇ ਡਿੱਗਦੀਆਂ ਤਾਂ ਘਾਤਕ ਝਟਕਿਆਂ ਨਾਲ ਸਾਡੇ ਸਰੀਰਾਂ ਦੇ ਅੰਜਰ-ਪੰਜਰ ਢਿੱਲੇ ਹੋ ਜਾਂਦੇ, ਸਮੁੱਚਾ ਜਿਸਮ ਜੜ੍ਹਾਂ ਤੀਕਰ ਹਿੱਲ ਜਾਂਦਾ। ਦੋ ਵਕਫਿਆਂ ਵਿਚ 1-1 ਘੰਟੇ ਦੇ ਆਰਾਮ ਦੌਰਾਨ ਕੁਝ ਬਿਸਕੁਟ, ਪਾਣੀ, ਚਾਹ ਦੇ ਕੇ ਸਾਰਾ ਦਿਨ, ਸ਼ਾਮ ਤਕ ਉਹ ਬੇਰਹਿਮ ਸਫਰ ਪੂਰੇ ਹਠ, ਜ਼ੋਰ ਨਾਲ ਜਾਰੀ ਰਿਹਾ ਸੀ।

ਅਸੀਂ ਪਿੱਛੇ ਬੈਠੇ ਖੁਦ ਨੂੰ ਡਿਗਣ ਤੋਂ ਬਚਾਉਣ ਦੀਆਂ ਭਰਪੂਰ ਕੋਸ਼ਿਸ਼ਾਂ ਕਰਦੇ ਚੀਕਾਂ ਮਾਰਦੇ ਰਹੇ, ਉਲਟੀਆਂ ਕਰਦੇ ਰਹੇ ਅਤੇ ਗਾਲ੍ਹਾਂ ਕੱਢਦੇ ਰਹੇ, ਪਰ ਡਰਾਇਵਰ ਜਿਵੇਂ ਬੁੱਚੜਾਂ ਵਾਲੀ ਨਸਲ ਵਿਚੋਂ ਸਨ, ਅੰਨ੍ਹੀ ਚਾਲੇ ਗੱਡੀਆਂ ਭਜਾਉਂਦੇ ਗਏ। ਸਾਰੇ ਜਣੇ ਆਪਣੇ ਨਿਜੀ ਯਤਨਾਂ ਤੇ ਹਿੰਮਤ ਸਦਕਾ ਜੀਪਾਂ ਦੇ ਕੰਢੇ ਫੜੀ, ਇਕ-ਦੂਜੇ ਨੂੰ ਚਿੰਬੜੇ ਬੈਠੇ ਕਿਸੇ ਨਾਗਵਾਰ ਹਾਦਸੇ ਦੇ ਭੈਅ ਨਾਲ ਖੌਫਜ਼ਦਾ ਸਨ। ਉਨ੍ਹਾਂ ਜੱਲਾਦਾਂ ਦੀ ਹੌਲਨਾਕ ਡਰਾਇਵਰੀ ਨੇ ਸਾਡੇ ਅੰਦਰਲੇ ਨਾਸਤਿਕਾਂ ਨੂੰ ਆਸਤਿਕ ਬਣਾ ਛੱਡਿਆ। ਰਹਿ ਰਹਿ ਕੇ ਰੱਬ ਰੱਬ ਹੋ ਰਹੀ ਸੀ।

ਇਕ ਉਚੇ ਟਿੱਲੇ ਤੋਂ ਜੀਪ ਐਸੀ ਉਛਲ ਕੇ ਡਿੱਗੀ ਕਿ ਜ਼ੋਰਦਾਰ ਝਟਕੇ ਨਾਲ ਮੈਨੂੰ ਲੱਗਿਆ, ਰੀੜ੍ਹ ਦੀ ਹੱਡੀ ਦਾ ਮਣਕਾ ਟੁੱਟਿਆ ਨਹੀਂ ਤਾਂ ਤਿੜਕ ਜ਼ਰੂਰ ਗਿਆ ਹੋਣੈ। ਅੰਤਾਂ ਦੇ ਦਰਦ ਦੀ ਲਹਿਰ ਪਿੱਠ 'ਤੇ ਆਰੀਆਂ ਫੇਰਦੀ ਗੁਜ਼ਰ ਗਈ, ਅੱਖਾਂ 'ਚ ਪਾਣੀ ਭਰ ਗਿਆ। ਮੂੰਹੋਂ ਗਾਲ੍ਹਾਂ ਤੇ ਬਦ-ਦੁਆਵਾਂ ਦਾ ਤੂਫਾਨ ਚੱਲ ਪਿਆ। ਬਾਕੀਆਂ ਨੇ ਵੀ ਚੀਕ-ਚਿਹਾੜਾ ਪਾ ਦਿੱਤਾ।

ਜੀਪ ਰੁਕ ਗਈ, ਡੌਂਕਰ (ਡੌਂਕੀ ਨਾਲ ਜੁੜਿਆ ਮਕਬੂਲ ਨਾਮਕਰਨ) ਨੇ ਪਿੱਛੇ ਆ ਕੇ ਗੁੱਸੇ ਵਿਚ ਅਰਬੀ ਦੇ ਮੋਟੇ ਮੋਟੇ ਹਿੰਸਕ ਸ਼ਬਦ ਚਿੱਥਣੇ ਸ਼ੁਰੂ ਕਰ ਦਿੱਤੇ। ਅਸੀਂ ਵੀ ਇਸ਼ਾਰਿਆਂ ਨਾਲ ਕਾਰਨ ਦੱਸਦੇ ਠੰਢੇ ਪੈ ਗਏ। ਜੀਪ ਫਿਰ ਚੱਲੀ, ਪਰ ਹਾਲਾਤ ਉਹੋ ਜਿਹੇ ਹੀ ਰਹੇ। ਮੁੰਡੇ ਜ਼ਿਆਦਾ ਰੌਲਾ ਪਾਉਂਦੇ ਤਾਂ ਸਪੀਡ ਥੋੜ੍ਹੀ ਘਟ ਜਾਂਦੀ, ਪਰ ਕੁਝ ਕੁ ਪਲਾਂ ਬਾਅਦ ਸੂਈ ਫਿਰ ਸਪੀਡੋਮੀਟਰ ਦੇ ਸਿਰੇ ਨੂੰ ਛੂਹਣ ਲੱਗ ਪੈਂਦੀ। ਪੂਰੇ ਦਿਨ ਵਿਚ ਸਾਡੇ ਗਾਲ੍ਹਾਂ ਤੇ ਬਦ-ਦੁਆਵਾਂ ਦੇ ਭੰਡਾਰਕੋਸ਼ ਵਿਚ ਨਵੇਂ ਨਵੇਂ ਭਿਆਨਕ, ਬਦਤਰ, ਗਲੀਜ਼ ਸ਼ਬਦਾਂ ਦਾ ਹੈਰਤਅੰਗੇਜ਼ ਵਾਧਾ ਹੋਇਆ। ਐਸੀਆਂ ਗੰਦੀਆਂ ਗਾਲ੍ਹਾਂ ਜੇ ਕੋਈ ਸਭਿਅਕ ਤੇ ਮਲੂਕ ਸ਼ਖਸ ਸੁਣੇ ਤਾਂ ਦਿਲ ਦੀ ਧੜਕਣ ਰੁਕਣ ਨਾਲ ਸ਼ਾਇਦ ਮਰਨ ਕਿਨਾਰੇ ਪਹੁੰਚ ਜਾਵੇ!

ਸਾਨੂੰ ਉਦੋਂ ਚੈਨ ਮਿਲਿਆ ਜਦੋਂ ਸ਼ਾਮ ਨੂੰ ਲੰਮੀ ਚੌੜੀ ਨਹਿਰ ਕਿਨਾਰੇ ਜੀਪਾਂ ਰੁਕੀਆਂ। ਕਿਸੇ ਨੂੰ ਉਮੀਦ ਨਹੀਂ ਸੀ ਕਿ ਇਕੋ ਵਾਰ, ਇੰਨਾ ਸਾਰਾ ਇਕੱਠਾ ਪਾਣੀ ਇਨ੍ਹਾਂ ਵੀਰਾਨਿਆਂ ਵਿਚ ਦੇਖਣ ਨੂੰ ਮਿਲੇਗਾ। ਸਭ ਦੇ ਸਿਰ-ਮੂੰਹ, ਕੱਪੜੇ ਰੇਤ ਨਾਲ ਭਰੇ ਪਏ ਸਨ। ਭੁੱਖ-ਪਿਆਸ ਨਾਲ ਬੁਰੀ ਹਾਲਤ ਸੀ। ਦਿਨ ਭਰ ਜਿਵੇਂ ਦੋਜ਼ਖ ਦੀ ਅੱਗ ਵਿਚ ਝੁਲਸਦੇ ਰਹੇ ਸਾਂ।

ਅਸੀਂ ਸਫਰ ਇਸ ਲਈ ਨਹੀਂ ਕੀਤਾ ਕਿ ਜ਼ਰੂਰੀ ਹੈ, ਸਗੋਂ ਮਜਬੂਰੀ ਸੀ। ਹੋਰ ਕੋਈ ਚਾਰਾ ਨਹੀਂ ਸੀ। ਅੱਜ ਦੇ ਹਾਲਾਤ ਪਿਛੋਂ ਸਾਡੇ ਸਾਹਮਣੇ ਕੋਈ ਬਦਲ ਹੁੰਦਾ ਤਾਂ ਸਭ ਪਿੱਛੇ ਜਾਣ ਨੂੰ ਤਰਜੀਹ ਦਿੰਦੇ, ਕਿਉਂਕਿ ਅਜੇ ਕੁਝ ਵੀ ਸਾਫ ਨਹੀਂ ਸੀ ਕਿ ਅੱਗੇ ਸਫਰ ਇਕ-ਦੋ ਦਿਨ ਦਾ ਹੈ ਜਾਂ 5-6 ਦਿਨਾਂ ਦਾ; ਪਰ ਹੁਣ ਕੁਝ ਨਹੀਂ ਸੀ ਹੋ ਸਕਦਾ। ਅਸੀਂ ਜਿਨ੍ਹਾਂ ਜ਼ਾਲਮਾਂ ਦੇ ਹੱਥਾਂ 'ਚ ਸਾਂ, ਉਨ੍ਹਾਂ ਨੂੰ ਡਾਲਰ, ਯੂਰੋ ਸਾਨੂੰ ਕਿਸੇ ਤੈਅਸ਼ੁਦਾ ਮੁਕਾਮ 'ਤੇ ਪਹੁੰਚਾਉਣ ਦੇ ਹੀ ਮਿਲਣੇ ਸਨ। ਜੇ ਦੋ-ਚਾਰ ਮੁਰਦਾ ਵੀ ਹੋ ਜਾਂਦੇ ਤਾਂ ਵੀ ਉਨ੍ਹਾਂ ਦੀਆਂ ਅਸਾਧਾਰਨ ਫੀਸਾਂ 'ਤੇ ਸ਼ਾਇਦ ਕੋਈ ਅਸਰ ਨਹੀਂ ਸੀ ਪੈਣਾ!

ਕਾਫੀ ਵੱਡੀ ਕਿਸ਼ਤੀ ਵਿਚ ਬਿਠਾ ਕੇ ਸਾਨੂੰ ਨਦੀ ਦੇ ਦੂਜੇ ਕਿਨਾਰੇ ਪਹੁੰਚਾਇਆ ਗਿਆ। ਜੀਪਾਂ ਘੰਟੇ ਕੁ ਬਾਅਦ ਦੂਸਰੇ ਕਿਨਾਰੇ ਪਹੁੰਚ ਗਈਆਂ। ਅੰਦਾਜ਼ਾ ਸੀ, ਕਿਸੇ ਪੁਲ ਵਾਲੀ ਥਾਂ ਜਿਥੇ ਪੁਲਿਸ ਚੈਕਿੰਗ ਹੋਵੇਗੀ, ਉਥੋਂ ਸਾਡੇ ਸਮੇਤ ਨਹੀਂ ਸੀ ਲੰਘਿਆ ਜਾ ਸਕਦਾ ਹੋਣਾ।

ਨਹਿਰ ਤੋਂ ਰੱਜ ਕੇ ਪਾਣੀ ਪੀਤਾ, ਨਹਾਤੇ-ਧੋਤੇ, ਪਰ ਖਾਣਾ ਢਿੱਡ ਭਰਨ ਜੋਗਾ ਵੀ ਨਾ ਨਸੀਬ ਹੋਇਆ। ਇਕ ਇਕ ਸੁੱਕਾ ਗੋਲ ਬਰੈੱਡ (ਖੋਬਸ) ਤੇ ਇਕ ਇਕ ਕੁਤਰੀ-ਮਸਲੀ ਮੱਛੀ ਦੀ ਛੋਟੀ ਜਿਹੀ ਡੱਬੀ। ਸ਼ਾਇਦ ਸਾਡੇ ਕੁਝ ਕੁ ਘੰਟਿਆਂ ਦੇ ਨਵੇਂ ਅਸਥਾਈ ਡੌਂਕਰਾਂ ਦੀ ਨਜ਼ਰ ਵਿਚ ਸਾਡੇ ਵਾਸਤੇ ਇੰਨਾ ਕੁ ਖਾਣਾ ਕਾਫੀ ਸੀ। ਮੈਂ ਤੇ ਹੋਰ ਕੁਝ ਮੁੰਡਿਆਂ ਨੇ ਮੱਛੀ ਨਹੀਂ ਖਾਧੀ, ਪਾਣੀ ਨਾਲ ਸੁੱਕੇ ਬਰੈੱਡ ਸੰਘ ਤੋਂ ਥੱਲੇ ਲੰਘਾਏ।

> *ਕਿਸੇ ਜੀਵ-ਜੰਤੂ ਦਾ ਨਾਮੋ-ਨਿਸ਼ਾਨ ਨਹੀਂ ਸੀ ਨਜ਼ਰ ਆਇਆ। ਹਰ ਪਾਸੇ ਰੇਤ ਦੇ ਉਚੇ-ਵਿਸ਼ਾਲ ਟੀਲੇ ਦਿਸਦੇ ਸਨ। ਜੀਪਾਂ ਪੂਰੀ ਗਤੀ ਅਤੇ ਜਾਨ ਨਾਲ ਚੜ੍ਹਾਈ ਚੜ੍ਹਦੀਆਂ, ਦੂਜੇ ਪਾਸੇ ਇੰਜ ਗਿਰਦੀਆਂ ਮਹਿਸੂਸ ਹੁੰਦੀਆਂ ਕਿ ਹੁਣ ਵੀ ਪਲਟੀਆਂ, ਹੁਣ ਵੀ ਪਲਟੀਆਂ। ਇਸ ਤਰ੍ਹਾਂ ਦੇ ਫਿਲਮੀ ਸਟੰਟ ਸੀਨ ਵੀ ਸਾਨੂੰ ਇਨ੍ਹਾਂ ਖ਼ਤਰਨਾਕ ਦ੍ਰਿਸ਼ਾਂ ਅੱਗੇ ਬਹੁਤ ਫਿੱਕੇ ਮਹਿਸੂਸ ਹੋਏ। ਡਰ ਨਾਲ ਲੇਰਾਂ ਨਿਕਲ ਜਾਂਦੀਆਂ, ਖ਼ੌਫ਼ ਨਾਲ ਅੱਖਾਂ ਦੀਆਂ ਪੁਤਲੀਆਂ ਬਾਹਰ ਨਿਕਲ ਨਿਕਲ ਪੈਂਦੀਆਂ। ਇਸ ਤਰ੍ਹਾਂ ਦੇ ਭਿਆਨਕ ਰਸਤੇ ਸਨ, ਇਸ ਤਰ੍ਹਾਂ ਦੀ ਕਰੂਰ ਡਰਾਇਵਰੀ ਸੀ ਕਿ ਗੱਡੀ ਦੀ ਉਛਾਲ ਅਤੇ ਗਿਰਨ ਦੇ ਨਾਲ ਹੀ ਇੰਜ ਲੱਗਦਾ, ਜਿਵੇਂ ਦਿਲ ਉਛਲ ਕੇ ਸੰਘ ਵਿਚ ਜਾ ਫਸਿਆ ਹੋਵੇ ਤੇ ਦਿਮਾਗ ਭੁੜਕ ਕੇ ਪਤਾਲੂਆਂ ਵਿਚ ਜਾ ਡਿੱਗਿਆ ਹੋਵੇ।*

ਮੈਂ ਤੁਰਦਿਆਂ ਸੋਚਿਆ ਸੀ, ਮੀਟ-ਮੱਛੀ ਨਹੀਂ ਖਾਵਾਂਗਾ। ਆਖਰੀ ਦਿਨ ਮਾਲੀ (ਮੁਲਕ ਦਾ ਨਾਂ) ਵਿਚ ਉਮੀਦੋਂ ਬਾਹਰੇ ਅਤੇ ਨਾ ਮੰਨਣ ਯੋਗ ਸੂਰਤ ਵਿਚ ਬਣੇ ਬੇਹੂਦਾ ਜਿਹੇ ਮੀਟ ਨੂੰ ਵੀ ਮੈਂ ਇਸ ਸੋਚ ਤਹਿਤ ਨਕਾਰ ਦਿੱਤਾ ਸੀ ਕਿ ਸਪੇਨ ਪਹੁੰਚਣ ਤਕ ਮਾਸ-ਮੱਛੀ ਨਹੀਂ ਖਾਣੀ। ਆਖਿਰ ਕੁਝ ਕੁ ਦਿਨਾਂ ਦੀ ਹੀ ਤਾਂ ਗੱਲ ਸੀ। ਕਿਸ ਨੂੰ ਖਬਰ ਸੀ, ਇਕ ਇਕ ਬੁਰਕੀ ਅਤੇ ਇਕ ਇਕ ਬੂੰਦ ਪਾਣੀ ਲਈ ਤਰਸਣਾ ਤੇ ਤੜਫਣਾ ਪੈਣਾ ਹੈ।

ਸੁੱਤਿਆਂ ਨੂੰ ਮਸੀਂ ਡੇਢ ਕੁ ਘੰਟਾ ਹੋਇਆ ਸੀ ਕਿ ਡੌਂਕਰਾਂ ਨੇ ਉਠਣ ਲਈ ਰੌਲਾ ਪਾ ਦਿੱਤਾ। ਸਾਰੇ ਜਣੇ ਉਨ੍ਹਾਂ ਨੂੰ ਕੋਸਦੇ, ਗਾਲ੍ਹਾਂ ਬਕਦੇ ਫੁਰਤੀ ਨਾਲ ਕੁਝ ਸੁਖਾਲੀ ਜਗ੍ਹਾ 'ਤੇ ਜਾ ਬੈਠੇ। ਇਸ ਵਾਰ 39ਵਾਂ ਆਖਿਰੀ ਬੰਦਾ ਮੈਂ ਸਾਂ ਜੋ ਦੋਹਾਂ ਜੀਪਾਂ ਵਿਚਾਲੇ ਖੜ੍ਹਾ ਸ਼ਸ਼ੋਪੰਜ ਵਿਚ ਪਿਆ ਸੋਚਦਾ ਰਿਹਾ-ਇਧਰ ਚੜ੍ਹਾਂ ਜਾਂ ਉਧਰ। ਜੀਪਾਂ ਚੱਲ ਪਈਆਂ। ਮੈਂ ਰੌਲਾ ਪਾਉਂਦਾ ਇਕ ਪਾਸੇ ਮਸਾਂ ਚੜ੍ਹਿਆ।

39ਵਾਂ ਬੰਦਾ ਦੋਹਾਂ ਜੀਪਾਂ ਵਿਚ 'ਸੈੱਟ' ਹੋ ਚੁੱਕੇ ਸੁਆਰਥੀਆਂ ਲਈ ਫਾਲਤੂ ਬੋਝ ਸੀ,

> *ਜੀਪਾਂ ਵਾਕਈ ਮਜ਼ਬੂਤ ਤੇ ਤਾਕਤਵਰ ਸਨ, ਤਾਂ ਹੀ ਉਹ ਟਿੱਬਿਆਂ ਵਿਚ ਵੀ ਇੰਜ ਦੌੜਦੀਆਂ ਲੱਗਦੀਆਂ ਸੀ, ਜਿਵੇਂ ਸੜਕ 'ਤੇ ਚਲਦੀਆਂ ਹੋਣ। ਭਰਪੂਰ ਰਫ਼ਤਾਰ ਨਾਲ ਜਦੋਂ ਟਿੱਬਿਆਂ-ਧੋੜ੍ਹਿਆਂ ਤੋਂ ਉਛਲ ਕੇ ਡਿੱਗਦੀਆਂ ਤਾਂ ਘਾਤਕ ਝਟਕਿਆਂ ਨਾਲ ਸਾਡੇ ਸਰੀਰਾਂ ਦੇ ਅੰਜਰ-ਪੰਜਰ ਢਿੱਲੇ ਹੋ ਜਾਂਦੇ, ਸਮੁੱਚਾ ਜਿਸਮ ਜੜ੍ਹਾਂ ਤੀਕਰ ਹਿੱਲ ਜਾਂਦਾ। ਦੋ ਵਕਫਿਆਂ ਵਿਚ 1-1 ਘੰਟੇ ਦੇ ਆਰਾਮ ਦੌਰਾਨ ਕੁਝ ਬਿਸਕੁਟ, ਪਾਣੀ, ਚਾਹ ਦੇ ਕੇ ਸਾਰਾ ਦਿਨ, ਸ਼ਾਮ ਤਕ ਉਹ ਬੇਰਹਿਮ ਸਫ਼ਰ ਪੂਰੇ ਹਠ, ਜ਼ੋਰ ਨਾਲ ਜਾਰੀ ਰਿਹਾ ਸੀ।*



ਅਸਹਿਣਯੋਗ ਜੀਵ ਸੀ ਜੋ ਦੂਜੀ ਜੀਪ ਵਿਚ ਹੀ ਬੈਠੇ ਤਾਂ ਬਿਹਤਰ ਹੋਣਾ ਸੀ! ਸਾਡੇ ਥੱਲੇ ਪਾਣੀ ਨਾਲ ਭਰੀਆਂ ਪਲਾਸਟਿਕ ਦੀਆਂ 8-8 ਵੱਡੀਆਂ ਕੈਨੀਆਂ ਸਨ, ਤਿੰਨ-ਤਿੰਨ ਡੀਜ਼ਲ ਭਰੇ ਡਰੰਮ ਸਨ, ਸਾਰਿਆਂ ਦੇ ਆਪੋ-ਆਪਣੇ ਬੈਗ-ਝੋਲੇ ਸਨ। ਇਹ ਇੰਤਜ਼ਾਮ ਕਿਸੇ ਡਰਾਉਣੇ ਅੰਜਾਮ ਵੱਲ ਸਾਫ ਇਸ਼ਾਰਾ ਸੀ, ਪਰ ਕਿਸੇ ਨੇ ਸੰਜੀਦਗੀ ਨਾਲ ਨਾ ਗੌਲਿਆ ਕਿ ਇਹ ਸਭ ਕਿਉਂ ਹੈ?

ਰਾਤ ਦੇ ਹਨੇਰੇ ਵਿਚ ਜੀਪਾਂ ਦੇ ਹੁਝਕੇ-ਝਟਕੇ ਦੱਸਦੇ ਸਨ ਕਿ ਕਾਫੀ ਉਚੀਆਂ-ਨੀਵੀਆਂ ਰਾਹਾਂ ਨੇ। ਫਿਰ ਇਕ ਜੀਪ ਵਿਚ ਆਈ ਕਿਸੇ ਤਕਨੀਕੀ ਖਰਾਬੀ ਕਰ ਕੇ ਸਾਨੂੰ 3-4 ਘੰਟੇ ਦੀ ਸੁਖਦ ਨੀਂਦ ਨਸੀਬ ਹੋ ਗਈ। ਬਹੁਤ ਅੜ-ਧੜ ਕੇ 19-19 ਬੰਦੇ ਫਿਰ ਚੜ੍ਹੇ; 20ਵਾਂ ਕਿਧਰ ਬੈਠੇ? ਦੋਨੋਂ ਪਾਸਿਓਂ ਧੱਕੇ ਪੈਂਦੇ- 'ਉਧਰ ਜਾ, ਉਧਰ ਜਾ।' ਉਹ ਚੀਕਦਾ-ਕਲਪਦਾ ਕਿਸੇ ਜੀਪ ਵਿਚ ਬੜੇ ਜ਼ੋਰ ਨਾਲ ਚੜ੍ਹਦਾ। ਦੂਜੀ ਜੀਪ ਵਾਲੇ ਸੌਖਾ ਮਹਿਸੂਸ ਕਰਦੇ, ਜਿਵੇਂ ਹੁਣ ਕਾਫੀ ਖੁੱਲ੍ਹੇ-ਡੁੱਲ੍ਹੇ ਹੋ ਕੇ ਬੈਠ ਸਕਣਗੇ! ਜੀਪਾਂ ਚੱਲੀਆਂ, ਤੇ ਬਸ ਇੰਜ ਚੱਲੀਆਂ ਜਿਵੇਂ ਜਲਦ ਤੋਂ ਜਲਦ ਦੁਨੀਆ ਦੇ ਆਖਰੀ ਸਿਰੇ 'ਤੇ ਪਹੁੰਚਣਾ ਹੋਵੇ, ਜਿਵੇਂ ਜ਼ਿੰਦਗੀ-ਮੌਤ ਦਾ ਸਵਾਲ ਹੋਵੇ, ਜਿਵੇਂ ਪਿੱਛੇ ਛੁੱਟਦੀ ਜ਼ਮੀਨ, ਪਿੱਛੇ ਪਿੱਛੇ ਹੀ ਪਤਾਲ ਵਿਚ ਧਸਦੀ ਜਾਂਦੀ ਹੋਵੇ!

ਸ਼ੁਰੂ ਸ਼ੁਰੂ 'ਚ ਸਾਨੂੰ ਆਲੇ-ਦੁਆਲੇ ਛੋਟੇ ਕੰਡਿਆਲੇ ਰੁੱਖ, ਬੂਝੇ-ਝਾੜ ਨਜ਼ਰ ਆਉਂਦੇ ਰਹੇ। ਫਿਰ ਉਹ ਵੀ ਲੋਪ ਹੁੰਦੇ ਗਏ। ਹੁਣ ਤਾਂ ਹਰ ਪਾਸੇ ਸਾਫ-ਪੱਧਰ, ਜਿਧਰ ਦੇਖੋ ਰੇਤ ਹੀ ਰੇਤ। ਕੁਦਰਤ ਦੀ ਸਿਰਜਣਾ ਦੇ ਵਕਤ-ਦਰ-ਵਕਤ ਬਦਲਦੇ ਪੜਾਅ, ਇਹ ਵਖਰੇਵੇਂ ਹੀ ਸਾਡੀ ਜਮੀਨ ਨੂੰ ਆਕਰਸ਼ਿਤ ਕਰਨ ਵਾਲਾ ਬਣਾਉਂਦੇ ਨੇ। ਕਿਧਰੇ ਪਹਾੜ-ਖਾਈਆਂ, ਕਿਧਰੇ ਸਮੁੰਦਰ, ਕਿਧਰੇ ਬਰਫ, ਕਿਤੇ ਹਰਿਆਲੀ-ਜੰਗਲ ਤੇ ਕਿਤੇ ਰੇਤ-ਪਥਰਾਟ। ਸਭ ਕੁਝ ਇਨਸਾਨ ਲਈ ਨਵੀਆਂ ਵੰਗਾਰਾਂ, ਖੋਜਾਂ, ਰੋਮਾਂਚ ਦਾ ਕਾਰਨ ਬਣਦਾ ਜਾਂਦਾ ਹੈ। ਜੇ ਇਹ ਵੰਨ-ਸੁਵੰਨਤਾ ਨਾ ਹੁੰਦੀ, ਹਰ ਪਾਸੇ ਸਭ ਕੁਝ ਇਕ ਸਮਾਨ ਹੁੰਦਾ ਤਾਂ ਜ਼ਿੰਦਗੀ ਨੇ ਆਪਣੇ ਆਕਰਸ਼ਣ ਜਲਦ ਹੀ ਗੁਆ ਦੇਣੇ ਸੀ।

ਹਮਵਾਰ ਰਸਤਿਆਂ ਦੇ ਸਨਮਾਨ ਖਾਤਿਰ ਔਕੜਾਂ ਵੀ ਜ਼ਰੂਰੀ ਹੁੰਦੀਆਂ ਨੇ, ਪਰ ਇਥੇ ਤਾਂ ਮੁਸੀਬਤਾਂ ਜਿਵੇਂ ਸਾਡੇ ਸਿਰਾਂ 'ਤੇ ਦਰਜਨਾਂ ਦੇ ਹਿਸਾਬ ਨਾਲ ਡਿੱਗ ਰਹੀਆਂ ਸਨ। ਭੁੱਖ-ਪਿਆਸ, ਗਰਮੀ-ਧੁੱਪ, ਹਰ ਤਰ੍ਹਾਂ ਦੀ ਬਦ-ਇੰਤਜ਼ਾਮੀ ਨਾਲ ਬੁਰੀ ਤਰ੍ਹਾਂ ਤੰਗ ਬੈਠੇ, ਝਟਕਿਆਂ ਨਾਲ ਨਿਕਲਦੀਆਂ ਦਰਦ ਭਰੀਆਂ ਚੀਕਾਂ, ਇਸ ਸਭ ਦੇ ਡੌਂਕਰਾਂ ਲਈ ਕੋਈ ਮਾਅਨੇ ਨਹੀਂ ਸਨ। ਇਹ ਸਭ ਉਨ੍ਹਾਂ ਦੀਆਂ ਅੱਖਾਂ ਵਿਚ ਸਾਡੇ ਲਈ ਕਿਸੇ ਤਰ੍ਹਾਂ ਦੀ ਹਮਦਰਦੀ ਪੈਦਾ ਨਹੀਂ ਕਰ ਸਕਿਆ।

ਜੀਪਾਂ ਉਨ੍ਹਾਂ ਰਾਹਾਂ ਤੋਂ ਦੂਰ ਹੋ ਜਾਂਦੀਆਂ ਜਿਨ੍ਹਾਂ ਤੋਂ ਕੁਝ ਕੱਚੇ ਘਰਾਂ ਦਾ ਝੁੰਡ ਨਜ਼ਰ ਆਉਂਦਾ, ਪਰ ਉਹ ਵੀ ਸ਼ੁਰੂਆਤੀ ਸਫਰ ਤਕ ਹੀ ਸੀਮਿਤ ਸਨ। ਅੱਜ ਤਾਂ ਕਿਸੇ ਜੀਵ-ਜੰਤੂ ਦਾ ਨਾਮੋ-ਨਿਸ਼ਾਨ ਨਹੀਂ ਸੀ ਨਜ਼ਰ ਆਇਆ। ਹਰ ਪਾਸੇ ਰੇਤ ਦੇ ਉਚੇ-ਵਿਸ਼ਾਲ ਟਿੱਬੇ ਸਨ। ਜੀਪਾਂ ਪੂਰੀ ਗਤੀ ਅਤੇ ਜਾਨ ਨਾਲ ਚੜ੍ਹਾਈ ਚੜ੍ਹਦੀਆਂ, ਦੂਜੇ ਪਾਸੇ ਇੰਜ ਡਿਗਦੀਆਂ ਜਿਵੇਂ ਹੁਣ ਵੀ ਪਲਟੀਆਂ, ਹੁਣ ਵੀ ਪਲਟੀਆਂ। ਇਸ ਤਰ੍ਹਾਂ ਦੇ ਫਿਲਮੀ ਸਟੰਟ ਸੀਨ ਵੀ ਸਾਨੂੰ ਇਨ੍ਹਾਂ ਖਤਰਨਾਕ ਦ੍ਰਿਸ਼ਾਂ ਅੱਗੇ ਫਿੱਕੇ ਮਹਿਸੂਸ ਹੋਏ। ਡਰ ਨਾਲ ਲੇਰਾਂ ਨਿਕਲ ਜਾਂਦੀਆਂ, ਖੌਫ ਨਾਲ ਅੱਖਾਂ ਦੇ ਡੇਲੇ ਬਾਹਰ ਨਿਕਲ ਨਿਕਲ ਪੈਂਦੇ। ਭਿਆਨਕ ਰਸਤੇ ਸਨ ਤੇ ਇਸ ਤਰ੍ਹਾਂ ਦੀ ਕਰੂਰ ਡਰਾਇਵਰੀ ਸੀ ਕਿ ਗੱਡੀ ਦੇ ਉਛਲਣ ਦੇ ਨਾਲ ਹੀ ਇੰਜ ਲੱਗਦਾ, ਜਿਵੇਂ ਦਿਲ ਉਛਲ ਕੇ ਸੰਘ ਵਿਚ ਜਾ ਫਸਿਆ ਹੋਵੇ ਤੇ ਦਿਮਾਗ ਭੁੜਕ ਕੇ ਪਤਾਲੂਆਂ ਵਿਚ ਜਾ ਡਿੱਗਿਆ ਹੋਵੇ।

ਜੀਪਾਂ ਲਗਾਤਾਰ ਦੁਪਹਿਰ ਤਕ ਪੂਰੀ ਵਾਹ ਲਾਈ ਦੌੜਦੀਆਂ ਰਹੀਆਂ, ਬਸ ਦੌੜਦੀਆਂ ਹੀ ਰਹੀਆਂ। ਅੱਗ ਵਰ੍ਹਾਉਂਦੀ ਤਿਖੜ ਦੁਪਹਿਰ ਵਿਚ ਆਖਰ ਦੋ ਕੁ ਘੰਟਿਆਂ ਦਾ ਵਿਸ਼ਰਾਮ ਦਿੱਤਾ ਗਿਆ ਸੀ। ਸਭ ਨੇ ਦੋ ਲੋਈਆਂ ਦੀ ਛਾਂਵੇਂ ਤੇ ਜੀਪਾਂ ਥੱਲੇ ਵੜ ਕੇ ਆਰਾਮ ਕੀਤਾ। ਥੋੜ੍ਹਾ ਥੋੜ੍ਹਾ ਪਾਣੀ ਵੰਡਿਆ ਗਿਆ, ਥੋੜ੍ਹੇ ਥੋੜ੍ਹੇ ਚੌਲ ਬਣਾ ਕੇ ਖਾਧੇ।

ਇਕ ਹੋਰ ਜੀਪ ਦੇ ਪਹੁੰਚਣ 'ਤੇ ਪਤਾ ਲੱਗਿਆ ਕਿ ਡੌਂਕਰ ਆਰਾਮ ਲਈ ਨਹੀਂ, ਇਸ ਜੀਪ ਲਈ ਰੁਕੇ ਸਨ। ਫਿਲਹਾਲ ਇਹ ਵੀ ਰਾਹਤ ਵਾਲੀ ਖਬਰ ਸੀ ਕਿ ਅੱਗੇ ਸਫਰ ਤਿੰਨ ਜੀਪਾਂ ਰਾਹੀਂ ਹੋਣਾ ਸੀ। ਹੁਣ 13-13 ਜਣਿਆਂ ਦੀ ਗਿਣਤੀ ਨਾਲ ਤਿੰਨ ਜੀਪਾਂ ਤੁਰ ਪਈਆਂ। ਸਾਰੇ ਸੁਖਾਲੇ ਤੇ ਖੁੱਲ੍ਹੇ-ਡੁੱਲ੍ਹੇ ਬੈਠੇ ਸਨ। ਸਾਡਾ ਕਾਫਲਾ ਫਿਰ ਬਾਦਸਤੂਰ ਰਵਾਂ ਸੀ ਉਨ੍ਹਾਂ ਰਾਹਾਂ 'ਤੇ, ਜੋ ਸਾਡੇ ਲਈ ਮੂਲੋਂ ਅਜਨਬੀ ਸਨ... ਬਲਕਿ ਕੋਈ ਰਾਹ ਤਾਂ ਕਿਤੇ ਵੀ ਨਹੀਂ ਸੀ; ਬਸ ਹਰ ਦਿਸ਼ਾ ਵਿਚ ਦਿਸਹੱਦੇ ਤਕ ਬਸ ਰੇਤ ਹੀ ਰੇਤ ਸੀ।

ਡੌਂਕਰਾਂ ਕੋਲ ਬਹੁਤ ਸ਼ਕਤੀਸ਼ਾਲੀ ਤੇ ਖਾਸ ਕਿਸਮ ਦੇ ਵਾਇਰਲੈੱਸ ਸੈੱਟ ਸਨ ਜਿਨ੍ਹਾਂ ਜ਼ਰੀਏ (ਬਿਨਾ ਰੇਂਜ-ਟਾਵਰ) ਦੁਨੀਆਂ ਦੇ ਹਰ ਕੋਨੇ ਵਿਚ ਸੰਪਰਕ ਸਾਧਿਆ ਜਾ ਸਕਦਾ ਸੀ। ਉਨ੍ਹਾਂ ਦਾ ਅਗਲੇ ਪਿਛਲੇ ਸਾਰੇ ਏਜੰਟਾਂ-ਡੌਂਕਰਾਂ ਨਾਲ ਸੰਪਰਕ ਬਣਿਆ ਰਿਹਾ ਸੀ। ਇਕ ਵਾਰ ਸਾਡੇ ਨਾਲ ਰਾਜੇਸ਼ ਦੀ ਗੱਲ ਹੋਈ ਸੀ, ਇਕ ਵਾਰ ਅਗਲੇ ਕਿਸੇ ਮੁਕਾਮ ਤੋਂ ਜਿੰਮੀ ਨਾਂ ਦੇ ਇੰਗਲਿਸ਼ ਬੋਲਦੇ ਬੰਦੇ ਨਾਲ ਗੱਲਬਾਤ ਹੋਈ, ਜਿਸ ਨੇ ਦਿਲਾਸਾ ਦਿੱਤਾ ਸੀ ਕਿ ਅਸੀਂ ਦੋ-ਤਿੰਨ ਦਿਨਾਂ ਵਿਚ ਉਸ ਕੋਲ ਪਹੁੰਚ ਜਾਣਾ ਹੈ; ਯਾਨਿ ਇਸ ਜ਼ਾਲਮ ਸਫਰ ਦਾ ਅੰਤ ਜ਼ਿਆਦਾ ਦੂਰ ਨਹੀਂ ਸੀ! ਸਭ ਨੂੰ ਕੁਝ ਰਾਹਤ ਮਹਿਸੂਸ ਹੋਈ।

ਤਕਰੀਬਨ ਸਾਰਾ ਰਸਤਾ ਡੌਂਕਰਾਂ ਨੇ ਸੂਰਜ-ਚੰਨ ਦੀ ਦਿਸ਼ਾ-ਸਥਿਤੀ ਦੇ ਆਧਾਰ 'ਤੇ ਨਿਸ਼ਚਿਤ ਕੀਤਾ ਹੋਇਆ ਸੀ... ਯਾਨਿ, ਸਾਡੇ ਰਾਹ ਅਸਮਾਨ 'ਤੇ ਵਿਛੇ ਹੋਏ ਸਨ! ਪਰ ਕਿਤੇ ਗੱਡੀਆਂ ਦੀਆਂ ਪੈੜਾਂ ਦਾ ਵੀ ਲਾਭ ਸੀ, ਕਿਤੇ ਰਾਹ ਵਿਚ ਟੱਕਰੇ ਹੋਰ ਮੁਸਾਫਿਰ-ਆਜੜੀਆਂ ਵੱਲੋਂ ਸਹੀ ਦਿਸ਼ਾ-ਗਿਆਨ ਵੀ ਹਾਸਿਲ ਕੀਤਾ ਸੀ। ਫਿਰ ਵੀ, ਸਹੀ ਤਸਦੀਕੀ ਸਰੋਤ ਸੂਰਜ ਹੀ ਸੀ ਜਿਸ ਦਾ ਪਿੱਛਾ ਸਾਡੀਆਂ ਜੀਪਾਂ ਇੰਨੀ ਤੇਜ ਗਤੀ ਨਾਲ ਕਰ ਰਹੀਆਂ ਸਨ, ਜਿਵੇਂ ਉਸ ਦੇ ਡੁੱਬਣ ਤੋਂ ਪਹਿਲਾਂ ਪਹਿਲਾਂ ਉਸ ਤਕ ਹੀ ਪਹੁੰਚ ਜਾਣਾ ਹੋਵੇ। ਕਿਤੇ ਭੁੱਲ ਵੀ ਜਾਂਦੇ ਤਾਂ ਛੇਤੀ ਹੀ ਉਹ ਰਸਤੇ ਲੱਭ ਲੈਂਦੇ ਜਿਨ੍ਹਾਂ ਤੋਂ ਗੁਜ਼ਰ ਕੇ ਸ਼ਾਇਦ ਉਨ੍ਹਾਂ ਨੇ ਪਹਿਲਾਂ ਵੀ ਕਈ ਕਾਫਲੇ ਪਾਰ ਲਗਾਏ ਸਨ। ਰੇਗਿਸਤਾਨੀ ਰਾਹਾਂ ਦੀ ਵੀ ਸੁਣ ਲਓ, ਕਿਸੇ ਕਾਫਲੇ ਨੇ ਰੇਗਿਸਤਾਨੀ ਜਾਣਕਾਰ ਤੋਂ ਕੋਈ ਦੁਰੇਡਾ ਥਹੁ-ਟਿਕਾਣਾ ਪੁਛਿਆ ਤਾਂ ਪੁਰ-ਯਕੀਨ ਜਵਾਬ ਮਿਲਿਆ, "ਅੱਜ ਦਿਨ ਕੀ ਆ, ਮੰਗਲ... ਬੁਧ, ਵੀਰ ਨੱਕ ਦੀ ਸੀਧ ਚਲੇ ਜਾਓ... ਸ਼ੁਕਰਵਾਰ ਨੂੰ ਖੱਬੇ ਹੱਥ ਹੋ ਜਾਇਓ।"

ਕਈ ਵਾਰ ਇਨਸਾਨ ਕਿੰਨਾ ਬੇਵਸ ਹੋ ਜਾਂਦਾ ਹੈ, ਲਾਚਾਰੀ ਉਸ ਦੇ ਅੰਦਰ ਤਕ ਉਤਰ ਕੇ ਅਪਾਹਜਾਂ ਵਾਂਗ ਬਣਾ ਛੱਡਦੀ ਹੈ, ਸਰੀਰ ਵੱਲੋਂ ਵੀ ਤੇ ਦਿਮਾਗ ਵੱਲੋਂ ਵੀ। ਜੋ ਚਾਹੁੰਦੇ ਹਾਂ, ਨਹੀਂ ਕਰ ਪਾਉਂਦੇ ਤੇ ਜੋ ਨਹੀਂ ਚਾਹੁੰਦੇ, ਉਹ ਕਰਨਾ ਪੈਂਦਾ ਹੈ। ਹਾਲਾਤ ਵਿਰੋਧੀ ਹੋਣ ਤਾਂ ਚਾਹਤ ਕੁਝ ਨਹੀਂ ਕਰ ਪਾਉਂਦੀ। ਕਦੇ ਕਦੇ ਵਿਦਰੋਹ ਕੰਮ ਕਰਦਾ ਏ, ਪਰ ਅਨੁਕੂਲ ਹਾਲਾਤ ਨਾ ਹੋਣ ਤਾਂ ਉਹ ਵੀ ਮੂਰਖਤਾ ਜਾਂ ਆਤਮਘਾਤੀ ਸਾਬਿਤ ਹੁੰਦਾ ਹੈ।


ਤਿੰਨਾਂ ਜੀਪਾਂ ਵਿਚ ਬੌਖਲਾਏ ਹੋਏ 39 ਬੇਵਸ, ਮਾਯੂਸ ਸਰੀਰ ਢੋਏ ਜਾ ਰਹੇ ਸਨ ਜੋ ਸਾਹ ਲੈਣ ਤੋਂ ਬਹੁਤ ਜ਼ਿਆਦਾ ਵਾਧੂ ਖੇਚਲ-ਤਕੱਲਫ ਨਹੀਂ ਸੀ ਕਰ ਸਕਦੇ। ਥੋੜ੍ਹੇ ਚੌਲ ਮਿਲਦੇ, ਖਾ ਲੈਂਦੇ; ਥੋੜ੍ਹਾ ਪਾਣੀ ਮਿਲਦਾ, ਪੀ ਲੈਂਦੇ; ਥੋੜ੍ਹਾ ਰੁਕਦੇ ਤਾਂ ਗੱਡੀਆਂ ਦੀ ਛਾਂਵੇਂ ਢਹਿ ਪੈਂਦੇ। ਸਿਰਫ ਸਾਡੇ ਮੰਗਣ-ਚਾਹੁਣ 'ਤੇ ਪਾਣੀ-ਚੌਲ ਜਾਂ ਆਰਾਮ ਹਰਗਿਜ਼ ਨਹੀਂ ਸੀ ਮਿਲਦਾ। ਜਦੋਂ ਉਨ੍ਹਾਂ ਦੀ ਮਰਜੀ ਹੁੰਦੀ, ਉਦੋਂ ਦੇ ਦਿੰਦੇ।

ਡੌਂਕਰਾਂ ਕੋਲ ਰਿਵਾਲਵਰ ਤੇ ਦੋਨਾਲੀ ਵੀ ਸੀ। ਬੇਸ਼ਕ! ਕਿਤੇ ਹਾਲਾਤ ਵਿਗੜਦੇ ਤਾਂ ਉਨ੍ਹਾਂ 'ਤੇ ਕਾਬੂ ਪਾਇਆ ਜਾਂਦਾ, ਪਰ ਇਹ ਸਾਡੀਆਂ ਸੋਚਾਂ ਤੋਂ ਪਰ੍ਹੇ ਦੀ ਗੱਲ ਸੀ ਕਿ ਇਹੋ ਜਿਹੇ ਹਾਲਾਤ ਕਿਹੜੇ ਹੋ ਸਕਦੇ ਸਨ? ਅਸੀਂ ਉਨ੍ਹਾਂ ਖਿਲਾਫ ਜ਼ਿਆਦਾ ਵਿਰੋਧ ਨਹੀਂ ਸੀ ਜਤਾਉਂਦੇ, ਭਾਵੇਂ ਉਨ੍ਹਾਂ

(ਬਾਕੀ ਅਗਲੇ ਸਫੇ 'ਤੇ)

# ਗਿਟਮਿਟ ਅਤੇ ਗਿਰਮਿਟ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਗਿਟਮਿਟ ਸ਼ਬਦ ਆਮ ਤੌਰ 'ਤੇ 'ਗਿਟਮਿਟ ਕਰਨਾ' ਉਕਤੀ ਵਿਚ ਹੀ ਵਰਤਿਆ ਜਾਂਦਾ ਹੈ। ਇਸ ਉਕਤੀ ਰਾਹੀਂ ਇਕ ਤੋਂ ਵਧ ਭਾਵ ਪ੍ਰਗਟਾਏ ਜਾਂਦੇ ਹਨ। ਮਾਲਕਾਂ ਦੇ ਜਾਗਣ ਦੇ ਡਰੋਂ ਚੋਰ ਇਕ ਦੂਜੇ ਨੂੰ ਇਸ਼ਾਰਿਆਂ ਨਾਲ ਹੀ ਆਪਣੀ ਗੱਲ ਸਮਝਾ ਸਕਦੇ ਹਨ। ਗੱਲ ਕਰਨ ਦੇ ਇਸੇ ਅੰਦਾਜ਼ ਨੂੰ ਪਾਸ਼ ਨੇ ਕਿੰਨੇ ਸੁੰਦਰ ਬਿੰਬ 'ਚ ਪਰੋਇਆ ਹੈ,

ਮੈਂ ਮਲ਼ ਮਲ਼ ਕੇ ਤ੍ਰੇਲਾਂ ਕਣਕ  
ਪਿੰਡਾ ਕੂਚਦੀ ਦੇਖੀ  
ਮੇਰੇ ਤੱਕਣ 'ਤੇ ਉਸ ਦੇ ਮੁੱਖ 'ਤੇ  
ਆਉਂਦੀ ਸੰਗ ਨੂੰ ਤੱਕਿਆ ਹੈ...  
ਮੈਂ ਤੱਕਿਆ ਹੈ ਕਪਾਹ ਦੇ ਫੁੱਲਾਂ ਵਿਚ  
ਟਕਸਾਲ ਢਲਦੀ ਨੂੰ  
ਮੈਂ ਚੋਰਾਂ ਵਾਂਗ ਗਿਟਮਿਟ ਕਰਦਿਆਂ  
ਚਰ੍ਹੀਆਂ ਨੂੰ ਤੱਕਿਆ ਹੈ  
ਮੈਂ ਤੱਕਿਆ ਹੈ ਸਰ੍ਹੋਂ ਦੇ ਫੁੱਲਾਂ 'ਤੇ  
ਤਿਰਕਾਲ ਢਲਦੀ ਨੂੰ।

ਦੋ ਵਿਅਕਤੀਆਂ ਦਾ ਇਸ ਤਰ੍ਹਾਂ ਗੱਲ ਕਰਨਾ ਕਿ ਹੋਰਨਾਂ ਨੂੰ ਸਮਝ ਨਾ ਆਵੇ, ਮਾਨੋ ਮਿਣਮਿਣ ਜਾਂ ਗੁਣਨ ਗੁਣਨ ਕਰ ਰਹੇ ਹੋਣ ਤਾਂ ਇਹ ਗਿਟਮਿਟ ਹੁੰਦੀ ਹੈ। ਇਕ ਬੋਲੀ ਹੈ:

ਬੋਲੀ ਪਾਈਏ ਤੇ ਕਰੀਏ ਨਾ ਗਿਟਮਿਟ ਨੀ,  
ਬੋਲੀ ਮਾਰੀਏ ਛੜੇ ਦੀ ਹਿੱਕ ਵਿਚ ਨੀ।

ਦੋ ਵਿਅਕਤੀਆਂ ਦਾ ਪੰਜਾਬੀ ਤੋਂ ਬਿਨਾ ਕਿਸੇ ਹੋਰ ਭਾਸ਼ਾ, ਖਾਸ ਕਰਕੇ ਅੰਗਰੇਜ਼ੀ ਵਿਚ ਗੱਲ ਕਰਨਾ ਗਿਟਮਿਟ ਹੈ। ਜਿਵੇਂ, "ਇੰਦਰਾ ਗਾਂਧੀ ਜੀ ਬਹੁਤ ਹੱਸੇ। ਫਿਰ ਇਕ ਸੈਕਟਰੀ ਨੂੰ ਬੁਲਾਇਆ। ਅੰਗਰੇਜ਼ੀ ਵਿਚ ਗਿੱਟਮਿੱਟ ਕੀਤੀ। ਇਕ ਖਤ ਲਿਖਵਾ ਦਿੱਤਾ ਤੇ ਆਖਿਆ, ਅਬ ਸੇ ਰੇਸ਼ਮਾ, ਤੁਮ ਜਹਾਂ ਚਾਹੋ ਜਾ ਸਕਤੀ ਹੋ। ਸਾਰਾ ਹਿੰਦੁਸਤਾਨ ਤੁਮ੍ਹਾਰੇ ਲੀਏ ਖੁਲ੍ਹਾ ਹੈ।" ਦੋ ਧਿਰਾਂ ਦੀ ਆਪਸ ਵਿਚ ਮਿਲੀ-ਭੁਗਤ ਜਿਸ ਦਾ ਮਕਸਦ ਕਿਸੇ ਤੀਜੀ ਧਿਰ ਦਾ ਨੁਕਸਾਨ ਕਰਨਾ ਹੋਵੇ, 'ਮਹਾਂਗਠਬੰਧਨ ਤੋੜਨ ਬਾਰੇ ਭਾਜਪਾ ਅਤੇ ਨਿਤੀਸ਼ ਦੀ ਪਹਿਲਾਂ ਹੀ ਗਿੱਟਮਿੱਟ ਹੋ ਚੁਕੀ ਸੀ।' ਦੋ ਵਿਅਕਤੀਆਂ ਦੀ ਆਪਸ ਵਿਚ ਕਿਸੇ ਮਸਲੇ ਬਾਰੇ ਗੁਝੀ ਸਹਿਮਤੀ ਹੋਣਾ ਆਦਿ। ਇਸ਼ਕ ਦੇ ਮਾਮਲੇ ਵਿਚ ਕੁੜੀ ਮੁੰਡੇ ਦੀ ਰਾਏ ਸਬੰਧੀ, 'ਵਿਆਹ ਕਰਵਾ ਕੇ ਕੇਨੇਡਾ ਆਉਣ ਤੋਂ ਪਹਿਲਾਂ ਹੀ ਕੁੜੀ ਦੀ ਕੈਨੇਡਾ ਵਿਚ ਰਹਿੰਦੇ ਕਿਸੇ ਹੋਰ ਮੁੰਡੇ ਨਾਲ ਗਿੱਟਮਿੱਟ ਚਲਦੀ ਸੀ। ਧੋਖਾ ਦੇ ਕੇ ਆਪਣੇ ਪਤੀ ਨੂੰ ਛੱਡ ਕੇ ਆਪਣੇ ਪ੍ਰੇਮੀ ਕੋਲ ਜਾ ਰਹੀ।' ਕੁਝ ਕੋਸ਼ਾਂ ਵਿਚ ਇਸ ਦਾ ਅਰਥ ਹੌਲੀ ਹੌਲੀ ਗੱਲ ਕਰਨਾ ਵੀ ਲਿਖਿਆ ਹੈ ਪਰ ਇਹ ਪਰਿਭਾਸ਼ਾ ਸ਼ਬਦ ਨੂੰ ਪੂਰੀ ਤਰ੍ਹਾਂ ਨਹੀਂ ਪਕੜਦੀ।

ਧਿਆਨ ਨਾਲ ਦੇਖਿਆ ਜਾਵੇ ਤਾਂ ਉਕਤ ਮਿਸਾਲਾਂ ਵਿਚ ਮੁੱਖ ਭਾਵ ਦੋ ਧਿਰਾਂ ਵਿਚਕਾਰ ਸੁਰ ਰਲਣ ਦਾ ਨਿਕਲਦਾ ਹੈ। ਕੁਝ ਸ੍ਰੋਤਾਂ ਵਿਚ ਇਸ ਨੂੰ ਅੰਗਰੇਜ਼ੀ ਸ਼ਬਦ Agreement ਤੋਂ ਬਣਿਆ ਦੱਸਿਆ ਗਿਆ ਹੈ, ਮਾਨੋ ਪੰਜਾਬੀ ਲੋਕਾਂ ਨੇ ਐਗਰੀਮੈਂਟ ਸ਼ਬਦ ਵਿਚੋਂ ਮੁਢਲਾ 'ਐ' ਉਡਾ ਦਿੱਤਾ ਹੋਵੇ। ਇਸ ਦੇ 'ਸਹਿਮਤੀ, ਇਕ-ਰਾਏ' ਜਿਹੇ ਅਰਥਾਂ ਤੋਂ ਇਸ ਗੱਲ ਦੀ ਪੁਸ਼ਟੀ ਹੁੰਦੀ



*ਭਗਵੰਤ ਮਾਨ ਅਤੇ ਅਰਵਿੰਦ ਕੇਜਰੀਵਾਲ ਕੁਝ ਗਿਟਮਿਟ ਕਰਦੇ ਹੋਏ*

ਲਗਦੀ ਹੈ। ਗਿੱਟਮਿੱਟ ਜਿਹਾ ਹੀ ਇਕ ਸ਼ਬਦ ਹੈ, 'ਗਿਰਮਟ' ਜਿਸ ਦਾ ਪੰਜਾਬੀ ਯੂਨੀਵਰਸਿਟੀ ਦੇ ਕੋਸ਼ ਨੇ ਅਰਥ ਦਿੱਤਾ ਹੈ, 'ਇਕਰਾਰਨਾਮਾ'। ਸਹਿਮਤੀ ਤੋਂ ਬਿਨਾ ਅੰਗਰੇਜ਼ੀ ਐਗਰੀਮੈਂਟ ਦਾ ਇਕ ਹੋਰ ਅਰਥ ਇਕਰਾਰਨਾਮਾ ਵੀ ਹੈ ਜਿਸ ਵਿਚ ਸਹਿਮਤੀ ਦੇ ਭਾਵ ਨਿਹਿਤ ਹਨ। ਜਾਪਦਾ ਹੈ ਗਿਟਮਿਟ ਸ਼ਬਦ ਨੂੰ ਇਸ ਗਿਰਮਟ ਨਾਲ ਜੋੜ ਕੇ ਅਜਿਹਾ ਨਤੀਜਾ ਕਢਿਆ ਗਿਆ ਹੈ। ਦੋ ਧਿਰਾਂ ਵਿਚਕਾਰ ਪ੍ਰਗਟ ਜਾਂ ਅਪ੍ਰਗਟ ਰੂਪ ਵਿਚ ਸਹਿਮਤੀ ਹੋ ਸਕਦੀ ਹੈ ਪਰ ਗਿਟਮਿਟ ਕਰਨਾ ਉਕਤੀ ਵਿਚ ਇਹ ਭਾਵ ਵਧੇਰੇ ਸ਼ਰਾਰਤੀ ਲਹਿਜੇ ਵਾਲਾ ਹੀ ਹੈ। ਗਿਟਮਿਟ ਨੂੰ ਅੰਗਰੇਜ਼ੀ ਐਗਰੀਮੈਂਟ ਤੋਂ ਬਣਿਆ ਦਰਸਾਉਣ ਵਾਲੇ ਸ੍ਰੋਤ ਇਹ ਨਹੀਂ ਦੱਸਦੇ ਕਿ ਇਹ ਸ਼ਬਦ ਕਿਨ੍ਹਾਂ ਹਾਲਤਾਂ 'ਚ ਬਣਿਆ ਤੇ ਅਜਿਹੇ ਭਾਵ ਕਿਉਂ ਗ੍ਰਹਿਣ ਕੀਤੇ।

ਗਿਟਮਿਟ ਨੂੰ ਗਿਰਮਿਟ ਨਾਲੋਂ ਨਿਖੇੜਨ ਤੋਂ ਪਹਿਲਾਂ ਆਉ ਜ਼ਰਾ ਘੋਖ ਕਰੀਏ ਕਿ ਗਿਰਮਿਟ ਸ਼ਬਦ ਕਿਥੋਂ ਆਇਆ ਅਤੇ ਇਸ ਵਿਚ ਸਹਿਮਤੀ ਦੇ ਭਾਵ ਕਿਵੇਂ ਆਏ। ਬਸਤੀਵਾਦੀ ਅੰਗਰੇਜ਼ਾਂ ਨੇ ਭਾਰਤ ਅਤੇ ਹੋਰ ਦੇਸ਼ਾਂ ਦੇ ਲੋਕਾਂ 'ਤੇ ਹਕੂਮਤ ਹੀ ਨਹੀਂ ਕੀਤੀ ਬਲਕਿ ਉਨ੍ਹਾਂ ਦੀ ਕਿਰਤ ਨੂੰ ਬੇਕਿਰਕੀ ਨਾਲ ਲੁੱਟਿਆ। ਹੋਰ ਤਾਂ ਹੋਰ ਵਿਦੇਸ਼ਾਂ ਵਿਚ ਲਿਜਾ ਕੇ ਵੀ ਉਨ੍ਹਾਂ ਤੋਂ ਖੂਬ ਮੁਸ਼ੱਕਤ ਕਰਵਾਈ। ਕਾਨੂੰਨੀ ਤੌਰ 'ਤੇ ਗੁਲਾਮੀ ਪ੍ਰਥਾ ਤੇ ਪਾਬੰਦੀ ਲੱਗਣ ਕਾਰਨ ਕਾਲੇ ਲੋਕਾਂ ਨੂੰ ਗੁਲਾਮੀ ਤੋਂ ਨਿਜਾਤ ਮਿਲ ਗਈ। ਅੰਗਰੇਜ਼ ਹਕੂਮਤ ਨੂੰ ਗੁਲਾਮਾਂ ਜਿਹਾ ਕੰਮ ਕਰਵਾਉਣ ਲਈ ਬੰਦੇ ਲੱਭਣ ਵਾਸਤੇ ਹੋਰ ਢੰਗ ਸੋਚਣੇ ਪਏ। ਉਨੀਵੀਂ ਸਦੀ ਦੇ ਤੀਜੇ ਦਹਾਕੇ ਵਿਚ ਅੰਗਰੇਜ਼ ਸ਼ਾਸਕਾਂ ਨੇ ਪੂਰਬੀ ਭਾਰਤ ਦੇ ਲੱਖਾਂ ਲੋਕਾਂ ਨੂੰ ਮਾਰਿਸ਼ੀਅਸ, ਫਿਜੀ, ਮਲਾਇਆ ਦੇ ਟਾਪੂ, ਕੀਨੀਆ, ਯੁਗਾਂਡਾ, ਟਰਿਨੀਡਾਡ, ਜਮਾਇਕਾ, ਟਾਂਗਾਨੀਕਾ, ਗੁਆਨਾ ਆਦਿ ਦੇਸ਼ਾਂ ਵਿਚ ਸ਼ੁਰੂ ਕੀਤੀ ਗੰਨੇ ਦੀ ਖੇਤੀ ਕਰਾਉਣ ਲਈ ਕਾਮਿਆਂ ਦੀ ਭਰਤੀ ਕੀਤੀ। ਕਈ ਪੰਜਾਬੀ ਵੀ ਇਸ ਭਰਤੀ ਵਿਚ ਸ਼ਾਮਲ ਸਨ। ਇਹ ਮਜ਼ਦੂਰ ਕਿਸੇ ਨਿਸ਼ਚਿਤ ਬਾਗ ਬਗੀਚੇ ਜਾਂ ਫਾਰਮ ਵਿਚ ਕਿਸੇ ਖਾਸ ਵਕਫੇ ਲਈ ਹੀ (ਆਮ ਤੌਰ 'ਤੇ ਪੰਜ ਤੋਂ ਸੱਤ ਸਾਲ) ਕੰਮ ਕਰਨ ਲਈ ਭੇਜੇ ਜਾਂਦੇ ਸਨ। ਇਹ ਭਰਤੀ ਮਜ਼ਦੂਰ ਅਤੇ ਠੇਕੇਦਾਰ ਵਿਚਕਾਰ ਇਕ ਖਾਸ ਲਿਖਤੀ ਇਕਰਾਰਨਾਮੇ ਅਧੀਨ ਕੀਤੀ ਜਾਂਦੀ ਸੀ ਜਿਸ ਨੂੰ ਅੰਗਰੇਜ਼ੀ ਵਿਚ ਐਗਰੀਮੈਂਟ ਕਿਹਾ ਜਾਂਦਾ ਸੀ। ਇਸ ਅਧੀਨ ਭਰਤੀ ਕੀਤੇ ਮਜ਼ਦੂਰਾਂ ਨੂੰ ਜਾਣ ਦਾ ਕਿਰਾਇਆ ਦਿੱਤਾ ਜਾਂਦਾ ਅਤੇ ਮਿਆਦ ਮੁੱਕਣ 'ਤੇ ਵਾਪਸੀ ਕਿਰਾਇਆ ਦੇਣ ਦਾ ਇਕਰਾਰ ਵੀ। ਪਰ ਮਿਆਦ ਪੁੱਗਣ 'ਤੇ ਠੇਕੇਦਾਰ ਮੁੱਕਰ ਜਾਂਦੇ। ਉਨ੍ਹਾਂ ਉਤੇ ਹੋਰ ਵੀ ਬਹੁਤ ਜ਼ੁਲਮ ਢਾਹੇ ਜਾਂਦੇ। ਮਸਲਨ ਬੀਮਾਰੀ ਦੀ ਹਾਲਤ ਵਿਚ ਡਾਕਟਰੀ ਮਦਦ ਨਾ ਦੇਣਾ, ਔਰਤਾਂ ਦਾ ਲਿੰਗਕ ਸ਼ੋਸ਼ਣ।

ਬਹੁਤੇ ਭਾਰਤੀ ਲੋਕ ਅੰਗੂਠਾਛਾਪ ਹੋਣ ਕਾਰਨ ਇਸ ਐਗਰੀਮੈਂਟ ਵਿਚਲੀਆਂ ਸ਼ਰਤਾਂ ਨਹੀਂ ਸਨ ਸਮਝਦੇ। ਉਹ ਤਾਂ ਐਗਰੀਮੈਂਟ ਸ਼ਬਦ ਨੂੰ ਵੀ ਗਿਰਮਿਟ ਹੀ ਬੋਲਦੇ ਸਨ। ਮੇਰਾ ਖਿਆਲ ਹੈ ਕਿ ਪੂਰਬੀ ਭਾਰਤ ਦੇ, ਖਾਸ ਤੌਰ 'ਤੇ ਬਿਹਾਰੀ ਲੋਕ ਅਜਿਹੇ ਅੰਗਰੇਜ਼ੀ ਸ਼ਬਦ ਨੂੰ ਇਸ ਤਰ੍ਹਾਂ ਵਿਗਾੜ ਲੈਂਦੇ ਹਨ। ਮੈਂ ਬਿਹਾਰੀ ਮਜ਼ਦੂਰਾਂ ਦੇ ਮੂੰਹੋਂ ਸੀਮੈਂਟ ਨੂੰ ਸਿਰਮਿਟ ਕਹਿੰਦੇ ਸੁਣਿਆ ਹੈ। ਇਸ ਐਗਰੀਮੈਂਟ 'ਤੇ ਕੰਮ ਕਰਨ ਵਾਲੇ ਨੂੰ ਗਿਰਮਿਟੀਆ ਕਿਹਾ ਜਾਂਦਾ ਸੀ।

ਇਥੇ ਇਹ ਦੱਸਣਾ ਵੀ ਯੋਗ ਹੈ ਕਿ ਇਨ੍ਹਾਂ ਗਿਰਮਿਟੀਆਂ ਨੂੰ ਜਹਾਜ਼ੀ ਵੀ ਕਿਹਾ ਜਾਂਦਾ ਸੀ ਕਿਉਂਕਿ ਉਹ ਸਮੁੰਦਰੀ ਜਹਾਜ਼ ਰਾਹੀਂ ਸਫਰ ਕਰਕੇ ਫਿਜੀ ਆਦਿ ਦੇਸ਼ਾਂ ਵਿਚ ਜਾਂਦੇ ਸਨ। ਹਿੰਦੀ ਦੇ ਇਕ ਲੇਖਕ ਗਿਰੀਰਾਜ ਕਿਸ਼ੋਰ ਨੇ ਇਕ ਨਾਵਲ ਰਚਿਆ ਹੈ ਜਿਸ ਦਾ ਨਾਮ ਹੈ, 'ਪਹਿਲਾ ਗਿਰਮਿਟੀਆ'। ਇਹ ਨਾਵਲ ਮਹਾਤਮਾ ਗਾਂਧੀ ਦੇ ਦੱਖਣੀ ਅਫਰੀਕਾ ਵਿਚ ਨਿਵਾਸ ਬਾਰੇ ਹੈ। ਇਸ ਵਿਚ ਅਫਰੀਕਾ ਵਿਚ ਨਸਲਵਾਦ ਵਿਰੁਧ ਸੰਘਰਸ਼ ਦਾ ਮਾਰਮਿਕ ਚਿਤਰਣ ਹੈ। ਸੋ ਜਾਪਦਾ ਹੈ, ਕੁਝ ਸ੍ਰੋਤਾਂ ਨੇ ਲੱਖਣ ਲਾਇਆ ਕਿ ਇਸ ਗਿਰਮਿਟ ਤੋਂ ਹੀ ਵਿਗੜ ਕੇ ਗਿਟਮਿਟ ਸ਼ਬਦ ਬਣਿਆ ਹੋਵੇਗਾ।

ਹੁਣ ਦੇਖੀਏ ਕਿ ਗਿਟਮਿਟ ਸ਼ਬਦ 'ਗਿਰਮਿਟ' ਤੋਂ ਕਿਵੇਂ ਨਹੀਂ ਬਣਿਆ ਹੋ ਸਕਦਾ। ਇਸ ਦਾ ਪਹਿਲਾ ਕਾਰਨ ਤਾਂ ਇਹ ਹੈ ਕਿ ਗਿਰਮਿਟ ਸ਼ਬਦ ਬਿਹਾਰੀਆਂ ਦੀ ਕਾਢ ਹੈ। ਜੇ ਉਨ੍ਹਾਂ ਗਿਰਮਿਟ ਨੂੰ ਹੋਰ ਵਿਗਾੜ ਕੇ ਗਿਟਮਿਟ ਬਣਾਇਆ ਮੰਨਿਆ ਜਾਵੇ ਤਾਂ ਗਿਟਮਿਟ ਸ਼ਬਦ ਹਿੰਦੀ ਜਾਂ ਇਸ ਦੀ ਕਿਸੇ ਉਪਭਾਸ਼ਾ ਵਿਚ ਹੋਣਾ ਚਾਹੀਦਾ ਹੈ ਪਰ ਅਜਿਹਾ ਨਹੀਂ ਹੈ। ਹਾਂ, ਹਰਿਆਣਵੀ ਅਤੇ ਪਹਾੜੀ ਵਿਚ ਇਹ ਸ਼ਬਦ ਜ਼ਰੂਰ ਮਿਲਦਾ ਹੈ। ਇਕ ਪਹਾੜੀ ਕਵਿਤਾ ਦੇ ਕੁਝ ਅੰਸ਼ਾਂ ਤੋਂ ਇਸ ਦੀ ਪੁਸ਼ਟੀ ਕਰਦੇ ਹਾਂ:

ਬਗਾਨੇ ਬੋਲ ਬਗਾਨਾ ਭੇਸ  
ਉਹ ਕੀ ਜਾਣੈ ਅਪਣਾ ਦੇਸ।  
ਗਿਟਮਿਟ ਗਿਟਮਿਟ ਕਰਦਾ ਜਾਂਦਾ  
ਭਾਸ਼ਾ ਅਪਣੀ ਛੜਦਾ ਜਾਂਦਾ।  
ਪਰ ਮਤਰੇਆਂ ਨ ਬਣਦੀ ਮਾਂ  
ਮਾਂ ਬੋਲਾ ਭੌਏਂ ਜਹਾਰ ਵਰੇਸ...।

ਹਿੰਦੀ ਵਿਚ ਗਿਟਮਿਟ ਦੇ ਬਰਾਬਰ ਦਾ ਸ਼ਬਦ ਹੈ, ਗਿਟਪਿਟ। ਹਿੰਦੀ 'ਗਿਟਪਿਟ ਕਰਨਾ' ਦਾ ਉਹੀ ਅਰਥ ਹੈ ਜੋ ਪੰਜਾਬੀ 'ਗਿਟਮਿਟ ਕਰਨਾ' ਉਕਤੀ ਦਾ ਹੈ। ਸਮਝੋ ਗਿਟਪਿਟ ਅਤੇ ਗਿਟਮਿਟ ਇਕੋ ਸ਼ਬਦ ਦੇ ਦੋ ਭੇਦ ਹਨ। ਮੇਰੇ ਵਿਚਾਰ ਅਨੁਸਾਰ ਗਿਟਮਿਟ/ਗਿਟਪਿਟ ਧੁਨੀ ਅਨੁਕਰਣਕ ਸ਼ਬਦ ਹਨ। 'ਗ' ਧੁਨੀ ਵਿਚ ਆਵਾਜ਼ ਕੱਢਣ ਦੇ ਭਾਵ ਹਨ ਜਿਵੇਂ ਗਟ ਗਟ ਪਾਣੀ ਪੀਣਾ, ਗੁਟਕਣਾ ਆਦਿ ਵਿਚ। ਗਾਉਣਾ ਸ਼ਬਦ ਵਿਚ 'ਗੈ' ਧਾਤੂ ਕੰਮ ਕਰ ਰਿਹਾ ਹੈ ਜਿਸ ਦਾ ਅਰਥ ਗਾਉਣਾ ਹੀ ਹੈ। ਗਿਟ ਦੇ ਪਿਛੇ ਲੱਗਾ ਮਿਟ ਜਾਂ ਪਿਟ ਤਾਂ ਨਿਰਾਰਥਕ ਸ਼ਬਦ ਹੀ ਕਿਹਾ ਜਾ ਸਕਦਾ ਹੈ ਜੋ ਗਿਟ ਦਾ ਸਾਥ ਹੀ ਨਿਭਾ ਰਿਹਾ ਹੈ। ਪੰਜਾਬੀ ਵਿਚ ਮੂੰਹ ਵਿਚ ਅਸਪਸ਼ਟ ਜਿਹਾ ਬੋਲਣ ਨੂੰ ਗੁਣਨ ਗੁਣਨ ਕਰਨਾ ਕਿਹਾ ਜਾਂਦਾ ਹੈ। ਹਿੰਦੀ ਵਿਚ ਗਿਟਪਿਟ ਬਾਨੀ, ਗਿਟਪਿਟ ਬੋਲੀ ਜਾਂ ਗਿਟਪਿਟ ਭਾਸ਼ਾ ਦਾ ਅਰਥ ਅੰਗਰੇਜ਼ੀ ਵੀ ਹੈ।

ਗਿਟਪਿਟ ਗਿਟਪਿਟ ਗੋਰਾ ਬੋਲੇ,  
ਲੈਟ ਪੈਟ ਕਪਤਾਨ।  
ਕੁੜਤੀ ਪਹਿਨ ਤਿਲੰਗਵਾ ਕੂਦੇ,  
ਮੇਜਰ ਕਰੇ ਕਮਾਨ।

# ਜ਼ਿੰਦਗੀ ਦਾ ਸਫਰ ਮੌਤ ਦੇ ਰਾਹਾਂ 'ਤੇ

*(ਪਿਛਲੇ ਸਫੇ ਦੀ ਬਾਕੀ)*

ਨੇ ਨਿੱਕੀ-ਮੋਟੀ ਗੱਲ 'ਤੇ ਕਈਆਂ ਦੇ ਥੱਪੜ ਵੀ ਮਾਰੇ ਸਨ। ਜਦੋਂ ਨਿਰਦਈਪੁਣਾ ਹੱਦਾਂ ਟੱਪ ਗਿਆ ਤਾਂ ਉਨ੍ਹਾਂ ਦੇ ਬੇਵਜ੍ਹਾ ਕਿਸਮ ਦੇ ਅਤਿਆਚਾਰਾਂ ਖਿਲਾਫ ਜਥੇਬੰਦਕ ਰੂਪ ਵਿਚ ਵਿਰੋਧ ਜਤਾਉਣ ਦੇ ਮਤੇ ਪਕਾਏ ਗਏ ਕਿ ਸਾਰੇ ਜਣੇ ਥੱਲੇ ਉਤਰ ਕੇ ਅੜ ਜਾਓ, ਮੰਗਾਂ ਰੱਖੋ ਕਿ ਜੀਪਾਂ ਇੰਨੇ ਖਤਰਨਾਕ ਤੇ ਘਾਤਕ ਢੰਗ ਨਾਲ ਨਾ ਚਲਾਈਆਂ ਜਾਣ ਅਤੇ ਆਰਾਮ ਵੀ ਦਿੱਤਾ ਜਾਵੇ। ਉਨ੍ਹਾਂ ਨੂੰ ਮੰਨਣਾ ਹੀ ਪਏਗਾ।

ਫਿਰ ਜੀਪਾਂ ਉਛਲ ਕੇ ਡਿੰਗੀਆਂ ਤਾਂ ਸਭ ਦੀਆਂ ਦਰਦਨਾਕ ਚੀਕਾਂ ਬੁਲੰਦ ਹੋ ਗਈਆਂ। ਜੀਪਾਂ ਨੂੰ ਹੱਥਾਂ ਦੀਆਂ ਜ਼ੋਰਦਾਰ ਥਾਪਾਂ ਮਾਰੀਆਂ ਗਈਆਂ। ਗੱਡੀਆਂ ਰੁਕ ਗਈਆਂ, ਸਭ ਥੱਲੇ ਉਤਰ ਗਏ। ਡੌਕਰਾਂ ਨੂੰ ਕਾਰਨ ਅਤੇ ਵਿਰੋਧ ਸਮਝਾਇਆ ਤਾਂ ਉਹ ਜਵਾਬ ਵਿਚ ਅਰਬੀ ਅਲਫਾਜ਼ ਦੇ ਫੁੰਕਾਰੇ ਮਾਰਦੇ ਸੀਟਾਂ ਉਤੇ ਜਾ ਬੈਠੇ। ਗੱਡੀਆਂ ਹੌਲੀ ਹੌਲੀ ਅੱਗੇ ਵਧੀਆਂ ਤਾਂ ਸਾਰੇ ਜਣੇ ਭੌਰ-ਭੌਰ ਹੋਏ, ਘਬਰਾਏ, ਫਿਰ ਆਪੋ-ਧਾਪ ਮਚਾਉਂਦਿਆਂ ਚਲਦੀਆਂ ਜੀਪਾਂ ਵਿਚ ਛਾਲਾਂ ਮਾਰ ਗਏ।

ਮੈਂ ਹੜਬੜਾਇਆ, ਇਕੱਲਾ ਪਿੱਛੇ ਖੜ੍ਹਾ ਰਿਹਾ। ਮੈਂ ਸ਼ੱਕ ਅਤੇ ਰੋਹ ਭਰੇ ਭਾਵਾਂ ਨਾਲ ਉਨ੍ਹਾਂ ਬੁਜ਼ਦਿਲਾਂ ਨੂੰ ਹਿਕਾਰਤ ਭਰੀ ਨਿਗ੍ਹਾ ਨਾਲ ਦੂਰ ਹੁੰਦਿਆਂ ਦੇਖਦਾ ਰਿਹਾ। ਮੈਨੂੰ ਯਕੀਨ ਸੀ ਕਿ ਡੌਕਰ ਮੈਨੂੰ ਛੱਡ ਕੇ ਨਹੀਂ ਜਾ ਸਕਦੇ। ਕਾਫੀ ਦੂਰ ਜਾ ਕੇ ਜੀਪਾਂ ਰੁਕ ਗਈਆਂ, ਮੁੰਡਿਆਂ ਨੇ ਮੇਰੇ ਵੱਲ ਹੱਥ ਹਿਲਾਏ। ਮੈਂ ਉਨ੍ਹਾਂ ਦੀ ਸਵਾਰਥੀ ਕਾਇਰਤਾ ਤੋਂ ਕਲਪਿਆ, ਬੇਵਸੀ ਨਾਲ ਕੁੜ੍ਹਦਾ ਗੱਡੀ ਵੱਲ ਵਧ ਗਿਆ। ਆਪਣੇ ਤੋਂ ਸਿਵਾ ਕਿਸੇ 'ਤੇ ਵੀ ਭਰੋਸਾ ਕਰਨਾ ਇੰਨਾ ਸਹਿਲ ਨਹੀਂ।

ਹੁਣ ਗੱਡੀਆਂ ਜਾਣ-ਬੁਝ ਕੇ ਟੋਇਆਂ ਵਿਚ ਸੁੱਟੀਆਂ ਜਾ ਰਹੀਆਂ ਸੀ। ਡੌਕਰ ਨਾਰਾਜ਼ ਸਨ, ਸਾਡੇ ਵਿਰੋਧ ਜਤਾਉਣ ਦੇ ਵਿਰੋਧ ਵਿਚ ਉਹ ਆਪਣਾ ਗੁੱਸਾ ਆਪਣੇ ਤਰੀਕੇ ਨਾਲ ਜਤਾ ਰਹੇ ਸਨ। ਦਰਦਨਾਕ ਚੀਕਾਂ ਨਾਲ ਸ਼ਾਂਤ ਰੇਗਿਸਤਾਨ ਫਿਰ ਗੂੰਜਣ ਲੱਗ ਪਿਆ ਸੀ। ਸਾਡੇ ਕੋਲ ਭੋਰਾ ਭਰ ਵੀ ਅਧਿਕਾਰ ਕਰਨੋ ਨਹੀਂ ਸਨ। ਇਹ ਸਭ ਸ਼ਾਇਦ ਇੰਜ ਹੀ ਚੱਲਣਾ ਸੀ ਤੇ ਸਾਡੀ ਦਖਲਅੰਦਾਜ਼ੀ ਨਾਲ ਹਾਲਾਤ ਹੋਰ ਮੁਸ਼ਕਿਲ ਹੁੰਦੇ ਜਾਣੇ ਸਨ।

ਪਹਿਲੇ ਡੇਢ ਕੁ ਰੋਜ਼ ਸਫਰ ਦੀ ਉਤੇਜਨਾ ਅਧੀਨ ਸਾਡੇ ਦਰਮਿਆਨ ਹਲਕੀਆਂ-ਫੁਲਕੀਆਂ ਮਜ਼ਾਹੀਆ ਗੱਲਾਂ ਸਾਂਝੀਆਂ ਹੁੰਦੀਆਂ ਰਹੀਆਂ ਸਨ। ਤੀਜੇ ਦਿਨ ਸੁਭਾਅ ਵਿਚ ਤਿੱਖਾ ਚਿੜਚਿੜਾਪਨ, ਬੇਵਸੀ ਵਿਚੋਂ ਉਪਜਿਆ ਰੋਹ ਅਤੇ ਗੁੱਸੇ ਵਾਲੇ ਹਾਵ-ਭਾਵ ਨਜ਼ਰ ਆਉਣੇ ਸ਼ੁਰੂ ਹੋ ਗਏ।

ਅਮੂਮਨ ਅਸੀਂ ਗੁੰਮਸੁੰਮ ਜਿਹੇ ਰਹਿੰਦੇ, ਜਿਸਮ ਬੁਰੀ ਤਰ੍ਹਾਂ ਥੱਕੇ-ਟੁੱਟੇ ਲੱਗਦੇ। ਇਕ-ਦੂਜੇ ਦੇ ਉਤਰੇ ਹੋਏ ਮੂੰਹ ਦੇਖਦੇ, ਸੂਰਜ ਦੀ ਕਰੂਰ ਤਪਸ਼ ਨਾਲ ਨੈਣ-ਨਕਸ਼ ਪਿਘਲਦੇ ਜਾਪਦੇ। ਬੇਸ਼ੁਮਾਰ ਸੋਚਾਂ ਵਿਚੋਂ ਉਪਜਦਾ ਦਰਦ ਸਾਰੇ ਚਿਹਰੇ ਨੂੰ ਆਪਣੀ ਲਪੇਟ ਵਿਚ ਲੈ ਰਿਹਾ ਸੀ। ਉਦਾਸ ਨੈਣਾਂ ਵਿਚ ਬਦਤਰ ਕਿਸਮ ਦੀ ਲਾਚਾਰੀ ਤੈਰਦੀ ਨਜ਼ਰੀਂ ਪੈਂਦੀ। ਫਿਰ ਘਬਰਾ ਕੇ ਦੂਰ ਕਿਤੇ ਖਲਾਅ ਵਿਚ ਨਜ਼ਰਾਂ ਗੱਡੀ ਜਹਾਨ ਭਰ ਦੀਆਂ ਸੋਚਾਂ ਵਿਚ ਗਰਕ ਹੋ ਜਾਂਦੇ। ਗਾਹੇ-ਬਗਾਹੇ ਆਸ, ਉਤਸੁਕਤਾ ਨਾਲ 'ਸਹਾਰਾ' ਦਾ ਕੋਈ ਕੰਢਾ-ਕਿਨਾਰਾ ਲੱਭਣ ਦੀ ਕੋਸ਼ਿਸ਼ ਵਿਚ ਅੱਖਾਂ 'ਤੇ ਹਥੇਲੀ ਦੀ ਛੱਤ ਬਣਾਈ ਇਕ ਟੱਕ ਕਿਸੇ ਪਾਸੇ ਐਵੇਂ ਨਜ਼ਰਾਂ ਟਿਕਾਈ ਕਿੰਨਾ ਕਿੰਨਾ ਚਿਰ ਬੈਠੇ ਰਹਿੰਦੇ।

ਜੀਪਾਂ ਮਿਥੀ ਅਤੇ ਭਰਪੂਰ ਗਤੀ ਨਾਲ ਆਪਣੇ ਪਿੱਛੇ ਰੇਤ ਦੇ ਗੁਬਾਰ ਉਡਾਉਂਦੀਆਂ ਦੌੜਦੀਆਂ ਰਹਿੰਦੀਆਂ। ਸਾਰੇ ਜਣੇ ਉਛਲਦੇ-ਡਿੰਗਦੇ, ਆਪਣੀ ਪਕੜ ਕਿਸੇ ਨਾ ਕਿਸੇ ਸਹਾਰਾ ਦਿੰਦੀ ਚੀਜ਼ 'ਤੇ ਮਜ਼ਬੂਤ ਬਣਾਈ ਰੱਖਦੇ, ਕਿਉਂਕਿ ਆਪਣੀ ਮੌਤ ਦੇ ਜ਼ਿੰਮੇਦਾਰ ਉਹ ਖੁਦ ਨਹੀਂ ਸੀ ਬਣਨਾ ਚਾਹੁੰਦੇ। ਅਸੀਂ ਜ਼ਿੰਦਗੀ ਦਾ ਪੱਲਾ ਇੰਨੀ ਆਸਾਨੀ ਨਾਲ ਨਹੀਂ ਸੀ ਛੱਡਣਾ।



ਕੋਈ ਜ਼ਿੰਦਗੀ ਜੀਪ ਦਾ ਕੋਈ ਕੋਨਾ ਫੜੀ ਅਹਿਲ ਬੈਠੀ ਸੀ... ਕਿਤੇ ਜ਼ਿੰਦਗੀ ਨੇ ਦੂਸਰੀ ਜ਼ਿੰਦਗੀ ਦੀ ਲੱਤ-ਬਾਂਹ ਵਲ੍ਹੇਟੀ ਹੋਈ ਸੀ... ਕਿਤੇ ਜ਼ਿੰਦਗੀ ਨੇ ਕਿਸੇ ਰੱਸੇ ਨੂੰ ਵਲੇਵਾਂ ਮਾਰਿਆ ਸੀ... ਕੋਈ ਜ਼ਿੰਦਗੀ ਕਿਸੇ ਹੋਰ ਜ਼ਿੰਦਗੀ ਨਾਲ ਗਲਵੱਕੜੀ ਵਾਂਗ ਚਿੰਬੜੀ ਬੈਠੀ ਸੀ। ਜ਼ਿੰਦਗੀਆਂ ਉਛਲਦੀਆਂ-ਢਹਿੰਦੀਆਂ, ਬਾਜ਼ੀਆਂ ਖਾਂਦੀਆਂ, ਦਰਦ ਨਾਲ ਕਲਪਦੀਆਂ, ਭੁੱਖ-ਪਿਆਸ, ਗਰਮੀ ਨਾਲ ਨਿਢਾਲ ਹੁੰਦੀਆਂ, ਇਕ-ਦੂਜੇ ਵੱਲ ਹੱਥ ਵਧਾਉਂਦੀਆਂ ਖੁਦ ਨੂੰ ਕਾਇਮ ਰੱਖੇ ਜਾਣ ਲਈ ਪੁਰਜ਼ੋਰ ਤਾਕਤ ਲਾ ਰਹੀਆਂ ਸਨ।

13-13 ਵਜੂਦਾਂ ਦੇ ਤਿੰਨ-ਤਿੰਨ ਜ਼ਿੰਦਗੀਆਂ ਦੇ ਢੇਰ ਪੂਰੀ ਕੋਸ਼ਿਸ਼ ਵਿਚ ਸਨ ਕਿ ਆਪਣੇ ਹਿੱਸੇ ਦੇ ਜੀਵਨ ਨੂੰ ਮਰਨ ਨਹੀਂ ਦੇਣਾ; ਜਿਥੇ ਤਕ ਹੋ ਸਕੇ, ਜਦੋਂ ਤਕ ਹੋ ਸਕੇ। ਜ਼ਿੰਦਗੀਆਂ ਦੇ ਢੇਰ ਪੂਰੇ ਆਤਮਵਿਸ਼ਵਾਸ ਨਾਲ ਸਾਹ ਲੈ ਰਹੇ ਸਨ ਕਿ ਜੇ ਜੀਣਾ ਮੁਸ਼ਕਿਲ ਹੁੰਦਾ ਜਾ ਰਿਹੈ ਤਾਂ ਮਰ ਜਾਣਾ ਸਾਡੇ ਲਈ ਹੋਰ ਵੀ ਮੁਸ਼ਕਿਲ ਹੈ। ਆਖਿਰ ਬਦਤਰ ਮੌਤ ਮਰਨ ਲਈ ਨਹੀਂ, ਅਸੀਂ ਘਰੋਂ ਬਿਹਤਰ ਜ਼ਿੰਦਗੀ ਜੀਣ ਲਈ ਨਿਕਲੇ ਸਾਂ।

ਦੁਨੀਆਂ ਦੇ ਤਾਕਤਵਰ ਦਿਮਾਗਾਂ ਨੇ ਜ਼ਮੀਨਾਂ ਨੂੰ ਟੁਕੜਿਆਂ ਵਿਚ ਵੰਡ ਲਿਆ। ਕਾਗਜ਼ੀ ਲਕੀਰਾਂ, ਹਿੱਸੇਦਾਰੀਆਂ ਨੂੰ ਅਮਲੀ ਜਾਮੇ ਪਹਿਨਾ ਦਿੱਤੇ ਗਏ, ਮੁਲਕਾਂ ਦੇ ਨਾਂਵਾਂ ਦੇ ਮੀਲ ਪੱਥਰ ਗੱਡ ਕੇ, ਕੰਡਿਆਲੀਆਂ ਤਾਰਾਂ ਦੀਆਂ ਵਾੜਾਂ ਕਰ ਕੇ। ਇਸ ਮੁਹਿੰਮ ਅਧੀਨ 'ਸਹਾਰਾ' ਰੇਗਿਸਤਾਨ ਵਿਚ ਵੱਡੇ ਟਾਇਰ ਰੇਤ ਵਿਚ ਗੱਡ ਕੇ, ਵੱਡੇ ਵੱਡੇ ਪੱਥਰ ਰੱਖ ਕੇ ਮੁਲਕਾਂ ਵਲੋਂ ਆਪੋ-ਆਪਣੀਆਂ ਹਿੱਸੇਦਾਰੀਆਂ ਨਿਸ਼ਚਿਤ ਕੀਤੀਆਂ ਹੋਈਆਂ ਸਨ। ਬਟਵਾਰਿਆਂ ਨੇ ਵੀਰਾਨਿਆਂ ਨੂੰ ਵੀ ਨਹੀਂ ਸੀ ਬਖਸ਼ਿਆ!

ਸਾਡਾ ਕਾਰਵਾਂ ਨਿਰੰਤਰ ਰਵਾਂ ਸੀ, ਸੂਰਜ ਦਾ ਪਿੱਛਾ ਕਰਦਿਆਂ, ਗੱਡੀਆਂ ਦੀਆਂ ਲੀਹਾਂ ਅਤੇ ਹੋਰ ਨਿਸ਼ਾਨੀਆਂ ਦੀ ਤਸਦੀਕ ਕਰਦਾ, ਪਰ ਮੁਕੰਮਲ ਚੌਕਸੀ ਤੇ ਸਾਵਧਾਨੀ ਵਰਤਦਾ ਹੋਇਆ। ਉਚੇ-ਨੀਵੇਂ ਰੇਤ ਦੇ ਟਿੱਬੇ ਪਿੱਛੇ ਛੱਡਦਾ, ਤੇਜ਼ੀ ਨਾਲ ਲਹਿੰਦੇ ਵੱਲ ਸਾਡਾ ਕਾਫਿਲਾ ਦਿਨ-ਰਾਤ ਚਲਦਾ ਜਾ ਰਿਹਾ ਸੀ।

ਰੇਗਿਸਤਾਨ ਵਿਚ ਕੁਦਰਤ ਨੇ ਅਨੂਠਾ ਸਮਤੋਲ ਕਾਇਮ ਰੱਖਿਆ ਸੀ। ਜਿਹੜੀ ਰੇਤ ਦਿਨੇ ਦਾਣੇ ਭੁੰਨਣ ਜਿਹੀ ਤਪ ਜਾਂਦੀ, ਉਹੀ ਰਾਤ ਨੂੰ ਚੰਗੀ-ਭਲੀ ਠੰਢਕ ਪੈਦਾ ਕਰ ਦਿੰਦੀ ਸੀ। ਠੰਢੀ ਹਵਾ ਵਿਚ, ਤੜਕੇ ਜਿਹੇ ਸਾਨੂੰ ਜੈਕਟਾਂ-ਲੋਈਆਂ ਦੀ ਪਨਾਹ ਲੈਣੀ ਪੈ ਜਾਂਦੀ। ਬਹਰਹਾਲ, ਵਕਤ ਆਪਣੇ ਕੋਝੇ ਢੰਗ ਨਾਲ ਗੁਜ਼ਰ ਰਿਹਾ ਸੀ ਅਤੇ ਅਸੀਂ ਯੂਰਪ ਦੀ ਦੂਰੀ ਘਟਾਉਂਦੇ ਜਾ ਰਹੇ ਸਾਂ।

ਸਾਡੀ ਜ਼ਿੰਦਗੀ ਦੀਆਂ ਡੋਰਾਂ ਡੌਕਰਾਂ ਦੀਆਂ ਉਂਗਲਾਂ ਵਿਚ ਉਲਝੀਆਂ ਹੋਈਆਂ ਸਨ, ਉਨ੍ਹਾਂ ਦੀਆਂ ਡੋਰਾਂ ਉਨ੍ਹਾਂ ਤੋਂ ਤਕੜੇ ਏਜੰਟਾਂ-ਡੌਕਰਾਂ ਦੇ ਹੱਥਾਂ ਵਿਚ ਸਨ। ਵਾਕਈ ਹਰ ਇਨਸਾਨ ਕਠਪੁਤਲੀ ਵਾਂਗ ਹੀ ਤਾਂ ਹੈ, ਕਿਸੇ ਦੀ ਡੋਰ ਕਿਸੇ ਦੇ ਹੱਥ, ਕਿਸੇ ਦੀ ਕਿਸੇ ਹੱਥ; ਪਰ ਇਹ ਤਾਂ ਨਿਸ਼ਚਿਤ ਏ, ਹਰ ਡੋਰ ਦਾ ਆਖਰੀ ਸਿਰਾ ਸਿਰਫ ਇਕੋ ਹੱਥ ਵਿਚ ਹੀ ਹੈ ਜੋ ਹਰ ਕਠਪੁਤਲੀ ਨੂੰ ਆਪਣੇ ਇਸ਼ਾਰੇ 'ਤੇ ਨਚਾਉਂਦਾ ਹੈ ਤੇ ਜਦ ਚਾਹਵੇ, ਝਟਕੇ ਨਾਲ ਤੋੜ ਦਿੰਦਾ ਹੈ। ਸਾਡੇ ਵਾਸਤੇ ਇਹ ਸਭ ਕੁਝ ਚਾਹੇ ਕੁਝ ਵੀ ਮਾਅਨੇ ਰੱਖਦਾ ਹੋਵੇ, ਪਰ ਉਸ ਲਈ ਇਹ ਸਿਰਫ ਖੇਲ ਹੀ ਹੈ।

ਕਿਸੇ ਨੂੰ ਵੀ ਖਬਰ ਨਹੀਂ ਸੀ, 'ਸਹਾਰਾ ਰੇਗਿਸਤਾਨ' ਦਾ ਬੰਜਰਪੁਣਾ, ਉਜਾੜ-ਵੀਰਾਨਾ ਸਾਨੂੰ ਆਪਣੀਆਂ ਦੇਹਾਂ ਅਤੇ ਮਨਾਂ ਉਪਰ ਕਦੋਂ ਤੱਕ, ਕਿਥੇ ਤਕ ਹੰਢਾਉਣਾ ਪੈਣਾ ਸੀ। ਸੂਰਜ ਚੜ੍ਹਦਾ ਰਿਹਾ, ਲਹਿੰਦਾ ਰਿਹਾ; ਚੰਨ ਉਗਦਾ ਰਿਹਾ, ਢਲਦਾ ਰਿਹਾ। 39 ਜ਼ਿੰਦਗਾਨੀਆਂ ਦੇ ਤਿੰਨ ਸਾਹ ਭਰਦੇ ਢੇਰਾਂ ਦਾ ਸਫਰ ਬਾਦਸਤੂਰ ਜਾਰੀ ਸੀ... ਮੌਤ ਦੀਆਂ ਪੈੜਾਂ 'ਤੇ।

(ਚਲਦਾ)

# ਦੋਵੇਂ ਪਾਸਿਓਂ ਬਲਦੀ ਮੋਮਬੱਤੀ ਦਲਬੀਰ ਸਿੰਘ

## ਦਸਵੀਂ ਬਰਸੀ ’ਤੇ

***28 ਜੁਲਾਈ ਨੂੰ ਪੱਤਰਕਾਰ ਦਲਬੀਰ ਸਿੰਘ ਨੂੰ ਸਾਥੋਂ ਵਿਛੜਿਆਂ ਪੂਰੇ ਦਸ ਸਾਲ ਹੋ ਗਏ ਹਨ। ਉਂਜ ਅੱਜ ਵੀ ਉਹਦੀਆਂ ਯਾਦਾਂ, ਬੀਤੇ ਕੱਲ੍ਹ ਵਾਂਗ ਦਿਲੋ-ਦਿਮਾਗ ਉਤੇ ਛਾਈਆਂ ਹੋਈਆਂ ਹਨ। ਇੰਨੇ ਸਾਲ ਲੰਘ ਜਾਣ ਤੋਂ ਬਾਅਦ ਵੀ ਉਹਦੇ ਹੋਣ ਦਾ ਅਹਿਸਾਸ ਉਹਦੀ ਵਿਲੱਖਣ ਸ਼ਖਸੀਅਤ ਦੀ ਹੀ ਸੂਹ ਦਿੰਦਾ ਹੈ। ਆਪਣੀ ਸ਼ਖਸੀਅਤ ਵਾਂਗ ਹਰ ਹਫਤੇ ਉਸ ਵੱਲੋਂ ਲਿਖਿਆ ਕਾਲਮ ਵੀ ਉਨਾ ਹੀ ਦਿਲਚਸਪ ਅਤੇ ਜਾਣਕਾਰੀ ਭਰਪੂਰ ਹੁੰਦਾ ਸੀ। ਉਹ ਆਪਣੇ ਕਾਲਮ ਵਿਚ ਕੋਈ ਵੀ ਮਸਲਾ ਛੋਹ ਲੈਂਦਾ ਅਤੇ ਫਿਰ ਗਲੋਟਾ ਉਧੜਨ ਵਾਂਗ, ਅਗਾਂਹ ਗੱਲਾਂ ਵਿਚੋਂ ਗੱਲਾਂ ਨਿਕਲਦੀਆਂ ਜਾਂਦੀਆਂ। ਇਸ ਸ਼ਖਸੀਅਤ ਨੂੰ ਅਸੀਂ ਉਘੇ ਲਿਖਾਰੀ ਗੁਰਬਚਨ ਸਿੰਘ ਭੁੱਲਰ ਦੀ ਇਸ ਲਿਖਤ ਰਾਹੀਂ ਯਾਦ ਕਰ ਰਹੇ ਹਾਂ। -ਸੰਪਾਦਕ***

ਦਲਬੀਰ ਸਿੰਘ ਨਾਲ ਮੇਰੀ ਜਾਣ-ਪਛਾਣ ਪੁਰਾਣੀ ਸੀ, ਪਰ ਨੇੜਤਾ ਉਸ ਸਮੇਂ ਹੋਈ ਜਦੋਂ ਮੈਂ ‘ਪੰਜਾਬੀ ਟ੍ਰਿਬਿਊਨ’ ਦਾ ਸੰਪਾਦਕੀ ਕਾਰਜ ਸੰਭਾਲਿਆ। ਇਸ ਨੇੜਤਾ ਸਮੇਂ ਉਹਦਾ ਜੋ ਰੂਪ ਮੇਰੇ ਸਾਹਮਣੇ ਆਇਆ, ਉਹ ਬਰੀਕਬੀਨ ਪੱਤਰਕਾਰ, ਅਣਥੱਕ ਕਲਮੀ ਕਾਮੇ, ਦਿਲਚਸਪ ਸਹਿਕਰਮੀ ਅਤੇ ਕੁਝ ਕੁਝ ਲਾਪ੍ਰਵਾਹ ਬੰਦੇ ਦਾ ਰੂਪ ਸੀ।

ਉਹਨੇ ਪੱਤਰਕਾਰੀ ਉਸ ਸਮੇਂ ਸ਼ੁਰੂ ਕੀਤੀ, ਜਦੋਂ ਪੰਜਾਬੀ ਪੱਤਰਕਾਰੀ ਵਿਚ ਕੋਈ ਤਨਖਾਹ ਗਰੇਡ ਨਹੀਂ ਸਨ ਹੁੰਦੇ ਅਤੇ ਪੱਤਰਕਾਰਾਂ ਲਈ ਕੋਈ ਤਨਖਾਹ ਕਮਿਸ਼ਨ ਨਹੀਂ ਸਨ ਥਾਪੇ ਜਾਂਦੇ।




ਗੁਰਬਚਨ ਸਿੰਘ ਭੁੱਲਰ
ਫੋਨ: 091-1142502364
bhullargs@gmail.com

ਇਹ ਪੱਤਰਕਾਰੀ ਰੁੱਖੀ ਮਿੱਸੀ ਰੋਟੀ ਦਿੰਦੀ ਸੀ ਅਤੇ ਅਗਾਂਹ ਵਧੂ ਪੱਤਰਕਾਰੀ, ਜਿਸ ਨਾਲ ਦਲਬੀਰ ਜੁੜਿਆ, ਲੋਕਾਂ ਦੇ ਦੁੱਖ ਸੁੱਖ ਨਾਲ ਜੁੜਨ ਦਾ, ਜੀਵਨ ਨੂੰ ਸਾਧਾਰਨ ਲੋਕਾਂ ਦੇ ਕੋਣ ਤੋਂ ਦੇਖਣ ਦਾ ਮੌਕਾ ਦਿੰਦੀ ਸੀ। ਅੱਗੇ ਚੱਲ ਕੇ ਜਦੋਂ ਉਹ ਇਸ ਪੱਤਰਕਾਰੀ ਵਿਚੋਂ ਚੰਗੀ ਤਨਖਾਹ ਅਤੇ ਸੁੱਖ ਸਹੂਲਤਾਂ ਵਾਲੀ ਪੱਤਰਕਾਰੀ ਵਿਚ ਪੁੱਜਿਆ, ਉਹਨੇ ਜਨ ਸਾਧਾਰਨ ਦੀਆਂ ਭਾਵਨਾਵਾਂ ਨਾਲ ਆਪਣੀ ਨੇੜਤਾ ਬਣਾਈ ਰੱਖੀ ਤੇ ਆਪਣੇ ਮੂਲ ਨਜ਼ਰੀਏ ਵਿਚ ਕੋਈ ਤਬਦੀਲੀ ਨਾ ਆਉਣ ਦਿੱਤੀ।

ਦਲਬੀਰ ਸਿੰਘ ਦੀ ਤਿੱਖੀ ਪੱਤਰਕਾਰਾਨਾ ਨਜ਼ਰ ਉਸ ਸਮੇਂ ਉਜਾਗਰ ਹੁੰਦੀ, ਜਦੋਂ ਪਹਿਲੇ ਪਹਿਰ ਉਸ ਦਿਨ ਦੇ ਸੰਪਾਦਕੀ ਬਾਰੇ ਵਿਚਾਰ ਚਰਚਾ ਲਈ ਸਹਾਇਕ ਸੰਪਾਦਕ ਮੇਰੇ ਨਾਲ ਜੁੜ ਬੈਠਦੇ। ਇਨ੍ਹਾਂ ਬੈਠਕਾਂ ਦਾ ਉਹ ਸਰਗਰਮ ਭਾਈਵਾਲ ਤਾਂ ਹੁੰਦਾ ਹੀ, ਉਹਦੀਆਂ ਦੋ ਖਾਸੀਅਤਾਂ ਮੁੜ ਮੁੜ ਸਾਹਮਣੇ ਆਉਂਦੀਆਂ। ਇਕ ਤਾਂ ਉਹਦੀ ਨਜ਼ਰ ਦਾ ਘੇਰਾ ਕੁਝ ਹੋਰਾਂ ਵਾਂਗ ਪੰਜਾਬ ਦੀ ਅਕਾਲੀ-ਕਾਂਗਰਸੀ ਰਾਜਨੀਤੀ ਤੱਕ ਸੀਮਤ ਨਹੀਂ ਸੀ, ਉਹਨੂੰ ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਵਾਪਰਨ ਵਾਲੀ ਘਟਨਾ ਬਾਰੇ ਚੰਗੀ ਜਾਣਕਾਰੀ ਹੁੰਦੀ ਸੀ। ਦੂਜੀ ਗੱਲ, ਹਰ ਤੱਥ ਬਾਰੇ, ਹਰ ਘਟਨਾ ਬਾਰੇ ਉਹਦਾ ਆਪਣਾ ਨਜ਼ਰੀਆ, ਆਪਣਾ ਰਾਜਨੀਤਕ ਵਿਚਾਰ ਹੁੰਦਾ ਸੀ, ਜੋ ਕਈ ਹੋਰ ਪੱਤਰਕਾਰਾਂ ਦੇ ਉਲਟ ਇਸ ਤੱਥ ਤੋਂ ਪ੍ਰਭਾਵਤ ਨਹੀਂ ਸੀ ਹੁੰਦਾ ਕਿ ਚੰਡੀਗੜ੍ਹ ਦੀ ਗੱਦੀ ‘ਤੇ ਕੌਣ ਜਾਂ ਕਿਹੜੀ ਪਾਰਟੀ ਬਿਰਾਜਮਾਨ ਹੈ। ਮੈਨੂੰ ਚੇਤੇ ਹੈ, ਜਦੋਂ ਭਾਰਤ ਨੇ ਦੂਜੀ ਵਾਰ ਐਟਮੀ ਬੰਬ ਦਾ ਤਜਰਬਾ ਕੀਤਾ, ਉਹ ਸੰਪਾਦਕੀ ਬੈਠਕ ਵਿਚ ਭਾਰਤੀ ਵਿਗਿਆਨੀਆਂ ਦੀ ਇਸ ਤਕਨਾਲੋਜੀਕਲ ‘ਪ੍ਰਾਪਤੀ’ ਨੂੰ ਪ੍ਰਵਾਨ ਕਰਨ ਲਈ ਤਿਆਰ ਨਹੀਂ ਸੀ। ਲੋਕਾਂ ਨੂੰ ਮਾਰਨ ਵਾਲੇ ਬੰਬ ਬਣਾਉਣ ਦੀ ਥਾਂ ਜੇ ਵਿਗਿਆਨੀਆਂ ਨੇ ਆਪਣੀ ਪ੍ਰਤਿਭਾ ਕਿਸੇ ਕਲਿਆਣਕਾਰੀ ਕਾਰਜ ਦੇ ਲੇਖੇ ਲਗਾਈ ਹੁੰਦੀ, ਉਹ ਨਿਸਚੇ ਹੀ ਉਨ੍ਹਾਂ ਨੂੰ ਸਲਾਮ ਕਰਦਾ!

ਪੱਤਰਕਾਰ ਹੋਵੇ ਜਾਂ ਸਾਹਿਤਕਾਰ, ਸਫਲ ਉਹੋ ਹੁੰਦਾ ਹੈ, ਜੋ ਜਾਣਦਾ ਹੋਵੇ ਕਿ ਉਹਨੇ ਕੀ ਲਿਖਣਾ ਹੈ ਅਤੇ ਕਿਵੇਂ ਲਿਖਣਾ ਹੈ? ਭਾਵ ਉਹਦੇ ਵਿਚਾਰਾਂ ਵਿਚ ਸਪਸ਼ਟਤਾ ਹੋਵੇ ਅਤੇ ਭਾਸ਼ਾ ‘ਤੇ ਉਹਦਾ ਕਾਬੂ ਹੋਵੇ। ਦਲਬੀਰ ਅਜਿਹਾ ਹੀ ਪੱਤਰਕਾਰ ਸੀ। ਸੰਪਾਦਕੀ ਬੈਠਕ ਸਮੇਂ ਜੇ ਮੈਂ ਉਹਨੂੰ ਉਸ ਦਿਨ ਦਾ ਸੰਪਾਦਕੀ ਲਿਖਣ ਲਈ ਆਖਦਾ, ਜਾਂ ਉਹ ਆਪਣੀ ਰੁਚੀ ਅਨੁਸਾਰ ਹੋਣ ਕਰ ਕੇ ਲਿਖਣ ਦੀ ਪੇਸ਼ਕਸ਼ ਆਪੇ ਕਰਦਾ, ਕੁਝ ਹੀ ਸਮੇਂ ਮਗਰੋਂ ਲਿਖਤ ਮੇਰੀ ਮੇਜ਼ ‘ਤੇ ਹੁੰਦੀ। ਲਿਖਣ ਵੇਲੇ ਉਹਨੂੰ ਮੱਥਾ ਠਕੋਰਨ ਦੀ, ਕੱਟ-ਵੱਢ ਕਰਨ ਦੀ, ਅੰਗੜਾਈਆਂ ਲੈਣ ਦੀ ਲੋੜ ਨਹੀਂ ਸੀ ਪੈਂਦੀ। ਆਪਣੇ ਐਤਵਾਰੀ ਕਾਲਮ ਬਾਰੇ ਵੀ ਉਹਦਾ ਹਾਲ ਇਹੋ ਸੀ। ਆਖਰੀ ਹੱਦ ਵੀਰਵਾਰ ਦੀ ਹੁੰਦੀ ਸੀ। ਜੇ ਉਹ ਆਪਣੀ ਲਿਖਤ ਬੁੱਧਵਾਰ ਤੱਕ ਨਾ ਦੇ ਸਕਦਾ, ਵੀਰਵਾਰ ਨੂੰ ਆਉਂਦਾ ਹੀ ਆਖਦਾ, “ਮੈਂ ਕੁਝ ਕੰਮਾਂ ਵਿਚ ਫਸਿਆ ਰਿਹਾ, ਕਾਲਮ ਤੁਹਾਨੂੰ ਹੁਣੇ ਲਿਖ ਕੇ ਦਿੰਦਾ ਹਾਂ।” ਉਹ ਕਿਸੇ ਵੀ ਗੱਲ ਨੂੰ ਲੈ ਕੇ, ਇਥੋਂ ਤੱਕ ਕਿ ਕਿਸੇ ਛੋਟੀ ਜਿਹੀ, ਸਾਧਾਰਨ ਜਿਹੀ ਗੱਲ ਨੂੰ ਲੈ ਕੇ ਵੀ ਪਹਿਲੀ ਘੁੰਡੀ ਮੇਲਦਾ ਅਤੇ ਫੇਰ ਘੁੰਡੀ ਵਿਚ ਘੁੰਡੀ ਮਿਲਾ ਕੇ ਪੰਨਿਆਂ ਦੇ ਪੰਨੇ ਭਰਦੇ ਜਾਂਦੇ। ਗੱਲ ਵਿਚੋਂ ਗੱਲ ਨਿਕਲਦੀ ਜਾਂਦੀ ਅਤੇ ਵਿਚਾਰ ਵਿਚੋਂ ਵਿਚਾਰ ਉਭਰਦਾ ਰਹਿੰਦਾ। ਉਹ ਇਕ ਵਿਚਾਰ ਨੂੰ ਕਿੱਲੀ ਬਣਾ ਲੈਂਦਾ ਅਤੇ ਉਸ ‘ਤੇ ਟੰਗੇ ਜਾ ਸਕਣ ਵਾਲੇ ਵਿਚਾਰ ਜੋੜਦਾ ਜਾਂਦਾ।

ਉਹਦੀ ਇਕ ਸਿਫਤ ਅਜਿਹੀ ਸੀ ਜੋ ਬਹੁਤੇ ਪੱਤਰਕਾਰਾਂ ਵਿਚ ਨਹੀਂ ਹੁੰਦੀ। ਪੱਤਰਕਾਰ ਵਜੋਂ ਉਹਦਾ ਉਦੇਸ਼ ਆਪਣੇ ਵਿਚਾਰ ਪਾਠਕਾਂ ਤੱਕ ਪੁੱਜਦੇ ਕਰਨਾ ਹੁੰਦਾ ਸੀ, ਆਪਣਾ ਨਾਂ ਪੁੱਜੇ, ਜਾਂ ਨਾ ਪੁੱਜੇ। ਬਹੁਤੇ ਪੱਤਰਕਾਰ ਆਪਣਾ ਨਾਂ ਉਭਾਰ ਕੇ ਛਪਵਾਉਣ ਦੇ ਚਾਹਵਾਨ ਹੁੰਦੇ ਸਨ। ਅਨੇਕ ਪੱਤਰਕਾਰ ਤਾਂ ਆਪਣੀ ਭੇਜੀ ਖਬਰ ‘ਤੇ ਵੀ ਆਪਣਾ ਨਾਂ ਛਪਵਾਉਣ ਲਈ ਉਤਾਵਲੇ ਰਹਿੰਦੇ ਹਨ। ਉਸ ਵਿਚ ਉਤਾਵਲਾਪਣ ਆਪਣੀ ਲਿਖਤ ਛਪਵਾਉਣ ਦਾ ਹੁੰਦਾ। ਇਹਦੀ ਇਕ ਉਦਾਹਰਣ ਇਕ ਹੋਰ ਪੰਜਾਬੀ ਅਖਬਾਰ ਵਿਚ ਵੱਖਰੇ ਕਲਮੀ ਨਾਂ ਹੇਠ ਉਸ ਵੱਲੋਂ ਕਾਲਮ ਲਿਖੇ ਜਾਣਾ ਸੀ। ਆਮ ਪਾਠਕਾਂ ਨੂੰ ਪਤਾ ਨਹੀਂ ਸੀ ਕਿ ਇਹ ਲੇਖਕ



*ਦਲਬੀਰ ਸਿੰਘ*

ਕੌਣ ਹੈ, ਪਰ ਉਹ ਕਾਲਮ ਪੜ੍ਹਦੇ ਤੇ ਮਾਣਦੇ ਸਨ। ਇਹੋ ਦਲਬੀਰ ਦਾ ਉਦੇਸ਼ ਹੁੰਦਾ ਸੀ। ਇਹ ਗੱਲ ਵੀ ਦੱਸਣ ਵਾਲੀ ਹੈ ਕਿ ਵੱਖਰੇ ਨਾਂ ਹੇਠ ਛਪਦੇ ਇਸ ਕਾਲਮ ਤੋਂ ਉਹਨੂੰ ਮਾਇਕ ਪ੍ਰਾਪਤੀ ਹੋਣ ਦੀ ਕੋਈ ਸੰਭਾਵਨਾ ਵੀ ਨਹੀਂ ਸੀ। ਉਹਦੇ ਮਨ ਵਿਚ ਵਿਚਾਰ ਬਰਸਾਤ ਦੇ ਘਾਹ ਵਾਂਗ ਉਗਦੇ ਰਹਿੰਦੇ ਅਤੇ ਉਹ ਆਪਣੀ ਕਲਮ ਰਾਹੀਂ ਉਨ੍ਹਾਂ ਨੂੰ ਨਿਰੰਤਰ ਨਿਕਾਸ ਦਿੰਦਾ ਰਹਿੰਦਾ।

ਵਿਹਲਾ ਬੈਠਣਾ ਉਹਨੂੰ ਬੇਚੈਨ ਕਰਦਾ। ਪੱਤਰਕਾਰੀ ਉਸ ਲਈ ਮੌਜ ਮੇਲਾ ਨਹੀਂ ਸੀ; ਸੰਭਾਵਨਾ ਸੀ, ਜ਼ਿੰਮੇਵਾਰੀ ਸੀ। ਇਕ ਦਿਨ ਉਹ ਮੈਨੂੰ ਕਹਿਣ ਲੱਗਿਆ ਕਿ ਮੈਨੂੰ ਐਤਵਾਰ ਅੰਕ ਲਈ ਰੀਵਿਊ ਵਾਸਤੇ ਕੁਝ ਪੁਸਤਕਾਂ ਹੀ ਦੇ ਦਿਆ ਕਰੋ। ਮੈਂ ਹੱਸਿਆ, “ਦਲਬੀਰ ਸਿੰਘ, ਪਹਿਲਾਂ ਚੰਗੀਆਂ ਮਾੜੀਆਂ ਪੁਸਤਕਾਂ ਪੜ੍ਹੇਂਗਾ, ਉਨ੍ਹਾਂ ਵਿਚੋਂ ਨੁਕਤੇ ਲੱਭੇਂਗਾ, ਫਿਰ ਰੀਵਿਊ ਲਿਖਣ ’ਤੇ ਮੱਥਾ ਮਾਰੇਂਗਾ, ਕੀ ਲੋੜ ਹੈ ਜਦੋਂ ਆਪਣੇ ਕੋਲ ਬਥੇਰੇ ਰੀਵਿਊਕਾਰ ਨੇ।” ਉਹਦਾ ਉਤਰ ਸੀ, ‘ਮੇਰੇ ਕੋਲ ਕੁਝ ਸਮਾਂ ਹੈ।” ਤੇ ਉਹ ਰੀਵਿਊ ਕਰਨ ਲੱਗ ਪਿਆ।

ਇਹ ਸਭ ਇਸ ਲਈ ਸੰਭਵ ਸੀ, ਕਿਉਂਕਿ ਉਹ ਬਹੁਤ ਤੇਜ਼ ਪਾਠਕ ਸੀ। ਉਹਦੀ ਨਜ਼ਰ ਸਤਰਾਂ, ਵਾਕਾਂ ਤੇ ਪੈਰ੍ਹਿਆਂ ‘ਤੇ ਤਰਦੀ ਜਾਂਦੀ ਅਤੇ ਉਨ੍ਹਾਂ ਦਾ ਸਾਰ ਤੱਤ ਫੜਦੀ ਜਾਂਦੀ। ਉਹ ਪੁਸਤਕ ਪੜ੍ਹਨ ‘ਤੇ ਦਿਨ ਜਾਂ ਹਫਤੇ ਨਹੀਂ ਸੀ ਲਗਾਉਂਦਾ। ਇਸੇ ਕਰ ਕੇ ਉਹ ਨਵੀਆਂ ਛਪੀਆਂ ਚਰਚਿਤ ਪੁਸਤਕਾਂ ਪੜ੍ਹਦਾ ਹੀ ਰਹਿੰਦਾ ਸੀ। ਉਹ ਪੁਸਤਕਾਂ ਕੇਵਲ ਪੜ੍ਹਦਾ ਹੀ ਨਹੀਂ ਸੀ, ਸਗੋਂ ਇਹ ਵੀ ਚਾਹੁੰਦਾ ਕਿ ਅੰਗਰੇਜ਼ੀ ਵਿਚ ਪੜ੍ਹੀਆਂ ਦਿਲਚਸਪ ਪੁਸਤਕਾਂ ਪੰਜਾਬੀ ਪਾਠਕਾਂ ਤੱਕ ਵੀ ਪੁੱਜਣ। ਇਉਂ ਉਹ ਉਪਰੋਕਤ ਸਭ ਕੁਝ ਦੇ ਨਾਲ ਨਾਲ ਅਜਿਹੀ ਤੇਜ਼ੀ ਨਾਲ ਹੀ ਪੁਸਤਕਾਂ ਅਨੁਵਾਦ ਵੀ ਕਰਦਾ ਰਹਿੰਦਾ। ਅੱਗੇ ਚੱਲ ਕੇ ਤਾਂ ਉਹ ਮੌਲਿਕ ਰਚਨਾਕਾਰ ਵੀ ਬਣਿਆ। ਲੰਮਾ ਸਮਾਂ ਉਹ ਨਾਟ ਮੰਚ ਨਾਲ ਵੀ ਜੁੜਿਆ ਰਿਹਾ ਸੀ।

ਉਹਦਾ ਸੁਭਾਅ ਵੀ ਪੁਸਤਕ ਵਾਂਗ ਹੀ ਖੁੱਲ੍ਹਾ ਸੀ। ਉਹ ਖੁੱਲ੍ਹ ਕੇ ਹੱਸਦਾ ਅਤੇ ਖੁੱਲ੍ਹ ਕੇ ਦੋਸਤੀਆਂ ਦੁਸ਼ਮਣੀਆਂ ਪਾਲਦਾ। ਉਹਦੇ ਵਾਕਫਾਂ ਦੋਸਤਾਂ ਦਾ ਘੇਰਾ ਬਹੁਤ ਵੱਡਾ ਸੀ। ਇੰਨੇ ਰੁਝੇਵਿਆਂ ਦੇ ਬਾਵਜੂਦ ਉਹਦੀ ਕੈਬਿਨ ਵਿਚ ਕੋਈ ਨਾ ਕੋਈ ਬੈਠਾ ਹੀ ਰਹਿੰਦਾ। ਉਹ ਸਾਹਮਣੇ ਵਾਲੇ ਨਾਲ ਉਹਦੀ ਰੁਚੀ ਅਨੁਸਾਰ ਗੱਲੀਂ ਲੱਗਿਆ ਰਹਿੰਦਾ। ਉਸ ਵਿਚ ਇਹ ਜ਼ੇਰਾ ਵੀ ਸੀ ਕਿ ਕਿਸੇ ਨੂੰ ਵਿਰੋਧੀ ਹੋਣਾ ਵੀ ਖੁੱਲ੍ਹ ਕੇ ਦੱਸ ਸਕੇ। ਕੁਝ ਆਦਮੀ ਏਨੇ ਬਦਕਿਸਮਤ ਅਤੇ ਖੁਦਗਰਜ਼ ਹੁੰਦੇ ਹਨ ਕਿ ਉਨ੍ਹਾਂ ਨੂੰ ਦੋਸਤੀਆਂ ਪਾਲਣੀਆਂ ਨਹੀਂ ਆਉਂਦੀਆਂ। ਅਜਿਹੇ ਲੋਕ ਇੰਨੇ ਬੁਜ਼ਦਿਲ ਹੁੰਦੇ ਹਨ ਕਿ ਉਹ ਸਿੱਧੇ ਮੱਥੇ ਵਿਰੋਧ ਵੀ ਜਤਾ ਨਹੀਂ ਸਕਦੇ। ਦਲਬੀਰ ਉਨ੍ਹਾਂ ਵਿਚੋਂ ਨਹੀਂ ਸੀ। ਉਹਦੇ ਸਪਸ਼ਟ ਸੁਭਾਅ ਨੂੰ ਦੇਖ ਕੇ ਮੈਨੂੰ ਆਪਣੇ ਮਿੱਤਰ ਸੁਰਿੰਦਰ ਧੰਜਲ ਦਾ ਇਕ ਸ਼ੇਅਰ ਯਾਦ ਆ ਜਾਂਦਾ। ਦਲਬੀਰ ਸਿੰਘ ਵਿਚ ਸਾਹਮਣੇ ਵਾਲੇ ਨੂੰ ਇਹ ਕਹਿਣ ਦੀ ਦਲੇਰੀ ਹੈ ਸੀ:

ਨਾ ਤੂੰ ਸਾਡਾ ਦੁਸ਼ਮਣ ਬਣਿਆ,
ਨਾ ਤੂੰ ਸਾਡਾ ਯਾਰ ਰਿਹਾ,
ਤੇਰੀ ਤੱਕੜੀ ਦੇ ਵਿਚ ਸਾਡਾ,
ਤੁਲਣਾ ਜਾਂ ਨਾ ਤੁਲਣਾ ਕੀ!

ਉਸ ਵਿਚ ਇਕ ਔਗੁਣ ਵੀ ਸੀ, ਲਾਪ੍ਰਵਾਹੀ ਦਾ ਔਗੁਣ, ਖਾਸ ਕਰ ਕੇ ਸਿਹਤ ਦੇ ਪੱਖੋਂ ਉਹ ਬਹੁਤ ਲਾਪ੍ਰਵਾਹ ਸੀ। ਦਿਲ ਦਾ ਰੋਗ ਉਹਦਾ ਬੜਾ ਪੁਰਾਣਾ ਸੀ, ਰੋਗ ਵੀ ਗੰਭੀਰ; ਪਰ ਉਹ ਰਹਿਣ ਸਹਿਣ ਤੇ ਖਾਣ ਪੀਣ ਦੇ ਪੱਖੋਂ, ਕੰਮ ਦੇ ਭਾਰ ਦੇ ਪੱਖੋਂ ਇਉਂ ਵਿਚਰਦਾ, ਜਿਵੇਂ ਇਹ ਰੋਗ ਉਹਨੂੰ ਕਦੇ ਹੋਇਆ ਹੀ ਨਾ ਹੋਵੇ। ਮੈਂ ਉਹਨੂੰ ਕਈ ਵਾਰ ਆਖਦਾ, “ਦਲਬੀਰ ਸਿੰਘ, ਸਿਹਤ ਵੱਲ ਦੇਖ, ਤੂੰ ਵਾਧੂ ਪੰਗੇ ਕਿਉਂ ਸਹੇੜਦਾ ਹੈਂ, ਲੋੜੀਂਦੇ ਕੰਮ ਕਰਿਆ ਕਰ।” ਉਹਦਾ ਉਤਰ ਹਮੇਸ਼ਾ ਇਕੋ ਹੁੰਦਾ, ਅੱਗੋਂ ਹੱਸ ਦੇਣਾ! ਮੇਰੇ ਦਿੱਲੀ ਪਰਤ ਆਉਣ ਮਗਰੋਂ ਉਹਦੀ ਡਿੱਗਦੀ ਸਿਹਤ ਅਤੇ ਘਟਦੀ ਨਜ਼ਰ ਦੀਆਂ ਸੋਆਂ ਆਉਣ ਲੱਗੀਆਂ। ਇਹ ਗੱਲ ਬੜੀ ਹੈਰਾਨ ਕਰਦੀ ਕਿ ਉਹ ਆਪਣੀਆਂ ਵਧਦੀਆਂ ਸਰੀਰਕ ਸਮੱਸਿਆਵਾਂ, ਖਾਸ ਕਰ ਕੇ ਤੇਜ਼ੀ ਨਾਲ ਘਟਦੀ ਜਾ ਰਹੀ ਨੈਣ ਜੋਤ ਦੇ ਬਾਵਜੂਦ ਆਪਣੀ ਕਲਮ ਨੂੰ ਸਾਹ ਦਿਵਾਉਣ ਲਈ ਤਿਆਰ ਨਹੀਂ ਸੀ।

ਉਹਦੇ ਸੁਭਾਅ ਵਿਚ ਅਜੀਬ ਕਾਹਲ ਸੀ। ਉਹ ਕੋਈ ਕੰਮ ਵਿਚਕਾਰ ਲਟਕਦਾ ਨਹੀਂ ਸੀ ਛੱਡਣਾ ਚਾਹੁੰਦਾ। ਜੇ ਅੰਗਰੇਜ਼ੀ ਦਾ ਮੁਹਾਵਰਾ ਵਰਤਣਾ ਹੋਵੇ ਤਾਂ ਉਹ ਆਪਣੇ ਜੀਵਨ ਦੀ ਮੋਮਬੱਤੀ ਦੋਵਾਂ ਸਿਰਿਆਂ ਤੋਂ ਬਾਲ ਰਿਹਾ ਸੀ। ਇਸ ਨਾਲ ਸ਼ਾਇਦ ਚਾਨਣ ਤਾਂ ਇਕ ਸਿਰੇ ਤੋਂ ਬਲਣ ਨਾਲੋਂ ਕੁਝ ਵੱਧ ਹੋ ਜਾਂਦਾ, ਪਰ ਮੋਮਬੱਤੀ ਮੁੱਕ ਵੀ ਤਾਂ ਦੁੱਗਣੀ ਤੇਜ਼ੀ ਨਾਲ ਰਹੀ ਸੀ; ਤਾਂ ਵੀ ਉਹਦੇ ਲਈ ਮੁੱਖ ਗੱਲ ਮੋਮਬੱਤੀ ਦਾ ਚਾਨਣ ਸੀ, ਉਹਦੇ ਛੇਤੀ ਮੁੱਕਣ ਦਾ ਭੈਅ ਨਹੀਂ।

ਜਦੋਂ ਕੋਈ ਮਿਲਣ ਦੀ ਇੱਛਾ ਜ਼ਾਹਰ ਕਰਦਾ, ਦਲਬੀਰ ਥਾਂ ਵੇਲਾ ਦੱਸ ਦਿੰਦਾ। ਜੇ ਮੌਤ ਪੁੱਛ ਕੇ ਆਉਂਦੀ ਤਾਂ ਉਹਨੇ ਉਹੋ ਥਾਂ ਵੇਲਾ ਦੱਸਣਾ ਸੀ, ਜਿਥੇ ਉਹ ਬਿਨਾ ਪੁੱਛਿਆਂ ਆਈ। ਕੰਮ ਦੇ ਮੇਜ਼ ‘ਤੇ ਹੋਈ ਮੌਤ ਨਾਲ ਮੁਲਾਕਾਤ ਦਲਬੀਰ ਦੀ ਕਲਮਕਾਰੀ ਲਈ ਸਭ ਤੋਂ ਵੱਡੀ ਸਨਦ ਹੈ।

#

# ਇੱਦਾਂ ਦਾ ਸੀ ਦਲਬੀਰ ਸਿੰਘ...

ਹਠ ਅਤੇ ਸਿਰੜ ਦਾ ਦੂਜਾ ਨਾਂ ਦਲਬੀਰ ਸਿੰਘ ਸੀ। ਇਸ ਹਠ ਦੇ ਸਿਰ ‘ਤੇ ਹੀ ਉਹਨੇ ਰੋਗਾਂ ਦੇ ਵੇਲਣੇ ਵਿਚ ਨਪੀੜੇ ਹੋਣ ਦੇ ਬਾਵਜੂਦ ਆਪਣੀ ਕਲਮ ਚੋਂ ਸਿਆਹੀ ਨਹੀਂ ਸੀ ਮੁੱਕਣ ਦਿੱਤੀ। ਆਪਣੇ ਹਫ਼ਤਾਵਾਰੀ ਕਾਲਮ ‘ਜਗਤ ਤਮਾਸ਼ਾ’ ਵਿਚ ਜੇ ਹਰ ਹਫ਼ਤੇ ਨਹੀਂ ਤਾਂ ਦੂਜੇ-ਚੌਥੇ ਹਫ਼ਤੇ ਉਹ ਪੂਰਾ ਰੰਗ ਬੰਨ੍ਹਦਾ ਸੀ। ਉਸ ਦਾ ਇਹ ਜਲੌਅ ਉਹਦੇ ਅਖ਼ੀਰਲੇ ਪਲ ਤਕ ਬਰਕਰਾਰ ਰਿਹਾ। 28 ਜੁਲਾਈ (2007) ਨੂੰ ਬਾਅਦ ਦੁਪਹਿਰ ਤਕਰੀਬਨ 3 ਵਜੇ ਜਦੋਂ ਮੌਤ ਨੇ ਕੁੰਡਾ ਖੜਕਾਇਆ ਤਾਂ ਉਹ ਕੰਪਿਊਟਰ ਖੋਲ੍ਹੀ ਬੈਠਾ ਸ਼ਬਦਾਂ ਦੀ ਚਿਣਾਈ ਵਿਚ ਮਗਨ ਸੀ। ਕਲਮ ਵੀ ਮੇਜ਼ ਉਤੇ ਖੁੱਲ੍ਹੀ ਪਈ ਸੀ।

ਜਲੰਧਰ ਜ਼ਿਲੇ ਦੇ ਪਿੰਡ ਨੰਗਲ ਸ਼ਾਮਾਂ ਦਾ ਮਸਾਂ 21 ਵਰ੍ਹਿਆਂ ਦਾ ਨੌਜਵਾਨ ਦਲਬੀਰ ਲੰਗੋਟ ਕੱਸ ਕੇ ਪੱਤਰਕਾਰੀ ਦੇ ਪਿੜ ‘ਚ ਨਿੱਤਰ ਪਿਆ ਸੀ। ਵਿਦਿਆਰਥੀ ਜੀਵਨ ਵੇਲੇ ਉਹ ‘ਵਿਦਿਆਰਥੀ ਜੀਵਨ’ ਪਰਚੇ ਦੇ ਸੰਪਾਦਕ ਵਜੋਂ ਜ਼ਿਹਨ ਚ ਖ਼ੌਰੂ ਪਾਉਂਦੇ ਸ਼ਬਦਾਂ ਰਾਹੀਂ ਆਪਣੀ ਪੈਂਠ ਬਣਾ ਚੁੱਕਾ ਸੀ। ਮੋਗਾ ਗੋਲੀ ਕਾਂਡ ਵੇਲੇ ਉਹ ਜੇਲ੍ਹ ਵੀ ਗਿਆ। ਫਿਰ ਨਵਾਂ ਜ਼ਮਾਨਾ ਵਿਚ ਜ਼ਮਾਨੇ ਭਰ ਦੀਆਂ ਗੱਲਾਂ ਕੀਤੀਆਂ। ਕੁਝ ਸਮਾਂ ਲੁਧਿਆਣੇ ਦੀ ਖੇਤੀ ਯੂਨੀਵਰਸਿਟੀ ਵਿਚ ਵੀ ਨੌਕਰੀ ਕੀਤੀ, ਪਰ ਉਥੇ ਵੀ ਪੱਤਰਕਾਰੀ ਨਾਲ ਬਾਵਸਤਾ ਰਿਹਾ। 1979 ਦੇ ਫਰਵਰੀ ਮਹੀਨੇ ਉਹ ਪੱਤਰਕਾਰੀ ਦੇ ਨਵੇਂ ਉਸਰ ਰਹੇ ਗੜ੍ਹ, ਚੰਡੀਗੜ੍ਹ ਵਿਚ ਪੰਜਾਬੀ ਟ੍ਰਿਬਿਊਨ ਵਿਚ ਬਤੌਰ ਸਬ-ਅਡੀਟਰ ਡਟ ਗਿਆ ਅਤੇ ਪੌਡੇ ਚੜ੍ਹਦਾ ਚੜ੍ਹਦਾ ਡਿਪਟੀ ਅਡੀਟਰ ਦੇ ਅਹੁਦੇ ਤੱਕ ਅੱਪੜ ਗਿਆ। ਉਹਦੇ ‘ਸ਼ਰੀਕ’ ਰਾਹ ਨਾ ਡੱਕਦੇ ਤਾਂ ਉਹਨੇ ਅਡੀਟਰ ਬਣਨਾ ਸੀ। ਉਸ ਦੀ ਕਾਬਲੀਅਤ ‘ਤੇ ਸਭ ਨੂੰ ਨਾਜ਼ ਸੀ।

ਦਲਬੀਰ ਦੇ ਜ਼ਿਹਨ ਵਿਚ ਚੌਥੀ ਕੂਟ ਦਾ ਸੰਕਲਪ ਬੇਹੱਦ ਡੂੰਘਾ ਲੱਥਾ ਹੋਇਆ ਸੀ। ਕਈ ਵਾਰ ਉਹ ਆਪ ਵੀ ਸੋਚਦਾ ਕਿ ਇੰਨੇ ਔਖੇ ਪੈਂਡੇ ਉਹ ਕੀਕਣ ਮਾਰਦਾ ਹੈ। ਪੰਜਾਬੀ ਸਮਾਜ ਵਿਚ ਚੌਥੀ ਕੂਟ ਨਾਇਕ ਲਈ ਰਾਖਵੀਂ ਹੈ। ਇਸ ਰਾਹੇ ਦੁਸ਼ਵਾਰੀਆਂ ਬਹੁਤੀਆਂ ਹਨ, ਪਰ ਦਲਬੀਰ ਸਦਾ ਇਸ ਰਾਹ ਦਾ ਰਾਹੀ ਬਣਿਆ ਰਿਹਾ। ਉਹ ਉਨ੍ਹਾਂ ਸਮਿਆਂ ਵਿਚ ਵੀ ਚੌਥੀ ਕੂਟ ਦਾ ਪਾਂਧੀ ਬਣਿਆ ਰਿਹਾ ਜਦੋਂ ਹਰ ਬੰਦਾ ਘਰ ਦੇ ਦਰ ਪਿੱਛੇ ਕੈਦ ਹੋ ਕੇ ਰਹਿ ਗਿਆ ਸੀ। ਦਹਿਸ਼ਤ ਦੇ ਉਨ੍ਹਾਂ ਸਮਿਆਂ ਨੂੰ ਉਹ ਬਹੁਤ ਦਰਦ ਨਾਲ ਯਾਦ ਕਰਦਾ ਸੀ। ਉਹ ਵਕਤ ਨੂੰ ਪੁੱਠਾ ਗੇੜਨ ਤੋਂ ਦੁਖੀ ਸੀ। ਇਸ ਬਾਰੇ ਜ਼ਿਕਰ ਆਉਂਦਿਆਂ ਹੀ ਉਹਦੀ ਕਲਮ ਜ਼ਰਬਾਂ ਖਾਣ ਲਗਦੀ ਸੀ। ਲੱਗਦਾ ਸੀ ਉਹ ਕਲਮ ਵਿਚ ਸਿਆਹੀ ਨਹੀਂ, ਆਪਣਾ ਲਹੂ ਭਰਦਾ ਹੈ।

ਸੌਦਿਆਂ ਵਾਲੀ ਸਿਆਸਤ ਅਤੇ ਸਥਾਪਤੀ ਦੀ ਪੁਣ-ਛਾਣ ਵੇਲੇ ਉਹ ਆਪਣੇ ਨਸ਼ਤਰੀ ਸ਼ਬਦਾਂ ਨਾਲ ਟੱਕਰਦਾ ਸੀ। ਪ੍ਰਬੰਧਕੀ ਅਤੇ ਅਖ਼ਬਾਰੀ ਬੰਦਿਸ਼ਾਂ ਤੇ ਸੀਮਾਵਾਂ ਦੇ ਬਾਵਜੂਦ ਉਹ ਆਪਣੀ ਤਿੱਖੀ ਗੱਲ ਨੂੰ ਬਹੁਤ ਸਹਿਜ ਨਾਲ ਆਪਣੀ ਲਿਖਤ ਦਾ ਹਿੱਸਾ ਬਣਾ ਲੈਂਦਾ ਸੀ। ਇਕ ਦਿਨ ਉਹਦੇ ਕੈਬਿਨ ਵਿਚ ਕੋਈ ਅਧੇੜ ਜਿਹਾ ਸ਼ਖ਼ਸ ਬੈਠਾ ਸੀ ਜਿਹਦੇ ਨਾਲ ਉਹ ਆਪਣਾ ਜ਼ਰੂਰੀ ਕੰਮ ਛੱਡ ਕੇ ਗੱਲੀਂ ਜੁਟਿਆ ਹੋਇਆ ਸੀ। ਗੱਲਾਂ-ਗੱਲਾਂ ਵਿਚ ਪਤਾ ਲੱਗਾ ਕਿ ਇਹ ਬੰਦਾ ਉਹਦਾ ਕਾਲਮ ਪੜ੍ਹ ਕੇ ਆਪਣੇ ਜ਼ਾਲਮ ਮਾਲਕ ਨਾਲ ਸਿੱਧਾ ਟਕਰਾ ਗਿਆ ਸੀ। ਮੇਰੇ ਵੱਲ ਮੂੰਹ ਕਰ ਕੇ ਕਹਿਣ ਲੱਗਾ-ਜਸਵੀਰ! ਇਹ ਬੰਦੇ ਮੈਥੋਂ ਲਿਖਵਾਉਂਦੇ ਨੇ...!

ਪੱਤਰਕਾਰੀ ਹੀ ਨਹੀਂ, ਕਲਾ ਅਤੇ ਸਾਹਿਤ ਦੇ ਖੇਤਰ ਚ ਵੀ ਉਹਦਾ ਦਖ਼ਲ ਬਰਾਬਰ ਦਾ ਸੀ। ਉਹਦੇ ਰੰਗਕਰਮੀ ਹੋਣ ਦਾ ਸ਼ਾਇਦ ਬਹੁਤਿਆਂ ਨੂੰ ਪਤਾ ਨਹੀਂ ਹੋਵੇਗਾ। ਇਨ੍ਹਾਂ ਖੇਤਰਾਂ ਵਿਚ ਵੀ ਉਹਨੇ ਸਿਰਾ ਲਾਇਆ। ਚੰਡੀਗੜ੍ਹ ਦੇ ਟੈਗੋਰ ਥੀਏਟਰ ਵਿਚ ਕਈ ਨਾਟਕ ਖੇਡੇ। ਕਈ ਕਿਤਾਬਾਂ



ਲਿਖੀਆਂ। ਇਨ੍ਹਾਂ ਚ ਪੱਤਰਕਾਰੀ: ਹੁਨਰ ਤੇ ਕਲਾ, ਪਹਿਲੀ ਕਿਤਾਬ (ਪੈਂਤੀ ਅੱਖਰੀ), ਰੱਤੋ-ਰੱਤ ਪੰਜਾਬ, ਕਾਰਗਿਲ ਵੀਰਤਾ ਦੀ ਅਦੁੱਤੀ ਕਹਾਣੀ, ਜਗਤ ਤਮਾਸ਼ਾ, ਕਸ਼ਮੀਰੀ ਗੁਲਾਬ, ਜਸੂਸਣ ਲਾਹੌਰ ਦੀ ਤੋਂ ਇਲਾਵਾ ਜੱਥੇਦਾਰ ਗੁਰਚਰਨ ਸਿੰਘ ਟੌਹੜਾ, ਗਿਆਨੀ ਜ਼ੈਲ ਸਿੰਘ ਤੇ ਪੁਲੀਸ ਅਧਿਕਾਰੀ ਕੇ.ਪੀ.ਐੱਸ. ਗਿੱਲ ਬਾਰੇ ਪੁਸਤਕਾਂ ਸ਼ਾਮਲ ਹਨ। ਉਹਨੇ ਕਈ ਕਿਤਾਬਾਂ ਦਾ ਅਨੁਵਾਦ ਕੀਤਾ। ਖ਼ੁਸ਼ਵੰਤ ਸਿੰਘ ਆਪਣੀਆਂ ਕਿਤਾਬਾਂ ਦੇ ਅਨੁਵਾਦ ਲਈ ਉਹਦਾ ਨਾਂ ਲੈਂਦਾ ਹੁੰਦਾ ਸੀ! ਪੰਜਾਬੀ ਲੇਖਕ ਸਭਾ ਚੰਡੀਗੜ੍ਹ ਵੀ ਉਹਨੇ ਗਾਹੇ-ਬਗਾਹੇ ਚਲਾਈ। ਜਗਤ ਤਮਾਸ਼ਾ ਕਾਲਮ ਤੋਂ ਪਹਿਲਾਂ ਉਹਦੇ ਕਾਲਮ ‘ਇਉਂ ਵੀ ਹੁੰਦੈ’ ਦੀਆਂ ਵੀ ਇੰਨੀਆਂ ਹੀ ਧੁੰਮਾਂ ਸਨ।

ਭਗਤ ਸਿੰਘ ਦਾ ਸ਼ਤਾਬਦੀ ਵਰ੍ਹਾ ਮਨਾਇਆ ਜਾ ਰਿਹਾ ਸੀ ਤਾਂ ਉਹਨੂੰ ਲੱਗਿਆ ਕਿ ਭਗਤ ਸਿੰਘ ਦੇ ਇਕ ਹੋਰ ਸਾਥੀ ਸੁਖਦੇਵ ਜਿਸ ਦਾ ਸ਼ਤਾਬਦੀ ਵਰ੍ਹਾ ਵੀ 2007 ਹੀ ਹੈ, ਬਾਰੇ ਕੋਈ ਗੱਲ ਨਹੀਂ ਤੁਰ ਰਹੀ। ਸੁਖਦੇਵ ਦਾ ਜਨਮ 15 ਮਈ 1907 ਦਾ ਹੈ, ਭਗਤ ਤੋਂ ਚਾਰ ਮਹੀਨੇ ਪਹਿਲਾਂ ਦਾ। ਉਹਨੇ ਮੈਨੂੰ ਉਚੇਚਾ ਸੱਦਿਆ। ਉਹਦੀਆਂ ਅੱਖਾਂ ਚਮਕ ਰਹੀਆਂ ਸਨ। ਉਹ ਆਖ ਰਿਹਾ ਸੀ- ਸੁਖਦੇਵ ਵਰਗਾ ਜੱਥੇਬੰਦਕ ਉਸ ਗਰੁੱਪ ਵਿਚ ਕੋਈ ਨਹੀਂ ਸੀ। ਭਗਤ ਸਿੰਘ ਦੀ ਸ਼ਹਾਦਤ ਬਾਰੇ ਉਹ ਐਨ ਸਪਸ਼ਟ ਸੀ। ਉਹਦਾ ਆਖਣਾ ਸੀ- ਆਪਣੇ ਸਮਿਆਂ ਵਿਚ ਚੜ੍ਹਦੀ ਉਮਰ ਦੇ ਇਨ੍ਹਾਂ ਮੁੰਡਿਆਂ ਦਾ ਘੋਲ ਬੇਮਿਸਾਲ ਸੀ। ਉਸ ਘੋਲ ਨੂੰ ਹੁਣ ਦੇ ਹਾਲਾਤ ਚ ਰੱਖ ਕੇ ਪਰਖਣਾ ਨਿਰੀ ਜ਼ਿਆਦਤੀ ਹੈ। ਇਨ੍ਹਾਂ ਨੇ ਗਾਂਧੀ ਦੀ ਕਾਂਗ ਅੱਗੇ ਬਰਾਬਰ ਦੀ ਸਿਆਸਤ ਦੀ ਗੱਲ ਚਲਾਈ, ਇਸ ਤੋਂ ਵੱਡੀ ਹੋਰ ਕੋਈ ਗੱਲ ਹੋ ਨਹੀਂ ਸਕਦੀ। ਹੁਣ ਸਾਬਤ ਵੀ ਹੋ ਗਿਆ ਹੈ ਕਿ ਭਾਰਤੀ ਲੋਕਾਂ ਦੀ ਖਲਾਸੀ ਦੇ ਬੀਜ ਇਸ ਤਿੱਖੀ ਸਿਆਸਤ ਵਿਚ ਪਏ ਹਨ।... ਉਹ ਪਤਾ ਨਹੀਂ ਕਿੰਨਾ ਚਿਰ ਬੋਲਦਾ ਰਿਹਾ ਸੀ। ਭਗਤ ਸਿੰਘ ਅਤੇ ਸੁਖਦੇਵ ਦੀਆਂ ਗਹਿ-ਗੱਚ ਬਹਿਸਾਂ ਬਾਰੇ ਦੱਸਦਾ ਰਿਹਾ। ਉਹ ਦਰਅਸਲ ਮੈਨੂੰ ਸੁਖਦੇਵ ਬਾਰੇ ਲਿਖਣ ਲਈ ਤਿਆਰ ਕਰ ਰਿਹਾ ਸੀ!

ਇਕ ਦਿਨ ਹੱਸਦਾ-ਹੱਸਦਾ ਆਖਣ ਲੱਗਾ-ਯਾਰ ਤੁਸੀਂ ਮੇਰੀ ਖ਼ਬਰ ਹੀ ਨਹੀਂ ਲੈਂਦੇ, ਮੈਂ ਬਿਮਾਰ ਹਾਂ। ਅਸਲ ਵਿਚ ਸਿਰੇ ਦਾ ਬਿਮਾਰ ਹੋ ਕੇ ਵੀ ਉਹ ਕਦੀ ਆਪਣੀ ਬਿਮਾਰੀ ਦਾ ਢੰਡੋਰਾ ਨਹੀਂ ਸੀ ਪਿੱਟਦਾ। ਰੋਗਾਂ ਅਤੇ ਪਰਿਵਾਰਕ ਦੁੱਖਾਂ ਦੇ ਰੋਣੇ-ਧੋਣਿਆਂ ਦੀ ਥਾਂ ਉਹਦਾ ਸੁਭਾਅ ਜ਼ਿੰਦਗੀ ਦੇ ਪਲ-ਪਲ ਨੂੰ ਡੀਕ ਲੈਣ ਦਾ ਸੀ। ਆਖਰੀ ਸਾਲਾਂ ਦੌਰਾਨ ਤਾਂ ਪਤਾ ਹੀ ਨਹੀਂ ਸੀ ਲੱਗਦਾ, ਉਹ ਕਦ ਹਸਪਤਾਲ ਜਾ ਆਉਂਦਾ ਸੀ, ਚੁੱਪ-ਚੁਪੀਤੇ। ਖ਼ਬਰਸਾਰ ਪੁੱਛਣ ‘ਤੇ ਉਹਦਾ ਇਕ ਹੀ ਜਵਾਬ ਹੁੰਦਾ ਸੀ- ਦੇਖ ਲਾ, ਤੇਰੇ ਸਾਹਮਣੇ ਬੈਠਾ ਕੰਮ ਕਰ ਰਿਹਾਂ। ਅੰਤਾਂ ਦੀ ਬਿਮਾਰੀ ਨੇ ਉਹਦਾ ਰੋਮ-ਰੋਮ ਝੰਬ ਸੁੱਟਿਆ ਸੀ ਪਰ ਸਦਕੇ! ਇਹ ਬਿਮਾਰੀ ਉਹਦੀ ਕਲਮ ਨੂੰ ਨਹੀਂ ਡੱਕ ਸਕੀ। ਉਹਨੇ ਮਾਨੋ ਲੇਖਾਂ ਦੀ ਕੋਈ ਫੈਕਟਰੀ ਲਾਈ ਹੋਈ ਸੀ। ਮਸ਼ੀਨ ਵਿਚ ਸ਼ਬਦ ਸੁੱਟੀ ਜਾਂਦਾ ਸੀ ਅਤੇ ਦੂਜੇ ਪਾਸੇ ਲਿਖਤ ਨਿਕਲਦੀ ਜਾਂਦੀ ਸੀ। ‘ਪੰਜਾਬੀ ਟ੍ਰਿਬਿਊਨ’ ਵਿਚ ਕੰਪਿਊਟਰ ਦੀ ਖੁੱਲ੍ਹ ਕੇ ਵਰਤੋਂ ਕਰਨ ਵਾਲਾ ਉਹ ਪਹਿਲਾ ਬੰਦਾ ਸੀ। ਸਾਰਾ ਸਾਰਾ ਦਿਨ ਨੈੱਟ ਫਰੋਲਦਾ ਰਹਿੰਦਾ, ਦਿੱਲੀ-ਦੱਖਣ ਦੀ ਜਾਣਕਾਰੀ। ਅਜਿਹੇ ਮਾਮਲਿਆਂ ਵਿਚ ਉਹ ਸਿਰੇ ਦਾ ਆਧੁਨਿਕ ਸੀ। ਉਹਦੇ ਮਿੱਤਰਾਂ ਦੇ ਟੋਲੇ ਵਿਚ ਉਹਦੇ ਹਾਣੀ ਤਾਂ ਸਨ ਹੀ, ਉਹਦੀ ਉਮਰ ਤੋਂ ਵੱਡੇ ਅਤੇ ਛੋਟੇ ਵੀ ਉਹਦੇ ਉਨੇ ਹੀ ਮਿੱਤਰ ਸਨ। ਉਹਦੇ ਬਾਰੇ ਲਿਖਣ ਲੱਗਾ ਤਾਂ ਉਹਦੇ ਲਈ ਬਹੁ-ਵਚਨ ਨਹੀਂ ਵਰਤ ਸਕਿਆ। ਉਹਦੇ ਸਾਥ ਵਿਚ ਇੱਦਾਂ ਦੀਆਂ ਛੋਟਾਂ ਸਾਰੇ ਜਣੇ ਆਪੇ ਲੈ ਲੈਂਦੇ ਸਾਂ! ਇੱਦਾਂ ਦਾ ਸੀ ਦਲਬੀਰ!

*-ਜਸਵੀਰ ਸਮਰ*

# ਵਾਲ ਨਾ ਵਿੰਗਾ ਹੋਵੇ ਜੇ...!

*ਦਲਬੀਰ ਸਿੰਘ ਪੰਜਾਬੀ ਦੇ ਉਨ੍ਹਾਂ ਕੁਝ ਕੁ ਪੱਤਰਕਾਰਾਂ ਵਿਚੋਂ ਸੀ ਜਿਸ ਪਾਸ ਪੱਤਰਕਾਰੀ ਦੇ ਅਸੂਲ ਮੁਤਾਬਕ ਘੱਟ ਤੋਂ ਘੱਟ ਸ਼ਬਦਾਂ ਵਿਚ ਵੱਧ ਤੋਂ ਵੱਧ ਗੱਲ ਕਹਿਣ ਦਾ ਹੁਨਰ ਸੀ। ਸੰਪਾਦਕੀ ਪੰਨੇ ਉਤੇ ਗੰਭੀਰ ਲੇਖਾਂ ਵਿਚਾਲੇ ਇਕ ਛੋਟਾ ਜਿਹਾ ਹਲਕਾ-ਫੁਲਕਾ ਲੇਖ ਛਾਪਿਆ ਜਾਂਦਾ ਹੈ ਜਿਸ ਨੂੰ ਅੰਗਰੇਜ਼ੀ ਵਿਚ 'ਮਿਡਲ' ਕਿਹਾ ਜਾਂਦਾ ਹੈ। ਪੰਜਾਬੀ ਪੱਤਰਕਾਰੀ ਵਿਚ ਸ਼ਾਇਦ ਦਲਬੀਰ ਇਕੋ ਇਕ ਪੱਤਰਕਾਰ ਹੈ ਜਿਸ ਨੂੰ 'ਮਿਡਲ' ਸਹੀ ਅਰਥਾਂ ਵਿਚ ਲਿਖਣ ਦੀ ਜਾਚ ਸੀ। ਪੰਜਾਬੀ ਟ੍ਰਿਬਿਊਨ ਵਿਚ ਪਹਿਲਾਂ ਉਹ ਕਈ ਸਾਲ 'ਇਉਂ ਵੀ ਹੁੰਦੈ' ਨਾਂ ਹੇਠ ਕਾਲਮ ਲਿਖਦਾ ਰਿਹਾ ਅਤੇ ਫਿਰ ਉਸ ਨੇ ਇਸ ਦਾ ਨਵਾਂ 'ਜਗਤ ਤਮਾਸ਼ਾ' ਰੱਖ ਲਿਆ ਤੇ ਇਹ 'ਜਗਤ ਤਮਾਸ਼ਾ' ਉਸ ਦੇ ਨਾਂ ਨਾਲ ਹੀ ਜੁੜ ਗਿਆ। ਇਥੇ ਅਸੀਂ ਦਲਬੀਰ ਸਿੰਘ ਦੇ ਦੋ 'ਜਗਤ ਤਮਾਸ਼ੇ' ਛਾਪ ਰਹੇ ਹਾਂ, ਇਨ੍ਹਾਂ ਵਿਚੋਂ ਉਪਰਲਾ ਉਸ ਦਾ ਆਖਰੀ 'ਜਗਤ ਤਮਾਸ਼ਾ' ਸੀ ਜੋ ਆਪਣੀ ਮੌਤ ਤੋਂ ਦੋ ਦਿਨ ਪਹਿਲਾਂ ਉਸ ਨੇ ਲਿਖਿਆ। - ਸੰਪਾਦਕ*

## ਜਗਤ ਤਮਾਸ਼ਾ

**-ਦਲਬੀਰ ਸਿੰਘ**

ਜਦੋਂ ਤੱਕ ਸਤਿਗੁਰਾਂ ਦੀ ਬੰਦੇ ਉਤੇ ਮਿਹਰ ਹੋਵੇ, ਕੋਈ ਉਸ ਦਾ ਕੁਝ ਨਹੀਂ ਵਿਗਾੜ ਸਕਦਾ। ਇਹੋ ਗੱਲ ਜੇ ਦੁਨਿਆਵੀ ਸੰਦਰਭ 'ਚ ਕਹੀ ਜਾਵੇ ਤਾਂ ਉਸ ਬੰਦੇ ਦਾ ਕੁਝ ਨਹੀਂ ਵਿਗੜ ਸਕਦਾ ਜਿਸ ਉਤੇ ਕੁਰਸੀ ਦੀ ਮਿਹਰ ਹੋਵੇ। ਇਸੇ ਕੁਰਸੀ ਸਦਕਾ ਹੀ ਵੱਡੇ ਵੱਡੇ ਅਦਾਲਤੀ ਕੇਸਾਂ 'ਚ ਗਵਾਹ ਮੁੱਕਰਦੇ ਹਨ ਉਹ ਇਸ ਨੂੰ 'ਸਹੀ ਨਿਆਂ' ਕਹਿ ਕੇ ਵਡਿਆਉਂਦੇ ਹਨ। ਕਈ ਵਾਰੀ ਲੋਕ ਕਿਸੇ ਦੀ ਗ੍ਰਿਫਤਾਰੀ 'ਤੇ ਏਨਾ ਖੁਸ਼ ਹੋ ਜਾਂਦੇ ਹਨ ਕਿ ਮਾਤਰ ਗ੍ਰਿਫਤਾਰੀ ਨੂੰ ਹੀ ਨਿਆਂ ਸਮਝਣ ਲੱਗ ਪੈਂਦੇ ਹਨ। ਅੱਜ ਕੱਲ੍ਹ ਕੁਝ ਲੋਕਾਂ ਦਾ ਸਿਰਸਾ ਵਾਲੇ ਬਾਬੇ ਦੀ ਗ੍ਰਿਫਤਾਰੀ ਲਈ ਹੀ ਸਾਰਾ ਜ਼ੋਰ ਲੱਗ ਰਿਹਾ ਹੈ। ਖਬਰੇ ਲੱਗਦਾ ਹੈ ਕਿ ਬਾਬੇ ਦੀ ਗ੍ਰਿਫਤਾਰੀ ਨਾਲ ਹੀ ਨਿਆਂ ਹਾਸਲ ਹੋ ਸਕਦਾ ਹੈ।

ਮੈਨੂੰ ਕੁਝ ਸਾਲ ਪਹਿਲਾਂ ਅਕਾਲੀ ਸਰਕਾਰ ਸਮੇਂ ਹੀ ਪਿਆਰਾ ਸਿੰਘ ਭਨਿਆਰਾਂ ਵਾਲੇ ਦੀ ਗ੍ਰਿਫਤਾਰੀ ਦਾ ਚੇਤਾ ਆ ਗਿਆ ਹੈ। ਜਦੋਂ ਉਸ ਨੂੰ ਗ੍ਰਿਫਤਾਰ ਕੀਤਾ ਗਿਆ ਤਾਂ ਉਸ ਦੇ ਕਈ ਵਿਰੋਧੀਆਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਹੁਣ ਬਾਬੇ ਨੂੰ ਪਤਾ ਲੱਗੂ ਕਿ ਕਾਨੂੰਨ ਕੀ ਹੁੰਦਾ ਹੈ ਤੇ ਕਿਸੇ ਫਿਰਕੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਦੇ ਕੀ ਸਿੱਟੇ ਨਿਕਲ ਸਕਦੇ ਹਨ। ਪਰ ਹੋਇਆ ਕੀ? ਪਿਆਰਾ ਸਿੰਘ ਬਚ ਵੀ ਗਿਆ ਅਤੇ ਉਸ ਦੇ ਖਿਲਾਫ ਕੇਸ ਵੀ ਖਤਮ ਹੋ ਗਏ। ਗਵਾਹ ਹੀ ਮੁੱਕਰ ਜਾਣ ਤਾਂ ਕੇਸ ਕਿਵੇਂ ਚੱਲ ਸਕਦਾ ਹੈ? ਜੇ ਭਲਾ ਅੱਜ ਸਿਰਸਾ ਵਾਲੇ ਸਾਧ ਨੂੰ ਗ੍ਰਿਫਤਾਰ ਕਰ ਲਿਆ ਜਾਵੇ ਤਾਂ ਕਿਸ ਕਿਸ ਨੂੰ ਪ੍ਰੇਸ਼ਾਨੀ ਹੋਵੇਗੀ? ਜਿਹੜੇ ਵੀ ਲੋਕ ਕਿਸੇ ਨਾ ਕਿਸੇ ਸਮੇਂ ਬਾਬੇ ਤੋਂ ਵੋਟਾਂ ਦਾ ਜਾਂ ਵੈਸੇ ਹੀ ਥਾਪੜਾ ਲੈਣ ਉਸ ਦੇ ਦਰਬਾਰ 'ਚ ਜਾਂਦੇ ਰਹੇ ਹਨ, ਉਨ੍ਹਾਂ ਨੂੰ ਹੀ ਪ੍ਰੇਸ਼ਾਨੀ ਹੋਣੀ ਹੈ। ਇਨ੍ਹਾਂ ਵਿਚ ਕਾਂਗਰਸੀਏ ਤਾਂ ਹਨ ਹੀ ਅਕਾਲੀ ਤੇ ਭਾਜਪਾਈਏ ਵੀ ਪਿੱਛੇ ਨਹੀਂ। ਅਕਾਲੀ ਦਲ ਦਾ ਕਾਰਜਕਾਰੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਤਾਂ ਖੁਦ ਬਾਬੇ ਦੇ ਚਰਨੀਂ ਬੈਠ ਚੁੱਕਾ ਹੈ। ਇਸੇ ਲਈ ਤਾਂ ਉਹ ਬਾਬੇ ਵਿਰੁੱਧ ਕੁਝ ਨਹੀਂ ਬੋਲਦਾ। ਤਾਂ ਹੀ ਅਕਾਲੀ ਸਰਕਾਰ ਕੁਝ ਨਹੀਂ ਕਰ ਸਕਦੀ। ਅਤੇ ਜੇ ਕੇਸ ਦਰਜ ਹੋ ਜਾਵੇ ਅਤੇ ਗੁਰਮੀਤ ਰਾਮ ਰਹੀਮ ਗ੍ਰਿਫਤਾਰ ਹੋ ਵੀ ਜਾਵੇ ਤਾਂ ਅਦਾਲਤ ਵਿਚ ਉਹੀ ਨਾਟਕ ਹੋਣਾ ਹੈ ਜੋ ਰੋਪੜ ਦੀ ਅਦਾਲਤ ਵਿਚ ਹੋ ਰਿਹਾ ਹੈ।

ਖੈਰ, ਜਦੋਂ ਭਨਿਆਰਾਂ ਵਾਲੇ ਸਾਧ ਨੂੰ ਗ੍ਰਿਫਤਾਰ ਕੀਤਾ ਗਿਆ ਉਦੋਂ ਵੀ ਉਸ ਦੀ ਗ੍ਰਿਫਤਾਰੀ ਕਾਰਨ ਕਈਆਂ ਨੂੰ ਪ੍ਰੇਸ਼ਾਨੀ ਹੋਈ ਸੀ। ਕਈਆਂ ਨੂੰ ਵੱਧ ਤੇ ਕਈਆਂ ਨੂੰ ਘੱਟ। ਕਾਂਗਰਸੀਆਂ ਨੂੰ ਵੀ ਹੋਈ, ਅਕਾਲੀਆਂ ਨੂੰ ਵੀ ਅਤੇ ਕਾਮਰੇਡਾਂ ਨੂੰ ਵੀ। ਬਾਸਪਾ ਵਾਲਿਆਂ ਨੂੰ ਵੀ ਹੋਈ ਅਤੇ ਹੋਰ ਸਿਆਸੀ ਆਗੂਆਂ ਨੂੰ ਵੀ। ਪਰ ਸਭ ਤੋਂ ਵੱਧ ਪ੍ਰੇਸ਼ਾਨੀ ਅਕਾਲੀ ਦਲ ਨੂੰ ਹੋਈ, ਜਿਸ ਦੀ ਉਦੋਂ ਆਪਣੀ ਸਰਕਾਰ ਵੀ ਸੀ। ਉਦੋਂ ਵੀ ਇਸ ਦੇ ਮੁਖੀ ਸ. ਪ੍ਰਕਾਸ਼ ਸਿੰਘ ਬਾਦਲ ਸਨ। ਬਾਬੇ ਪਿਆਰਾ ਸਿੰਘ ਦੀ ਗ੍ਰਿਫਤਾਰੀ ਨਾਲ ਬਹੁਤ ਸਾਰੇ ਐਸੇ ਅਕਾਲੀ ਨੇਤਾਵਾਂ ਦੇ ਭੇਦ ਜੱਗ ਜਾਹਰ ਹੋ ਗਏ ਜੋ ਉਸ ਵਰਗਿਆਂ ਨੂੰ ਮੱਥੇ ਟੇਕਦੇ ਹਨ।

ਇਨ੍ਹਾਂ ਵਿਚੋਂ ਵੀ ਸਭ ਤੋਂ ਵੱਧ ਮੁਸ਼ਕਲ ਬਾਦਲ ਦੇ ਉਸ ਸਮੇਂ ਦੇ ਮੰਤਰੀ ਮੰਡਲ ਵਿਚ ਸ਼ਾਮਲ ਕੈਬਨਿਟ ਮੰਤਰੀ ਗੁਰਦੇਵ ਸਿੰਘ ਬਾਦਲ ਨੂੰ ਹੋਈ ਸੀ ਜਿਸ ਦੀ ਖੁਦ ਦੀ ਵੀ, ਅਤੇ ਉਸ ਦੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਪੁੱਤਰ, ਕੇਵਲ ਸਿੰਘ ਦੀ ਤਸਵੀਰ ਬਾਬੇ ਦੇ 'ਭਵ ਸਾਗਰ ਗ੍ਰੰਥ' ਵਿਚ ਛਪੀ ਹੋਈ ਹੈ। ਸਿਰਫ 'ਭਵ ਸਾਗਰ ਗ੍ਰੰਥ' ਵਿਚ ਹੀ ਨਹੀਂ ਛਪੀ ਸਗੋਂ ਉਹ ਬਾਬੇ ਦੇ ਕਈ ਸਾਲਾਂ ਤੋਂ ਅਨਿੰਨ ਭਗਤ ਵੀ ਹਨ। ਅਕਾਲੀ ਸਰਕਾਰ ਸਮੇਂ ਹੀ ਜਗਰਾਵਾਂ ਵਿਚ ਹੋਏ ਬਾਬੇ ਪਿਆਰੇ ਦੇ ਇਕ ਸਮਾਗਮ 'ਚ ਇਹ ਦੋਵੇਂ ਮੂਹਰਲੀਆਂ ਸਫਾਂ ਵਿਚ ਬੈਠੇ ਸਨ। ਅਕਾਲੀ ਨੇਤਾ ਹੀ ਨਹੀਂ ਸਗੋਂ ਸਭ ਪਾਰਟੀਆਂ ਦੇ ਹੀ ਨੇਤਾ ਅਨਪੜ੍ਹ ਕਿਸਮ ਦੇ ਉਜੱਡ ਬਾਬਿਆਂ ਦੇ ਡੇਰਿਆਂ ਉਤੇ ਜਾਂਦੇ ਰਹੇ ਹਨ। ਸਿਆਸੀ ਨੇਤਾ ਤਾਂ ਚਲੋ ਵੋਟਾਂ ਖਾਤਰ ਜਾਂਦੇ ਹਨ, ਜੋ ਸਰਕਾਰੀ ਅਧਿਕਾਰੀ ਅਤੇ ਪੁਲੀਸ ਅਫਸਰ ਉਥੇ ਜਾਂਦੇ ਸਨ, ਉਨ੍ਹਾਂ ਨੂੰ ਕੀ ਗਰਜਾਂ ਸਨ? ਇਨ੍ਹਾਂ ਬਾਬਿਆਂ ਨੂੰ ਕਿਸੇ ਕਿਸਮ ਦਾ ਸ਼ਊਰ ਨਾ ਵੀ ਹੋਵੇ, ਏਨਾ ਇਲਮ ਤਾਂ ਹੈ ਕਿ ਕਿਸ ਨੂੰ ਸਿਰੋਪਾ ਦਿੰਦਿਆਂ ਫੋਟੋ ਖਿਚਵਾਉਣੀ ਹੈ। ਇਸੇ ਲਈ ਤਾਂ ਪਿਆਰੇ ਨੇ ਉਨ੍ਹਾਂ ਸਭ ਦੀ ਫੋਟੋ ਆਪਣੇ ਦਰਬਾਰ 'ਚ ਹਾਜ਼ਰੀ ਭਰਦਿਆਂ ਦੀ ਖਿੱਚ ਲਈ ਜਿਨ੍ਹਾਂ ਦਾ ਕਦੇ ਨਾ ਕਦੇ ਲਾਭ ਹੋ ਸਕਦਾ ਸੀ।

ਸਿਰਸਾ ਵਾਲੇ ਬਾਬੇ ਦੇ ਡੇਰੇ ਉਤੇ ਮੈਂ ਦੋ ਤਿੰਨ ਵਾਰ ਗਿਆ ਹਾਂ। ਅਸਲ ਵਿਚ ਕਿਸੇ ਕੇਸ ਦੇ ਸਿਲਸਿਲੇ ਵਿਚ ਮੈਨੂੰ ਸਿਰਸਾ ਜਾਣਾ ਪੈਂਦਾ ਸੀ ਅਤੇ ਇਕ ਪ੍ਰੇਮੀ ਦੇ ਇਸਰਾਰ ਕਾਰਨ ਮੈਂ ਉਥੇ ਗਿਆ ਸਾਂ। ਪਰ ਬਾਬੇ ਨਾਲ ਮੁਲਾਕਾਤ ਨਹੀਂ ਹੋ ਸਕੀ। ਮੇਰੇ ਵਲੋਂ ਬਾਬੇ ਦਾ ਮਾਖੌਲ ਉਡਾਉਣ ਉਤੇ ਉਸ ਪ੍ਰੇਮੀ ਦਾ ਵਾਰ ਵਾਰ ਇਹੀ ਕਹਿਣਾ ਹੁੰਦਾ ਸੀ ਕਿ ਜਦੋਂ 'ਪਿਤਾ ਜੀ' ਦੀ ਕਿਰਪਾ ਹੋਈ ਉਦੋਂ ਹੀ ਤੁਹਾਨੂੰ ਉਨ੍ਹਾਂ ਦੇ ਦਰਸ਼ਨ ਹੋ ਸਕਣੇ ਹਨ। ਇਸੇ ਤਰ੍ਹਾਂ ਹੀ ਪਿਆਰੇ ਬਾਬੇ ਦੇ ਇਕ ਚੇਲੇ ਨੇ ਮੈਨੂੰ ਕਈ ਵਾਰੀ ਕਿਹਾ ਸੀ ਕਿ ਮੈਂ ਵੀ ਉਸ 'ਬ੍ਰਹਮ ਗਿਆਨੀ ਮਹਾਪੁਰਸ਼' ਦੇ ਦਰਸ਼ਨਾਂ ਨੂੰ ਜਾਵਾਂ ਕਿਉਂਕਿ ਉਸ ਦੇ ਕਹਿਣ ਅਨੁਸਾਰ ਬਾਬੇ ਦੀ ਕਿਰਪਾ ਨਾਲ ਬਹੁਤ ਕੁਝ ਹਾਸਲ ਹੋ ਸਕਦਾ ਸੀ। ਮੈਂ ਸ਼ੁਰੂ ਤੋਂ ਹੀ ਡੇਰਿਆਂ ਦੇ ਖਿਲਾਫ ਹਾਂ। ਸੋ, ਮੈਂ ਉਸ ਸ਼ਰਧਾਲੂ ਚੇਲੇ ਨੂੰ ਉਦੋਂ ਵੀ ਟਾਲ ਗਿਆ ਸਾਂ ਜਦੋਂ ਉਸ ਕਿਹਾ ਸੀ ਕਿ ਬਾਬਾ ਜੀ ਅਖਬਾਰੀ ਲੇਖਕਾਂ ਅਤੇ ਪੱਤਰਕਾਰਾਂ ਨੂੰ ਮਾਇਆ ਦਾ ਦਾਨ ਵੀ ਦਿੰਦੇ ਹਨ। ਜਿੰਨੀ ਉਸ ਨੂੰ ਚਰਚਾ ਦੀ ਆਸ ਹੋਵੇ ਉਸੇ ਮੁਤਾਬਕ ਹੀ ਆਪਣੇ ਗੱਲੇ ਵਿਚੋਂ ਕੱਢ ਕੇ ਰਕਮ ਦਰ ਆਏ ਪੱਤਰਕਾਰ/ਲੇਖਕ ਦੀ ਝੋਲੀ ਪਾ ਦਿੱਤਾ ਕਰਦਾ ਸੀ ਪਿਆਰਾ ਬਾਬਾ। ਕੁਝ ਦੋਸਤਾਂ ਨੇ ਮਜ਼ਾਕ ਵਿਚ ਕਿਹਾ ਵੀ ਕਿ ਚਲੋ ਬਾਬੇ ਤੋਂ ਰਕਮ ਲੈ ਕੇ ਐਸ਼ ਕਰਾਂਗੇ ਪਰ ਮੈਂ ਇਸ ਤਜਵੀਜ਼ ਨੂੰ ਵੀ ਪ੍ਰਵਾਨ ਨਹੀਂ ਸੀ ਕੀਤਾ। ਉਂਜ ਮੈਨੂੰ ਦੱਸਿਆ ਗਿਆ ਸੀ ਕਿ ਕਈ ਸੀਨੀਅਰ ਪੱਤਰਕਾਰ ਵੀ ਉਸ ਦੇ ਡੇਰੇ ਉਤੇ ਚੌਕੀ ਭਰਨ ਜਾਂਦੇ ਹਨ ਅਤੇ ਕਈਆਂ ਨੇ ਉਸ ਤੋਂ ਕਈ ਵਾਰੀ ਨਕਦ ਦਾਨ ਹਾਸਲ ਕੀਤਾ ਹੈ।

ਲੋਕ ਮੂਰਖ ਹਨ ਅਤੇ ਕੁਝ ਲੋਕ ਉਨ੍ਹਾਂ ਨੂੰ ਮੂਰਖ ਹੀ ਬਣਾਈ ਰੱਖਣਾ ਚਾਹੁੰਦੇ ਹਨ। ਜਿਸ ਖਾਤਰ ਥਾਂ ਥਾਂ ਨਵੇਂ ਤੋਂ ਨਵੇਂ ਬਾਬੇ ਪੈਦਾ ਹੁੰਦੇ ਰਹਿੰਦੇ ਹਨ। ਇਨ੍ਹਾਂ ਦੀ ਗਿਣਤੀ ਹੀ ਨਹੀਂ ਕੀਤੀ ਜਾ ਸਕਦੀ। ਮੇਰੇ ਆਪਣੇ ਪਿੰਡ ਦੇ ਕੋਲ ਇਕ ਬੇਆਬਾਦ ਕਬਰ ਉਤੇ ਕਰੀਬ ਚਾਲੀ ਸਾਲ ਪਹਿਲਾਂ ਕਿਸੇ ਹਰੇ ਚੋਲੇ ਵਾਲੇ ਸਾਧ ਨੇ ਕਬਜ਼ਾ ਕਰ ਲਿਆ ਸੀ। ਅੱਜ ਉਸ ਜ਼ਮੀਨ ਦੀ ਕੀਮਤ ਹੀ ਕਰੋੜਾਂ ਵਿਚ ਹੈ। ਉਹ ਕਬਰ ਕਿਸ ਦੀ ਹੈ? ਇਸ ਦਾ ਇਲਮ ਸ਼ਾਇਦ ਇਸ ਦੇ ਮਜੌਰ ਨੂੰ ਵੀ ਨਾ ਹੋਵੇ। ਲੋਕ ਧੜਾਧੜ ਉਥੇ ਚੜ੍ਹਾਵਾ ਚੜ੍ਹਾਉਂਦੇ ਹਨ। ਮੂਰਖ ਲੋਕਾਂ ਦੀ ਤਾਂ ਕਮੀ ਹੈ ਹੀ ਨਹੀਂ। ਕਈ ਵਾਰ ਦੋਸਤਾਂ ਵਿਚ ਮਗਜ਼ ਚਰਾਈ ਦੌਰਾਨ ਹਾਸੇ ਵਿਚ ਗੱਲ ਹੁੰਦੀ ਹੈ ਕਿ ਬਾਬਾਗਿਰੀ ਨਾਲੋਂ ਵੱਡਾ ਕੋਈ ਧੰਦਾ ਨਹੀਂ। ਕਿਸੇ ਥਾਂ ਝੰਡਾ ਗੱਡ ਦਿੱਤਾ ਜਾਵੇ। ਸਾਲਾਂ 'ਚ ਹੀ ਨੋਟਾਂ ਨਾਲ ਕੋਠੀਆਂ ਭਰ ਜਾਣਗੀਆਂ।

ਜੇ ਮੁਹਾਵਰੇ ਦੀ ਵਰਤੋਂ ਕਈਏ ਤਾਂ ਕਹਿ ਸਕਦੇ ਹਾਂ ਕਿ ਪੰਜਾਬ ਵਿਚ ਬਾਬੇ ਉਤੇ ਬਾਬਾ ਚੜ੍ਹਿਆ ਪਿਆ ਹੈ। ਇਕ ਲੱਭੋ ਹਜ਼ਾਰਾਂ ਮਿਲਦੇ ਹਨ। ਹੋਰ ਤਾਂ ਹੋਰ, ਹੁਣ ਸਾਧਾਂ ਸੰਤਾਂ ਨੇ ਆਪਣੀਆਂ ਯੂਨੀਅਨਾਂ ਵੀ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਵਰਕਰਾਂ ਦੀਆਂ ਯੂਨੀਅਨਾਂ ਤਾਂ ਬਣਨੋਂ ਰਹਿ ਗਈਆਂ ਹਨ ਕਿਉਂ ਮੈਨੇਜਮੈਂਟਾਂ ਨੇ 'ਗਲੋਬਲੀ ਪੈਂਤੜੇ' ਵਰਤਣੇ ਸ਼ੁਰੂ ਕਰ ਦਿੱਤੇ ਹਨ। ਪਰ ਸਾਧਾਂ ਸੰਤਾਂ ਦੀਆਂ ਬਣ ਰਹੀਆਂ ਹਨ। ਕਿਤੇ ਸੰਤ ਸਮਾਜ ਹੈ, ਕਿਤੇ ਸਾਧ ਸੰਗਤ ਸੰਸਥਾ ਹੈ, ਕਿਤੇ ਸੰਤ ਸੰਗਠਨ ਹੈ। ਪੰਜਾਬ ਹੀ ਨਹੀਂ ਸਗੋਂ ਭਾਰਤ ਪੱਧਰ ਉਤੇ ਹੀ ਇਹ ਰੁਝਾਨ ਚਲ ਨਿਕਲਿਆ ਹੈ। ਹੁਣ ਤਾਂ ਸਾਧ ਸੰਤ ਅਤੇ ਬਾਬੇ ਸਿਆਸਤ ਵਿਚ ਵੀ ਹਿੱਸਾ ਲੈਣ ਲੱਗ ਪਏ ਹਨ।

ਪਰ ਹੁਣੇ ਕਿਉਂ? ਸਿਆਸਤ ਵਿਚ ਹਿੱਸਾ ਤਾਂ ਕਈ ਦਹਾਕਿਆਂ ਤੋਂ ਸੰਤ ਸਾਧ ਲੈ ਰਹੇ ਹਨ। ਅਕਾਲੀ ਸਿਆਸਤ ਵਿਚ ਤਾਂ ਸੰਤ ਫਤਿਹ ਸਿੰਘ ਅਤੇ ਸੰਤ ਚੰਨਣ ਸਿੰਘ ਦੀ ਅਕਾਲੀ ਸਿਆਸਤ ਦੀ ਐਸੀ ਗੁੱਡੀ ਚੜ੍ਹੀ ਸੀ ਕਿ 'ਬਹਿ ਜਾ ਬਹਿ ਜਾ' ਹੋ ਗਈ ਸੀ। ਜਦੋਂ ਸ੍ਰੀ ਅਕਾਲ ਤਖਤ ਉਤੇ ਸੜ ਮਰਨ ਦੀ ਸਹੁੰ ਖਾ ਕੇ ਅਤੇ ਇਸ ਦੇ ਸਿਖਰ ਉਤੇ ਅਗਨ ਕੁੰਡ ਬਣਾ ਕੇ ਸੜ ਮਰਨ ਦੀ ਥਾਂ ਬਹਾਨਾ ਬਣਾ ਕੇ ਸੰਤਾਂ ਨੇ ਪੰਜਾਬੀ ਸੂਬੇ ਦਾ ਮੋਰਚਾ ਵਾਪਸ ਲੈ ਲਿਆ ਸੀ, ਉਦੋਂ ਹੀ ਪਤਾ ਲੱਗ ਗਿਆ ਸੀ ਕਿ ਸੰਤਾਂ ਦੀ ਸਿਆਸਤ ਕਿਸ ਤਰ੍ਹਾਂ ਦੀ ਹੈ। ਮਗਰੋਂ ਇਕ ਸਿਆਣੇ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਜਦੋਂ ਸਿਆਸਤ ਵਿਚ ਖਿੱਚਿਆ ਗਿਆ ਤਾਂ ਬੇਚਾਰੇ ਨੂੰ ਜਾਨ ਤੋਂ ਹੱਥ ਧੋ ਕੇ ਹੀ ਛੁਟਕਾਰਾ ਮਿਲਿਆ ਸੀ। ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਤਾਂ ਖੈਰ ਆਇਆ ਹੀ 'ਸ਼ਹੀਦ' ਹੋਣ ਲਈ ਸੀ। ਪੰਜਾਬ ਵਿਚ ਸੰਤਾਂ ਦੀ ਗਿਣਤੀ ਕਰਨੀ ਕੋਈ ਸੌਖੀ ਨਹੀਂ। ਸਿੱਖ ਸੰਤਾਂ ਤੋਂ ਬਿਨਾ ਕਈ ਐਸੇ ਸੰਤ ਤੇ ਡੇਰੇਦਾਰ ਵੀ ਹਨ ਜੋ ਸਭ ਧਰਮਾਂ ਨੂੰ ਮੰਨਦੇ ਹਨ। ਭਨਿਆਰਾਂ ਵਾਲਾ ਪਿਆਰਾ ਵੀ, ਸਿਰਸਾ ਵਾਲਾ ਗੁਰਮੀਤ ਵੀ ਉਨ੍ਹਾਂ ਵਿਚੋਂ ਹੀ ਹਨ ਜੋ ਕਹਿੰਦੇ ਹਨ, ਉਹ ਸਭ ਧਰਮਾਂ ਨੂੰ ਮੰਨਦੇ ਹਨ। ਮੰਨਦੇ ਧਰਮ ਨੂੰ ਹਨ ਪਰ ਕਰਵਾਉਂਦੇ ਸ਼ਖਸੀ ਪੂਜਾ ਹਨ। ਲੋਕ ਮੱਥੇ ਟੇਕਦੇ ਹਨ। ਜਦੋਂ ਹੁਕਮਰਾਨ ਸਿਆਸੀ ਪਾਰਟੀ ਦੇ ਨੇਤਾ ਵੀ ਆ ਕੇ ਮੱਥੇ ਟੇਕਣ ਤਾਂ ਡੇਰੇਦਾਰ ਦੀ ਹਉਮੈ ਦਾ ਗੁਬਾਰਾ ਫੁੱਲ ਜੀ ਜਾਣਾ ਹੁੰਦਾ ਹੈ।

ਕਈ ਲੋਕ ਵਹਿਮ ਵਿਚ ਹਨ ਕਿ ਸਰਕਾਰ ਉਤੇ ਦਬਾਅ ਪਾ ਕੇ ਉਹ ਸਿਰਸਾ ਵਾਲੇ ਬਾਬੇ ਨੂੰ ਗ੍ਰਿਫਤਾਰ ਕਰਵਾ ਹੀ ਲੈਣਗੇ। ਪਹਿਲੀ ਗੱਲ, ਸਰਕਾਰ ਲਈ ਕਿਸੇ ਵੀ ਬਾਬੇ ਦੀ ਗ੍ਰਿਫਤਾਰੀ ਬਿਨਾ ਕਾਨੂੰਨੀ ਆਧਾਰ ਦੇ ਕਰਵਾਉਣੀ ਔਖੀ ਹੈ। ਬਾਬਾ ਕੋਈ ਭਰਤਇੰਦਰ ਸਿੰਘ ਚਾਹਲ ਤਾਂ ਹੈ ਨਹੀਂ ਜਿਸ ਦੀ ਗ੍ਰਿਫਤਾਰੀ ਉਤੇ ਕੁੱਤਾ ਤੱਕ ਨਹੀਂ ਭੌਂਕਿਆ। ਜੇ ਗ੍ਰਿਫਤਾਰੀ ਕਰ ਵੀ ਲਈ ਤਾਂ ਤੁਰੰਤ ਜ਼ਮਾਨਤ ਹੋ ਜਾਣੀ ਹੈ। ਅੱਵਲ ਤਾਂ ਕੇਸ ਹੀ ਕਮਜ਼ੋਰ ਰਹਿਣਾ ਹੈ। ਨਹੀਂ ਤਾਂ ਜਦੋਂ ਸਰਕਾਰ ਬਦਲੀ ਤਾਂ ਗਵਾਹਾਂ ਹੀ ਮੁੱਕਰ ਜਾਣਾ ਹੈ। ਪਿਆਰੇ ਖਿਲਾਫ ਬਣੇ ਕੇਸ ਦਾ ਕੀ ਹਸ਼ਰ ਹੋਇਆ? ਉਹੀ ਗੁਰਮੀਤ ਰਾਮ ਰਹੀਮ ਵਾਲੇ ਕੇਸ ਦਾ ਹੋਣਾ ਹੈ। ਗੱਲ ਇਥੇ ਆ ਕੇ ਮੁੱਕਦੀ ਹੈ ਕਿ ਜਦੋਂ ਸਾਈਂ ਦੀ ਮਿਹਰ ਹੋਵੇ ਉਦੋਂ ਬੰਦੇ ਦਾ ਵਾਲ ਵੀ ਵਿੰਗਾ ਨਹੀਂ ਹੋ ਸਕਦਾ। ਜਦੋਂ ਸਰਕਾਰ ਹੀ ਆਪਣੀ ਹੋਵੇ ਉਦੋਂ ਗਵਾਹਾਂ ਨੂੰ ਮੁਕਰਾਉਣਾ ਵੀ ਔਖਾ ਨਹੀਂ ਹੁੰਦਾ।

# ਸ਼ੇਰ ਸ਼ੇਰ ਨਾ ਕਰੀਓ ਭਾਈ!

ਚਲੋ ਲਤੀਫੇ ਨਾਲ ਸ਼ੁਰੂ ਕਰੀਏ। ਜ਼ਿੰਦਗੀ 'ਚ ਬੰਦੇ ਨੂੰ ਦੁੱਖ ਹੀ ਏਨੇ ਹਨ ਕਿ ਲਤੀਫੇ ਸੁਣਨ ਦੀ ਵਿਹਲ ਵੀ ਨਹੀਂ ਰਹਿ ਗਈ ਅਤੇ ਹੱਸਣ ਦੀ ਜਾਚ ਵੀ ਨਹੀਂ। ਕਈ ਤਾਂ ਸਾਰੀ ਉਮਰ ਹੱਸਦੇ ਹੀ ਨਹੀਂ। ਗੰਭੀਰ ਹੀ ਬਣੇ ਰਹਿੰਦੇ ਹਨ। ਪਤਾ ਨਹੀਂ ਏਨੀ ਏਨੀ ਉਮਰ ਜੀਅ ਕਿਵੇਂ ਜਾਂਦੇ ਹਨ? ਮਿਸਾਲ ਵਜੋਂ ਸਾਬਕਾ ਪ੍ਰਧਾਨ ਮੰਤਰੀ ਮੋਰਾਰਜੀ ਦੇਸਾਈ ਨੂੰ ਹੀ ਲਵੋ। ਮੈਨੂੰ ਨਹੀਂ ਲੱਗਦਾ ਕਿ ਉਹ ਕਦੀ ਹੱਸੇ ਹੋਣਗੇ। ਫਿਰ ਵੀ ਉਹ 99 ਸਾਲ ਜੀਵੇ।

ਜਿੰਨੇ ਲਤੀਫੇ ਵਿਆਹੁਤਾ ਜੀਵਨ ਬਾਰੇ ਬਣੇ ਹਨ, ਓਨੇ ਸੈਕਸ ਛੱਡ ਕੇ, ਸ਼ਾਇਦ ਹੀ ਕਿਸੇ ਹੋਰ ਵਿਸ਼ੇ ਉਤੇ ਬਣੇ ਹੋਣ। ਬਹੁਤੇ ਲਤੀਫੇ ਮਰਦਾਂ ਦੇ ਬਣਾਏ ਹੁੰਦੇ ਹਨ, ਸੋ ਉਨ੍ਹਾਂ ਵਿਚ ਔਰਤਾਂ ਨੂੰ ਨੀਵਾਂ ਦਿਖਾਇਆ ਗਿਆ ਹੁੰਦਾ ਹੈ ਪਰ ਕਦੀ ਕਦੀ ਐਸਾ ਲਤੀਫਾ ਵੀ ਸੁਣ ਜਾਂਦਾ ਹੈ ਜੋ ਔਰਤ ਵਲੋਂ ਘੜੇ ਜਾਣ ਦਾ ਇਲਮ ਹੁੰਦਾ ਹੈ। ਪਰ ਲਤੀਫਿਆਂ ਦਾ ਗੁਣ ਇਹ ਹੈ ਕਿ ਇਨ੍ਹਾਂ ਉਤੇ ਕਿਸੇ ਇਕ ਬੰਦੇ ਦਾ ਹੱਕ ਨਹੀਂ ਹੁੰਦਾ। ਐਨ ਉਸੇ ਤਰ੍ਹਾਂ ਜਿਵੇਂ ਲੋਕ ਗੀਤਾਂ ਉਤੇ ਕਿਸੇ ਇਕ ਦਾ ਹੱਕ ਨਹੀਂ ਹੁੰਦਾ।

ਭਾਵੇਂ ਮਰਦ ਤੇ ਔਰਤ ਵਿਚ ਵਖਰੇਵੇਂ ਬਾਰੇ ਕਿੰਨਾ ਵੀ ਕਿਹਾ ਜਾਵੇ, ਅਸਲ ਗੱਲ ਇਹ ਹੈ ਕਿ ਦੋਵੇਂ ਇਕ ਦੂਜੇ ਦੇ ਪੂਰਕ ਹੀ ਹਨ। ਫਰਕ ਸਿਰਫ ਏਨਾ ਹੈ ਕਿ ਜਦੋਂ ਇਕ ਦੂਜੇ ਦੇ ਸਾਹਮਣੇ ਹੁੰਦੇ ਹਨ ਤਾਂ ਸ਼ਾਦੀਸ਼ੁਦਾ ਜੀਵਨ ਵਿਚ ਇਕ ਦੂਜੇ ਤੋਂ ਉਪਰ ਦਿਖਾਈ ਦੇਣ ਲਈ ਮੁਕਾਬਲੇ ਵਿਚ ਖੜ੍ਹ ਜਾਂਦੇ ਹਨ। ਫਿਰ ਵੀ ਇਕ ਦੂਜੇ ਤੋਂ ਬਿਨਾ ਰਹਿ ਨਹੀਂ ਸਕਦੇ। ਗੁਰੂ ਨਾਨਕ ਦੇਵ ਜੀ ਨੇ ਵੀ ਇਹੀ ਕਿਹਾ ਹੈ ਕਿ ਜਦੋਂ ਇਕ ਔਰਤ ਮਰ ਜਾਵੇ ਤਾਂ ਦੂਜੀ ਦੀ ਭਾਲ ਕੀਤੀ ਜਾਂਦੀ ਹੈ। ਮਾਡਰਨ ਭਾਰਤੀ ਸਮਾਜ ਵਿਚ ਔਰਤ ਵੀ ਪਹਿਲੇ ਮਰਦ ਦੀ ਮੌਤ ਤੋਂ ਬਾਅਦ ਦੂਜੇ ਦੀ ਭਾਲ ਕਰਨ ਲੱਗੀਆਂ ਹਨ। ਪੱਛਮ ਵਿਚ ਤਾਂ ਇਹ ਪਿਰਤ ਬਹੁਤ ਚਿਰ ਤੋਂ ਹੈ।

ਇੰਗਲੈਂਡ ਦੇ ਡੀ.ਐਚ. ਲਾਰੈਂਸ ਦੇ ਮਸ਼ਹੂਰ ਨਾਵਲ 'ਸੰਨਜ਼ ਐਂਡ ਲਵਰਜ਼' ਵਿਚ ਇਕ ਥਾਂ ਬੜੀ ਦਿਲਚਸਪ ਗੱਲ ਪੜ੍ਹੀ। ਨਾਇਕ ਇਕ ਘਰ 'ਚ ਕਿਸੇ ਕੰਮ ਜਾਂਦਾ ਹੈ। ਉਥੇ ਸਿਰਫ ਮਾਂਵਾਂ ਧੀਆਂ ਹੀ ਰਹਿੰਦੀਆਂ ਹਨ। ਖਬਰੇ ਕਈ ਚਿਰ ਪਿਛੋਂ ਉਸ ਘਰ ਵਿਚ ਕੋਈ ਮਰਦ ਗਿਆ ਹੋਵੇਗਾ। ਮਾਂ ਧੀ ਨੂੰ ਕਹਿੰਦੀ ਹੈ, ਮੁੰਡੇ ਲਈ ਬੀਅਰ ਲੈ ਕੇ ਆਵੇ। ਫਿਰ ਉਹ ਮੁੰਡੇ ਨੂੰ ਕਹਿੰਦੀ ਹੈ ਕਿ ਜੇ ਇੱਛਾ ਹੋਵੇ ਤਾਂ ਉਹ ਸਿਗਰਟ ਵੀ ਲਾ ਸਕਦਾ ਹੈ। ਮੁੰਡਾ ਉਸ ਨੂੰ ਸ਼ੁਕਰੀਆ ਕਹਿੰਦਾ ਹੈ।

ਅਗੋਂ ਉਹ ਕਹਿੰਦੀ ਹੈ, 'ਸ਼ੁਕਰੀਆ ਕਰਨ ਦੀ ਲੋੜ ਨਹੀਂ। ਮੈਨੂੰ ਇਸ ਘਰ ਵਿਚੋਂ ਮਰਦ ਦੀ ਬੂ ਆਉਣੀ ਚੰਗੀ ਲੱਗਦੀ ਹੈ। ਸਿਰਫ ਤੀਵੀਆਂ ਵਾਲੇ ਘਰ ਵਿਚ ਉਹ ਗੱਲ ਨਹੀਂ ਹੁੰਦੀ ਜੋ ਮਰਦਾਂ ਵਾਲੇ ਘਰ ਵਿਚ ਹੁੰਦੀ ਹੈ। ਮਰਦ ਭਾਵੇਂ ਮਿੱਟੀ ਦਾ ਮਾਧੋ ਹੀ ਕਿਉਂ ਨਾ ਹੋਵੇ, ਘਰ ਵਿਚ ਉਸ ਦੀ ਹੋਂਦ ਚਾਹੀਦੀ ਹੀ ਹੈ। ਹੋਰ ਨਹੀਂ ਤਾਂ ਉਸ ਨੂੰ ਡਾਂਟਿਆ ਤਾਂ ਜਾ ਸਕਦਾ ਹੈ।' ਲਾਰੈਂਸ ਦਾ ਇਹ ਨਾਵਲ ਸੰਨ 1913 ਵਿਚ ਛਪਿਆ ਸੀ। ਉਦੋਂ ਵੀ ਇੰਗਲੈਂਡ ਵਿਚ ਪੂੰਜੀਵਾਦ ਉਸ ਤੇਜ਼ੀ ਨਾਲ ਨਹੀਂ ਸੀ ਫੈਲਿਆ ਜਿਸ ਤੇਜ਼ੀ ਨਾਲ ਹੁਣ ਭਾਰਤ ਵਿਚ ਫੈਲ ਰਿਹਾ ਹੈ। ਪਰ ਇਨਸਾਨੀ ਰਿਸ਼ਤਿਆਂ ਬਾਰੇ ਉਸ ਦੀ ਨਿਸ਼ਾਨਦੇਹੀ ਪੂੰਜੀਵਾਦੀ ਸਮਾਜ ਮੁਤਾਬਕ ਹੀ ਸੀ। ਕਈ ਵਾਰੀ ਇੰਜ ਲੱਗਦਾ ਹੈ ਕਿ ਇਸ ਮਾਮਲੇ ਵਿਚ ਉਸ ਦਾ ਅਨੁਭਵ ਕਮਾਲ ਦਾ ਹੈ ਅਤੇ ਅੱਜ ਦੀ ਸਥਿਤੀ ਉਤੇ ਢੁਕਦਾ ਹੈ।

ਉਪਰਲੀ ਗੱਲ ਔਰਤਾਂ ਵਲੋਂ 'ਆਪਣੇ' ਮਰਦਾਂ ਨਾਲ ਵਿਹਾਰ ਅਤੇ ਉਨ੍ਹਾਂ ਦੀ ਮਰਦਾਂ ਦੀ 'ਸਭ ਤੋਂ ਵੱਡੀ ਲੋੜ' ਦੀ ਤਰਜਮਾਨੀ ਕਰਦੀ ਹੈ। ਵਡੇਰੀ ਉਮਰ 'ਚ ਔਰਤ ਦੀ ਸਭ ਤੋਂ ਵੱਡੀ ਲੋੜ ਜਿਸਮਾਨੀ ਨਹੀਂ ਹੁੰਦੀ ਸਗੋਂ 'ਜ਼ੁਬਾਨੀ' ਹੁੰਦੀ ਹੈ। ਇਸੇ ਲਈ ਤਾਂ ਇਕ ਖਾਸ ਪੜਾਅ ਤੋਂ ਬਾਅਦ ਔਰਤਾਂ ਆਪਣੇ ਪਤੀਆਂ ਨਾਲ ਗੱਲ ਗੱਲ ਉਤੇ ਲੜਨ ਲੱਗ ਪੈਂਦੀਆਂ ਹਨ ਅਤੇ ਉਨ੍ਹਾਂ ਦੀ ਬਹੁਤੀ ਪਰਵਾਹ ਕਰਨੀ ਵੀ ਬੰਦ ਕਰ ਦਿੰਦੀਆਂ ਹਨ।

ਇਸ ਦੇ ਮੁਕਾਬਲੇ ਮਰਦ ਸਾਰੀ ਉਮਰ ਹੀ ਨਹੀਂ ਬਦਲਦੇ। ਉਨ੍ਹਾਂ ਦੀ ਲੋੜ ਜਵਾਨੀ ਵਿਚ ਵੀ ਜਿਸਮਾਨੀ ਹੀ ਹੁੰਦੀ ਹੈ ਅਤੇ ਸਾਰੀ ਉਮਰ ਹੀ ਜਿਸਮਾਨੀ ਰਹਿੰਦੀ ਹੈ। ਉਦੋਂ ਵੀ ਜਦੋਂ ਬੁਢਾਪੇ ਕਾਰਨ ਕੁੱਬ ਨਿਕਲ ਰਿਹਾ ਹੋਵੇ। ਤਾਕਤ ਵਧਾਉਣ ਦੀਆਂ ਗੋਲੀਆਂ ਦੀ ਵਿਕਰੀ ਅਤੇ ਤਾਕਤ ਵਧਾਉਣ ਵਾਲੇ ਵੈਦਾਂ ਦਾ ਵਪਾਰ ਇਸੇ ਦੀ ਨਿਸ਼ਾਨੀ ਹੈ। ਮਰਦਾਨਾ ਫਿਤਰਤ ਹੀ ਐਸੀ ਹੈ। ਇਹ ਕਦੀ ਨਹੀਂ ਬਦਲਦੀ। ਕਹਿੰਦੇ ਹਨ ਕਿ ਮੌਤ ਦੇ ਬਿਸਤਰੇ ਉਤੇ ਵੀ ਨਹੀਂ। ਇਸੇ ਲਈ ਤਾਂ ਬਹਿਸ਼ਤ ਵਿਚ ਹੂਰਾਂ ਨਾਲ ਰਹਿਣ ਦੇ ਸੁਪਨੇ ਸੰਜੋਏ ਜਾਂਦੇ ਹਨ। ਪਰ ਔਰਤਾਂ ਵੱਖਰੀ ਤਰ੍ਹਾਂ ਸੋਚਦੀਆਂ ਹਨ। ਉਹ ਪਤੀਆਂ ਨੂੰ ਡਾਂਟਣਾ ਆਪਣਾ ਹੱਕ ਸਮਝਦੀਆਂ ਹਨ।

ਸੁਰਜਨ ਜ਼ੀਰਵੀ ਮੇਰੇ ਬਹੁਤ ਹੀ ਚੰਗੇ ਦੋਸਤ ਵੀ ਹਨ ਅਤੇ ਗੁਰੂ ਵੀ। ਉਨ੍ਹਾਂ ਦੀ ਪਤਨੀ ਅਮ੍ਰਿਤ ਕੌਰ ਸ਼ੁਰੂ ਤੋਂ ਹੀ ਜ਼ੀਰਵੀ ਹੁਰਾਂ ਨਾਲ ਹਰ ਸਮੇਂ ਲੜਾਈ ਕਰਨ ਦੇ ਹੀ ਰਉਂ ਵਿਚ ਰਹਿੰਦੀ। ਟੋਰਾਂਟੋ ਵਿਚ ਰਹਿੰਦੇ ਪਵਨਜੀਤ ਸਿੰਘ ਨੇ ਇਕ ਵਾਰੀ ਉਨ੍ਹਾਂ ਨੂੰ ਕਿਹਾ ਕਿ ਉਹ ਹੁਣ ਇਸ ਉਮਰੇ ਤਾਂ ਬਜ਼ੁਰਗ ਨਾਲ ਲੜਾਈ ਨਾ ਕਰੇ। ਅੱਗੋਂ ਅਮ੍ਰਿਤ ਜੀ ਨੇ ਕਿਹਾ ਕਿ ਜਿਸ ਦਿਨ ਉਹ ਲੜਾਈ ਨਾ ਕਰ ਲਵੇ ਉਸ ਦਿਨ ਉਸ ਨੂੰ ਚੈਨ ਹੀ ਨਹੀਂ ਪੈਂਦੀ। ਨਾ ਹੀ ਉਸ ਦਿਨ ਜ਼ੀਰਵੀ ਜੀ ਨੂੰ ਹੀ ਚੰਗਾ ਲੱਗਦਾ ਹੈ। ਉਹ ਵੀ ਅਕਸਰ ਕਹਿੰਦੇ ਕਿ ਅੱਜ ਡਾਂਟ ਨਹੀਂ ਪਈ। ਇਸੇ ਕਰਕੇ ਹੱਡ ਪੈਰ ਦੁੱਖਦੇ ਹਨ। ਦੋਵਾਂ ਨੂੰ ਹੀ ਆਦਤ ਪੈ ਗਈ ਹੈ। ਸਭ ਨੂੰ ਪੈ ਹੀ ਜਾਂਦੀ ਹੈ। ਮਰਦਾਂ ਨੂੰ ਇਕ ਖੁਸ਼ਫਹਿਮੀ ਹੁੰਦੀ ਹੈ ਕਿ ਉਨ੍ਹਾਂ ਦੀਆਂ ਔਰਤਾਂ ਉਨ੍ਹਾਂ ਤੋਂ ਡਰਦੀਆਂ ਹਨ। ਪਰ ਅਸਲ ਗੱਲ ਇਸ ਤਰ੍ਹਾਂ ਨਹੀਂ ਹੈ। ਇਸ ਦੀ ਪੁਸ਼ਟੀ ਪੰਜਾਬੀ ਦੀ ਬਹੁਤ ਹੀ ਵਧੀਆ ਅਤੇ ਪਿਆਰੀ ਲਿਖਾਰੀ ਸੁਰਿੰਦਰ ਅਤੈ ਸਿੰਘ ਵੀ ਕਰਦੀ ਹੈ। ਸੁਰਿੰਦਰ ਉਨ੍ਹਾਂ ਔਰਤਾਂ ਵਿਚੋਂ ਹੈ ਜਿਨ੍ਹਾਂ ਨੂੰ ਹੱਸਣਾ ਵੀ ਆਉਂਦਾ ਹੈ ਅਤੇ ਪੜ੍ਹਨਾ ਵੀ। ਪੜ੍ਹੀਆਂ ਲਿਖੀਆਂ ਔਰਤਾਂ ਵੀ ਕਿਸੇ ਨਿਰਛਲ ਲਤੀਫੇ ਨੂੰ ਹੀ ਮਸਲਾ ਬਣਾ ਕੇ ਬਹਿ ਜਾਂਦੀਆਂ ਹਨ। ਅਖੇ ਲਤੀਫਾ ਕਿਹਾ ਹੀ ਕਿਉਂ? ਹੱਸਣਾ ਤੇ ਜ਼ਿੰਦਗੀ ਨੂੰ ਹੱਸ ਕੇ ਜੀਣਾ ਹਾਰੀ ਸਾਰੀ ਦਾ ਕੰਮ ਨਹੀਂ। ਇਸ ਲਈ ਬਹੁਤ ਜਿਗਰੇ ਤੇ ਬਹੁਤ ਸਾਰੇ ਗਿਆਨ ਦੇ ਨਾਲ ਜ਼ਿੰਦਗੀ ਜਿਉਣ ਦਾ ਬਹੁਤ ਸਾਰਾ ਚਾਅ ਵੀ ਚਾਹੀਦਾ ਹੈ।

ਖੈਰ, ਉਹ ਕਹਿੰਦੀ ਹੈ ਕਿ ਪਹਿਲਾਂ ਪਹਿਲਾਂ ਖਬਰੇ ਕੋਈ ਡਰ ਹੁੰਦਾ ਹੋਵੇ ਪਰ ਬਾਅਦ ਵਿਚ ਉਨ੍ਹਾਂ ਨੂੰ ਭੇਦ ਹੋ ਜਾਂਦਾ ਹੈ ਕਿ ਬੰਦਾ ਕਿੰਨੇ ਕੁ ਪਾਣੀ ਵਿਚ ਹੈ। ਉਸ ਆਪਣੀ ਹੀ ਮਿਸਾਲ ਦਿੱਤੀ। ਜਦੋਂ ਉਹ ਛੋਟੀ ਜਿਹੀ ਸੀ ਤਾਂ ਆਪਣੇ ਬਾਪ ਵਲੋਂ ਘਰ ਵਿਚ ਹੰਗਾਮਾ ਕੀਤੇ ਜਾਣ ਉਤੇ ਡਰ ਜਾਂਦੀ ਸੀ। ਮਾਂ ਉਸ ਨੂੰ ਇਹ ਆਖ ਢਾਰਸ ਦਿੰਦੀ ਕਿ ਕੁਝ ਨਹੀਂ ਹੋਣ ਲੱਗਾ। ਇਹੀ ਸ਼ਬਦ ਸ਼ਾਇਦ ਉਸ ਨੂੰ ਆਪਣੀ ਧੀ ਕੋਲ ਖੁਦ ਵੀ ਕਈ ਵਾਰੀ ਦੁਹਰਾਉਣੇ ਪਏ ਹੋਣਗੇ। ਇਸ ਤਰ੍ਹਾਂ ਦੀ ਗੱਲ ਮੰਨ ਲੈਣਾ ਬਹੁਤ ਵੱਡੀ ਗੱਲ ਹੈ।

ਇਥੇ ਤਾਂ ਹਾਲ ਇਹ ਹੈ ਕਿ ਬਹੁਤੇ ਲੋਕ ਛੋਟੀ ਜਿਹੀ ਗੱਲ ਵੀ ਪਰਵਾਨ ਕਰਨ ਲਈ ਤਿਆਰ ਨਹੀਂ ਹੁੰਦੇ। ਉਨ੍ਹਾਂ ਨੂੰ ਸਭ ਤੋਂ ਵੱਡਾ ਖਦਸ਼ਾ ਲੋਕਾਈ ਦਾ ਹੁੰਦਾ ਹੈ। ਜੇ ਘਰ ਵਿਚਲੀ ਗੱਲ ਦਾ ਪਤਾ ਲੱਗ ਗਿਆ ਤਾਂ ਲੋਕ ਕੀ ਕਹਿਣਗੇ? ਇਸੇ ਡਰ ਕਾਰਨ ਹੀ ਉਹ ਸਾਰੀ ਉਮਰ ਅੰਦਰ ਵੜ ਕੇ ਹੀ ਗੁਜ਼ਾਰ ਦਿੰਦੇ ਹਨ। ਪਤਾ ਲੋਕਾਈ ਨੂੰ ਫਿਰ ਵੀ ਲੱਗ ਹੀ ਜਾਂਦਾ ਹੈ। ਲੋਕਾਈ ਕੋਲ ਤਾਂ ਹੋਰ ਕੋਈ ਕੰਮ ਹੀ ਨਹੀਂ। ਕਈ ਔਰਤਾਂ ਸਗੋਂ ਕੰਮ ਹੀ ਲਾਈ ਬੁਝਾਈ ਦਾ ਕਰਦੀਆਂ ਹਨ। ਏਧਰੋਂ ਸੁਣੀ ਤੇ ਓਧਰ ਕਹਿ ਦਿੱਤੀ। ਨਾਲ ਥੋੜ੍ਹਾ ਜਿਹਾ ਮਸਾਲਾ ਲਾ ਦਿੱਤਾ। ਕਈ ਬੰਦੇ ਵੀ ਇਹੀ ਕੁਝ ਕਰਦੇ ਹਨ। ਹੋਰਾਂ ਦੇ ਘਰ ਦੀ ਮੀਆਂ ਬੀਵੀ ਦੀ ਲੜਾਈ ਨੂੰ ਥਾਂ ਥਾਂ ਦੱਸਦੇ ਫਿਰਨਗੇ। ਪਰ ਇਹ ਨਹੀਂ ਦੱਸਣਗੇ ਕਿ ਖੁਦ ਉਨ੍ਹਾਂ ਨਾਲ ਘਰ ਵਿਚ ਕੀ ਬੀਤਦੀ ਹੈ। ਸਵੇਰ ਨੂੰ ਪਤਨੀ ਤੋਂ ਝਾੜਾਂ ਖਾ ਕੇ ਬਾਹਰ ਜਾਣਗੇ ਅਤੇ ਸ਼ਾਮ ਨੂੰ ਫਿਰ ਢੀਠਾਂ ਵਾਂਗ ਉਸੇ ਘਰ ਵਿਚ ਜਾ ਬਹਿਣਗੇ ਜਿਸ ਵਿਚ 'ਕਦੀ ਵੀ ਨਾ ਆਉਣ' ਦਾ ਐਲਾਨ ਕਰਕੇ ਉਹ ਸਵੇਰ ਨੂੰ ਨਿਕਲੇ ਹੁੰਦੇ ਹਨ। ਘਰ ਬਿਨਾ ਕਿੱਥੇ ਗੁਜ਼ਾਰਾ ਹੁੰਦਾ ਹੈ?

ਔਰਤ ਅਤੇ ਮਰਦ ਵਿਚਾਲੇ ਸੰਘਰਸ਼ ਮੁੱਢ ਕਦੀਮ ਤੋਂ ਚਲਿਆ ਆ ਰਿਹਾ ਹੈ। ਇਹ ਸੰਘਰਸ਼ ਅਸਾਵਾਂ ਹੈ। ਮਰਦ ਕੋਲ ਤਾਕਤ ਹੈ ਅਤੇ ਔਰਤ ਕੋਲ ਅਦਾ ਅਤੇ ਜ਼ੁਬਾਨ। ਤਾਕਤ ਤਾਂ ਸਮਾਂ ਪਾ ਕੇ ਘਟਦੀ ਜਾਂਦੀ ਹੈ ਪਰ ਜ਼ੁਬਾਨ ਵਿਚ ਕੋਈ ਫਰਕ ਨਹੀਂ ਪੈਂਦਾ। ਜਿਹੜੀ ਜਵਾਨੀ ਵਿਚ ਤੇਜ਼ ਹੈ ਉਹ ਬੁਢਾਪੇ ਵਿਚ ਵੀ ਤੇਜ਼ ਹੀ ਰਹਿਣੀ ਹੈ। ਇਸ ਸਬੰਧੀ ਵੀ ਸੁਰਿੰਦਰ ਅਤੈ ਸਿੰਘ ਦਾ ਹੀ ਇਕ ਲਤੀਫਾ ਹਾਜ਼ਰ ਹੈ। ਮੀਆਂ ਬੀਵੀ ਸੈਰ ਕਰਦੇ ਬਾਗ ਦੇ ਇਕ ਕੋਨੇ 'ਚ ਖੜ੍ਹੇ ਸਨ ਤਾਂ ਮਰਦ ਕਹਿਣ ਲੱਗਾ ਕਿ ਦੇਖ ਲੈ ਚਾਲੀਆਂ ਸਾਲਾਂ ਵਿਚ ਬਿਲਕੁਲ ਨਹੀਂ ਬਦਲਿਆ। ਚਾਲੀ ਸਾਲ ਪਹਿਲਾਂ ਜਦੋਂ ਆਪਣਾ ਵਿਆਹ ਹੋਇਆ ਸੀ ਉਦੋਂ ਵੀ ਮੈਂ ਇਹ ਪੱਥਰ ਨਹੀਂ ਸੀ ਚੁੱਕ ਸਕਦਾ। ਹੁਣ ਵੀ ਨਹੀਂ ਚੁੱਕ ਸਕਦਾ।

ਇਸ ਦੇ ਮੁਕਾਬਲੇ ਜੋ ਔਰਤ ਸ਼ਾਦੀ ਸਮੇਂ ਛੂਈ ਮੂਈ ਸੀ ਉਹ ਹੁਣ ਛੂਆ ਮੂਆ ਹੋ ਗਈ ਹੈ। ਉਦੋਂ ਉਸ ਦੀ ਜ਼ੁਬਾਨ ਨਹੀਂ ਸੀ ਚੱਲਦੀ। ਹੁਣ ਸਿਰਫ ਜ਼ੁਬਾਨ ਹੀ ਚੱਲਦੀ ਹੈ। ਕਹਿੰਦੇ ਹਨ ਕਿ ਜਦੋਂ ਮੁਕਾਬਲਾ ਹੋਵੇ ਤਾਂ ਉਹ ਤਾਕਤ ਦੀ ਕਮੀ ਨੂੰ ਜ਼ੁਬਾਨ ਰਾਹੀਂ ਪੂਰਾ ਕਰਦੀ ਹੈ। ਇਨ੍ਹਾਂ ਗੱਲਾਂ ਤੋਂ ਸ਼ਾਇਦ ਲੱਗੇ ਕਿ ਮੈਂ ਔਰਤਾਂ ਦੇ ਖਿਲਾਫ ਹਾਂ। ਇਹ ਗੱਲ ਕੋਰੀ ਗਲਤ ਹੈ। ਮੈਂ ਕਦੀ ਵੀ ਔਰਤਾਂ ਦੇ ਖਿਲਾਫ ਨਹੀਂ। ਸਗੋਂ ਜਦੋਂ ਮੇਰੀ 'ਪਹਿਲੀ ਕਿਤਾਬ' ਛਪੀ ਤਾਂ ਇਸ ਨੂੰ ਮੈਂ ਆਪਣੀ ਜ਼ਿੰਦਗੀ ਵਿਚ ਆਈਆਂ ਤਿੰਨ ਖੂਬਸੂਰਤ ਔਰਤਾਂ ਦੇ ਨਾਂ ਸਮਰਪਿਤ ਕੀਤਾ ਸੀ। ਜੋ ਬੰਦਾ ਪਹਿਲੀ ਹੀ ਕਿਤਾਬ ਨੂੰ ਇਸ ਤਰ੍ਹਾਂ ਸਮਰਪਿਤ ਕਰੇ ਉਸ ਉਤੇ ਔਰਤਾਂ ਦੇ ਖਿਲਾਫ ਹੋਣ ਦਾ ਦੋਸ਼ ਨਹੀਂ ਲੱਗ ਸਕਦਾ।

ਲੇਖ ਦੇ ਸ਼ੁਰੂ ਵਿਚ ਮੈ ਕਿਹਾ ਸੀ ਕਿ ਇਸ ਨੂੰ ਲਤੀਫੇ ਨਾਲ ਸ਼ੁਰੂ ਕਰਾਂਗਾ। ਪਰ ਕਰ ਨਹੀਂ ਸਕਿਆ। ਹੁਣ ਇਸ ਨੂੰ ਖਤਮ ਜ਼ਰੂਰ ਲਤੀਫੇ ਨਾਲ ਕਰਾਂਗਾ। ਇਕ ਵਾਰੀ ਮੀਆਂ ਬੀਵੀ ਦੀ ਲੜਾਈ ਬਹੁਤੀ ਹੀ ਭਖ ਪਈ ਤਾਂ ਮੀਏਂ ਨੇ ਤਾੜਨਾ ਕੀਤੀ, 'ਹੁਣ ਬੱਸ ਕਰ ਨਹੀਂ ਤਾਂ ਮੇਰੇ ਅੰਦਰਲਾ ਜਾਨਵਰ ਜਾਗ ਪਊ!' ਬੀਵੀ ਨੇ ਜਵਾਬ ਦਿਤਾ, 'ਜਾਹ ਜਾਹ! ਮੈਂ ਚੂਹਿਆਂ ਤੋਂ ਨਹੀਂ ਡਰਦੀ!'

ਉਸੇ ਦਿਨ ਤੋਂ ਮੈਂ ਆਪਣੇ ਆਪ ਨੂੰ ਸ਼ੇਰ ਸਮਝਣਾ ਬੰਦਾ ਕਰ ਦਿੱਤਾ ਸੀ...! ਤੁਹਾਡੇ ਵਿਚੋਂ ਜੋ ਅਜੇ ਵੀ ਆਪਣੇ ਆਪ ਨੂੰ ਸ਼ੇਰ ਸਮਝਦੇ ਹਨ ਉਹ ਹੱਥ ਖੜ੍ਹੇ ਕਰਨ! ਮੈਂ ਗਿਣਤੀ ਕਰਨੀ ਹੈ।

# ਗੌਤਮ ਤੋਂ ਤਾਸਕੀ ਤੱਕ

***ਪ੍ਰੋ. ਹਰਪਾਲ ਸਿੰਘ ਪੰਨੂ ਨੇ ਪਿਛਲੇ ਕੁਝ ਸਾਲਾਂ ਦੌਰਾਨ ਪੰਜਾਬੀ ਨਸਰ (ਵਾਰਤਕ) ਨੂੰ ਭਾਗ ਲਾਉਂਦੀਆਂ ਕਈ ਕਿਤਾਬਾਂ ਉਪਰੋਥਲੀ ਸਾਹਿਤ ਜਗਤ ਨੂੰ ਦਿੱਤੀਆਂ ਹਨ। ਇਨ੍ਹਾਂ ਕਿਤਾਬਾਂ ਦਾ ਆਪਣਾ ਰੰਗ ਅਤੇ ਨਿਵੇਕਲਾ ਹੀ ਢੰਗ ਹੈ। ਪਟਿਆਲੇ ਵੱਸਦੇ ਪ੍ਰੋ. ਮੇਵਾ ਸਿੰਘ ਤੁੰਗ ਨੇ ਪ੍ਰੋ. ਪੰਨੂ ਦੀ ਇਕ ਕਿਤਾਬ 'ਗੌਤਮ ਤੋਂ ਤਾਸਕੀ ਤੱਕ' ਬਾਰੇ ਤਬਸਰਾ ਆਪਣੇ ਇਸ ਲੇਖ ਵਿਚ ਕੀਤਾ ਹੈ ਅਤੇ ਪ੍ਰੋ. ਪੰਨੂ ਦੀ ਨਸਰ ਦੀ ਜਿਨ੍ਹਾਂ ਗੁਣਾਂ ਕਰ ਕੇ ਵਡਿਆਈ ਹੈ, ਉਨ੍ਹਾਂ ਦੀ ਨਿਸ਼ਾਨਦੇਹੀ ਕੀਤੀ ਹੈ। -ਸੰਪਾਦਕ***

ਇਹ ਰਚਨਾ ਹਰਪਾਲ ਸਿੰਘ ਪੰਨੂ ਦੀ ਪੁਰਾਤਨ ਮਹਾਂਪੁਰਖਾਂ ਦੀਆਂ ਜੀਵਨੀਆਂ ਦੀ ਸੈਂਚੀ ਹੈ। ਇਸ ਵਿਚ ਵਧੇਰੇ ਕਰ ਕੇ ਮਹਾਨ ਹਸਤੀਆਂ ਦੇ ਜੀਵਨ ਪੇਸ਼ ਕੀਤੇ ਹਨ। ਨਵੀਨ ਅਤੇ ਮੌਲਿਕ ਤੌਰ ਤਰੀਕਿਆਂ ਨਾਲ ਲੇਖਕ ਨੇ ਆਪਣੇ ਅਨੁਭਵ ਦੀਆਂ ਛੋਹਾਂ ਦਿੰਦਿਆਂ ਜੋ ਕੁਝ ਪੁਰਾਣਾ ਹੈ, ਉਸ ਨੂੰ ਇਸ ਤਰ੍ਹਾਂ ਨਵਿਆ ਦਿੱਤਾ ਹੈ ਕਿ ਇਸ ਦੀ ਆਬ ਆਉਣ ਵਾਲੇ ਜੁਗਾਂ ਲਈ ਦੀਰਘਕਾਲੀ ਲਿਸ਼ਕ, ਚਮਕ ਅਤੇ ਜਲਵਾ ਜਲੌਅ ਦੇ ਜੀਵੰਤ ਰੰਗ ਤੇ ਸੁਗੰਧ ਬਿਖੇਰਨ ਦੇ ਸਮਰੱਥ ਹੋ ਗਈ ਹੈ। ਸਾਹਿਤ ਕਦੇ ਪੁਰਾਣਾ ਨਹੀਂ ਹੁੰਦਾ ਅਤੇ ਜੋ ਇਤਿਹਾਸਕਤਾ ਪੁਰਾਣੀ ਹੋ ਗਈ ਹੈ, ਉਸ ਨੂੰ ਕਰਤਾ ਨੇ ਕਰਤਾਰੀ ਕਰਾਮਾਤ ਦੇ ਕੇ ਇਸ ਤਰ੍ਹਾਂ ਨਵੀਨ ਬਣਾ ਦਿੱਤਾ ਹੈ ਕਿ ਉਹ ਸੱਜਰੀ ਸੁਗੰਧ ਪੂਰਨ ਮੌਲਿਕਤਾ ਦੀਆਂ ਲਾਟਾਂ ਛੱਡਦੀ ਹੋਈ, ਕਰਾਮਾਤ ਹੀ ਬਣ ਗਈ ਹੈ। ਹਥਲੀ ਸੈਂਚੀ ਦੇ ਸਾਰੇ ਲੇਖ ਇਸ ਕਥਨ ਨੂੰ ਸਿੱਧ ਕਰਦੇ ਹਨ। ਇਸ ਵਿਚਲਾ ਕੋਈ ਲੇਖ, ਵਿਚਾਰ ਹਿਤ ਚੁਣੋ, ਉਹ ਇਕੋ ਬਚਨ ਬੋਲੇਗਾ, 'ਸਤਿ ਹੈ।'

ਅਸਾਂ ਸਭ ਤੋਂ ਪਹਿਲਾਂ ਪੰਨੂ ਦੇ ਲੇਖ ਰਣਜੀਤ ਸਿੰਘ ਦੀ ਚੋਣ ਕੀਤੀ ਹੈ ਜੋ ਉਕਤ ਭਾਸ਼ਾ ਬੋਲਦਾ ਹੈ ਅਤੇ ਪੰਨੂ ਦੇ ਸਾਹਸ, ਬਰੀਕਬੀਨੀ ਅਤੇ ਦੂਰਦ੍ਰਿਸ਼ਟੀ ਨੂੰ ਪੂਰਨ ਭਾਂਤ ਸਿੱਧ ਕਰਦਾ ਹੈ, ਨਾਲੇ ਨੀਰ-ਕਸ਼ੀਰ



**ਪ੍ਰੋ. ਮੇਵਾ ਸਿੰਘ ਤੁੰਗ**
**ਫੋਨ: +91-96462-47926**

ਵਿਵੇਕ ਨਾਲ ਦੁੱਧ ਪੀ ਜਾਣਾ ਤੇ ਪਾਣੀ ਛੱਡ ਜਾਣਾ, ਇਹ ਹੰਸ ਦੇ ਹਿੱਸੇ ਆਇਆ ਹੈ। ਪੰਨੂ ਨੂੰ ਪ੍ਰਾਪਤ ਇਸ ਵਿਵੇਕ ਦੀ ਸਿੱਧੀ ਇਸ ਸੰਗ੍ਰਿਹ ਦੇ ਸਾਰੇ ਲੇਖ ਕਰਦੇ ਹਨ। ਮਹਾਰਾਜਾ ਰਣਜੀਤ ਸਿੰਘ ਵੀ ਇਸੇ ਵੰਨਗੀ ਦਾ ਧਾਰਨੀ ਹੈ। ਅਗਲੀ ਚਰਚਾ ਤੋਂ ਪਹਿਲਾਂ ਤਜ਼ਕਰਾ ਰਣਜੀਤ ਸਿੰਘ ਦਾ ਹੀ ਦਿੱਤਾ ਹੈ।

ਪੰਨੂ ਨੇ ਆਪਣੇ ਨਾਗਸੈਨ ਵਾਲੇ ਲੇਖ ਵਿਚ ਮਹਾਸੈਨ ਵੱਲੋਂ ਨਾਗਸੈਨ ਬਣਨ ਵਾਸਤੇ ਪੁਨਰ ਜਨਮ ਦੀ ਕਥਾ ਬਖਾਨ ਕਰਦੇ ਹੋਏ ਇਸ ਨੂੰ 'ਮਿਥ ਮੇਕਿੰਗ' ਕਹਿ ਕੇ ਪ੍ਰਵਾਨਗੀ ਦਿੱਤੀ ਹੈ। ਇਸ ਦੇ ਨਾਲ ਹੀ ਉਸ ਨੇ ਬਚਿਤ੍ਰ ਨਾਟਕ ਵਿਚ ਦਸਮ ਪਾਤਸ਼ਾਹ ਦਾ ਅਵਤਾਰ ਅਤੇ ਹੋਰ ਵਚਿਤਰ ਗੱਲਾਂ, ਜਿਵੇਂ ਦੇਵਾਂ ਦੈਂਤਾਂ ਦੀ ਲੜਾਈ ਵਿਚ ਮੁਸਲਮਾਨਾਂ ਅਤੇ ਸਿੱਖਾਂ ਦਾ ਹਿੱਸਾ ਲੈਣਾ, ਖੜਗ ਸਿੰਘ ਦਾ ਖੰਡਾ ਫੜ ਕੇ ਕ੍ਰਿਸ਼ਨ ਨਾਲ ਲੜਨਾ ਅਤੇ ਉਸ ਨੂੰ ਹਰਾਉਣਾ, ਮਿੱਥ ਰਚਨਾ ਦਾ ਤਜਰਬਾ ਹੈ ਜਿਸ ਵਿਚ ਸਨਾਤਨੀ ਹਿੰਦੂ ਵਿਚਾਰਧਾਰਾ ਨੂੰ ਗੁਰਮਤਿ ਦੇ ਪ੍ਰਸੰਗ ਵਿਚ ਉਲਥਾਇਆ ਗਿਆ ਹੈ ਅਤੇ ਉਸ ਦੇ ਭਵਿਖ ਵਾਚਕ ਅਰਥ ਕੱਢੇ ਗਏ ਹਨ ਜੋ ਕ੍ਰਿਸ਼ਨ ਭਗਤ ਹਿੰਦੂ ਪਹਾੜੀ ਰਾਜਿਆਂ ਦਾ ਮੁਗਲਾਂ ਨਾਲ ਮਿਲ ਕੇ ਯੁੱਧ ਲੜਨਾ ਹੈ ਜਿਸ ਵਿਚ ਗੁਰੂ ਸਾਹਿਬ ਦੇ ਸਿੱਖਾਂ ਦੀ ਅਲਟੀਮੇਟ ਜਿੱਤ ਹੁੰਦੀ ਹੈ। ਇਹ ਵਿਆਖਿਆ ਚਕ੍ਰਿਤ ਕਰਦੀ ਹੈ। ਵਿਚਾਰ ਚਰਚਾ, ਸੰਵਾਦ ਅਤੇ ਰਚਨਾਤਮਿਕ ਢੰਗ ਨਾਲ ਗੱਲ ਕਰਨ ਤੇ ਕਦੇ ਕਦੇ ਇੰਝ ਵੀ ਹੋ ਜਾਂਦਾ ਹੈ। ਇਹੋ ਬਚਿਤ੍ਰ ਨਾਟਕ ਦੀ ਬਚਿਤ੍ਰਤਾ ਹੈ।

ਮਹਾਸੈਨ, ਨਾਗਸੈਨ ਬਣਨ ਵਾਸਤੇ ਪੁਨਰ ਜਨਮ ਧਾਰਦਾ ਹੈ। ਇਸ ਦਾ ਪੂਰਵ ਸੰਕੇਤ ਹੋ ਚੁਕਾ ਹੈ। ਗੁਰਮਤਿ ਹਿੰਦੂ ਧਰਮ ਦਰਸ਼ਨ ਦੇ ਪੂਰਵ ਜਨਮ, ਪਸ਼ਚਾਤੀ ਜਨਮ, ਅਵਤਾਰਵਾਦ ਨੂੰ ਜਿਉਂ ਦਾ ਤਿਉਂ ਨਹੀਂ ਮੰਨਦੀ। ਇਸ ਵਿਚ ਕਾਲ ਦੇ ਚਕਰਾਕਾਰੀ ਸਿਧਾਂਤ ਨੂੰ ਵੀ ਨਹੀਂ ਮੰਨਿਆ ਗਿਆ। ਦਸਮ ਪਾਤਸ਼ਾਹ ਖੁਦ ਨੂੰ ਅਵਤਾਰ ਰੂਪ ਵਿਚ ਵੀ ਪੇਸ਼ ਨਹੀਂ ਕਰਦੇ। ਉਨ੍ਹਾਂ ਦਾ ਕਥਨ ਹੈ:

ਮੈਂ ਹੂੰ ਪਰਮ ਪੁਰਖ ਕੋ ਦਾਸਾ।
ਦੇਖਣ ਆਇਓ ਭਗਤ ਤਮਾਸਾ।
ਖਾਲਸਾ ਰਚਿਓ ਪਰਮਾਤਮ ਕੀ ਮੌਜ।
ਖਾਲਸਾ ਅਕਾਲ ਪੁਰਖ ਕੀ ਫੌਜ।
ਪਰਮਾਤਮਾ, ਪਾਤਸ਼ਾਹ ਨੂੰ ਕਹਿੰਦਾ ਹੈ-
ਮੈਂ ਆਪਣਾ ਸੁਤ ਤੋਹਿ ਨਿਵਾਜਾ।
ਸਗਲ ਸ੍ਰਿਸ਼ਟਿ ਕਾ ਕੀਨੋ ਰਾਜਾ।

ਆਖਰ ਗੁਰੂ ਸਾਹਿਬ ਧਰਤੀ 'ਤੇ ਆਉਂਦੇ ਹਨ, ਜਨਮ ਧਾਰਦੇ ਹਨ। ਇਹ ਵਰਤਾਰਾ ਪੈਗੰਬਰੀ ਦੇ ਸਿਧਾਂਤ ਦੇ ਨੇੜੇ ਦਾ ਹੈ। ਡਾ. ਪੰਨੂ ਅਨੁਸਾਰ, ਇਹ ਬਚਿਤ੍ਰ ਨਾਟਕ ਹੈ ਜੋ ਪੈਗੰਬਰਾਂ ਅਵਤਾਰਾਂ ਦੇ ਨਾਟਕੀ ਪੱਖਾਂ ਨਾਲ ਮੇਲ ਖਾਂਦਾ ਹੈ; ਉਨ੍ਹਾਂ ਦੇ ਦਰਸ਼ਨ, ਸਿਧਾਂਤ ਭਲੇ ਹੀ ਕੁਝ ਹੋਰ ਹੋਣ।

ਹਿੰਦੂ ਨਿਸ਼ਚੈ ਹੀ ਅਵਤਾਰਵਾਦ ਨੂੰ ਮੰਨ ਕੇ ਚੱਲਦਾ ਹੈ। ਉਸ ਕੋਲ ਅਵਤਾਰ ਆਉਂਦੇ ਜਾਂਦੇ ਰਹਿੰਦੇ ਹਨ। ਮੁਸਲਮਾਨ ਪੈਗੰਬਰੀ ਦੇ ਸਿਧਾਂਤ ਤੇ ਕਾਇਮ ਹੈ। ਸਿੱਖ ਅਰਦਾਸ ਦੇ ਇਕ ਭਾਗ ਵਿਚ ਆਉਂਦਾ ਹੈ-

ਖੰਡਾ ਜਾਂ ਕੇ ਹਾਥ ਮੇ ਕਲਗ਼ੀ ਸੋਹੇ ਸੀਸ।
ਸੋ ਹਮਰੀ ਰੱਛਿਆ ਕਰੇ,
ਸ੍ਰੀ ਕਲਗੀਧਰ ਜਗਦੀਸ਼।

ਬਚਿਤ੍ਰ ਨਾਟਕ ਵਿਚ ਯੁੱਧ ਕਰਦਾ ਕ੍ਰਿਸ਼ਨ ਨੂੰ ਹਰਾਂਦਾ ਖੜਗ ਸਿੰਘ ਭਵਿਖ ਦਾ ਨਿਹਕਲੰਕ ਅਵਤਾਰ ਹੈ ਜਿਸ ਦੇ ਪਹਿਰੇ ਵਿਚ ਸਿੱਖਾਂ ਦਾ ਸਾਰੇ ਸੰਸਾਰ 'ਤੇ ਰਾਜ ਹੋਣਾ ਹੈ। ਪ੍ਰੀਤਮ ਸਿੰਘ ਸਫ਼ੀਰ ਦੇ ਸ਼ਬਦਾਂ ਵਿਚ ਗੱਲ ਕਰੀਏ ਤਾਂ ਇਹ ਤੱਥ ਪ੍ਰਤੱਖ ਹੋਵੇਗਾ-

ਸਮਸਰੀ 'ਚ ਕੋਈ ਵੀ ਦਿਸੇ
ਨਾ ਕਿਸੇ ਦਾ ਮੁਥਾਜ।
ਖਾਲਸੇ ਦਾ ਹੋ ਸਕੇ,
ਚਹੁੰ ਕੂੰਟਾਂ ਅੰਦਰ ਰਾਜ।
(ਗੁਰੂ ਗੋਬਿੰਦ ਸਿੰਘ)

ਇਸਲਾਮ ਵਿਚ ਮੁਹੰਮਦ ਸਾਹਿਬ ਤੇ ਖ਼ਤਮੁਲ ਨਬੀ ਹੈ, ਪਰ ਲੋੜ ਪੈਣ 'ਤੇ ਕਿਸੇ ਹੋਰ ਮਹਦੀ ਰਹਿਬਰ ਦੀ ਗੁੰਜਾਇਸ਼ ਵੀ ਬਾਕੀ ਹੈ। ਸਿੱਖਾਂ ਵਿਚ ਨਿਹਕਲੰਕ ਅਵਤਾਰ ਆਉਣਾ ਹੈ। ਇਹ ਵੇਖਿਆ ਜਾਣਾ ਹੈ, ਖੰਡਾਧਾਰੀ ਖੜਗ ਸਿੰਘ ਇਸ ਦਾ ਸੂਚਕ ਹੈ, ਪਰ ਬਚਿਤ੍ਰ ਨਾਟਕ ਦੀ ਬਚਿਤ੍ਰਤਾ ਵਿਚ ਇਹ ਸਭ ਕੁਝ ਸ਼ਾਮਿਲ ਹੈ।

ਪਿਛਲੇ ਸਵਾ ਦੋ ਸੌ ਸਾਲ ਦੇ ਸਮੇਂ ਵਿਚ ਸਭ ਤੋਂ ਵੱਡੀ ਵਚਿਤ੍ਰ ਵਿਸ਼ੇਸ਼ ਤੇ ਵਿਲੱਖਣ ਸ਼ਖਸੀਅਤ ਮਹਾਂਬਲੀ ਮਹਾਰਾਜਾ ਰਣਜੀਤ ਸਿੰਘ ਦੀ ਹੋਈ ਹੈ। ਇਸ ਮਹਾਂਪੁਰਖ ਨੇ ਸਿਆਸੀ ਸਮਾਜਿਕ, ਰਾਜਨੀਤਕ ਅਤੇ ਕੂਟਨੀਤਕ ਆਦਿਕ ਪੱਖਾਂ ਤੋਂ ਜਿਸ ਸੋਝੀ ਸਮਰੱਥਾ ਨਾਲ ਸਮਝ ਦਾ ਪ੍ਰਗਿਆ ਮੌਲਿਕ ਪ੍ਰਮਾਣ ਦਿੱਤਾ ਹੈ, ਉਹ ਹੋਰ ਕਿਸੇ ਦੇ ਹਿੱਸੇ ਨਹੀਂ ਆਇਆ। ਪੰਜਾਬ ਵਿਚ ਆਉਣ ਵਾਲੇ ਹਰ ਪੁਰਖ ਨੇ ਇਸ ਦਾ ਲੋਹਾ ਮੰਨਿਆ ਅਤੇ ਅੰਤ ਇਸ ਨੂੰ ਮੱਥਾ ਟੇਕਿਆ ਹੈ, ਪਰ ਪਿਛਨੇ ਚਾਲੀ ਸਾਲਾਂ ਤੋਂ ਕੁਝ ਅਜਿਹੇ ਲੋਕ ਵੀ ਸਾਹਮਣੇ ਆਏ ਹਨ ਜਿਨ੍ਹਾਂ ਨੇ ਉਸ ਦਾ ਮਖ਼ੌਲ ਉਡਾਉਣ ਅਤੇ ਖਾਹਮਖਾਹ ਉਸ ਨੂੰ ਛੁਟਿਆਣ ਦੇ ਯਤਨ ਕੀਤੇ ਹਨ। ਮੇਰੀ ਬੜੀ ਵੱਡੀ ਅਤੇ ਦਿਲੀ ਖਾਹਸ਼ ਸੀ ਕਿ ਅਜਿਹੇ ਲੋਕਾਂ ਦੇ ਹਮਲਿਆਂ ਦੇ ਜਵਾਬ ਦਿੱਤੇ ਜਾਣ ਅਤੇ ਉਨ੍ਹਾਂ ਦੀ ਮਾਨਸਿਕ ਤੇ ਬੌਧਿਕ ਤੁਛਤਾ, ਹੀਣਤਾ ਭਾਵ ਨੂੰ ਨੰਗਾ ਕੀਤਾ ਜਾਵੇ, ਪਰ ਕਿਸੇ ਨਾ ਕਿਸੇ ਤਰ੍ਹਾਂ ਮੇਰਾ ਵਾਤਾਵਰਨ ਅਤੇ ਮਜਬੂਰੀਆਂ ਨੇ ਮੈਨੂੰ ਇਹ ਕਾਰਜ ਨੇਪਰੇ ਚਾੜ੍ਹਨ ਤੋਂ ਰੋਕੀ ਰੱਖਿਆ।

ਖ਼ੁਸੀ ਦੀ ਗੱਲ ਹੈ ਕਿ ਡਾ. ਹਰਪਾਲ ਸਿੰਘ ਪੰਨੂ ਨੇ ਇਹ ਕਾਰਜ ਕਮਾਲ ਦੀ ਬਰੀਕਬੀਨੀ ਤੇ ਮਹੀਨ ਸਮਝ ਸੂਝ ਦਰਸਾਉਂਦੇ ਹੋਏ ਅਪੂਰਬ ਸਫਲਤਾ ਸਹਿਤ ਸਿਰੇ ਚਾੜ੍ਹਿਆ ਹੈ। ਇਸ 'ਤੇ ਮੈਂ ਉਨ੍ਹਾਂ ਨੂੰ ਵਧਾਈ ਦਿੰਦਾ ਹਾਂ ਅਤੇ ਉਨ੍ਹਾਂ ਦਾ ਲੇਖ ਮਹਾਰਾਜਾ ਰਣਜੀਤ ਸਿੰਘ ਹਰ ਇਕ ਨੂੰ ਪੜ੍ਹਨ ਦੀ ਸਿਫ਼ਾਰਸ਼ ਕਰਦਾ ਹਾਂ।

ਡਾ. ਪੰਨੂ ਅਨੁਸਾਰ 1805 ਵਿਚ ਜਸਵੰਤ ਰਾਉ ਹੋਲਕਰ ਵੱਲੋਂ ਅੰਗਰੇਜ਼ ਕੋਲੋਂ ਹਾਰ ਕੇ ਭੱਜ ਕੇ ਪੰਜਾਬ ਆਉਣ ਕਾਰਣ ਮਹਾਰਾਜੇ ਵੱਲੋਂ ਉਸ ਦੀ ਸਹਾਇਤਾ ਨਾ ਕਰਨਾ ਕੋਈ ਬੇਸਮਝੀ ਵਾਲੀ ਗੱਲ ਨਹੀਂ ਸੀ, ਸਗੋਂ ਇਹ ਪ੍ਰੌੜ੍ਹ ਦੂਰ-ਰਸ ਡਿਪਲੋਮੈਟਿਕ ਸਮਝ ਅਤੇ ਦੂਰਅੰਦੇਸ਼ੀ ਵਾਲਾ ਫੈਸਲਾ ਸੀ ਜਿਸ ਨੇ ਰਣਜੀਤ ਸਿੰਘ ਨੂੰ ਅੱਗ ਵਿਚ ਛਾਲ ਮਾਰਨ ਤੋਂ ਬਚਾਇਆ ਅਤੇ ਪਿਛੋਂ ਜਾ ਕੇ ਫਰਾਂਸ ਤੇ ਇਟਲੀ ਨਾਲੋਂ ਵੱਡਾ ਬਣਨ ਵਾਲੇ ਦੇਸ ਪੰਜਾਬ ਨੂੰ ਲੰਮੇ ਸਮੇਂ ਲਈ ਸੁਰਖਿਅਤ ਰੂਪ ਵਿਚ ਸੰਭਾਲ ਲਿਆ। ਇਸ ਦੇ ਨਾਲ ਹੀ ਰਣਜੀਤ ਸਿੰਘ ਨੇ ਅਜਿਹਾ ਜਲਵਾ ਦਿਖਾਇਆ ਕਿ ਉਹ ਨਾ ਕੇਵਲ ਆਪ ਬਰਬਾਦੀ ਤੋਂ ਬਚ ਗਿਆ, ਸਗੋਂ ਉਸ ਨੇ ਜਸਵੰਤ ਰਾਉ ਹੋਲਕਰ ਨੂੰ ਜੇਤੂ ਅੰਗਰੇਜ਼ਾਂ ਤੋਂ ਉਸ ਦਾ ਰਾਜ ਵਾਪਸ ਦੁਆ ਦਿੱਤਾ ਅਤੇ ਅੰਗਰੇਜ਼ ਨੂੰ ਵੀ ਸਫਲਤਾ ਸਹਿਤ ਸਮਝਾ ਦਿੱਤਾ ਕਿ ਉਸ ਦਾ ਭਲਾ ਹੋਲਕਰ ਨਾਲ ਸੁਲ੍ਹਾ ਸਫ਼ਾਈ ਵਿਚ ਹੀ ਹੈ। ਇਹ ਸਫਲ ਸੰਦੇਸ਼ ਵੀ ਸਭ ਧਿਰਾਂ ਤੇ ਪ੍ਰਗਟ ਕਰ ਦਿੱਤਾ ਕਿ ਰਣਜੀਤ ਸਿੰਘ ਕੋਈ ਗੋਲਾ ਕਬੂਤਰ ਨਹੀਂ ਜੋ ਹਵਾ ਦੇ ਬੁੱਲੇ ਨਾਲ ਉਡ ਜਾਵੇਗਾ। ਰਣਜੀਤ ਸਿੰਘ ਦ੍ਰਿੜ੍ਹ ਚਟਾਨ ਦਾ ਨਾਮ ਹੈ ਜੋ ਹਰ ਮੌਸਮ ਵਿਚ ਕਾਇਮ ਰਹਿੰਦੀ ਹੈ ਅਤੇ ਜਦੋਂ ਉਹ ਕੁਝ ਮਾੜੀ ਮੋਟੀ ਹਿਲਦੀ ਹੈ ਤਾਂ ਇਸ ਵਿਚ ਉਸ ਦੀ ਆਪਣੀ ਸੋਚੀ ਸਮਝੀ ਮਰਜ਼ੀ ਸ਼ਾਮਿਲ ਹੁੰਦੀ ਹੈ। 1805 ਵਿਚ ਦੁਨੀਆਂ ਦੀ ਸਭ ਤੋਂ ਵੱਡੀ ਤਾਕਤ ਅਤੇ ਹਿੰਦ 'ਤੇ ਮੁਕੰਮਲ ਤੌਰ 'ਤੇ ਛਾ ਚੁਕੇ ਅੰਗਰੇਜ਼ ਨਾਲ ਜੋਸ਼ ਵਿਚ ਆ ਕੇ ਨਿਗੂਣੇ ਕਾਰਵਾਂ ਅਧੀਨ ਜੰਗ ਛੇੜਨੀ ਆਪਣੀ ਤਬਾਹੀ ਨੂੰ ਸੱਦਾ ਦੇਣਾ ਸੀ ਜਿਸ ਤੋਂ ਪੂਰੀ ਸਿਆਣਪ ਨਾਲ ਸਰਵਪੱਖੀ ਵਿਕਾਸ ਤੇ ਸਤਿਕਾਰ ਕਾਇਮ ਰਖਦਾ ਹੋਇਆ ਰਣਜੀਤ ਸਿੰਘ ਸੁੱਕਾ ਬਚ ਕੇ ਨਿਕਲ ਗਿਆ ਜੋ ਉਸ ਦੀ ਬਹੁਤ ਵੱਡੀ ਪ੍ਰਾਪਤੀ ਸੀ। ਡਾਕਟਰ ਪੰਨੂ ਨੇ ਇਸ ਨੂੰ ਸਮਝਿਆ ਅਤੇ ਸਮਝਾਇਆ ਹੈ, ਇਹ ਪੰਨੂ ਦੀ ਪ੍ਰਾਪਤੀ ਹੈ।

ਦੂਜੀ ਵੱਡੀ ਪ੍ਰਾਪਤੀ ਹੈ 1809 ਦਾ ਅੰਮ੍ਰਿਤਸਰ ਦਾ ਸਮਝੌਤਾ। ਇਸ 'ਤੇ ਵੀ ਬਹੁਤ ਕਿੰਤੂ ਪ੍ਰੰਤੂ ਹੋਇਆ ਹੈ, ਪਰ ਵਕਤ ਨੇ ਉਸ ਨੂੰ ਸਹੀ ਸਾਬਤ ਕੀਤਾ। ਚਾਰਲਸ ਮੈਟਕਾਫ ਉਸ ਨੂੰ ਹਰ ਹਾਲਤ ਵਿਚ ਜੰਗ ਵਿਚ ਉਲਝਾਉਣਾ ਚਾਹੁੰਦਾ ਸੀ ਅਤੇ ਵਾਪਸ ਜਾ ਕੇ ਉਸ ਨੇ ਗਵਰਨਰ ਨੂੰ ਆਪਣੀ ਰਿਪੋਰਟ ਇਸ ਸਿਫ਼ਾਰਸ਼ ਨਾਲ ਦਿੱਤੀ ਕਿ ਰਣਜੀਤ ਸਿੰਘ 'ਤੇ ਹਮਲਾ ਕਰ ਦਿੱਤਾ ਜਾਵੇ ਜੋ ਯੂਰਪ ਦੇ ਹਾਲਾਤ ਨੂੰ ਧਿਆਨ ਵਿਚ ਰੱਖ ਕੇ ਮੰਨੀ ਨਾ ਗਈ। ਰਣਜੀਤ ਸਿੰਘ ਦੇ ਪਾਸੇ ਸਭ ਤੋਂ ਔਖਾ ਉਸ ਦਾ ਕਮਾਂਡਰ ਇਨ ਚੀਫ਼ ਦੀਵਾਨ ਮੋਹਕਮ ਚੰਦ ਸੀ। ਅਕਾਲੀ ਫੂਲਾ ਸਿੰਘ ਸਖਤ ਰੌਅ ਵਿਚ ਸੀ ਅਤੇ ਜੰਗ ਦੇ ਹੱਕ ਵਿਚ ਸੀ। ਪ੍ਰਧਾਨ ਮੰਤਰੀ ਰਾਜਾ ਧਿਆਨ ਸਿੰਘ ਨੇ ਤਾਂ ਇਕ ਮੌਕੇ ਤਲਵਾਰ ਮਿਆਨ ਵਿਚੋਂ ਖਿਚ ਲਈ ਸੀ। ਐਸੇ ਮੌਕੇ ਕਿਸੇ ਰਾਜੇ ਜਾਂ ਵਜ਼ੀਰ ਵੱਲੋਂ ਤਲਵਾਰ ਦਾ ਖਿੱਚਿਆ ਜਾਣਾ ਉਨ੍ਹਾਂ ਸਮਿਆਂ ਵਿਚ ਜੰਗ ਦਾ ਐਲਾਨ ਹੁੰਦਾ ਸੀ, ਪਰ ਰਣਜੀਤ ਸਿੰਘ ਨੇ ਇਹ ਕਹਿ ਕੇ ਪ੍ਰਧਾਨ ਮੰਤਰੀ ਦੀ ਤਲਵਾਰ ਮਿਆਨ ਵਿਚ ਪੁਆ ਦਿੱਤੀ ਕਿ ਸਭ ਲਾਲ ਹੋ ਜਾਏਗਾ।

1809 ਵਿਚ ਹੋਏ ਅੰਮ੍ਰਿਤਸਰ ਦੇ ਅਹਿਦਨਾਮੇ ਸਮੇਂ ਰਣਜੀਤ ਸਿੰਘ ਨੂੰ ਲਾਹੌਰ ਦਾ ਮਹਾਰਾਜਾ ਬਣੇ ਕੇਵਲ ਦਸ ਸਾਲ ਹੋਏ ਸਨ। ਉਸ ਨੇ ਸ਼ਕਤੀਸ਼ਾਲੀ ਭੰਗੀ ਸਰਦਾਰ ਦੇ ਇਲਾਕੇ ਮੱਲੇ ਜਿਨ੍ਹਾਂ ਦਾ ਦਬਦਬਾ ਅਟਕ ਦਰਿਆ ਤੋਂ ਪਾਰ ਤੱਕ ਕਾਇਮ ਸੀ ਅਤੇ ਉਨ੍ਹਾਂ ਦੀ ਬੱਧੀ ਛੁੱਟਦੀ ਸੀ। ਉਸ ਦੇ ਸਿਰ ਤੇ ਕਸ਼ਮੀਰ, ਮੁਲਤਾਨ ਅਤੇ ਪੇਸ਼ਾਵਰ ਸੂਬਿਆ ਦੇ ਖ਼ਤਰੇ ਮੌਜੂਦ ਸਨ। ਇਸ ਤੋਂ ਵੀ ਵਧੀਕ ਅਫ਼ਗਾਨਿਸਤਾਨ ਦੇ ਖੂੰਖਾਰ ਅਤੇ ਪਰੰਪਰਕ ਤੇ ਜਮਾਂਦਰੂ ਜੰਗੀ ਪਠਾਣ ਉਸ ਦੇ ਲਹੂ ਦੇ ਪਿਆਸੇ ਸਨ। ਇਹੋ ਜਿਹੇ ਬਿਖੜੇ ਅਤੇ ਸਿਰ ਤੋਂ ਪੈਰਾਂ ਤੱਕ ਖ਼ਤਰਿਆਂ ਭਰੇ ਮਹੌਲ ਵਿਚ ਅੰਗਰੇਜ਼ਾਂ ਨਾਲ ਜੰਗ ਛੇੜ ਦੇਣ ਦਾ ਮਤਲਬ ਮੂਰਖਤਾ ਭਰਿਆ ਆਤਮਘਾਤ ਸੀ ਜਿਸ ਨਾਲ ਪੰਜਾਬ ਦੇਸ ਅਤੇ ਰਾਜ ਦੀ ਮੌਤ ਸੀ। ਫੇਰ ਅੰਗਰੇਜ਼ ਇਹੋ ਕੁਝ ਚਾਹੁੰਦਾ ਸੀ। ਇਸ ਕਾਲ ਵਿਚੋਂ ਰਣਜੀਤ ਸਿੰਘ ਰੱਬ ਦੀ ਦਿੱਤੀ ਅਪਾਰ ਸੂਝ ਅਤੇ ਸਮਝ ਨਾਲ ਬਚ ਕੇ ਨਿਕਲ ਗਿਆ, ਆਪਣਾ ਰਾਜ ਅਤੇ ਆਪਣੇ ਲੋਕ ਲੰਮੇ ਸਮੇਂ ਲਈ ਬਚਾ ਲਏ, ਸੁਰਖਿਅਤ ਰੱਖ ਲਏ, ਸ਼ੁਕਰ ਹੈ, ਉਸ ਨੇ ਉਹ ਗਲਤੀ ਨਹੀਂ ਕੀਤੀ ਜੋ ਯੂਰਪ ਵਿਚ ਨੈਪੋਲੀਅਨ ਬੋਨਾਪਾਰਟ ਨੇ ਵਾਰ ਵਾਰ ਕੀਤੀ, ਜਿਸ ਦੇ ਫਲਸਰੂਪ ਅੰਤ ਨੂੰ ਅੰਗਰੇਜ਼ਾਂ ਦੀ ਜੇਲ੍ਹ ਵਿਚ ਮਰਿਆ। ਇਸ ਨੁਕਤੇ ਤੇ ਰਣਜੀਤ ਸਿੰਘ ਨੂੰ ਜਿੰਨੀ ਦਾਦ ਦਿੱਤੀ ਜਾਏ, ਥੋੜ੍ਹੀ ਹੈ।

ਪੰਨੂ ਦੇ ਹੋਰ ਲੇਖਾਂ ਵਿਚੋਂ ਬੁੱਧ, ਬੰਦਾ ਸਿੰਘ ਬਹਾਦਰ, ਰਾਸਪੁਤਿਨ ਅਤੇ ਬਾਬਾ ਮਰਦਾਨਾ ਦਿਬ ਕੌਤਕਾਂ ਵੱਲ ਇਸ਼ਾਰੇ ਕਰਦੇ ਅਤੇ ਜੀਵਨ ਦੇ ਅਨੇਕਾਂ ਰਹੱਸਾਂ ਰਮਜ਼ਾਂ ਨੂੰ ਲਿਸ਼ਕਾਰਦੇ ਅਤੇ ਦ੍ਰਿੜ ਕਰਦੇ ਹਨ।

ਪ੍ਰਿੰ. ਤੇਜਾ ਸਿੰਘ ਲਿਖਦੇ ਹਨ ਕਿ ਜਨਮ ਸਾਖੀ ਦਾ ਲੇਖਕ ਮਰਦਾਨੇ ਅਤੇ ਗੁਰੂ ਨਾਨਕ ਦੇ ਮਾਤਾ ਪਿਤਾ ਵੱਲ ਲੋੜੀਂਦਾ ਸਤਿਕਾਰ ਨਹੀਂ ਦਿਖਾ ਸਕਿਆ, ਪਰ ਪੰਨੂ ਨੂੰ ਜਨਮ ਸਾਖੀ ਦੇ ਕਰਤਾ 'ਤੇ ਕੋਈ ਇਤਰਾਜ਼ ਨਹੀਂ ਹੈ। ਉਸ ਨੇ ਸਾਖੀਕਾਰ ਵੱਲੋ ਪੇਸ਼ ਕੀਤਾ ਗਿਆ ਮਰਦਾਨੇ ਦਾ ਚਰਿਤਰ ਉਸੇ ਰੂਪ ਵਿਚ, ਉਸੇ ਮੌਲਿਕਤਾ ਸਹਿਤ ਸਮਝਿਆ ਅਤੇ ਸਮਝਾਇਆ ਹੈ। ਮਰਦਾਨੇ ਦੀ ਵਡਿਆਈ, ਵਿਸ਼ੇਸ਼ਤਾ ਅਤੇ ਵਿਲੱਖਣਤਾ ਪਹਿਲੀ ਵਾਰ ਸਾਹਮਣੇ ਲਿਆਂਦੀ ਗਈ ਹੈ ਜੋ ਸੂਰਜੀ ਸੁਆਵਾਂ ਵਿਚੋਂ ਨਿਕਲੀ ਊਰਜਾ ਸਮਾਨ ਪ੍ਰਕਾਸ਼ਮਾਨ ਹੋਈ ਹੈ। ਪਹਿਲੀ ਵਾਰ ਕਿਸੇ ਵਿਆਖਿਆਕਾਰ ਨੇ ਅਜਿਹਾ ਸੰਭਵ ਕਰ ਵਿਖਾਇਆ ਹੈ।

ਭਾਈ ਗੁਰਦਾਸ ਗੁਰੂ ਬਾਬੇ ਨਾਨਕ ਬਾਰੇ ਕਹਿੰਦਾ ਹੈ- ਇਕ ਬਾਬਾ ਅਕਾਲ ਰੂਪ, ਦੂਜਾ ਰਬਾਬੀ ਮਰਦਾਨਾ। ਜਿਸ ਤਰ੍ਹਾਂ ਗੁਰੂ ਬਾਬਾ ਅਕਾਲ ਪੁਰਖ ਨਾਲ ਇਕਮਿੱਕ ਹੋ ਚੁਕਾ ਸੀ, ਉਸੇ ਤਰ੍ਹਾਂ ਗੁਰੂ ਬਾਬੇ ਨਾਨਕ ਨਾਲ ਮਰਦਾਨਾ ਅਭੇਦ ਹੋ ਚੁਕਾ ਸੀ, ਇਸੇ ਲਈ ਮਰਦਾਨੇ ਦੀ ਕੋਈ ਇੱਛਾ ਨਹੀਂ ਰਹੀ। ਹਮੇਸ਼ਾ ਗੁਰੂ ਦੇ ਬਚਨ ਨੂੰ ਪਾਲਣਾ ਹੀ ਆਪਣੀ ਇੱਛਾ ਸਮਝਿਆ। ਅੰਤਮ ਵਿਦਾਇਗੀ ਸਮੇਂ ਗੁਰੂ ਵਲੋਂ ਵਾਰ ਵਾਰ ਪੁੱਛਣ 'ਤੇ ਇਕੋ ਸ਼ਬਦ ਬੋਲਿਆ- 'ਮੈਂ ਤੇਰੇ ਨਾਲੋਂ ਨਾ ਵਿਛੜਾਂ।' ਪੰਨੂ ਨੇ ਇਕ ਵਾਕ ਵਿਚ ਸਾਰੇ ਤਰਕ ਸਾਰੇ ਵਾਦ ਅਤੇ ਸਾਰੇ ਸੰਵਾਦ ਖ਼ਤਮ ਕਰ ਦਿੱਤੇ ਹਨ, "ਹੁਣ ਜਦੋਂ ਅਸਾਂ ਗੁਰਬਾਣੀ ਨੂੰ ਗੁਰੂ ਮੰਨ ਲਿਆ ਤਾਂ ਮਰਦਾਨਾ ਕੀਰਤਨ ਬਣ ਕੇ ਉਸ ਵਿਚ ਸਥਾਪਤ ਹੋ ਗਿਆ ਹੈ।" ਇਸ 'ਤੇ ਸਿੱਖ ਸਿਰਫ ਮੱਥਾ ਟੇਕ ਸਕਦਾ ਹੈ। ਸਭ ਸਮਾਪਤ ਹੈ। ਇਸ ਤੋਂ ਅੱਗੇ ਸਿਰਫ ਸਮਝ ਹੈ, ਸੋਝੀ ਹੈ ਤੇ ਸਮਾਧੀ ਹੈ। ਜਨਮ ਸਾਖੀ ਦੀ ਬੋਲੀ ਤੇ ਸ਼ੈਲੀ ਵਿਚ, 'ਬੋਲਹੁ ਭਾਈ ਜੀ ਵਾਹਿਗੁਰੂ ਹੈ।'

ਪੰਨੂ ਦੇ ਦੂਜੇ ਲੇਖ ਮਸਲਨ, ਮਨਸੂਰ, ਬੰਦਾ ਸਿੰਘ ਬਹਾਦਰ ਇਸੇ ਵੰਨਗੀ ਦੇ ਹਨ ਅਤੇ ਇਸੇ ਕੋਟਿ ਵਿਚ ਰੱਖ ਕੇ ਹੀ ਵਿਚਾਰੇ ਜਾ ਸਕਦੇ ਹਨ। ਜਿਸ ਤਰ੍ਹਾਂ ਇਹ ਦਿਬ ਪੁਰਸ਼ ਅਕਹਿ ਅਤੇ ਅਸਹਿ ਜਬਰ ਨੂੰ ਆਪਣੇ ਆਪ ਤੇ ਸਹਾਰਦੇ ਹਨ ਅਤੇ ਜਿਵੇਂ ਇਸ ਤਨ ਦੇ ਠੀਕਰੇ ਦੇ ਟੁਕੜੇ ਟੁਕੜੇ ਕਿਸ਼ਤਾਂ ਵਿਚ ਕਰਵਾਉਂਦੇ ਦਰਸਾਏ ਹਨ, ਉਸ ਤੋਂ ਲਗਦਾ ਹੈ, ਇਨ੍ਹਾਂ ਨੇ ਹਕੀਕਤ ਵਿਚ ਅਨਅਲ ਹੱਕ ਦਾ ਮਰਤਬਾ ਹਾਸਿਲ ਕਰ ਲਿਆ ਸੀ। ਇਹ ਕੇਵਲ ਕਹਿੰਦੇ ਨਹੀਂ ਸਨ, ਜਿਉਂਦੇ ਤੇ ਭੋਗਦੇ ਸਨ। ਮਨਸੂਰ ਜਦੋਂ ਸ਼ਿਬਲੀ ਦੇ ਇਸ ਸਵਾਲ ਦਾ ਜਵਾਬ ਦਿੰਦਾ ਹੈ ਕਿ ਇਸ਼ਕ ਕੀ ਹੈ, ਤਾਂ ਉਹ ਆਖਦਾ ਹੈ- ਅੱਜ ਦੇਖੀਂ, ਕੱਲ੍ਹ ਦੇਖੀਂ, ਫੇਰ ਪਰਸੋਂ ਦੇਖੀਂ। ਜੋ ਜਵਾਬ ਮਿਲਿਆ, ਉਹ ਸੁਣਨ ਪੜ੍ਹਨ ਤੇ ਵੇਖਣ ਦੀ ਤਾਕਤ ਆਮ ਇਨਸਾਨ ਵਿਚ ਨਹੀਂ। ਘੱਟ ਤੋਂ ਘੱਟ ਮੇਰੇ ਵਿਚ ਤਾਂ ਨਹੀਂ ਹੈ। ਇਸ ਤਰ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਨੇ ਮਨਸੂਰ ਦੇ ਤਰੀਕੇ ਨਾਲ ਕਿਸ਼ਤਾਂ ਵਿਚ ਆਪਣੇ ਅੰਗ ਤੁੜਵਾਏ ਤੇ ਕਟਵਾਏ। ਭਾਈ ਦਿਆਲਾ ਅਤੇ ਭਾਈ ਮਤੀਦਾਸ ਗੁਰੂ ਤੇਗ਼ ਬਹਾਦਰ ਦੇ ਪ੍ਰੇਮ ਭਗਤੀ ਦੇ ਰੰਗ ਵਿਚ ਆਪਦੀ ਇੱਛਾ ਨਾਲ ਸੀਸ ਭੇਟ ਕਰਨ ਲਈ ਦਿੱਲੀ ਨੂੰ ਤੁਰ ਪਏ ਤੇ ਇਕੋ ਮੰਗ ਮੰਗੀ ਜੋ ਮਹਿੰਦਰ ਸਿੰਘ ਸਰਨਾ ਦੇ ਸ਼ਬਦਾਂ ਵਿਚ ਇਹ ਸੀ-

ਇਕੋ ਵਾਰ ਅੱਜ ਸਾਨੂੰ ਬਖ਼ਸ਼ ਦੇ ਦਾਤਾ,
ਅੱਗੇ ਹੋ ਕੇ ਝੱਲੀਏ,
ਜ਼ੁਲਮ ਦਾ ਹਰ ਹੱਥ ਕਰਾਰਾ।
ਪਿੱਛੋ ਹੋਏ ਤੇਰਾ ਕੋਈ ਰੋਮ ਵਿੰਗਾ ਵਿੰਗਾ,
ਪਹਿਲਾਂ ਸਾਡੀ ਜਿੰਦ ਤੇ ਵਰਤੇ ਵਰਤਾਰਾ।

ਵੀਹ ਵਰ੍ਹੇ ਪਹਿਲਾਂ ਜਦੋਂ ਮੈਂ ਇਹ ਗੱਲ ਜਮਾਲੀ ਸ਼ਾਇਰ ਕੁਲਵੰਤ ਸਿੰਘ ਗਰੇਵਾਲ ਨਾਲ ਸਾਂਝੀ ਕੀਤੀ ਤਾਂ ਉਨ੍ਹਾਂ ਦੇ ਬੋਲ ਸਨ, 'ਏਥੇ ਸ਼ਬਦ ਇਸ਼ਕ ਫਿੱਕਾ ਪੈ ਜਾਂਦਾ ਹੈ।' ਇਹ ਕੌਤਕ ਸ਼ਾਇਦ ਰੱਬੀ ਸ਼ਕਤੀ ਸਾਨੂੰ ਸਮਝਾਣ ਲਈ ਵਰਤਾਉਂਦੀ ਹੈ। ਸ਼ਾਇਦ ਸਾਨੂੰ ਪ੍ਰੈਕਟੀਕਲ ਕਰਾਉਣ ਲਈ ਹੈ। ਇਸੇ ਲਈ ਤਾਂ ਕਦੇ ਕਦੇ ਅਸਮਾਨੀ ਕਿਤਾਬ ਇਸ ਸੰਸਾਰ ਵਿਚ ਆਉਂਦੀ ਹੈ।

ਡਾ. ਪੰਨੂ ਨੇ ਕਿਤਾਬ ਦੇ ਮੁੱਖਬੰਧ ਵਿਚ ਦਰੁਸਤ ਲਿਖਿਆ ਹੈ ਕਿ ਬੁੱਧ, ਕਨਫਿਊਸ਼ਿਅਸ ਤੇ ਤਾਸਕੀ ਬਾਰੇ ਅਜਿਹੀ ਜਾਣਕਾਰੀ ਪਹਿਲੀ ਵਾਰੀ ਦਿੱਤੀ ਗਈ ਹੈ। ਜੋ ਸੀ, ਉਹ ਹੋਰ ਤਰ੍ਹਾਂ ਦੀ ਸੀ ਅਤੇ ਕੋਈ ਪ੍ਰਭਾਵ ਨਹੀਂ ਸੀ ਪਾਂਦੀ।

ਹਾਂ, ਬੁੱਧ ਅਤੇ ਕਨਫਿਊਸ਼ਿਸ ਬਾਰੇ ਗੁਰਬਖ਼ਸ਼ ਸਿੰਘ ਨੇ ਪ੍ਰੀਤ ਲੜੀ ਦੇ ਪੰਨਿਆਂ ਵਿਚ ਪਹਿਲੀ ਵਾਰੀ ਰਚਨਾਤਮਿਕ ਅਤੇ ਵਿਹਾਰਕ ਆਮ ਲੋਕਾਂ ਦੁਆਰਾ ਸਮਝੇ ਜਾਣ ਵਾਲੇ ਅਤੇ ਪਿਆਰੇ ਜਾਣ ਵਾਲੇ ਢੰਗ ਨਾਲ ਪਰੀਚੈ ਕਰਾਇਆ ਗਿਆ ਸੀ। ਗੁਰਬਖ਼ਸ਼ ਸਿੰਘ ਨੇ ਐਡਵਿਨ ਆਰਨਲਡ ਦੇ ਮਹਾਂਕਾਵਿ ਦਾ ਖੁੱਲ੍ਹੀ ਕਵਿਤਾ ਵਿਚ ਅਨੁਵਾਦ ਕੀਤਾ। ਮੋਹਨ ਸਿੰਘ ਨੇ ਛੰਦ ਪ੍ਰਬੰਧ ਵਿਚ ਉਹੋ ਅਨੁਵਾਦ ਕੀਤਾ। ਦੋਹਾਂ ਮਹਾਂਕਵੀਆਂ ਨੇ ਇਕੋ ਨਾਮ 'ਏਸ਼ੀਆਂ ਦਾ ਚਾਨਣ' ਰਖਿਆ ਜੋ 'ਲਾਈਟ ਆਫ ਏਸ਼ੀਆ' ਦਾ ਸਹੀ ਤੇ ਸ਼ੁਧ ਤਰਜਮਾ ਹੈ। ਸੰਤ ਇੰਦਰ ਸਿੰਘ ਚੱਕਰਵਰਤੀ ਨੇ ਇਸੇ ਮਹਾਂਕਾਵਿ 'ਤੇ ਆਧਾਰਿਤ ਨਾਟਕ 'ਪ੍ਰੀਤ ਪੈਗੰਬਰ' ਬੁੱਧ ਬਾਰੇ ਲਿਖਿਆ ਸੀ, ਪਰ ਇਹ ਅਮਲ ਬਹੁਤੀ ਦੇਰ ਚੱਲ ਨਾ ਸਕਿਆ, ਕਿਉਂਕਿ ਇਸ ਨੂੰ ਪ੍ਰਗਤੀਵਾਦ ਦਾ ਹੜ੍ਹ ਰੋੜ੍ਹ ਕੇ ਲੈ ਗਿਆ ਸੀ; ਹਾਲਾਂਕਿ ਬੁੱਧ ਇਨਕਲਾਬ, ਪ੍ਰਗਤੀਵਾਦ ਤੋਂ ਬਹੁਤ ਵੱਡਾ ਸੀ ਅਤੇ ਪ੍ਰਗਤੀਵਾਦੀਆਂ ਦਾ ਫ਼ਰਜ਼ ਸੀ ਕਿ ਉਹ ਆਪਣੇ ਸਮਕਾਲੀ ਪ੍ਰਸੰਗ ਵਿਚ ਇਸ ਨੂੰ ਪੇਸ਼ ਕਰਦੇ ਅਤੇ ਇਹਦਾ ਮੁੱਲ ਪਾਉਂਦੇ। ਅਜਿਹਾ ਕਰਦਿਆਂ ਉਹ ਆਪ ਫ਼ਾਇਦਾ ਉਠਾ ਸਕਦੇ ਸਨ, ਪਰ ਉਹ ਅਜਿਹਾ ਨਾ ਕਰ ਸਕੇ। ਬੜੇ ਲੰਮੇ ਸਮੇਂ ਬਾਅਦ ਪੰਨੂ ਨੇ ਬੁੱਧ ਦਾ ਪੁਨਰ ਪ੍ਰਕਾਸ਼ ਕੀਤਾ ਹੈ ਅਤੇ ਸਮੇਂ ਦੇ ਹਾਣੀ ਬਣ ਕੇ ਉਸ ਦਾ ਮੁੱਲ ਪਾਇਆ ਅਤੇ ਸਮਝਾਇਆ ਹੈ। ਮੈਂ ਚਾਹੁੰਦਾ ਹਾਂ, ਇਹ ਕੰਮ ਵੱਡੇ ਪੱਧਰ 'ਤੇ ਹੋਵੇ।


ਕਨਫਿਊਸ਼ਿਅਸ ਬਾਰੇ ਵਿਚਾਰ ਚਰਚਾ ਬੜੀ ਲੋੜੀਂਦੀ ਤੇ ਜ਼ਰੂਰੀ ਹੈ, ਪਰ ਪੰਜਾਬੀ ਸੰਸਾਰ ਇਸ ਤੋਂ ਕਿੰਨਾ ਕੁ ਫਾਇਦਾ ਉਠਾ ਸਕਦਾ ਹੈ, ਇਹ ਅਜੇ ਵੇਖਿਆ ਜਾਣਾ ਹੈ।

ਰਾਸਪੁਤਿਨ ਬਾਰੇ ਪੰਜਾਬੀ ਵਿਚ ਬਹੁਤ ਘੱਟ ਜਾਣਕਾਰੀ ਮਿਲਦੀ ਹੈ। ਡਾ. ਪੰਨੂ ਨੇ ਉਸ ਦੇ ਆਪਣੇ ਲਿਖੇ ਅਨੁਸਾਰ ਅਲੈਕਸ ਡੀ. ਜਾਂਜ ਦੀ ਸਵਾ ਚਾਰ ਸੌ ਪੰਨਿਆਂ ਦੀ ਪੁਸਤਕ 'ਤੇ ਆਧਾਰਤ ਲੇਖ ਵਿਚ ਜੋ ਸਮਾਚਾਰ ਸੰਥਿਆ ਅਤੇ ਸਮੀਖਿਆ ਪੇਸ਼ ਕੀਤੀ ਹੈ, ਉਹ ਪੰਜਾਬੀ ਸਾਹਿਤ ਸੰਸਾਰ ਵਿਚ ਅਪੂਰਬ ਹੈ। ਮੈਨੂੰ ਇਹ ਲੇਖ ਪੜ੍ਹ ਕੇ ਇਸ ਤਰ੍ਹਾਂ ਲੱਗਦਾ ਹੈ ਕਿ ਜਿਵੇਂ ਉਸ ਮੂਲ ਕਿਤਾਬ ਵਿਚ ਬਾਕੀ ਕੁਝ ਰਿਹਾ ਹੀ ਨਾ ਹੋਵੇ।

ਕੋਈ ਜਿਵੇਂ ਮਰਜ਼ੀ ਸੋਚੇ, ਪਰ ਪੰਨੂ ਨੇ ਜੋ ਮੁਤਾਲਾ, ਨਕਦ ਤੇ ਸਨਦ ਪੇਸ਼ ਕੀਤੀ ਹੈ, ਉਸ ਤੋਂ ਨਿਸ਼ਚੈ ਹੀ ਮੰਨਣਾ ਪੈਂਦਾ ਹੈ ਕਿ ਰਾਸਪੁਤਿਨ ਸੰਤ ਸੀ ਜੋ ਪਰਲੇ ਕੰਢੇ ਤੱਕ ਦੇਖ ਸਕਦਾ ਸੀ। ਬੰਦਗੀ, ਭਗਤੀ, ਸੁਹਿਰਦਤਾ, ਸਚੇਤਨਾ ਅਤੇ ਤੀਬਰ ਸੰਵੇਦਨਾ ਕਰ ਕੇ ਉਸ ਦੇ ਸਾਹਮਣੇ ਸਭ ਕੁਝ ਆਪਣੇ ਆਪ ਪ੍ਰਤੱਖ ਹੋ ਜਾਂਦਾ ਸੀ। ਸਾਧੂ ਸੰਤਾਂ ਦੇ ਜੀਵਨ ਵਿਚ ਅਕਸਰ ਇਸ ਤਰ੍ਹਾਂ ਹੁੰਦਾ

***(ਬਾਕੀ ਅਗਲੇ ਸਫੇ 'ਤੇ)***

***ਪੰਨੂ ਨੇ ਕਿਤਾਬ ਦੇ ਮੁੱਖਬੰਧ ਵਿਚ ਦਰੁਸਤ ਲਿਖਿਆ ਹੈ ਕਿ ਬੁੱਧ, ਕਨਫਿਊਸ਼ਿਅਸ ਤੇ ਤਾਸਕੀ ਬਾਰੇ ਅਜਿਹੀ ਜਾਣਕਾਰੀ ਪਹਿਲੀ ਵਾਰੀ ਦਿੱਤੀ ਗਈ ਹੈ। ਜੋ ਸੀ, ਉਹ ਹੋਰ ਤਰ੍ਹਾਂ ਦੀ ਸੀ ਅਤੇ ਕੋਈ ਪ੍ਰਭਾਵ ਨਹੀਂ ਸੀ ਪਾਂਦੀ। ਹਾਂ, ਬੁੱਧ ਅਤੇ ਕਨਫਿਊਸ਼ਿਸ ਬਾਰੇ ਗੁਰਬਖ਼ਸ਼ ਸਿੰਘ ਨੇ ਪ੍ਰੀਤ ਲੜੀ ਦੇ ਪੰਨਿਆਂ ਵਿਚ ਪਹਿਲੀ ਵਾਰੀ ਰਚਨਾਤਮਿਕ ਅਤੇ ਵਿਹਾਰਕ ਆਮ ਲੋਕਾਂ ਦੁਆਰਾ ਸਮਝੇ ਜਾਣ ਵਾਲੇ ਅਤੇ ਪਿਆਰੇ ਜਾਣ ਵਾਲੇ ਢੰਗ ਨਾਲ ਪਰੀਚੈ ਕਰਾਇਆ ਗਿਆ ਸੀ। ਗੁਰਬਖ਼ਸ਼ ਸਿੰਘ ਨੇ ਐਡਵਿਨ ਆਰਨਲਡ ਦੇ ਮਹਾਂਕਾਵਿ ਦਾ ਖੁੱਲ੍ਹੀ ਕਵਿਤਾ ਵਿਚ ਅਨੁਵਾਦ ਕੀਤਾ।***



ਰਹਿੰਦਾ ਹੈ। ਉਨ੍ਹਾ ਨੂੰ ਅਗਮ ਨਿਗਮ ਸਭ ਦਿਸਦਾ ਹੈ। ਸੰਤ ਅਤਰ ਸਿੰਘ ਇਹੋ ਜਿਹੇ ਸੰਵੇਦਨਸ਼ੀਲ ਮਹਾਂਪੁਰਖ ਸਨ, ਪਰ ਉਹ ਛੇਤੀ ਛੇਤੀ ਇਹੋ ਜਿਹੇ ਰਹੱਸ ਪ੍ਰਗਟ ਨਹੀਂ ਸਨ ਕਰਦੇ। ਇਕੋ ਇਸ਼ਾਰਾ, ਇਕ ਸੰਕੇਤ ਤੇ ਫੇਰ ਚੁਪ। ਜਦੋਂ ਉਹ ਸਭ ਕੁਝ ਵਾਪਰ ਜਾਂਦਾ ਤਾਂ ਫੇਰ ਵੀ ਕਿਸੇ ਨੂੰ ਕੁਝ ਪਤਾ ਲੱਗਦਾ ਤੇ ਕਿਸੇ ਨੂੰ ਕੁਝ ਵੀ ਨਹੀਂ। ਬੇਖਬਰ ਰਹਿਣ ਵਾਲਿਆਂ ਦੀ ਗਿਣਤੀ ਵਧੇਰੇ ਹੁੰਦੀ ਸੀ। ਪੁਰਾਤਨ ਸਮਿਆਂ ਵਿਚ ਅਜਿਹੇ ਮਹਾਂਪੁਰਖ ਆਮ ਮਿਲ ਜਾਂਦੇ ਸਨ, ਪਰ ਹੁਣ ਨਹੀਂ। ਇਸ ਲਈ ਸੰਸਾਰ ਦੀਆਂ ਬਹੁਤ ਕੌਮਾਂ ਵਿਚ ਅਜਿਹੀ ਸੂਚਨਾ ਰਿਕਾਰਡ ਹੋਈ ਮਿਲਦੀ ਹੈ ਜੋ ਸੱਚੀ ਸਾਬਤ ਹੋਈ। ਸਿੱਖਾਂ ਵਿਚ ਤਾਰਾ ਸਿੰਘ ਗ਼ੈਬਾ ਅਜਿਹਾ ਸੰਵੇਦਨਸ਼ੀਲ ਸਰਦਾਰ ਸੀ ਜਿਸ ਨੂੰ ਆਉਣ ਵਾਲੀਆਂ ਘਟਨਾਵਾਂ ਦਾ ਪਤਾ ਲੱਗ ਜਾਂਦਾ ਸੀ। ਈਰਾਨ ਵਿਚ ਪਿਛਲੇ ਚਾਲੀ ਵਰ੍ਹਿਆਂ ਵਿਚ ਜੋ ਇਨਕਲਾਬ ਆਇਆ ਹੈ, ਉਹ ਉਨ੍ਹਾਂ ਦੀਆਂ ਕਿਤਾਬਾਂ ਵਿਚ ਦਰਜ ਹੈ।

ਹੋਮਿਓਪੈਥੀ ਵਿਚ ਇਹ ਸਭ ਗੱਲਾਂ ਮੰਨ ਕੇ ਚੱਲਦੇ ਹਨ ਅਤੇ ਇਨ੍ਹਾਂ ਗੁਣਾਂ ਨੂੰ ਅਲਾਮਤਾਂ ਜਾਂ ਲੱਛਣ ਮੰਨਿਆ ਗਿਆ ਅਤੇ ਉਨ੍ਹਾਂ ਦੀਆਂ ਦਵਾਈਆਂ ਦੱਸੀਆਂ ਗਈਆਂ ਹਨ; ਭਾਵ ਇਹ ਕਿ ਸ਼ਕਤੀ ਅਤੇ ਗੁਣਾਂ ਦਾ ਧਾਰਨੀ ਮਹਾਂਪੁਰਖ ਬਿਮਾਰ ਪੈ ਜਾਵੇ ਤਾਂ ਉਸ ਨੂੰ ਉਨ੍ਹਾਂ ਦਵਾਈਆਂ ਨਾਲ ਰਾਜ਼ੀ ਕੀਤਾ ਜਾ ਸਕਦਾ ਹੈ। ਜੋ ਰਾਸਪੁਤਿਨ ਕਹਿੰਦਾ ਸੀ, ਉਹ ਉਸ ਦਾ ਪੂਰਵਾਭਾਸ ਸੀ ਜੋ ਸੱਚ ਸਾਬਤ ਹੁੰਦਾ ਸੀ। ਅੰਗਰੇਜ਼ੀ ਭਾਸ਼ਾ ਵਿਚ ਬਹੁਤ ਸਾਰੇ ਸ਼ਬਦ ਏਸ ਗੁਣ ਸਬੰਧੀ ਸੁਚਜੇ ਤੌਰ 'ਤੇ ਵਰਤੇ ਜਾਂਦੇ ਹਨ, ਐਂਟਿਸਿਪੇਸ਼ਨ ਪ੍ਰੀਮੋਨੀਸ਼ਨ, ਪ੍ਰੀਮੋਨੀਟਰਿੰਗ ਆਦਿ।

ਮੇਰਾ ਆਪਣਾ ਜੀਵਨ ਅਨੁਭਵ ਅਜਿਹੀਆਂ ਗੱਲਾਂ ਅਤੇ ਘਟਨਾਵਾਂ ਨਾਲ, ਜਿਨ੍ਹਾਂ ਵਿਚ ਮੌਤਾਂ, ਵਿਛੋੜੇ, ਬਰਬਾਦੀ ਅਤੇ ਆਰਥਿਕ ਤਬਾਹੀ ਸ਼ਾਮਿਲ ਹੈ, ਭਰਪੂਰ ਹੈ। ਮੈਨੂੰ ਹਮੇਸ਼ਾ ਭੈਗ੍ਰਸਤ ਪੂਰਵਾਭਾਸ ਹੁੰਦਾ ਜੋ ਛੇਤੀ ਹੀ ਸੱਚਾ ਹੋ ਜਾਂਦਾ ਅਤੇ ਜਿਸ ਨੂੰ ਵਾਰ ਵਾਰ ਹੋਣ ਦੇ ਬਾਵਜੂਦ ਮੈਂ ਕਦੇ ਰੋਕ ਨਹੀਂ ਸਕਿਆ ਅਤੇ ਨਾ ਹੀ ਮੈਂ ਕਦੇ ਕਿਸੇ ਦੂਜੇ ਬੰਦੇ ਨਾਲ ਗੱਲ ਕਰ ਸਕਿਆ ਹਾਂ, ਪਰ ਇਹ ਸਭ ਕੁਝ ਹੋਇਆ ਹੈ ਅਤੇ ਹੋ ਕੇ ਰਹਿੰਦਾ ਹੈ।

ਰਾਸਪੁਤਿਨ ਮਹਾਨ ਸੰਤ ਪੁਰਖ ਸੀ ਜਿਸ ਨੂੰ ਇਹ ਗਿਆਨ ਹਾਸਿਲ ਸੀ ਅਤੇ ਉਹ ਉਸ ਦੀ ਵੱਧ ਤੋਂ ਵੱਧ ਵਰਤੋਂ ਜਨ ਕਲਿਆਣ ਅਤੇ ਆਪਣੇ ਲੋਕਾਂ ਦੀ ਮੁਕਤੀ, ਬੇਹਤਰੀ ਅਤੇ ਸ਼ਾਂਤੀ ਵਾਸਤੇ ਕਰਦਾ ਸੀ। ਡਾ. ਪੰਨੂ ਨੇ ਇਸ ਸਾਧ ਅਤੇ ਸਿੱਧ ਪੁਰਖ ਦਾ ਪਰੀਚੈ ਕਰਵਾ ਕੇ ਪੰਜਾਬੀ ਦੁਨੀਆਂ ਨੂੰ ਵੱਡੀ ਸੁਗਾਤ ਦਿੱਤੀ ਹੈ। ਇਸ ਦੀ ਕਦਰ ਹੋਣੀ ਚਾਹੀਦੀ ਹੈ।

ਪ੍ਰਭੂ ਈਸਾ ਮਸੀਹ ਆਪਣੇ ਤਰੀਕੇ ਨਾਲ ਲੋਕਾਂ ਦਾ ਇਲਾਜ ਕਰਦੇ ਸਨ ਜਿਸ ਵਿਚ ਆਤਮਿਕ ਸ਼ਕਤੀ, ਸੂਰਜੀ ਕਿਰਨਾਂ ਤੇ ਸੂਰਜੀ ਊਰਜਾ ਨਾਲ ਇਲਾਜ ਦਾ ਤਰੀਕਾ ਨਿਹਿਤ ਸੀ। ਉਹ ਰੇਖੀ ਵਿਧੀ ਦੀ ਵਰਤੋਂ ਵੀ ਕਰਦੇ ਜਿਸ ਨੂੰ ਬਹੁਤੇ ਲੋਕ ਨਹੀਂ ਮੰਨਦੇ, ਪਰ ਚੀਨੀ ਕਮਿਊਨਿਸਟਾਂ ਵੱਲੋਂ ਐਕਿਊਪੰਕਚਰ, ਐਕਿਊਪ੍ਰੈਸ਼ਰ ਪ੍ਰਣਾਲੀ ਨੂੰ ਕਾਮਯਾਬ ਹੋ ਜਾਣ ਤੋਂ ਬਾਅਦ ਲੋਕ ਰੇਖੀ ਵਿਧੀ ਨੂੰ ਮੰਨਣ ਲੱਗ ਪਏ ਹਨ ਤੇ ਇਸ ਰਾਹੀਂ ਇਲਾਜ ਵੀ ਸ਼ੁਰੂ ਹੋ ਗਏ ਹਨ। ਇਸ ਰਾਹੀਂ ਪਟਿਆਲਾ ਰਹਿਣ ਵਾਲਾ ਡਾਕਟਰ ਅਮਰੀਕਾ ਰਹਿੰਦੇ ਮਰੀਜ਼ ਦੇ ਗਲ ਧਾਗਾ ਪਾ ਕੇ ਉਸ ਨੂੰ ਠੀਕ ਕਰ ਸਕਦਾ ਹੈ। ਰਾਸਪੁਤਿਨ ਸੰਤ ਹੋਣ ਤੋਂ ਬਿਨਾ, ਅਜਿਹੀਆਂ ਸਿੱਧੀਆਂ ਦਾ ਸਵਾਮੀ ਪ੍ਰਤੀਤ ਹੁੰਦਾ ਹੈ। ਸਾਡੇ ਯੋਗ ਵਿਚ ਅਜਿਹੇ ਅਨੇਕਾਂ ਤਰੀਕੇ ਸਨ। ਯੋਗੀਆਂ ਵਾਂਗ ਹੀ ਰਾਸਪੁਤਿਨ ਦੂਜਿਆਂ ਦੇ ਦੁਖ ਆਪਣੇ 'ਤੇ ਲੈ ਲੈਂਦਾ ਸੀ।

ਪਟਿਆਲੇ ਵਿਚ ਇੰਜ ਹੀ ਹੋਇਆ ਸੀ। ਸਭਰਾਵਾਂ ਦੀ ਲੜਾਈ ਵਿਚੋਂ ਕੁਝ ਸਿੱਖ ਫੌਜੀ ਭੱਜ ਕੇ ਪਨਾਹ ਲੈਣ ਲਈ ਪਟਿਆਲੇ ਆਏ, ਪਰ ਮਦਦ ਦੀ ਥਾਂ ਏਥੇ ਅੰਗਰੇਜ਼ਾਂ ਵੱਲੋਂ ਤੋਪ ਨਾਲ ਉਡਾ ਦਿੱਤੇ ਗਏ। ਇਕ ਸਿੰਘ ਨੇ ਮਰਨ ਤੋਂ ਪਹਿਲਾ ਬਚਨ ਕੀਤਾ ਸੀ- ਤੁਸੀਂ ਤਾਂ ਮੁਸਲਮਾਨਾ ਤੋਂ ਵੀ ਭੈੜੇ ਨਿਕਲੇ। ਕਰਮ ਕਰਮੂ ਅਲੀ ਤੈਨੂੰ ਕੋੜ੍ਹ ਪਵੇ। ਮਹਾਰਾਜਾ ਕਰਮ ਸਿੰਘ ਕੁਸ਼ਟ ਰੋਗ ਵਿਚ ਗ੍ਰਸਿਆ ਗਿਆ ਸੀ। ਪਿੱਛੋ ਕਿਸੇ ਪਹੁੰਚੇ ਹੋਏ ਸਰਦਾਰ ਨੇ ਉਹ ਰੋਗ ਆਪਣੇ ਉਤੇ ਲੈ ਲਿਆ ਅਤੇ ਆਪਣੇ ਆਪ ਨੂੰ ਵੈਦਾਂ ਤੇ ਹੋਰ ਉਪਚਾਰਾਂ ਦੇ ਸਾਧਨਾਂ ਰਾਹੀਂ ਠੀਕ ਕਰਵਾਇਆ।

ਇਸ ਸਾਰੀ ਚਰਚਾ ਤੋਂ ਮੇਰਾ ਮਨੋਰਥ ਸਿਰਫ਼ ਇਹ ਸਮਝਾਉਣਾ ਹੈ ਕਿ ਅਜਿਹੀਆਂ ਵਿਧੀਆਂ ਬਹੁਤ ਥਾਵਾਂ 'ਤੇ ਪ੍ਰਚਲਤ ਸਨ ਜਿਨ੍ਹਾਂ ਰਾਹੀਂ ਦੁਨੀਆਂ ਦੇ ਦੁੱਖ ਹਰ ਲਏ ਜਾਂਦੇ ਸਨ। ਯੋਗ, ਰੇਖੀ, ਸੂਰਜ ਊਰਜਾ, ਅਧਿਆਤਮਿਕ ਸਾਧਨਾ, ਅੰਤ੍ਰ ਗਿਆਨ ਰਾਹੀਂ ਇਹ ਸਭ ਕੁਝ ਵਾਪਰਦਾ ਸੀ। ਇਕ ਤਰ੍ਹਾਂ ਇਹ ਅਮਲ ਕੁਦਰਤ ਦੇ ਨੇਮ ਨੂੰ ਰੋਕਣਾ ਹੁੰਦਾ ਸੀ। ਅਜਿਹਾ ਕਰਨ ਵਾਲੇ ਨੂੰ ਇਸ ਦਾ ਮੁੱਲ ਤਾਰਨਾ ਪੈਂਦਾ ਸੀ। ਰਾਸਪੁਤਿਨ ਸਾਰੀ ਉਮਰ ਇਹ ਕਰਮ ਕਰਦਾ ਰਿਹਾ ਅਤੇ ਕੀਮਤ ਤਾਰਦਾ ਰਿਹਾ। ਉਸ ਦੀ ਮੌਤ ਵੀ ਇਸ ਕੀਮਤ ਦੀ ਅਦਾਇਗੀ ਸੀ। ਸੰਤ ਅਤਰ ਸਿੰਘ ਵਿਚ ਇਹ ਸਮਰੱਥਾ ਸੀ, ਪਰ ਉਹ ਇਸ ਦੀ ਵਰਤੋਂ ਕਦੇ ਕਦਾਈ ਹੀ ਕਰਦੇ ਸਨ। ਉਹ ਨਾਬਾਲਗ ਮਹਾਰਾਜਾ ਭੁਪਿੰਦਰ ਸਿੰਘ ਦੀ ਸੁਰੱਖਿਆ ਹਿੱਤ ਪਟਿਆਲੇ ਰਹੇ, ਪਰ ਸਰਦਾਰ ਜੋ ਬਾਲਗ ਹੋਣ ਤੋਂ ਪਹਿਲਾਂ ਹੀ ਮਹਾਰਾਜੇ ਨੂੰ ਆਪਣੇ ਰੰਗ ਵਿਚ ਰੰਗਵਾਉਣਾ ਚਾਹੁੰਦੇ ਸਨ, ਸੰਤ ਜੀ ਨੂੰ ਪਟਿਆਲੇ ਵਿਚੋਂ ਭਜਾਉਣ ਦੀਆਂ ਸਾਜ਼ਿਸ਼ਾਂ ਕਰਨ ਲੱਗ ਪਏ। ਸੰਤ ਜੀ ਇਸ ਨੂੰ ਹੁਕਮ ਮੰਨਦੇ ਹੋਏ, ਇਹ ਕਹਿੰਦੇ ਚਲੇ ਗਏ ਕਿ ਇਹ ਪ੍ਰਤਾਪੀ ਰਾਜਾ ਹੈ। ਅਸੀਂ ਇਸ ਦੀ ਸੰਭਾਲ ਵਾਸਤੇ ਕੁਝ ਦੇਰ ਹੋਰ ਏਥੇ ਰਹਿਣਾ ਚਾਹੁੰਦੇ ਸਾਂ, ਪਰ ਇਹ ਮਨਜ਼ੂਰ ਨਹੀਂ। ਇਸ ਤੋਂ ਪਿੱਛੋ ਹੀ ਉਨ੍ਹਾਂ ਨੇ ਪੋਠੋਹਾਰ ਨੂੰ ਆਪਣੀ ਕਰਮ ਭੂਮੀ ਬਣਾ ਲਿਆ। ਇਹ ਗੱਲ ਕਰਦੇ ਹੋਏ ਚਾਲੀ ਵਰ੍ਹੇ ਪਹਿਲਾਂ ਬਲਕਾਰ ਸਿੰਘ ਨੇ ਕਿਹਾ ਸੀ ਕਿ ਮਹਾਰਾਜਾ ਭੁਪਿੰਦਰ ਸਿੰਘ ਜੇ ਸਾਰੀ ਉਮਰ ਕੇਸਾਧਾਰੀ ਤੇ ਦਸਤਾਰਧਾਰੀ ਰਿਹਾ, ਉਹ ਸਿਰਫ਼ ਸੰਤ ਅਤਰ ਸਿੰਘ ਦੇ ਅਸਰ ਕਰ ਕੇ ਸੀ।

ਇਸ ਚਰਚਾ ਲਈ ਮੈਂ ਅੰਤਮ ਲੇਖ ਤਾਸਕੀ ਚੁਣਿਆ। ਅਜਿਹਾ ਕਰਨ ਸਮੇਂ ਮੇਰੇ ਮਨ ਵਿਚ ਕਈ ਧਿਆਨ ਅਤੇ ਨੁਕਤੇ ਸਨ ਜੋ ਮੈਂ ਵਿਚਾਰਨੇ ਚਾਹੁੰਦਾ ਸਾਂ, ਪਰ ਏਥੇ ਪਹੁੰਚ ਕੇ ਮੈਂ ਇਸ ਪਾਠ ਤੇ ਨਵੇਂ ਸਿਰਿਓਂ ਝਾਤ ਮਾਰਦੇ ਹੋਏ ਇਸ ਦੇ ਕੁਝ ਹਿੱਸੇ ਪੜ੍ਹੇ ਅਤੇ ਨਿਰਣੈ ਕੀਤਾ ਹੈ ਕਿ ਮੈਂ ਪੰਨੂ ਦੀ ਗੱਦ ਸ਼ੈਲੀ ਲਿਖਣ, ਅਰਥਾਤ ਬਿਰਤਾਂਤ ਕਲਾ ਤੇ ਉਸ ਨਾਲ ਜੁੜੀਆਂ ਤਰਕੀਬਾਂ ਬਾਰੇ ਕੁਝ ਨਹੀਂ ਕਹਿਣਾ। ਇਹ ਲੇਖ 1600 ਪੰਨਿਆਂ ਵਿਚ ਫੈਲੀ ਸੂਚਨਾ 'ਤੇ ਆਧਾਰਤ ਹੈ ਜਿਸ ਨੂੰ ਪੰਨੂ ਨੇ ਤੀਹ ਪੰਨਿਆ ਵਿਚ ਇਸ ਤਰ੍ਹਾਂ ਸਮੇਟਿਆ ਹੈ ਜਿਵੇਂ ਬਾਕੀ ਕੁਝ ਰਿਹਾ ਹੀ ਨਾ ਹੋਵੇ। ਉਸ ਨੇ ਆਪਣੇ ਕੋਲੋਂ ਕੁਝ ਵੀ ਨਾ ਜੋੜਦੇ ਹੋਏ ਇਤਿਹਾਸਕਾਰ ਇਸਹਾਕ ਡਿਊਸ਼ਰ ਦੇ ਸਿਰੜ ਅਤੇ ਯਤਨ ਨੂੰ ਜਿਉਂ ਦਾ ਤਿਉਂ ਤੁਹਾਡੇ ਤਕ ਪਹੁੰਚਾਇਆ ਹੈ। ਇਸ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਜਨ ਮਾਨਸ ਪੰਨੂ ਦੀ ਮਿਹਨਤ ਦਾ ਮੁੱਲ ਪਾਉਣ ਲਈ ਉਸ ਦਾ ਇਹ ਲੇਖ ਅਤੇ ਨਾਲ ਇਸਹਾਕ ਡਿਊਸ਼ਰ ਦੀਆਂ ਤਿੰਨੇ ਜਿਲਦਾਂ ਅਵੱਸ਼ ਪੜ੍ਹੇ। ਜੋ ਲੋਕ ਅਜੇ ਵੀ ਇਹ ਆਸ ਲਾਈ ਬੈਠੇ ਹਨ ਕਿ ਕਮਿਊਨਿਜ਼ਮ ਦਾ ਮੁਰਦਾ ਇਕ ਦਿਨ ਅਵੱਸ਼ ਉਠ ਕੇ ਖਲੋ ਜਾਵੇਗਾ, ਉਨ੍ਹਾਂ ਲਈ ਇਨ੍ਹਾਂ ਪੁਸਤਕਾਂ ਦਾ ਪਾਠ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ। ਇਸ ਦਾ ਵਿਰੋਧ ਕਰਨ ਲਈ ਨਹੀਂ, ਸਗੋਂ ਇਸ ਦਾ ਸਮਰਥਨ ਕਰਨ ਲਈ। ਜੋ ਲੋਕ ਇਸ ਮਕਸਦ ਲਈ ਯਤਨਸ਼ੀਲ ਅਤੇ ਸੰਘਰਸ਼ਸ਼ੀਲ ਹਨ, ਉਨ੍ਹਾਂ ਲਈ ਇਨ੍ਹਾਂ ਲਿਖਤਾਂ ਦਾ ਪਾਠ ਸਭ ਤੋਂ ਵੱਧ ਜ਼ਰੂਰੀ ਹੈ ਤਾਂ ਕਿ ਉਹ ਜਾਣ ਸਕਣ ਕਿ ਕਾਲੇ ਦੌਰ ਵਿਚ ਜੋ ਕੁਝ ਮਾੜਾ ਹੋਇਆ, ਉਹ ਕਿਉਂ ਹੋਇਆ ਅਤੇ ਅੱਗੇ ਲਈ ਇਸ ਤੋਂ ਬਚਿਆ ਕਿਵੇਂ ਜਾ ਸਕਦਾ ਹੈ। ਅਜਿਹਾ ਕਰਨਾ ਉਨ੍ਹਾਂ ਜੋਧਿਆਂ ਦੇ ਹਿੱਤ ਵਿਚ ਹੈ। ਅੱਗੇ ਉਨ੍ਹਾਂ ਦੀ ਮਰਜ਼ੀ।



ਪ੍ਰੋ. ਹਰਪਾਲ ਸਿੰਘ ਪੰਨੂ ਡਾ. ਜਸਵੰਤ ਸਿੰਘ ਨੇਕੀ ਨਾਲ।

ਸੰਘਰਸ਼ਕਾਰੀ ਧਿਰਾਂ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਡਾ. ਪੰਨੂ ਅਤੇ ਇਤਿਹਾਸਕਾਰ ਇਸਹਾਕ ਡਿਊਸ਼ਰ ਦੀਆਂ ਲਿਖਤਾਂ ਵਧੇਰੇ ਧਿਆਨ ਤੇ ਚੌਕਸੀ ਨਾਲ ਪੜ੍ਹਨ ਅਤੇ ਉਸ ਫੀਅਰ ਸਾਈਕੋਸਿਸ ਤੇ ਐਨਵੀ ਫੋਬੀਆ ਤੋਂ ਬਚ ਸਕਣ ਜਿਸ ਦਾ ਕਾਮਰੇਡ ਸਟਾਲਿਨ ਬੁਰੀ ਤਰ੍ਹਾਂ ਸ਼ਿਕਾਰ ਹੋ ਗਿਆ ਸੀ। ਅਜਿਹੀ ਸਮਝ ਸੂਝ ਵਿਕਸਿਤ ਕਰ ਸਕਣ ਕਿ ਉਸ ਬੇਇਨਸਾਫੀ, ਧੱਕੇ, ਜ਼ੁਲਮ ਅਤੇ ਜ਼ੁਲਮਤ ਦੀਆਂ ਹਨੇਰੀਆਂ ਤੋਂ ਬਚਿਆ ਜਾ ਸਕੇ ਜਿਸ ਦਾ ਸ਼ਿਕਾਰ ਸੋਵੀਅਤ ਇਨਕਲਾਬ ਦਾ ਜਨਕ ਕਾਮਰੇਡ ਤਾਸਕੀ ਹੋਇਆ।

ਪੰਨੂ ਦਾ ਇਹ ਕਥਨ ਠੀਕ ਹੈ ਕਿ ਰੂਸੀ ਭਾਸ਼ਾ ਵਿਚ ਟੈਂਕੇ ਦੀ ਧੁਨੀ ਨਹੀਂ ਹੈ। ਅਸੀਂ ਰੂਸੀ ਤੱਤਾ ਅਤੇ ਦੱਦਾ ਦਾ ਉਚਾਰਨ ਇਸ ਲਈ ਟੈਂਕੇ ਅਤੇ ਡੱਡੇ ਨਾਲ ਕਰਦੇ ਰਹੇ ਹਾਂ, ਕਿਉਂਕਿ ਸਾਡੀ ਰੂਸੀ ਜ਼ਬਾਨ ਤੱਕ ਰਸਾਈ ਅੰਗਰੇਜ਼ੀ ਦੇ ਜ਼ਰੀਏ ਹੁੰਦੀ ਸੀ। ਅੰਗਰੇਜ਼ ਦੀ ਆਦਤ ਹੈ ਕਿ ਉਹ ਦੂਜੀਆਂ ਭਾਸ਼ਾਵਾਂ ਦੇ ਤੱਤੇ ਅਤੇ ਦੱਦੇ ਦਾ ਉਚਾਰਨ ਟੀ ਅਤੇ ਡੀ ਲਿਖ ਕੇ ਕਰਦਾ ਹੈ। ਫਰੈਂਚ ਵਿਚ ਵੀ ਟੈਂਕਾ ਅਤੇ ਡੱਡਾ ਨਹੀਂ ਹਨ। ਤਾਸਕੀ ਉਚਾਰਨ ਫਰੈਂਚ ਭਾਸ਼ਾ ਦਾ ਹੈ। ਰੂਸੀ ਉਚਾਰਨ ਤ੍ਰਾਤਸਕੀ ਹੋਣਾ ਚਾਹੀਦਾ ਹੈ, ਅਜਿਹੀ ਮੇਰੀ ਜਾਣਕਾਰੀ ਹੈ, ਪਰ ਮੈਂ ਇਨ੍ਹਾਂ ਭਾਸ਼ਾਵਾ ਦਾ ਮਾਹਰ ਨਹੀਂ ਹਾਂ।

# ਰੱਬਾ ਰੱਬਾ ਮੀਂਹ ਵਸਾ, ਸਾਡੀ ਕੋਠੀ ਦਾਣੇ ਪਾ...



**ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**

ਜਿਉਂ ਹੀ ਸਾਉਣ ਮਹੀਨਾ ਚੜ੍ਹਦਾ ਹੈ, ਮਨ ਦਾ ਪੰਛੀ ਉਡਾਰੀ ਮਾਰ ਕੇ ਬਚਪਨ ਦੇ ਵਿਹੜੇ ਜਾ ਵੜ੍ਹਦਾ ਹੈ ਤੇ ਲਗ ਪੈਂਦਾ ਹੈ ਕਰਨ, 'ਰੱਬਾ ਰੱਬਾ ਮੀਂਹ ਵਸਾ।' ਨਾਲ ਹੀ ਬਚਪਨ ਦੀਆਂ ਸਹੇਲੀਆਂ ਵੀਰੋ, ਸੱਤਿਆ, ਸੀਤੋ ਅਤੇ ਮਿੰਦਰੋ ਵੀ ਆ ਹਾਜ਼ਰ ਹੁੰਦੀਆਂ ਹਨ। ਲੰਬੜਦਾਰ ਬਾਪੂ ਜਾਗਰ ਸਿਹੁੰ ਦਾ ਪੋਤਾ ਬੀਰਾ, ਮੋਹਕਮ ਸਿੰਘ ਵਾਈਕੇ ਦਾ ਮੁੰਡਾ ਗਿੰਦਰ, ਬਾਪੂ ਜਥੇਦਾਰ ਨਰਾਇਣ ਸਿੰਘ ਦਾ ਪੋਤਾ ਗੁਰਤੇਜ, ਮਹਿਰਿਆਂ ਦਾ ਮੁੰਡਾ ਬੀਂਡਾ, ਅਤੇ ਹੋਰ ਕਈ ਕੁੜੀਆਂ-ਮੁੰਡੇ ਅੱਗੜ-ਪਿੱਛੜ ਗੁਰਦੁਆਰੇ ਦੇ ਪੱਕੇ ਵਿਹੜੇ ਆ ਝੁਰਮਟ ਪਾਉਂਦੇ ਹਨ। ਅੱਜ ਤਾਂ ਬਹੁਤ ਹੀ ਹੁੰਮਸ ਹੈ, ਗੁਰਦੁਆਰੇ ਦੇ ਵਿਹੜੇ 'ਚ ਬੋਹੜ, ਪਿੱਪਲ ਅਤੇ ਹੋਰ ਕਿੰਨੇ ਸਾਰੇ ਰੁੱਖ ਵੀ ਚੁਪ ਖਲੋਤੇ ਹਨ, ਜਿਵੇਂ ਰੁਸੇ ਹੋਏ ਹੋਣ। ਇਕ ਵੀ ਪੱਤਾ ਨਹੀਂ ਹਿੱਲ ਰਿਹਾ।

ਪਿੰਡ ਦੇ ਬੱਚਿਆਂ ਦੇ ਖੇਡਣ ਦੀ ਥਾਂ ਵੀ ਤਾਂ ਗੁਰਦੁਆਰੇ ਦਾ ਥੜਾ ਈ ਹੈ, ਸਾਰੇ ਪੜ੍ਹਦੇ ਵੀ ਤਾਂ ਉਥੇ ਹੀ ਹਨ, ਪਿਤਾ ਜੀ ਕੋਲੋਂ। ਇੰਜ ਲੱਗਦਾ ਜਿਵੇਂ ਉਨ੍ਹਾਂ ਦਾ ਘਰ ਵੀ ਇਹੋ ਈ ਹੈ, ਬਸ ਰਾਤ ਨੂੰ ਹੀ ਔਖੇ ਸੌਖੇ ਘਰੀਂ ਜਾਂਦੇ। ਅਚਾਨਕ ਬਾਪੂ ਲੰਬੜਦਾਰ, ਜਿਹਦਾ ਘਰ ਵੀ ਗਲੀਓਂ ਪਾਰ ਨਾਲ ਹੀ ਸੀ, ਨੇ ਆ ਕਹਿਣਾ, ਭਾਈ ਸਾਹਿਬ ਜੀ ਅੱਜ ਤਾਂ ਲੋਹੜੇ ਦੀ ਗਰਮੀ ਹੈ, ਸੂਰਜ ਵੀ ਅੱਗ ਬਾਲੀ ਬੈਠਾ ਹੈ ਪਰ ਰੁੱਖਾਂ ਦੀ ਛਾਂਵੇਂ ਫਿਰ ਵੀ ਸੁਖ ਜਿਹਾ ਮਿਲਦਾ ਹੈ। ਉਨ੍ਹਾਂ ਵੀ ਮੰਜਾ ਡਾਹ ਕੇ ਪਿਤਾ ਜੀ ਕੋਲ ਬੈਠ ਜਾਣਾ। ਪਿਤਾ ਜੀ ਨੇ ਆਖਣਾ, ਲੰਬੜਦਾਰ ਜੀ, ਔਹ ਵੇਖੋ ਇਕ ਬੱਦਲੀ ਤਾਂ ਦਿਸ ਰਹੀ ਹੈ, ਮੀਂਹ ਆਇਆ ਹੀ ਲਓ। ਪਿਤਾ ਜੀ ਨੇ ਬੇ ਜੀ ਨੂੰ ਆਵਾਜ਼ ਦੇਣੀ, ਦੋ ਗਲਾਸ ਲੱਸੀ ਦੇ ਮੱਖਣ ਪਾ ਕੇ ਲਿਆਓ, ਲੰਬੜਦਾਰ ਹੁਰਾਂ ਨੂੰ ਛਕਾਈਏ। ਲੱਸੀ ਪੂਰੀ ਮੁਕਣੀ ਵੀ ਨਾ ਤੇ ਗੜ ਗੜ ਕਰਦੇ ਬੱਦਲਾਂ ਨੇ ਸੂਰਜ ਨੂੰ ਆ ਘੇਰਾ ਪਾਉਣਾ। ਠੰਢੀ ਹਵਾ ਵੀ ਰੁਮਕ ਪੈਣੀ ਤੇ ਵੇਂਹਦਿਆਂ ਵੇਂਹਦਿਆਂ ਸਾਉਣ ਨੇ ਰਿਮਝਿਮ ਰਿਮਝਿਮ ਆ ਲਾਉਣੀ।


ਬੱਸ ਫਿਰ ਕੀ, ਨਿਆਣਿਆਂ ਨੇ ਆਪਣੇ ਕੈਦੇ ਤੇ ਫੱਟੀਆਂ ਰੱਖਣੇ ਗੁਰੂ ਘਰ ਦੇ ਅੰਦਰ ਤੇ ਵੱਸਦੇ ਮੀਂਹ ਵਿਚ ਉਛਲ ਕੁਦ ਦੇ ਨਾਲ ਹੀ ਸ਼ੁਰੂ ਨਾਲ ਹੋ ਜਾਣਾ ਸਹਿਗਾਣ, 'ਕਾਲੀਆਂ ਇੱਟਾਂ, ਕਾਲੇ ਰੋੜ, ਰੱਬਾ ਮੀਂਹ ਵੱਸਾ ਦੇ ਜ਼ੋਰੋ ਜ਼ੋਰ।'

ਸਾਉਣ ਮਹੀਨਾ ਕੀ ਚੜ੍ਹਨਾ, ਪਿੰਡ ਦੇ ਲੋਕਾਂ ਲਈ ਜੇਠ-ਹਾੜ੍ਹ ਦੀ ਤਪਸ਼ ਮਗਰੋਂ ਸਾਉਣ ਤਾਂ ਕੁਦਰਤ ਦਾ ਵਰਦਾਨ ਹੀ ਹੋ ਨਿਬੜਨਾ। ਜਿਮੀਂਦਾਰਾਂ ਨੇ ਸ਼ੁਕਰ ਕਰਨਾ ਕਿ ਸਾਉਣ 'ਚ ਰੱਜ ਕੇ ਮੀਂਹ ਪਊ, ਫਸਲਾਂ ਸੋਹਣੀਆਂ ਹੋਣਗੀਆਂ, ਸਾਲ ਭਰ ਦੇ ਰਿਜ਼ਕ ਲਈ ਕੋਠੀਆਂ ਭੜੋਲੇ ਭਰ ਲਵਾਂਗੇ।

ਉਦੋਂ ਜਿਮੀਂਦਾਰ ਗਰੀਬ ਜ਼ਰੂਰ ਹੁੰਦੇ ਸਨ ਪਰ ਹੁਣ ਵਾਂਗ ਨਾ ਹੀ ਕਰਜਾਈ ਸਨ ਅਤੇ ਨਾ ਹੀ ਹੁਣ ਵਾਂਗ ਫਾਹੇ ਲੱਗ ਲੱਗ ਜਾਨਾਂ ਦਿੰਦੇ ਸਨ, ਥੋੜ੍ਹੇ ਵਿਚ ਗੁਜ਼ਾਰਾ ਕਰਕੇ ਸੁਖੀ ਜੀਵਨ ਜਿਉਂਦੇ ਸਨ। ਭੋਲੇ ਭਾਲੇ, ਸਿੱਧੇ ਸਾਦੇ ਲੋਕ ਤਾਂ ਰੱਬ ਜੀ ਨਾਲ ਸਹਿਜ ਸੁਭਾਅ ਗੱਲਾਂ ਵੀ ਕਰ ਲੈਂਦੇ। ਨਾਲ ਹੀ ਅੰਬ ਤੇ ਜਾਮਣੂੰ ਪੱਕ ਪੈਣੇ, ਨਿਕੇ ਨਿਕੇ ਚੂਸਣ ਵਾਲੇ ਅੰਬ ਮਿਸ਼ਰੀ ਤੋਂ ਵੀ ਮਿੱਠੇ। ਅੰਬ ਦੇ ਬੂਟੇ 'ਤੇ ਬੈਠ ਕੇ ਜਦ ਕੋਇਲ ਨੇ ਪੰਚਮ ਦੀ ਸੁਰ ਵਿਚ ਬਿਰਹਾ ਦਾ ਗੀਤ ਗਾਉਣਾ ਤਾਂ ਪਿਤਾ ਜੀ ਨੇ ਕਹਿਣਾ, ਇਹ ਕੋਇਲ ਵੀ ਸਾਉਣ ਦੀ ਰੁਤੇ ਪ੍ਰਭੂ ਨੂੰ ਮਿਲਣ ਲਈ ਪੁਕਾਰ ਪਈ ਕਰਦੀ ਹੈ। ਕੋਇਲ ਦੀ ਆਵਾਜ਼ ਸੁਣਦੇ ਹੀ ਗੁਰੂ ਘਰ ਦੇ ਨਾਲ ਵਗਦੀ ਬੇਈਂ ਨਦੀ ਦੇ ਕਿਨਾਰੇ ਦਰਖਤਾਂ ਦੀ ਝੰਗੀ ਵਿਚ ਰਹਿੰਦੇ ਮੋਰਾਂ ਵੀ ਪੈਲਾਂ ਪਾਉਣੀਆਂ ਸ਼ੁਰੂ ਕਰ ਦੇਣੀਆਂ। ਵਾਹ! ਮੇਰੇ ਰਬ ਜੀਓ, ਕੁਦਰਤ ਦੇ ਕਾਦਰ ਜੀਓ, ਉਹ ਕੈਸੇ ਮਨਮੋਹਣੇ ਤੇ ਸੋਹਣੇ ਨਜ਼ਾਰੇ ਸਨ ਜਿਨ੍ਹਾਂ ਨੂੰ ਚੇਤੇ ਕਰਕੇ ਹੀ ਮੰਤਰ ਮੁਗਧ ਹੋ ਜਾਈਦਾ ਹੈ।

ਜਿਸ ਦਿਨ ਲੰਮੀ ਝੜੀ ਲੱਗ ਜਾਣੀ ਤਾਂ ਬਜ਼ੁਰਗ ਮਾਂਵਾਂ ਨੇ ਆਖਣਾ 'ਸਾਉਣ ਦੀ ਝੜੀ ਤੇ ਸੂਤਰ ਦੀ ਲੜੀ।' ਬਸ ਫਿਰ ਕੀ, ਮੌਜਾਂ ਹੀ ਮੌਜਾਂ। ਮਾਂਵਾਂ ਨੇ ਖੀਰ ਦੇ ਪਤੀਲੇ ਚੁੱਲਿਆਂ 'ਤੇ ਰੱਖ ਦੇਣੇ ਅਤੇ ਨਾਲ ਹੀ ਮਾਲ ਪੂੜੇ ਪੱਕਣੇ ਸ਼ੁਰੂ ਹੋ ਜਾਣੇ। ਵਾਹ ਜੀ ਵਾਹ! ਗੁੜ ਦੇ ਮਿੱਠੇ ਪੂੜੇ ਅਤੇ ਨਮਕੀਨ ਪੂੜੇ-ਖੀਰ ਤੇ ਪੂੜਿਆਂ ਦਾ ਉਹ ਸਵਾਦ, ਉਹ ਨਜ਼ਾਰਾ ਹੁਣ ਕਿੱਥੇ? ਬੱਚਿਆਂ ਨੇ ਪੂਣੀ ਬਣਾ ਕੇ ਪੂੜੇ ਹੱਥਾਂ ਵਿਚ ਫੜ੍ਹ ਲੈਣੇ ਅਤੇ ਹੋ ਜਾਣਾ ਸ਼ੁਰੂ, 'ਖੀਰ ਪੂੜੇ ਖਾਵਾਂਗੇ, ਮੀਂਹ ਦੇ ਵਿਚ ਨਹਾਵਾਂਗੇ।'

ਸਾਉਣ ਚੜ੍ਹਨ 'ਤੇ ਵੀਰਾਂ ਨੇ ਸਜ ਵਿਆਹੀਆਂ ਭੈਣਾਂ ਨੂੰ, ਉਨ੍ਹਾਂ ਦੇ ਸਹੁਰਿਆਂ ਤੋਂ ਜਾ ਕੇ ਲੈ ਆਉਣਾ। ਨਵ ਵਿਆਹੀਆਂ ਨੇ ਪਿੱਪਲ 'ਤੇ ਪੀਂਘ ਆ ਪਾਉਣੀ। ਬਾਹਵਾਂ ਵਿਚ ਰੱਤੇ ਚੂੜੇ,



ਹੱਥਾਂ 'ਤੇ ਲਾਲ ਸੁਰਖ ਮਹਿਕਾਂ ਵੰਡਦੀ ਮਹਿੰਦੀ, ਲਾਲ ਦੰਦਾਸੇ, ਪੈਰੀਂ ਛਣ ਛਣ ਕਰਦੀਆਂ ਝਾਂਜਰਾਂ, ਰੰਗ-ਬਰੰਗੇ ਸੂਟ, ਕਈਆਂ ਦੇ ਸਿਰ ਫੁਲਕਾਰੀ, ਕਈਆਂ ਦੇ ਗੋਟੇ ਕਿਨਾਰੀ ਤੇ ਸਿਤਾਰਿਆਂ ਜੜੀਆਂ ਚੁੰਨੀਆਂ। ਪਿੜ ਬੰਨ੍ਹ ਕੇ ਗਿਧੇ ਵਿਚ ਵਾਰੀ ਵਾਰੀ ਬੋਲੀਆਂ ਪਾ ਕੇ ਮਾਹੀਏ ਨੂੰ ਯਾਦ ਕਰਨਾ, ਪਿੱਪਲ ਦੀ ਟੀਸੀ ਤੱਕ ਜਿਦ ਜਿਦ ਉਚੀਆਂ ਪੀਂਘਾਂ ਚੜ੍ਹਾਉਣੀਆਂ ਤੇ ਪਿੱਪਲ ਦੇ ਪੱਤੇ ਤੋੜ ਲਿਆਉਣੇ। ਇੰਜ ਸਾਉਣ ਦਾ ਪੂਰਾ ਮਹੀਨਾ ਹੀ ਇਕ ਲੰਮਾ ਤਿਉਹਾਰ ਬਣ ਜਾਣਾ। ਜਰਾ ਕੁ ਮੀਂਹ ਹਟਣਾ ਤਾਂ ਮਾਂਵਾਂ ਤੇ ਭਰਜਾਈਆਂ ਨੇ ਵਿਹੜਿਆਂ ਵਿਚ ਗੋਹੇ ਪੋਚੇ ਫੇਰ ਕੇ ਘਰਾਂ ਦੀ ਨੁਹਾਰ ਹੀ ਬਦਲ ਦੇਣੀ ਪਰ ਮੇਘੜੇ ਨੇ ਵੀ ਝਟ ਪਟ ਆ ਕੇ ਸਾਰਾ ਗੋਹਾ ਪੋਚਾ ਰੋੜ੍ਹ ਕੇ ਲੈ ਜਾਣਾ। ਜੇ ਕਿਸੇ ਦੇ ਘਰ ਖੀਰ ਪੂੜੇ ਨਾ ਵੀ ਪੱਕਣੇ ਤਾਂ ਆਂਢ ਗੁਆਂਢ ਨੇ ਆਪੇ ਹੀ ਫੜ੍ਹਾ ਆਉਣੇ। ਭਲਾ ਸਾਉਣ ਵਿਚ ਕੋਈ ਖੀਰ ਪੂੜੇ ਖਾਧੇ ਬਗੈਰ ਕਿਵੇਂ ਰਹਿ ਸਕਦਾ ਹੈ, 'ਸਾਵਣ ਖੀਰ ਨਾ ਖਾਧੀ ਆ, ਕਿਉਂ ਜੀਵੇਂ ਅਪਰਾਧੀਆ।'

ਜਵਾਨ ਧੀਆਂ ਨੇ ਚਾਅ ਪੂਰੇ ਕਰਨੇ ਅਤੇ ਨਿਕੀਆਂ ਬਾਲੜੀਆਂ ਨੇ ਗੁੱਡੀਆਂ-ਪਟੋਲਿਆਂ ਦੀ ਖੇਡ ਵਿਚ ਮਸਤ ਰਹਿਣਾ। ਜੇ ਔੜ ਲੱਗ ਜਾਣੀ, ਮੇਘੜੇ ਨੇ ਰੁਸ ਬਹਿਣਾ ਤਾਂ ਨਿੱਕੀਆਂ ਨਿੱਕੀਆਂ ਧੀਆਂ ਨੇ ਰੁਸੇ ਹੋਏ ਮੇਘੇ ਨਾਲ ਰੋਸ ਜ਼ਾਹਰ ਕਰਨ ਲਈ ਆਪਣਾ ਗੁੱਡੀ-ਗੁੱਡਾ ਸਾੜਨ ਜਾਣਾ ਅਤੇ ਗਾਉਣਾ, 'ਵੱਸ ਮੀਂਹਾਂ ਕਾਲਿਆ, ਮੈਂ ਗੁੱਡੀ-ਗੁੱਡਾ ਸਾੜਿਆ। ਵੱਸ ਮੀਂਹਾਂ ਚਿੱਟਿਆ, ਮੈਂ ਗੁੱਡੀ-ਗੁੱਡਾ ਪਿੱਟਿਆ।' ਮੇਘੜੇ ਨੇ ਵੀ ਝਟ ਆਪਣੀਆਂ ਫੌਜਾਂ ਲੈ ਕੇ ਅਸਮਾਨ 'ਤੇ ਚੜ੍ਹ ਆਉਣਾ ਤੇ ਇੰਨੀ ਜੋਰ ਦੀ ਵੱਸਣਾ ਕਿ ਹਰ ਪਾਸੇ ਜਲ ਥਲ ਕਰ ਦੇਣੀ। ਪਿਆਸੀ ਧਰਤੀ ਨੇ ਤ੍ਰਿਪਤ ਹੋ ਕੇ ਸੁਖ ਦਾ ਸਾਹ ਲੈਣਾ, ਹਰ ਪਾਸੇ ਹਰੀਆਂ ਭਰੀਆਂ ਫਸਲਾਂ ਲਹਿਰਾਉਂਦੀਆਂ ਵੇਖ ਕੇ ਕੀ ਇਨਸਾਨ ਤੇ ਕੀ ਪਸ਼ੂ-ਪੰਛੀ ਸਭ ਝੂਮ ਉਠਣੇ, ਬਨਸਪਤੀ ਨੇ ਤਾਂ ਇਵੇਂ ਝੂਮਣਾ ਜਿਵੇਂ ਕਾਦਰ ਨੂੰ ਚਵਰ ਝੁਲਾ ਰਹੀ ਹੋਵੇ। ਇਹ ਵੇਖ ਭਲਾ ਕੁਦਰਤ ਰਾਣੀ ਕਿਵੇਂ ਚੁੱਪ ਬੈਠੀ ਰਵੇ, 'ਮਉਲੀ ਧਰਤੀ ਮਉਲਿਆ ਅਕਾਸੁ॥

ਹਰ ਪਾਸੇ ਵਿਸਮਾਦ ਹੀ ਵਿਸਮਾਦ। ਕੁਦਰਤ ਰਾਣੀ ਨੇ ਵੀ ਅਸਮਾਨ 'ਤੇ ਪੀਂਘ ਪਾ ਕੇ ਉਤੇ ਬੈਠ ਜਾਣਾ ਅਤੇ ਖੂਬ ਪੀਂਘ ਝੂਟਣੀ। ਜਦ ਕੁਦਰਤ ਰਾਣੀ ਨੂੰ ਪੀਂਘ ਝੂਟਦੀ ਵੇਖਣਾ ਤਾਂ ਮੋਰ, ਪਪੀਹੇ, ਕੋਇਲਾਂ-ਸਭ ਵਜਦ ਵਿਚ ਆ ਜਾਣੇ, ਡੱਡੂਆਂ ਨੇ ਵੀ ਚੁਪ ਨਾ ਬੈਠਣਾ ਤੇ ਆਖਣਾ ਅਸੀਂ ਕਿਹੜਾ ਕਿਸੇ ਨਾਲੋਂ ਘੱਟ ਹਾਂ ਜੋ ਇਨ੍ਹਾਂ ਨਜ਼ਾਰਿਆਂ ਦਾ ਅਨੰਦ ਨਾ ਮਾਣੀਏ! ਉਨ੍ਹਾਂ ਨੇ ਵੀ ਖੂਬ ਸ਼ੋਰ ਪਾਉਣਾ ਤੇ ਗੜੈਂ ਗੜੈਂ ਦੇ ਗੀਤ ਰੱਜ ਰੱਜ ਗਾਉਣੇ, ਸ਼ਾਮ ਪੈਣੀ ਤਾਂ ਮੱਛਰਾਂ ਨੇ ਆ ਡੇਰੇ ਲਾਉਣੇ ਤੇ ਕੰਨਾਂ ਕੋਲ ਮੂੰਹ ਕਰ ਕਰ ਗੀਤਰ ਗਾਉਣਾ। ਬੰਦੇ ਤੋਂ ਲੈ ਕੇ ਪਸ਼ੂਆਂ ਤੱਕ ਨੂੰ ਦੰਦੀਆਂ ਵੱਢ ਵੱਢ ਖਾਈ ਜਾਣਾ ਕਿ ਸਾਡੇ ਗੀਤਰ ਵੀ ਜ਼ਰੂਰ ਸੁਣੋ।

ਕਾਲੀ ਰਾਤ ਵਿਚ ਟਟੈਹਣਿਆਂ ਦਾ ਟਿਮ ਟਿਮ ਕਰਨਾ ਅਤੇ ਬੀਂਡਿਆਂ ਦੀਆਂ ਸੁਰੀਲੀਆਂ ਆਵਾਜ਼ਾਂ ਅੱਜ ਵੀ ਸੁਣਦੀਆਂ ਹਨ। ਅਜੇ ਛੱਤਾਂ 'ਤੇ ਮੰਜੀਆਂ ਡਾਹ ਕੇ ਲੰਮਿਆਂ ਪੈਣ ਹੀ ਲੱਗਣਾ ਤਾਂ ਕਿਣ ਮਿਣ, ਕਿਣ ਮਿਣ ਸ਼ੁਰੂ ਹੋ ਜਾਣੀ। ਕਿਆ ਨਜ਼ਾਰੇ ਸਨ-ਮੀਂਹ ਦੀਆਂ ਕਣੀਆਂ ਵਿਚ ਵੀ ਚਾਦਰਾਂ ਉਤੇ ਲੈ ਕੇ ਢੀਠ ਜਿਹੇ ਹੋ ਕੇ ਪਏ ਰਹਿਣਾ। ਪਰ ਮੁੜਨਾ ਮੀਂਹ ਨੇ ਵੀ ਨਾ। ਮੰਜੇ-ਬਿਸਤਰੇ ਲੈ ਕੇ ਅੰਦਰੀਂ ਵੜਨਾ ਤਾਂ ਹੁੰਮਸ ਨੇ ਖਾਣ ਨੂੰ ਪੈਣਾ, ਨਾਲ ਹੀ ਮੀਂਹ ਵੀ ਬੰਦ ਹੋ ਜਾਣਾ। ਨਿਕੀ ਨਿਕੀ ਪੌਣ ਰੁਮਕ ਪੈਣੀ ਤਾਂ ਮਾਂ ਨੇ ਆਖਣਾ ਠੰਢੀ ਹਵਾ ਆਈ ਏ, ਕੋਈ ਧੀਆਂ ਦਾ ਬਾਬੁਲ ਬੈਠਾ ਹੈ, ਹਵਾ ਚਲਾਉਣ ਲਈ ਤਾਂ ਫਿਰ ਛੱਤਾਂ 'ਤੇ ਜਾ ਚੜ੍ਹਨਾ।

ਇਹ ਸਭ ਹੁਣ ਜਦੋਂ ਚੇਤੇ ਆਉਂਦਾ ਹੈ ਤਾਂ ਸੁਤੇ ਸਿਧ ਹੀ ਅੰਦਰ ਕੁਝ ਟੁੱਟਦਾ ਹੈ, ਕੁਝ ਮਰਦਾ ਹੈ ਕਿ ਅਸੀਂ ਕੀ ਸਾਂ ਤੇ ਕੀ ਬਣ ਗਏ। ਪਰਿਵਰਤਨ ਤਾਂ ਕੁਦਰਤ ਦਾ ਨਿਯਮ ਹੈ। ਰੁੱਤਾਂ, ਮੌਸਮ, ਰੀਤੀ-ਰਿਵਾਜ ਸਭ ਕੁਝ ਬਦਲਦਾ ਰਹਿੰਦਾ ਹੈ ਪਰ ਜਿੰਨਾ ਅਸੀਂ ਬਦਲ ਗਏ ਹਾਂ, ਇਹ ਕੁਝ ਬਹੁਤਾ ਹੀ ਹੈ। ਇੰਨੀ ਤਰੱਕੀ, ਇੰਨੀ ਸਿਆਣਪ-ਬੰਦਾ ਤਾਂ ਬੰਦਾ ਹੀ ਨਹੀਂ ਰਿਹਾ। ਰੱਬ ਨੂੰ ਤਾਂ ਕੀ, ਬੰਦਾ ਆਪਣੇ ਆਪ ਨੂੰ ਵੀ ਭੁੱਲ ਬੈਠਾ ਹੈ ਅਤੇ ਤੇਜ ਰਫਤਾਰ ਮਸ਼ੀਨ ਵਾਂਗ ਬਿਨਾ ਬਰੇਕ ਦੌੜਿਆ ਜਾ ਰਿਹਾ ਹੈ। ਨਾ ਪਰਿਵਾਰ, ਨਾ ਰਿਸ਼ਤੇ-ਜਦ ਅਸੀਂ ਆਪੇ ਨੂੰ ਹੀ ਭੁੱਲ ਬੈਠੇ ਹਾਂ ਤਾਂ ਸਾਉਣ ਮਹੀਨਾ ਕਿਥੇ? ਜਿਧਰ ਗਈਆਂ ਬੇੜੀਆਂ, ਉਧਰ ਗਏ ਮਲਾਹ।


ਪਰ ਮੈਨੂੰ ਕੁਝ ਨਹੀਂ ਭੁੱਲਾ, ਸਭ ਯਾਦ ਹੈ ਤੇ ਯਾਦ ਰੱਖਦੀ ਹਾਂ, ਉਹ ਬੇਈਂ ਦਾ ਕੰਢਾ, ਕੰਢੇ 'ਤੇ ਮਸੀਤ ਵਿਚ ਗੁਰਦੁਆਰਾ, ਦਰੱਖਤਾਂ ਦੇ ਸੰਘਣੇ ਝੁੰਡ, ਪਿਤਾ ਜੀ ਦਾ ਫੁੱਲ ਬੂਟਿਆਂ ਤੇ ਸਬਜੀਆਂ ਦਾ ਵਾੜਾ, ਗੁਰਦੁਆਰੇ ਦੀ ਖੂਹੀ 'ਤੇ ਪਿੰਡ ਵਾਲਿਆਂ ਦਾ ਪਾਣੀ ਭਰਨਾ, ਬੇਈਂ ਦੇ ਰੇਤਲੇ ਪੱਤਣ ਤੇ ਪਿੰਡ ਦੀਆਂ ਔਰਤਾਂ ਦਾ ਕੱਪੜੇ ਧੋਣਾ, ਬੇਈਂ ਵਿਚ ਬੱਚਿਆਂ ਦਾ ਨਹਾਉਣਾ, ਸਭ ਨੇ ਰੇਤੇ ਦੇ ਘਰ ਬਣਾਉਣੇ, ਚਸ਼ੀਆਂ ਨਾਲ ਖੇਡਣਾ ਅਤੇ ਰੇਤੇ ਵਿਚੋਂ ਸਿੱਪੀਆਂ-ਘੋਗੇ ਲੱਭਣੇ, ਸਾਉਣ 'ਚ ਮੀਂਹ ਮਗਰੋਂ ਟੁੱਟੀਆਂ ਵੰਗਾਂ ਦੇ ਟੋਟੇ ਲੱਭਣੇ ਅਤੇ ਗੁੱਡੀਆਂ ਪਟੋਲਿਆਂ ਨਾਲ ਖੇਡਣਾ-ਸਭ ਕੁਝ ਯਾਦ ਹੈ ਅਤੇ ਵਾਅਦਾ ਹੈ ਸਭ ਕੁਝ ਯਾਦ ਰੱਖਾਂਗੀ। ਹੋ ਸਕੇ ਤਾਂ ਤੁਸੀਂ ਵੀ ਜ਼ਰੂਰ ਯਾਦ ਰਖਣਾ, ਜੇ ਹੋਰ ਕੁਝ ਨਹੀਂ ਤਾਂ ਸਾਉਣ ਮਹੀਨੇ ਨੂੰ ਜ਼ਰੂਰ ਯਾਦ ਰਖੀਏ, ਸਾਵਣ ਆਇਆ, ਸਾਵਣ ਆਇਆ।

# ਜੰਮੂ ਜੀ, ਤੁਸੀਂ ਬੜੇ ਰਾਅ!

*ਪ੍ਰਿੰਸੀਪਲ ਸੁਜਾਨ ਸਿੰਘ (1909-1993) ਨੇ ਪੰਜਾਬੀ ਨਿੱਕੀ ਕਹਾਣੀ ਵਿਚ ਵੱਡਾ ਯੋਗਦਾਨ ਪਾਇਆ ਹੈ। ਕਹਾਣੀ ਤੋਂ ਇਲਾਵਾ ਉਨ੍ਹਾਂ ਵਾਰਤਕ ਵੀ ਲਿਖੀ। ਉਨ੍ਹਾਂ ਦੀ ਵਾਰਤਕ ਵਿਚ ਵੀ ਕਹਾਣੀ ਵਰਗਾ ਰਸ ਹੈ। ਉਨ੍ਹਾਂ ਗੁਰੂ ਨਾਨਕ ਬਾਰੇ 'ਵੱਡੇ ਕੀਆਂ ਵਡਿਆਈਆਂ', ਗੁਰੂ ਅਮਰ ਦਾਸ ਬਾਰੇ 'ਅਮਰ ਗੁਰ ਰਿਸ਼ਮਾਂ' ਅਤੇ ਗੁਰੂ ਗੋਬਿੰਦ ਸਿੰਘ ਬਾਰੇ 'ਕਲਗੀ ਦੀਆਂ ਅਣੀਆਂ' ਕਿਤਾਬਾਂ ਲਿਖੀਆਂ। ਇਸ ਲੇਖ ਵਿਚ ਉਨ੍ਹਾਂ ਜਾਮਣਾਂ ਬਾਰੇ ਚੰਗਾ ਰੰਗ ਬੰਨ੍ਹਿਆ ਹੈ। ਜਾਮਣਾਂ ਦੇ ਨਾਲ ਨਾਲ ਉਹ ਆਪਣੀ ਕਹਾਣੀ ਵੀ ਨਾਲੋ-ਨਾਲ ਸੁਣਾਈ ਜਾਂਦੇ ਹਨ। -ਸੰਪਾਦਕ*

'ਜੰਮੂ ਰਾਅ ਤੇ ਕਾਲੇ ਸ਼ਾਹ' ਦਾ ਹੋਕਾ ਬਰਸਾਤ ਵਿਚ ਪੰਜਾਬ ਦੇ ਹਰ ਸ਼ਹਿਰ ਨਿਵਾਸੀ ਨੇ ਸੁਣਿਆ ਹੋਵੇਗਾ। ਅਸਲ ਵਿਚ ਜੰਮੂਆਂ, ਅੰਬਾਂ, ਖੁੰਬਾਂ, ਪੀਘਾਂ, ਗਿੱਧੇ ਤੇ ਹਰਿਆਵਲ ਬਾਝ ਬਰਸਾਤ ਕਾਹਦੀ ਬਰਸਾਤ ਹੋਈ? ਇਨ੍ਹਾਂ ਤੋਂ ਸੱਖਣੀ ਕੋਇਟੇ ਦੀ ਬਰਸਾਤ ਤਾਹੀਓਂ ਮੈਨੂੰ ਨਹੀਂ ਸੁਖਾਂਦੀ ਰਹੀ।

ਨਿੱਕੀ ਤੋਂ ਨਿੱਕੀ ਸ਼ੈਅ ਸਾਡੇ ਜੀਵਨ ਨੂੰ ਕਾਇਮ ਰੱਖਣ ਵਿਚ ਵਧ ਤੋਂ ਵਧ ਸਹਾਈ ਹੁੰਦੀ ਹੈ। ਹਵਾ ਵੱਲ ਹੀ ਵੇਖੋ, ਸਾਰਾ ਦਿਨ ਉਸ ਦੇ ਆਸਰੇ ਜਿਉਂਦੇ ਹਾਂ, ਪਰ ਦੱਸੋ ਖਾਂ, ਚਵੀ ਘੰਟਿਆਂ ਵਿਚੋਂ ਕਦੇ ਵੀ ਕਿਸੇ ਨੂੰ ਯਾਦ ਆਇਆ ਹੈ ਕਿ ਹਵਾ ਉਨ੍ਹਾਂ ਲਈ ਕਿੰਨੀ ਕੁ ਜ਼ਰੂਰੀ ਹੈ। ਬਹੁਤੇ ਤਾਂ ਆਪਣੇ ਆਪ ਨੂੰ ਆਪਣੀ ਚਲਾਕੀ ਆਸਰੇ ਜਿਉਂਦਾ ਸਮਝਦੇ ਹਨ। ਖੈਰ, ਮੈਂ ਜੰਮੂਆਂ ਨੂੰ ਹਰ ਹਿੰਦੁਸਤਾਨੀ ਦੇ ਜੀਵਨ ਲਈ ਜ਼ਰੂਰੀ ਸਮਝਦਾ ਹਾਂ।



**ਪ੍ਰਿੰ. ਸੁਜਾਨ ਸਿੰਘ**

ਮੇਰੇ ਜੀਵਨ ਦੀਆਂ ਕਈ ਸੋਹਣੀਆਂ ਤੇ ਮਨਮੋਹਣੀਆਂ ਯਾਦਾਂ ਦਾ ਸਬੰਧ ਜੰਮੂਆਂ ਨਾਲ ਹੈ। ਹਰ ਚੀਜ਼ ਦੀ ਸੁੰਦਰਤਾ ਉਸ ਦੇ ਨਾਲ ਸਬੰਧਤ ਘਟਨਾਵਾਂ, ਜਜ਼ਬਾਤ ਤੇ ਯਾਦਾਂ ਦੇ ਆਸਰੇ ਖੜ੍ਹੀ ਹੁੰਦੀ ਹੈ। ਜੰਮੂ ਮੈਨੂੰ ਕਈ ਹੁਸੀਨ ਫਲਾਂ ਨਾਲੋਂ ਸੋਹਣਾ ਲਗਦਾ ਹੈ, ਤੇ ਇਸੇ ਕਰ ਕੇ ਸ਼ਾਇਦ ਮੈਂ ਕਾਲੀਆਂ ਹਬਸ਼ਣਾਂ ਦੇ ਮੋਟੇ ਬੁੱਲ੍ਹਾਂ ਵਿਚੋਂ ਵੀ ਸੁੰਦਰਤਾ ਪਛਾਣ ਸਕਿਆ ਹਾਂ। ਰੰਗ ਦਾ ਕੀ ਹੈ? ਦੇਖਣਾ ਤੇ ਸੁਆਦ ਹੈ; ਤੇ ਇਹੋ ਸੁਆਦ ਸ਼ਾਇਦ ਬਦਲ ਕੇ ਜਾਨਦਾਰਾਂ ਵਿਚ ਰੂਹ ਬਣ ਜਾਂਦਾ ਹੈ। ਇਸੇ ਲਈ ਸ਼ਾਇਦ ਪਾਲ ਸਿੰਘ ਹੋਰੀਂ ਅਕਸਰ ਕਿਹਾ ਕਰਦੇ ਹਨ, "ਰੰਗ ਦਾ ਕੀ ਹੈ? ਚਾਹੀਦੀ ਤੇ ਰੂਹ ਹੈ।"

ਜੰਮੂਆਂ ਨਾਲ ਮੇਰਾ ਪਿਆਰ ਪੁਰਾਤਨ ਇਨਸਾਨ ਵਰਗਾ ਹੈ, ਜਿਹੜਾ ਹਰ ਚੀਜ਼ ਨੂੰ ਸੁਆਦ ਲਈ ਪਿਆਰ ਕਰਦਾ ਸੀ। ਹਰ ਖਾਣ ਵਾਲੀ ਚੀਜ਼ ਓਦੋਂ ਇਨਸਾਨ ਲਈ ਚੰਗੀ ਹੀ ਨਹੀਂ, ਸੋਹਣੀ ਵੀ ਹੁੰਦੀ ਸੀ। ਜਿਸ ਨੂੰ ਪਿਆਰ ਕਰਨਾ, ਉਸ ਨੂੰ ਦੁੱਖ ਦੇਣਾ ਪਿਆਰ ਦਾ ਇਕ ਅੰਗ ਹੁੰਦਾ ਸੀ। ਪਿਆਰ ਵਿਚ ਮਨੁੱਖ ਇਸਤਰੀ ਤੇ ਇਸਤਰੀ ਮਨੁੱਖ ਦੇ ਸਰੀਰ 'ਤੇ ਨਹੁੰ ਮਾਰਦੇ ਸਨ, ਦੰਦੀਆਂ ਵਢਦੇ ਸਨ। ਚੁੰਮਣ ਦੀ ਆਦਤ ਜਾਂ ਰਸਮ ਉਸੇ ਪਿਆਰ ਦਾ ਇਕ ਚਿੰਨ੍ਹ ਮਾਤਰ ਰਹਿ ਗਈ ਹੈ। ਮਨੁੱਖੀ ਪਿਆਰ ਭਾਵੇਂ ਬੜਾ ਸੂਖਮ ਹੋ ਗਿਆ ਹੈ, ਪਰ ਜੰਮੂਆਂ ਨਾਲ ਮੇਰਾ ਪਿਆਰ ਪੁਰਾਣੀ ਕਿਸਮ ਦਾ ਹੀ ਹੈ। ਮੈਂ ਉਨ੍ਹਾਂ ਦਾ ਸੁਆਦ ਦੰਦਾਂ, ਬੁੱਲ੍ਹਾਂ ਤੇ ਜੀਭ ਨਾਲ ਲੈਂਦਾ ਹਾਂ।

ਮੇਰੇ ਪਿਤਾ ਜੀ ਇਸ ਨੂੰ ਜਾਮਣਾਂ ਕਹਿੰਦੇ ਹੁੰਦੇ ਸਨ। ਕਲਕੱਤੇ ਭਲਿਆਂ ਸਮਿਆਂ ਵਿਚ ਇਹ ਇਕ ਪੈਸੇ ਦੇ ਕੋਡੀ ਵਿਕਦੇ ਹੁੰਦੇ ਸਨ। ਪਿਤਾ ਜੀ ਮੋਟੇ-ਮੋਟੇ ਚੁਣ ਕੇ ਘਰ ਲਿਆਉਂਦੇ ਹੁੰਦੇ ਸਨ ਤੇ ਅਸੀਂ ਇਨ੍ਹਾਂ ਨੂੰ ਬੰਗਾਲੀਆਂ ਵਾਂਗ ਬਿਨਾ ਲੂਣ ਲਾਇਆ ਖਾਂਦੇ ਸਾਂ। ਪਿਤਾ ਜੀ ਦੀ ਜੀਭ ਨੀਲੀ ਹੋਈ ਦੇਖ ਕੇ ਮੈਂ ਇਕ ਵਾਰੀ ਆਖਿਆ ਸੀ, "ਚਾਚਾ ਜੀ, ਬਿਲੂ ਸ਼ਾਹੀ ਜਾਮਣਾਂ ਦੀ ਬਣਦੀ ਹੈ?" ਪਿਤਾ ਜੀ ਸੁਣ ਕੇ ਬੜੇ ਹੱਸੇ ਸਨ ਤੇ ਕੁਝ ਚਿਰ ਮਗਰੋਂ ਸੰਜੀਦਾ ਹੋ ਕੇ ਮਾਤਾ ਜੀ ਨੂੰ ਆਖਿਆ ਸੀ, "ਤੇਰਾ ਪੁੱਤਰ ਤੇ ਕੋਈ ਸਾਇੰਸਦਾਨ ਬਣਦਾ ਜਾਪਦਾ ਐ।" ਮਾਤਾ ਜੀ ਨੇ ਖਬਰੇ ਸਾਇੰਸਦਾਨ ਨੂੰ ਕੋਈ ਗਾਲ੍ਹ ਸਮਝਿਆ ਤੇ ਆਖਣ ਲੱਗੇ, "ਏਦਾਂ ਨਾ ਕਿਹਾ ਕਰੋ ਜੀ।" ਪਿਤਾ ਜੀ ਫੇਰ ਖਿੜਖਿੜਾ ਕੇ ਹੱਸ ਪਏ।

ਕਿੰਨਾ ਚਿਰ ਮੈਂ ਪਿਤਾ ਜੀ ਨੂੰ ਜੰਮੂਆਂ ਦੇ ਦਰੱਖਤ ਦਿਖਲਾਣ ਲਈ ਕਹਿੰਦਾ ਰਿਹਾ, ਜ਼ਿਦ ਕਰਦਾ ਰਿਹਾ। ਇਕ ਦਿਨ ਪਿਤਾ ਜੀ ਬੜੇ ਖੁਸ਼ ਖੁਸ਼ ਆਏ। ਆਖਣ ਲੱਗੇ, "ਲੈ ਬਈ, ਸਿੱਖਾਂ ਦੀ ਇਕ ਹੋਰ ਤਕਲੀਫ ਰਫਾ ਹੋ ਗਈ ਏ। ਹੋਤੇ ਇਕ ਵੱਡੀ ਸਾਰੀ ਬਿਲਡਿੰਗ ਕਿਰਾਏ 'ਤੇ ਲੈ ਕੇ ਨਵਾਂ ਗੁਰਦੁਆਰਾ ਬਣਾ ਦਿੱਤਾ ਐ।" ਤੇ ਮੇਰੇ ਵੱਲ ਤੱਕ ਕੇ ਬੋਲੇ, "ਤੇ, ਲੈ ਕਾਕਾ, ਜਾਮਣਾਂ ਦੇ ਦਰੱਖਤ ਵੀ ਉਥੇ ਬੜੇ ਨੇ।" ਮੈਨੂੰ ਚੰਗੀ ਤਰ੍ਹਾਂ ਚੇਤਾ ਹੈ ਕਿ ਮੈਂ ਖੁਸ਼ੀ ਵਿਚ ਨੱਚ ਉਠਿਆ ਸਾਂ ਤੇ ਮੈਨੂੰ ਨੱਚਦਾ ਦੇਖ ਕੇ ਪਿਤਾ ਜੀ ਗਿੱਧੇ ਦੇ ਤਾਲ ਨਾਲ ਗਾਉਣ ਲੱਗ ਪਏ ਸਨ, "ਨੱਚ ਘੁਗੀਏ ਤੈਨੂੰ ਭੁੱਪਾ ਦਿਆਂਗੇ।"

ਅਗਲੇ ਦਿਨ ਐਤਵਾਰ ਸੰਵਰ-ਸੰਵਾਰ ਕੇ ਮੈਨੂੰ ਨਵੇਂ ਗੁਰਦੁਆਰੇ ਖੜ੍ਹਿਆ ਗਿਆ ਸੀ। ਹਾਲੀਂ ਸੰਗਤ ਜੁੜੀ ਨਹੀਂ ਸੀ। ਪਿਤਾ ਜੀ ਨੇ ਮੈਨੂੰ ਜਾਮਣਾਂ ਦੇ ਦਰੱਖਤ ਦਿਖਾਏ ਤੇ ਕਹਿਣ ਲੱਗੇ, "ਲੈ ਬਈ, ਸਾਂਭ ਜਾਮਣਾਂ ਦੇ ਦਰੱਖਤ।"

ਮੈਂ ਕਿਹਾ, "ਇਹ ਕਿਤੇ ਜਾਮਣਾਂ ਦੇ ਦਰੱਖਤ ਨੇ?"

"ਤੇ ਹੋਰ ਕੀ ਨੇ ਇਹ?" ਪਿਤਾ ਜੀ ਨੇ ਪੁੱਛਿਆ।

"ਇਨ੍ਹਾਂ ਨਾਲ ਤੇ ਜਾਮਣਾਂ ਹੈ ਈ ਨਹੀਂ।" ਮੈਂ ਆਖਿਆ।

ਪਿਤਾ ਜੀ ਨੇ ਬਥੇਰਾ ਸਮਝਾਇਆ ਕਿ ਇਹ ਜਾਮਣਾਂ ਦੀ ਬਹਾਰ ਨਹੀਂ, ਇਸੇ ਕਰ ਕੇ ਜਾਮਣਾਂ ਨਹੀਂ ਲੱਗੀਆਂ, ਪਰ ਹਨ ਇਹ ਜਾਮਣਾਂ ਦੇ ਹੀ ਦਰੱਖਤ; ਪਰ ਮੈਂ ਪਿਤਾ ਜੀ ਦੀ ਇਕ ਗੱਲ ਵੀ ਨਹੀਂ ਸਾਂ ਮੰਨਦਾ। ਅਸਲ ਵਿਚ ਤਰਕਵਾਦੀ ਤੇ ਬੱਚਾ ਇਕੋ ਜਿਹੇ ਹੁੰਦੇ ਹਨ, ਜੋ ਕਾਰਨ ਕਾਰਜ ਦੇ ਮਸਲੇ ਦੇ ਬੜੇ ਪਾਬੰਦ ਹੁੰਦੇ ਹਨ। ਕਿੱਕਰ ਦੀ ਟਾਹਣੀ ਨਾਲ ਜੰਮੂਆਂ ਦਾ ਗੁੱਛਾ ਲਮਕਾ ਕੇ ਮੈਨੂੰ ਮਨਾਇਆ ਜਾ ਸਕਦਾ ਹੈ ਕਿ ਜੰਮੂਆਂ ਦਾ ਬੂਟਾ ਹੈ, ਪਰ ਜੰਮੂਆਂ ਦੇ ਬੂਟੇ ਨੂੰ ਬਿਨਾ ਜੰਮੂਆਂ ਦੇ, ਜੰਮੂਆਂ ਦਾ ਬੂਟਾ ਮੰਨ ਲੈਣਾ ਮੇਰੇ ਲਈ ਅਸੰਭਵ ਸੀ। ਅਚਾਨਕ ਜੰਮੂਆਂ ਨਾਲੋਂ ਇਕ ਪੱਤਾ ਟੁੱਟਾ। ਮੈਂ ਪਿਤਾ ਜੀ ਦੀ ਪਿੱਠ ਪਿੱਛੋਂ ਚੁਕ ਕੇ ਸੁਭਾਉਕੀ ਉਸ ਨੂੰ ਮੂੰਹ ਵਿਚ ਪਾ ਲਿਆ। ਪਿਤਾ ਜੀ ਆਪਣੇ ਇਕ ਮਿੱਤਰ ਨਾਲ ਗੱਲਾਂ ਕਰ ਰਹੇ ਸਨ, ਜਦ ਮੈਂ ਉਸ ਨੂੰ ਜ਼ਰਾ ਕੁ ਚਿੱਥਿਆ, ਮੈਂ ਅਚਾਨਕ ਬੋਲ ਉਠਿਆ, "ਚਾਚਾ ਜੀ, ਇਹ ਜਾਮਣਾਂ ਦੇ ਦਰੱਖਤ ਹੀ ਹਨ!" ਪਿਤਾ ਜੀ ਹੈਰਾਨ ਸਨ ਕਿ ਮੇਰੀ ਇਕ ਨਾ ਮੰਨਣ ਵਾਲਾ ਹੁਣ ਕਿਵੇਂ ਮੰਨ ਗਿਆ ਹੈ ਕਿ ਇਹ ਜਾਮਣਾਂ ਦੇ ਦਰੱਖਤ ਹੀ ਹਨ। ਆਖਰ ਉਨ੍ਹਾਂ ਮੇਰਾ ਹਿਲਦਾ ਮੂੰਹ ਵੇਖ ਲਿਆ ਤੇ ਮੂੰਹ ਵਿਚ ਪੱਤਾ ਦੇਖ ਕੇ ਮੁਸਕਰਾ ਪਏ ਤੇ ਆਪਣੇ ਮਿੱਤਰ ਸਰਦਾਰ ਗੰਡਾ ਸਿੰਘ 'ਜਾਚਕ' ਵੱਲ ਦੇਖ ਕੇ ਆਖਣ ਲੱਗੇ, "ਸਰਦਾਰ ਜੀ, ਇਹ ਮੁੰਡਾ ਜ਼ਰੂਰ ਸੈਂਟਿਸਟ ਬਣੇਗਾ। ਖਬਰੇ ਦੇਸ਼ ਦਾ ਕੋਈ ਕੰਮ ਸਵਾਰ ਸਕੇ।" ਜਦ ਪਿਤਾ ਜੀ ਨੇ ਸਾਰੀ ਗੱਲ ਸਰਦਾਰ ਹੁਰਾਂ ਨੂੰ ਸਮਝਾਈ ਤਾਂ ਉਨ੍ਹਾਂ ਵੀ ਉਨ੍ਹਾਂ ਦੀ ਹਾਂ ਵਿਚ ਹਾਂ ਮਿਲਾਈ। ਕਹਿਣ ਲੱਗੇ, "ਪੱਤਿਆਂ ਦੇ ਸੁਆਦ ਤੋਂ ਇਹ ਸਿੱਟਾ ਕੱਢਣ ਵਾਲਾ ਕਿ ਇਹ ਅਮਕੇ ਫਲ ਦਾ ਦਰੱਖਤ ਹੈ, ਜ਼ਰੂਰ ਸਾਇੰਸਦਾਨ ਹੋਵੇਗਾ।"

ਪਰ ਮੈਂ ਅੱਜ ਕੱਲ੍ਹ ਸਾਇੰਸਦਾਨ ਨਹੀਂ ਹਾਂ। ਕਿਵੇਂ ਜੀਵਨ ਦੀ ਇਕ ਘਟਨਾ ਸਾਰੀਆਂ ਆਸਾਂ ਤੇ ਪੇਸ਼ੀਨਗੋਈਆਂ 'ਤੇ ਪਾਣੀ ਫੇਰ ਦਿੰਦੀ ਹੈ, ਪਰ ਮੈਨੂੰ ਸਾਇੰਸਦਾਨ ਦੀ ਥਾਂ ਸਾਹਿਤਕਾਰ ਬਣਨ ਵਿਚ ਕੋਈ ਅਫਸੋਸ ਨਹੀਂ ਹੋਇਆ। ਆਖਰ ਦੋਹਾਂ ਦਾ ਕੰਮ ਮਨੁੱਖਤਾ ਦੀ ਤਰੱਕੀ ਲਈ ਕੁਝ ਕਰਨਾ ਹੈ। ਸਾਇੰਸਦਾਨ ਦੀ ਕਾਢ ਮਨੁੱਖਤਾ, ਸਭਿਆਚਾਰ ਤੇ ਤਹਿਜ਼ੀਬ ਦੀ ਤਬਾਹੀ ਦਾ ਕਾਰਨ ਬਣ ਸਕਦੀ ਹੈ, ਪਰ ਉਹ ਸਾਹਿਤਕਾਰ, ਸਾਹਿਤਕਾਰ ਹੀ ਨਹੀਂ, ਜਿਸ ਦੇ ਮੂੰਹੋਂ ਮਨੁੱਖਤਾ ਦੀ ਤਬਾਹੀ ਦੇ ਹੱਕ ਵਿਚ ਇਕ ਸ਼ਬਦ ਵੀ ਨਿਕਲਦਾ ਹੈ।

ਮੇਰੀ ਜਾਚੇ ਸਭ ਤੋਂ ਮਿੱਠੇ ਜੰਮੂ ਬੋਸ ਬਾਬੂ ਦੀ ਬਾੜੀ ਦੇ ਹੁੰਦੇ ਸਨ। ਮੇਰੀ ਮਾਤਾ ਜੀ ਦਾ ਬੋਸ ਬਾਬੂ ਦੀ ਪਤਨੀ ਨਾਲ ਬੜਾ ਗੂੜ੍ਹ ਸੀ। ਮੇਰੇ ਜਨਮ ਤੋਂ ਪਹਿਲਾਂ ਮਾਤਾ ਜੀ ਉਨ੍ਹਾਂ ਦੇ ਪਿੰਡ ਉਨ੍ਹਾਂ ਦੀ ਲਾਗਲੀ ਬਾੜੀ ਵਿਚ ਰਹੇ ਸਨ। ਮਹੀਨੇ ਪੰਦਰ੍ਹੀਂ ਦਿਨੀਂ ਮਾਤਾ ਜੀ ਰੇਲ ਦਾ ਸਫਰ ਕਰ ਕੇ ਕਲਕੱਤਿਓਂ ਉਨ੍ਹਾਂ ਨੂੰ ਮਿਲਣ ਜਾਂਦੇ। ਮੈਂ ਵੀ ਰੁੱਸ ਰੋ ਕੇ ਉਨ੍ਹਾਂ ਨਾਲ ਤੁਰ ਪੈਂਦਾ ਸਾਂ। ਜੰਮੂਆਂ ਦੀ ਖਿੱਚ ਮੈਨੂੰ ਮਜਬੂਰ ਕਰਦੀ ਸੀ, ਪਰ ਹੁਣ ਜਦ ਮੈਂ ਆਪਣੀਆਂ ਭੁੱਲੀਆਂ ਯਾਦਾਂ ਨੂੰ ਸੁਰਜੀਤ ਕਰ ਕੇ ਦਿਲ ਦੀਆਂ ਅੱਖਾਂ ਅੱਗੇ ਗੁਜ਼ਾਰਦਾ ਹਾਂ ਤਾਂ ਇਕ ਹੋਰ ਕਾਰਨ ਵੀ ਮੈਨੂੰ ਉਥੇ ਜਾਣ ਦਾ ਸੁਝਦਾ ਹੈ, ਜੋ ਅਚੇਤ ਅਵਸਥਾ ਵਿਚ ਖਬਰੇ ਜੰਮੂਆਂ ਦੀ ਖਿੱਚ ਤੋਂ ਵੀ ਪ੍ਰਬਲ ਹੁੰਦਾ ਸੀ। ਉਹ ਸੀ ਬੋਸ ਬਾਬੂ ਦੀ ਸੱਤ ਅੱਠ ਸਾਲ ਦੀ ਮ੍ਰਿਨਾਲਨੀ। ਸਾਰੇ ਨਾਂ ਦੇ ਮਗਰ ਦੇਵੀ ਲਗਦਾ ਸੀ, ਪਰ ਬੋਸ ਬਾਬੂ ਦੀ ਪਤਨੀ ਉਸ ਨੂੰ ਬਹੁਤੇ ਪਿਆਰ ਨਾਲ ਮਿੰਨੂ ਸੱਦਦੀ ਹੁੰਦੀ ਸੀ ਤੇ ਮੇਰੀ ਮਾਤਾ ਨੇ ਉਸ ਨੂੰ ਪੰਜਾਬੀ ਵਿਚ ਮੁੰਨੀ ਬਣਾ ਛੱਡਿਆ ਸੀ। ਮਿੰਨੂ ਦੀ ਬਾੜੀ ਵਿਚ ਜਾਮਣੂਆਂ ਤੇ ਅਮਰੂਦਾਂ ਤੋਂ ਛੁਟ ਦੋ ਤਿੰਨ ਨਾਰੀਅਲ ਦੇ ਦਰੱਖਤ ਵੀ ਲੱਗੇ ਹੋਏ ਸਨ। ਆਲੇ-ਦੁਆਲੇ ਫੁੱਲ-ਬੂਟਿਆਂ ਦੀਆਂ ਕਿਆਰੀਆਂ ਹੁੰਦੀਆਂ ਸਨ। ਮੈਂ ਤੇ ਮਿੰਨੂ ਆਮ ਤੌਰ 'ਤੇ ਇਥੇ ਖੇਲਦੇ ਸਾਂ। ਬਰਸਾਤ ਵਿਚ ਜੰਮੂਆਂ ਦੀ ਬੜੀ ਮੌਜ ਹੁੰਦੀ ਸੀ। ਮਿੰਨੂ ਭਾਵੇਂ ਮੈਥੋਂ ਛੋਟੀ ਸੀ, ਪਰ ਦਰੱਖਤ 'ਤੇ ਚੜ੍ਹਨ ਵਿਚ ਮੈਥੋਂ ਤੇਜ਼ ਸੀ। ਮੈਨੂੰ ਉਹ ਜੰਮੂ ਦੇ ਦਰੱਖਤ 'ਤੇ ਘੱਟ ਹੀ ਚੜ੍ਹਨ ਦਿੰਦੀ ਸੀ। ਉਹ ਕਿਹਾ ਕਰਦੀ, "ਜੰਮੂਆਂ ਦੀ ਟਾਹਣੀ ਕੱਚੀ ਹੁੰਦੀ ਹੈ, ਤੂੰ ਉਤੇ ਨਾ ਚੜ੍ਹ।" ਉਸ ਦੀ ਉਸ ਕੁਰਬਾਨੀ ਦਾ ਅੰਦਾਜ਼ਾ ਮੈਂ ਉਦੋਂ ਨਹੀਂ ਸੀ ਲਾ ਸਕਦਾ। ਭੀਲਣੀ ਦੇ ਜੂਠੇ ਬੇਰ ਭਗਵਾਨ ਰਾਮ ਨੂੰ ਕਿੰਨੇ ਸੁਆਦ ਲੱਗੇ ਹੋਣਗੇ, ਉਹ ਉਹੋ ਅੰਦਾਜ਼ਾ ਕਰ ਸਕਦਾ ਹੈ ਜੋ ਮੇਰੇ ਵਰਗੇ ਤਜਰਬੇ ਵਿਚੋਂ ਇਕ ਵਾਰੀ ਲੰਘਿਆ ਹੋਵੇ। ਮਿੰਨੂ ਦਰੱਖਤ 'ਤੇ ਚੜ੍ਹ ਕੇ ਮਿੱਠੇ ਤੇ ਰਸੇ ਹੋਏ ਜੰਮੂ ਚੱਖ ਕੇ ਮੇਰੇ ਵੱਲ ਸੁੱਟਦੀ ਹੁੰਦੀ ਸੀ ਤੇ ਮੈਂ ਸੁਆਦ ਨਾਲ ਖਾਂਦਾ ਹੁੰਦਾ ਸਾਂ। ਉਹੋ ਜਿਹੇ ਮਿੱਠੇ ਜੰਮੂ ਮੈਨੂੰ ਫਿਰ ਕਦੇ ਨਹੀਂ ਜੁੜੇ। ਹੁਣ ਮੈਂ ਸੋਚਦਾ ਹਾਂ ਕਿ ਖਬਰੇ ਉਹ ਉਸ ਦੇ ਬੁੱਲ੍ਹਾਂ ਦੀ ਮਿਠਾਸ ਸੀ, ਜੋ ਜੰਮੂਆਂ ਵਿਚ ਆ ਜਾਂਦੀ ਸੀ। ਉਸ ਦੇ ਬੁੱਲ੍ਹ ਅਜੰਤਾ ਦੀਆਂ ਚਿਤ੍ਰਿਤ ਦੇਵੀਆਂ ਦੇ ਬੁੱਲ੍ਹਾਂ ਦੇ ਮਾਡਲ ਸਨ। ਮਾਤਾ ਜੀ ਤੇ ਮਿੰਨੂ ਦੀ ਮਾਤਾ ਦੀਆਂ ਕਈ ਲੰਮੀਆਂ ਆਸਾਂ ਸਨ। ਮੈਂ ਉਨ੍ਹਾਂ ਦੀਆਂ ਗੱਲਾਂ ਦਾ ਅਰਥ ਨਹੀਂ ਸੀ ਸਮਝ ਸਕਦਾ। ਉਦੋਂ ਪਿਆਰ ਦੇ ਰੰਗ ਤੇ ਵਿਸ਼ੇ ਦੀ ਭੜਕ ਨਹੀਂ ਸੀ ਆਈ, ਨਾ ਹੀ ਪਿਆਰ ਦੇ ਸ਼ਬਦ ਨਾਲ ਮੇਰੀ ਵਾਕਫੀਅਤ ਸੀ।



ਮਿੰਨੂ ਕਿਸੇ ਬੰਗਾਲੀ ਨਵ-ਯੁਵਕ ਨਾਲ ਵਿਆਹੀ ਗਈ ਹੋਵੇਗੀ। ਮੈਂ ਮਿੰਨੂ ਨੂੰ ਅਕਸਰ ਯਾਦ ਕਰਦਾ ਹਾਂ, ਕੀ ਉਹ ਵੀ ਕਦੇ ਮੈਨੂੰ ਯਾਦ ਕਰਦੀ ਹੋਵੇਗੀ? ਕੌਣ ਜਾਣੇ? ਪਰ ਜੀਵਨ ਇਹੋ ਜਿਹਾ ਹੀ ਹੈ! ਮਨੁੱਖੀ ਵਾਹ ਦੀਆਂ ਗੱਲਾਂ ਦੀ ਰੋਕਥਾਮ ਮਨੁੱਖ ਯਤਨ ਨਾਲ ਕਰ ਸਕਦਾ ਹੈ, ਪਰ ਕੁਦਰਤ ਦੀਆਂ ਘਟਨਾਵਾਂ ਦੇ ਪ੍ਰਵਾਹ ਅੱਗੇ ਬੰਨ੍ਹ ਲਾਉਣਾ ਸ਼ਾਇਦ ਉਸ ਦੀ ਸਮਰੱਥਾ ਤੋਂ ਬਾਹਰ ਹੈ।

"ਹਛਾ ਸੁਖ ਜਿਥੇ ਜਾਏ ਘੁੱਗ ਵੱਸੇ,
ਸਾਡੇ ਦਿਲੋਂ ਵੀ ਕਿਸੇ ਨੇ ਖੋਹ ਲਈ ਏ।"

ਚਾਤ੍ਰਿਕ ਜੀ ਦੀ ਤੁਕ ਵਿਚ 'ਲਿਆ' ਦੀ ਥਾਂ 'ਤੇ 'ਲਈ' ਕਰਨ ਪਿੱਛੇ ਉਹ ਜ਼ਰੂਰ ਮੈਨੂੰ ਮੁਆਫ ਕਰਨਗੇ।

ਜੀਵਨ ਦੁਖ-ਮਯ ਨਹੀਂ। ਸੁਖ ਦੀਆਂ ਘੜੀਆਂ ਸ਼ਾਇਦ ਬੰਦੇ ਨੂੰ ਦੁਖ ਤੋਂ ਕਿਤੇ ਬਹੁਤੀਆਂ ਪ੍ਰਾਪਤ ਹਨ, ਪਰ ਦੁਖ ਆਪਣੀ ਭਿਆਨਕ ਕਰੂਪਤਾ ਤੇ ਅਸਹਿ ਪੀੜ ਕਾਰਨ ਸਦਾ ਚੇਤੇ ਰਹਿਣ ਵਾਲੀ ਚੀਜ਼ ਬਣ ਕੇ ਰਹਿ ਜਾਂਦਾ ਹੈ।

ਜੰਮੂਆਂ ਦੀ ਛਾਵੇਂ ਮੈਂ ਕਈ ਖੇਲਾਂ ਖੇਲੀਆਂ ਤੇ ਕਿਤਾਬਾਂ ਪੜ੍ਹੀਆਂ ਹਨ- ਕਈ ਇਮਤਿਹਾਨ ਪਾਸ ਕੀਤੇ ਹਨ। ਹੁਣ ਆਖਰੀ ਇਮਤਿਹਾਨ ਦੇ ਪਰਚੇ ਲਿਖ ਰਿਹਾ ਹਾਂ। ਬੁੱਢੇ ਮਾਲੀ ਵਾਂਗ ਮੈਨੂੰ ਨੌਸ਼ੀਰਵਾਂ ਦੇ ਮਾਇਕ ਇਨਾਮ ਦੀ ਲੋੜ ਨਹੀਂ। ਚਾਹੁੰਦਾ ਹਾਂ, ਜੰਮੂਆਂ ਦੇ ਬੂਟੇ ਵਾਂਗ ਮੇਰੇ ਕੰਮ ਵੀ ਕਦੇ ਕਿਸੇ ਨੂੰ ਛਾਂ, ਤ੍ਰਿਪਤੀ ਤੇ ਸੁਆਦ ਦੇ ਸਕਣ। ਰੱਬ ਜਾਣੇ ਮੈਂ ਇਸ ਵਿਚ ਕਾਮਯਾਬ ਹੋਵਾਂਗਾ ਕਿ ਨਹੀਂ, ਪਰ ਬਾਵਾ ਬਲਵੰਤ ਦੀ ਇਹ ਤੁਕ ਆਸ ਬੰਨ੍ਹਾਉਂਦੀ ਹੈ:

ਕੋਸ਼ਿਸ਼ ਤਾਂ ਕਰ ਗਿਆ ਮੈਂ
ਤੇਰੇ ਇਮਤਿਹਾਨ ਵਿਚ,
ਆਇਆ ਹਾਂ ਜੇ ਨਾਕਾਮ ਦੁਬਾਰਾ
ਕਿਸੇ ਨੂੰ ਕੀ?

ਕਹਿੰਦੇ ਹੁੰਦੇ ਹਨ, ਕੱਜੇ ਚੁੰਮਣ ਵਾਂਗ ਚੋਰੀ ਦਾ ਗੁੜ ਵੀ ਮਿੱਠਾ ਹੁੰਦਾ ਹੈ- ਗੁੜ ਹੀ ਨਹੀਂ, ਜੰਮੂ ਵੀ ਮਿੱਠੇ ਹੁੰਦੇ ਹਨ, ਪਰ ਕਈ ਵਾਰੀ ਮਹਿੰਗੇ ਭਾਅ ਪੈਂਦੇ ਹਨ। ਇਕ ਵਾਰੀ ਸੈਰ ਕਰਦੇ ਕਰਦੇ ਯਾਰਾਂ ਦਾ ਇਕ ਜੁੱਟ ਬਾਗ ਵਿਚ ਜਾ ਵੜਿਆ। ਉਜਾਗਰ ਨੇ ਦਾਅ ਬਚਾ ਕੇ ਖੂਹ ਦੀ ਮਣ 'ਤੇ ਚੜ੍ਹ ਕੇ ਇਕ ਰਸਿਆ ਹੋਇਆ ਗੁੱਛਾ ਜੰਮੂਆਂ ਦਾ, ਸਮੇਤ ਡੰਡੀ ਲਾਹ ਲਿਆ। ਰਾਖਾ ਕਿਤੋਂ ਲਾਗੋਂ ਹੀ ਨਿਕਲ ਆਇਆ। ਉਸ, ਉਸ ਨੂੰ ਪਕੜ ਲਿਆ। ਅਸੀਂ ਮੁੰਡਪੁਣੇ ਤੋਂ ਅਗਾਂਹ ਪੈਰ ਰਖਿਆ ਹੋਇਆ ਸੀ, ਇਸ ਲਈ ਯਾਰ ਨੂੰ ਛੱਡ ਕੇ ਨੱਸਣਾ ਵਾਜਬ ਨਾ ਸਮਝਿਆ। ਬਾਕੀ ਸਾਰੇ ਵੀ ਉਥੇ ਖੜੋਤੇ ਰਹੇ ਤੇ ਉਸ 'ਤੇ ਰੁਹਬ ਪਾਉਣ ਦਾ ਜਤਨ ਕੀਤਾ। ਉਸ 'ਵਾਜ ਮਾਰ ਕੇ ਹੋਰ ਰਾਖੇ ਸੱਦ ਲਏ। ਕੁਝ ਕਹਿਣ ਲੱਗੇ, "ਇਨ੍ਹਾਂ ਨੂੰ ਕੰਨ ਫੜਾਓ।" ਅਸੀਂ ਆਕੜ ਖੜੋਤੇ। ਸਾਥੀ ਤਾਕਤ ਦੇਖ ਕੇ ਰਾਖੇ ਬਹਿਸ ਵਿਚ ਪੈ ਗਏ। ਇਕ ਕਹਿਣ ਲੱਗਾ, "ਬਈ, ਤੁਸੀਂ ਗੁੱਛਾ ਟਾਹਣੀ ਨਾਲ ਲਾ ਦਿਓ ਤੇ ਅਸੀਂ ਤੁਹਾਨੂੰ ਛੱਡ ਦਿੰਦੇ ਹਾਂ।" ਉਜਾਗਰ ਨੇ ਆਖਿਆ, "ਇਹ ਤਾਂ ਮੇਰੇ ਖੱਬੇ ਹੱਥ ਦਾ ਕੰਮ ਹੈ। ਲੈ ਹੁਣੇ ਲਾ ਦਿਨਾਂ।" ਉਜਾਗਰ ਕਈ ਮੰਤਰ ਜਾਣਦਾ ਸੀ। ਅਸੀਂ ਕਿਹਾ ਕਿ ਕੋਈ ਮੰਤਰ ਚਲਾਏਗਾ। ਰਾਖੇ ਵੀ ਹੈਰਾਨ ਖੜ੍ਹੇ ਸਨ, ਜਦ ਉਜਾਗਰ ਨੇ ਮਣ 'ਤੇ ਚੜ੍ਹ ਕੇ ਪੱਗ ਵਿਚੋਂ ਇਕ ਪਿੰਨ ਕੱਢ ਕੇ ਗੁੱਛੇ ਦੀ ਡੰਡੀ ਟਾਹਣੀ ਨਾਲ ਟਾਂਕ ਦਿੱਤੀ। ਅਸੀਂ ਸਾਰੇ ਹੱਸ ਹੱਸ ਦੂਹਰੇ ਹੋ ਗਏ ਤੇ ਰਾਖੇ ਵੀ। ਪਹਿਲੇ ਰਾਖੇ ਨੇ ਇਸ ਸੂਖਮ ਮਖੌਲ ਦੀ ਉਹ ਕਦਰ ਕੀਤੀ ਕਿ ਬੁੱਕ ਬੁੱਕ ਜਾਮਣੂ ਦੇ ਕੇ ਸਾਨੂੰ ਵਿਦਾ ਕੀਤਾ। ਕਾਸ਼! ਕਿਤੇ ਉਜਾਗਰ ਦੀਆਂ ਗੱਲਾਂ ਤੇ ਕਰਤਬਾਂ ਦਾ ਹਾਸ-ਰਸ ਮੇਰੀ ਲੇਖਣੀ ਵਿਚ ਆ ਜਾਂਦਾ ਤਾਂ ਮੇਰੀਆਂ ਲਿਖਤਾਂ ਦਾ ਮੁੱਲ ਚਾਰ ਬੁੱਕ ਜਾਮਣੂ ਤੇ ਪੈ ਜਾਂਦਾ!

ਪਿਤਾ ਜੀ ਜਦ ਜਾਮਣਾਂ ਲਿਆਉਂਦੇ ਸਨ ਤਾਂ ਕਿਸੇ ਨਾ ਕਿਸੇ ਬਹਾਨੇ ਇਹ ਤੁਕ ਜ਼ਰੂਰ ਸੁਣਾਉਂਦੇ ਸਨ ਕਿ 'ਭਾਵੇਂ ਚੀਂ ਕਰ, ਭਾਵੇਂ ਭੀਂ ਕਰ, ਕਾਲੇ ਕਾਲੇ ਕਭੀ ਨਾ ਛੋੜੂੰ।' ਤੇ ਮਗਰੋਂ ਇਹ ਕਹਾਣੀ ਸ਼ੁਰੂ ਹੋ ਜਾਂਦੀ ਸੀ- ਕਿਸੇ ਪੂਰਬੀਏ ਨੂੰ ਸੁਜਾਨ ਵਾਂਗ ਜਾਮਣਾਂ ਖਾਣ ਦਾ ਬੜਾ ਚਸਕਾ ਪੈ ਗਿਆ। ਰੋਜ਼ ਬਰਸਾਤ ਵਿਚ ਜਾਮਣਾਂ ਦੇ ਦਰੱਖਤਾਂ 'ਤੇ ਜਾ ਚੜ੍ਹਦਾ। ਇਕ ਦਿਨ ਇਕ ਕਾਲਾ ਭੌਰ ਗੁੱਛੇ 'ਤੇ ਜਾਮਣ ਬਣਿਆ ਬੈਠਾ ਸੀ। ਉਸ ਨੂੰ ਉਸ ਨੇ ਰਸਿਆ ਜੰਮੂ ਸਮਝ ਕੇ ਪਕੜ ਲਿਆ। ਉਹ ਭੀਂ ਭੀਂ ਕਰਨ ਲਗ ਪਿਆ, ਪਰ ਪੂਰਬੀਏ ਨੇ ਇਹ ਕਹਿੰਦਿਆਂ ਕਿ "ਭਾਵੇਂ ਚੀਂ ਕਰ, ਭਾਵੇਂ ਭੀਂ ਕਰ, ਕਾਲੇ ਕਾਲੇ ਕਭੀ ਨਾ ਛੋੜੂੰ" ਉਸ ਨੂੰ ਮੂੰਹ ਵਿਚ ਪਾ ਲਿਆ- ਇਹ ਕਹਾਣੀ ਮੈਨੂੰ ਓਦੋਂ ਤੱਕ ਗੱਪ ਜਾਪਦੀ ਰਹੀ ਜਦ ਤੱਕ ਮੈਨੂੰ ਆਪ ਇਹੋ ਜਿਹਾ ਤਜਰਬਾ ਨਾ ਹੋ ਗਿਆ, ਪਰ ਮੈਂ ਭੌਰ ਨੂੰ ਮੂੰਹ ਵਿਚ ਨਹੀਂ ਸੀ ਪਾਇਆ।

ਜੰਮੂ ਖਾਣ ਵਾਲੇ ਮਨੁੱਖ ਸਿਆਣੇ ਹੁੰਦੇ ਹਨ। ਇਹ ਨਾ ਸਮਝਣਾ ਕਿ ਮੈਂ ਆਪਣੀ ਸਿਆਣਪ ਸਾਬਤ ਕਰਨ ਲਈ ਦਲੀਲ ਘੜ ਰਿਹਾ ਹਾਂ, ਪਰ ਇਹ ਜ਼ਰੂਰ ਕਹਾਂਗਾ ਕਿ ਥੋੜ੍ਹੀ ਬਹੁਤ ਅਕਲ ਜੋ ਮੇਰੇ ਵਿਚ ਹੈ, ਉਹ ਜੰਮੂਆਂ ਦੀ ਬਦੌਲਤ ਹੀ ਹੈ। ਸਬੂਤ ਵਜੋਂ ਪੰਡਿਤ ਵਿਸ਼ਨੂੰ ਸ਼ਰਮਾ ਦੇ ਪੰਚ ਤੰਤਰ ਦੀ ਕਹਾਣੀ ਪੇਸ਼ ਕਰਦਾ ਹਾਂ:

ਇਕ ਬਾਂਦਰ ਦਰਿਆ ਦੇ ਕੰਢੇ ਜੰਮੂਆਂ ਦੇ ਦਰੱਖਤ 'ਤੇ ਰਹਿੰਦਾ ਸੀ। ਉਸ ਦਾ ਯਰਾਨਾ ਇਕ ਮਗਰਮੱਛ ਨਾਲ ਪੈ ਗਿਆ। ਬਰਸਾਤ ਦੇ ਦਿਨਾਂ ਵਿਚ ਬਾਂਦਰ ਨੇ ਕੁਝ ਰਸੇ ਹੋਏ ਜੰਮੂ ਮਗਰਮੱਛ ਵੱਲ ਸੁੱਟੇ, ਜੋ ਉਸ ਨੇ ਮੂੰਹ ਵਿਚ ਬੋਚ ਲਏ। ਬਾਂਦਰ ਨੇ ਕਿਹਾ, "ਬਈ, ਇਹ ਜੰਮੂ ਸਾਡੀ ਭਰਜਾਈ ਨੂੰ ਦਵੀਂ।" ਮਗਰ ਨੇ ਏਸੇ ਤਰ੍ਹਾਂ ਹੀ ਕੀਤਾ। ਮਗਰ ਦੀ ਪਤਨੀ ਨੇ ਜੰਮੂ ਖਾ ਕੇ ਕਿਹਾ, "ਜੇ ਜੰਮੂ ਏਨੇ ਮਿੱਠੇ ਹਨ ਤੇ ਜਿਹੜਾ ਨਿਤ ਇਹ ਜੰਮੂ ਖਾਂਦਾ ਹੈ, ਉਸ ਦਾ ਦਿਲ ਕਿੱਡਾ ਮਿੱਠਾ ਹੋਵੇਗਾ। ਮੈਨੂੰ ਉਸ ਦਾ ਦਿਲ ਲਿਆ ਕੇ ਦਿਓ।"

(ਬਾਕੀ ਅਗਲੇ ਸਫੇ 'ਤੇ)



*ਪਿਤਾ ਜੀ ਜਦ ਜਾਮਣਾਂ ਲਿਆਉਂਦੇ ਸਨ ਤਾਂ ਕਿਸੇ ਨਾ ਕਿਸੇ ਬਹਾਨੇ ਇਹ ਤੁਕ ਜ਼ਰੂਰ ਸੁਣਾਉਂਦੇ ਸਨ ਕਿ 'ਭਾਵੇਂ ਚੀਂ ਕਰ, ਭਾਵੇਂ ਭੀਂ ਕਰ, ਕਾਲੇ ਕਾਲੇ ਕਭੀ ਨਾ ਛੋੜੂੰ।' ਤੇ ਮਗਰੋਂ ਇਹ ਕਹਾਣੀ ਸ਼ੁਰੂ ਹੋ ਜਾਂਦੀ ਸੀ- ਕਿਸੇ ਪੂਰਬੀਏ ਨੂੰ ਸੁਜਾਨ ਵਾਂਗ ਜਾਮਣਾਂ ਖਾਣ ਦਾ ਬੜਾ ਚਸਕਾ ਪੈ ਗਿਆ। ਰੋਜ਼ ਬਰਸਾਤ ਵਿਚ ਜਾਮਣਾਂ ਦੇ ਦਰੱਖਤਾਂ 'ਤੇ ਜਾ ਚੜ੍ਹਦਾ। ਇਕ ਦਿਨ ਇਕ ਕਾਲਾ ਭੌਰ ਗੁੱਛੇ 'ਤੇ ਜਾਮਣ ਬਣਿਆ ਬੈਠਾ ਸੀ। ਉਸ ਨੂੰ ਉਸ ਨੇ ਰਸਿਆ ਜੰਮੂ ਸਮਝ ਕੇ ਪਕੜ ਲਿਆ। ਉਹ ਭੀਂ ਭੀਂ ਕਰਨ ਲਗ ਪਿਆ, ਪਰ ਪੂਰਬੀਏ ਨੇ ਇਹ ਕਹਿੰਦਿਆਂ ਕਿ "ਭਾਵੇਂ ਚੀਂ ਕਰ, ਭਾਵੇਂ ਭੀਂ ਕਰ, ਕਾਲੇ ਕਾਲੇ ਕਭੀ ਨਾ ਛੋੜੂੰ" ਉਸ ਨੂੰ ਮੂੰਹ ਵਿਚ ਪਾ ਲਿਆ- ਇਹ ਕਹਾਣੀ ਮੈਨੂੰ ਓਦੋਂ ਤੱਕ ਗੱਪ ਜਾਪਦੀ ਰਹੀ ਜਦ ਤੱਕ ਮੈਨੂੰ ਆਪ ਇਹੋ ਜਿਹਾ ਤਜਰਬਾ ਨਾ ਹੋ ਗਿਆ, ਪਰ ਮੈਂ ਭੌਰ ਨੂੰ ਮੂੰਹ ਵਿਚ ਨਹੀਂ ਸੀ ਪਾਇਆ।*

# ਅਭੁੱਲ ਯਾਦਾਂ ਰੱਖੜੀ ਦੀਆਂ

**ਰੱਖੜੀ ਭੈਣ-ਭਰਾ ਦੇ ਪਿਆਰ ਦੀ ਨਿਸ਼ਾਨੀ ਹੈ। ਰੱਖੜੀ ਦੇ ਤਿਓਹਾਰ ਨੂੰ ਭੈਣਾਂ ਬੜੇ ਚਾਅ ਨਾਲ ਉਡੀਕਦੀਆਂ ਹਨ ਪਰ ਕਈ ਵਾਰ ਕੋਈ ਅਜਿਹੀ ਦੁਖਦਾਈ ਘਟਨਾ ਵਾਪਰ ਜਾਂਦੀ ਹੈ ਕਿ ਰੱਖੜੀ ਵੀ ਇਕ ਦੁਖਦਾਈ ਯਾਦ ਦੀ ਨਿਸ਼ਾਨੀ ਬਣ ਜਾਂਦੀ ਹੈ। ਇਸ ਲੇਖ ਵਿਚ ਲੇਖਿਕਾ ਸੁਕੰਨਿਆ ਭਾਰਦਵਾਜ ਨੇ ਆਪਣੇ ਭਰਾ ਦੇ ਅਚਾਨਕ ਇਸ ਜਹਾਨੋਂ ਚਲੇ ਜਾਣ ਤੋਂ ਬਾਅਦ ਰੱਖੜੀ ਦੇ ਬਦਲ ਗਏ ਅਰਥਾਂ ਦੀ ਗੱਲ ਕੀਤੀ ਹੈ। ਹੁਣ ਜਦੋਂ ਰੱਖੜੀ ਦਾ ਦਿਹਾਰ ਆ ਰਿਹਾ ਹੈ ਤਾਂ ਉਨ੍ਹਾਂ ਨੂੰ ਆਪਣੇ ਵੀਰੇ ਦੀ ਯਾਦ ਇਕ ਅਨੋਖੇ ਦਰਦ ਦਾ ਆਭਾਸ ਕਰਵਾ ਰਹੀ ਹੈ। -ਸੰਪਾਦਕ**

**ਸੁਕੰਨਿਆ ਭਾਰਦਵਾਜ**
ਫੋਨ: 815-307-3112

ਕੋਈ 7 ਕੁ ਮਹੀਨੇ ਹੋ ਗਏ ਨੇ ਘਰੋਂ ਉਥੇ ਗਿਆਂ, ਜਿਥੋਂ ਕਦੇ ਕੋਈ ਮੁੜਿਆ ਨਹੀਂ, 'ਨਾ ਕੋਈ ਚਿੱਠੀ ਨਾ ਕੋਈ ਸੰਦੇਸ਼ ਜਾਨੇ ਵੋ ਕੌਨ ਸਾ ਦੇਸ਼...।' ਯਕੀਨ ਨਹੀਂ ਕਰ ਪਾ ਰਹੀ ਕਿ ਉਹ ਹੁਣ ਰਿਹਾ ਨਹੀਂ। ਇਹ ਸ਼ਬਦ ਹੀ ਇੰਨੇ ਭਾਰੀ ਹਨ ਕਿ ਚਿੱਤ ਇਸ ਦਾ ਬੋਝ ਝੱਲਣ ਤੋਂ ਇਨਕਾਰੀ ਹੈ। ਫਿਰ ਕੀ ਕਹਾਂ ਕਿ ਉਹ ਕਿਥੇ ਹੈ? ਅੱਜ ਰੱਖੜੀ ਹੈ, ਉਹਦੇ ਬਿਨਾ ਰੱਖੜੀ ਦੇ ਕੀ ਅਰਥ!

ਰੱਖੜੀ ਵਾਲੇ ਦਿਨ ਨੂੰ ਇੱਕ ਜਸ਼ਨ ਦੀ ਤਰ੍ਹਾਂ ਮਨਾਉਣਾ ਉਸ ਦੇ ਹੀ ਹਿੱਸੇ ਸੀ। ਉਹ ਪਹਿਲਾਂ ਹੀ ਛੇਤੀ ਪਹੁੰਚਣ ਦੀ ਤਾਕੀਦ ਕਰਦਾ। ਆਪਣੇ ਘਰ-ਪਰਿਵਾਰ ਦੇ ਧੰਦੇ ਨਿਬੇੜਦਿਆਂ ਜੇ ਥੋੜ੍ਹੀ ਦੇਰ ਹੋ ਜਾਂਦੀ ਤਾਂ ਰੋਹਬ ਭਾਣਨਾ ਕਿ ਅੱਜ ਦੇ ਦਿਨ ਵੀ ਤੁਸੀਂ ਟਾਈਮ ਨਹੀਂ ਕੱਢ ਸਕਦੀਆਂ! ਨਿਆਣਿਆਂ ਨਾਲ ਘੜੀਸ ਪਾਠ ਕਰਦੀਆਂ ਜਦੋਂ ਭੈਣਾਂ ਇਕੱਠੀਆਂ ਹੁੰਦੀਆਂ ਤਾਂ ਸਭ ਦਾ ਪਹਿਲਾ ਡਾਇਲਾਗ ਹੁੰਦਾ, 'ਨੀ ਲੇਟ ਹੋ ਗਈਆਂ, ਵੀਰ ਗੁੱਸੇ ਹੋਊ।' ਚਾਚਿਆਂ ਦੀਆਂ ਧੀਆਂ ਵੀ ਰੱਖੜੀ ਬੰਨਣ ਆਉਂਦੀਆਂ। ਕਿਸੇ ਕਾਰਨ ਜੇ ਕੋਈ ਨਾ ਆ ਸਕਦੀ, ਉਸ ਦਾ ਵੀ ਸ਼ਗਨ ਦੇਣਾ ਕਦੇ ਨਾ ਭੁਲਦਾ। 'ਭਾਈਆਂ ਵਾਲੀਆਂ ਦੇ ਨਖਰੇ ਭਾਰੀ...।'

ਪਿਛਲੀ ਵਾਰੀ ਜਦੋਂ ਅਮਰੀਕਾ ਆਈ ਤਾਂ ਉਦੋਂ ਪੇਕਿਆਂ ਦਾ ਕਿੱਡਾ ਵੱਡਾ ਸਹਾਰਾ ਸੀ ਕਿ ਪਤਾ ਨਹੀਂ ਕਿੱਡੀ ਕੁ ਬਾਦਸ਼ਾਹੀ ਪਿਛੇ ਛੱਡ ਆਈ ਹਾਂ। ਜਦੋਂ ਜੀਅ ਕੀਤਾ ਵੀਰੇ (ਸੀ.ਐਮ. ਭਾਰਦਵਾਜ) ਨੂੰ ਫੋਨ ਲਾ ਲਿਆ ਤੇ ਜੋ ਅੰਦਰ ਹੁੰਦਾ, ਉਸ ਨੂੰ ਉਸ ਦੇ ਹਵਾਲੇ ਕਰਕੇ ਆਪ ਹੌਲਾ ਹੋ ਜਾਣਾ। ਪਰ ਇਸ ਵਾਰੀ ਦੀ ਅਮਰੀਕਾ ਫੇਰੀ ਉਹੋ ਜਿਹੀ ਨਹੀਂ। ਇੱਕ ਬੋਝ ਜਿਹਾ ਅੰਦਰੂਨੀ ਜਿਉੜੇ 'ਤੇ ਪਿਆ ਰਹਿੰਦਾ ਹੈ। ਪਤਾ ਨਹੀਂ ਲਗਦਾ ਕਿ ਕੀ ਕੁਝ ਛੁੱਟ ਗਿਆ ਹੈ? ਪਹਿਲਾਂ ਵੀ ਤੇ ਮਾਪਿਆਂ ਦੇ ਤੁਰ ਜਾਣ ਪਿਛੋਂ ਵੀ 'ਮੇਰੇ ਸਾਰੀ ਉਮਰ ਦੇ ਮਾਪੇ' ਵੱਡਾ ਭਰਾ ਹੀ ਸਾਡੇ 4 ਭੈਣ-ਭਰਾਵਾਂ ਦਾ ਮਸੀਹਾ ਸੀ, ਜਿਸ ਤੋਂ ਮਿਲਦਾ ਨਿੱਘ-ਤੇਹ ਮਾਪਿਆਂ ਦੀ ਕਮੀ ਨਾ ਰੜਕਣ ਦਿੰਦਾ। ਮਾਂ ਦੀ ਨਸੀਹਤ, 'ਜ਼ਿੰਦਗੀ ਵਿਚ ਕੁਝ ਵੀ ਹੋਜੇ ਭਰਾਵਾਂ ਦਾ ਸਾਥ ਨਾ ਛੱਡਿਓ' ਦੁਨੀਆਂਦਾਰੀ ਦੇ ਸੈਂਕੜੇ ਉਤਰਾ-ਚੜ੍ਹਾਅ ਦੇ ਬਾਵਜੂਦ ਸਾਨੂੰ ਹਮੇਸ਼ਾ ਜੋੜੀ ਰੱਖਦੀ। ਸਹੁਰੇ ਘਰ ਬੈਠੀਆਂ ਇੱਕ ਅਜਿਹੇ ਭਰਵੇਂ ਅਹਿਸਾਸ ਨਾਲ ਸਰਸ਼ਾਰ ਰਹਿੰਦੀਆਂ ਕਿ ਸਾਡਾ ਵੀ ਕੋਈ ਹੈਗਾ।

ਅੱਜ ਉਸ ਅਹਿਸਾਸ ਦੇ ਮੀਨਾਰ ਦਾ ਕਿੰਗਰਾ ਢਹਿ ਗਿਆ ਹੈ ਜੋ ਇਹ ਚਿੜੀ ਦੇ ਬੱਚੇ ਜਿੰਨਾ ਮਨ ਮੰਨਣ ਲਈ ਤਿਆਰ ਨਹੀਂ। ਵੀਰੇ ਨੇ ਹੀ ਪੜ੍ਹਾਇਆ, ਘਰ-ਪਰਿਵਾਰ ਵਾਲਾ ਬਣਾਇਆ। ਉਹਨੂੰ ਕੋਈ ਤਕਲੀਫ ਦੇਣ ਤੋਂ ਪਹਿਲਾਂ ਦਸ ਵਾਰ ਸੋਚਣਾ। ਇਸ ਰਿਸ਼ਤੇ ਨੂੰ ਨਿਭਣਯੋਗ ਬਣਾਈ



**ਸੀ.ਐਮ. ਭਾਰਦਵਾਜ**

ਰੱਖਣ ਲਈ ਅਸੀਂ ਫੂਕ ਫੂਕ ਪੈਰ ਰੱਖਦੀਆਂ। ਮਾਂ ਜਾਏ ਦੀ ਸੌ ਸੌ ਸੁੱਖ ਮੰਗਦੀਆਂ।

1947 ਦੇ ਹੱਲਿਆਂ ਦੇ ਝੰਬੇ ਮਹਾਂਨਗਰ ਕਰਾਚੀ ਤੋਂ ਖਾਲੀ ਹੱਥ ਉਜੜ ਕੇ ਪਟਿਆਲੇ ਲਾਗਲੇ ਪਿੰਡ ਲਚਕਾਣੀ ਆ ਵਸੇ ਪਰਿਵਾਰ ਨੂੰ ਬਹੁਤ ਸਾਰੀਆਂ ਆਰਥਿਕ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪਿਆ। ਉਜਾੜੇ ਦੇ ਮੁਆਵਜ਼ੇ ਦਾ ਕਲੇਮ ਨਕਾਰ ਦਿੱਤਾ ਕਿ ਅਸੀਂ ਆਪਣੇ ਦੇਸ਼ ਉਤੇ ਬੋਝ ਨਹੀਂ ਬਣਨਾ। ਮਸਾਂ ਤਾਂ ਆਜ਼ਾਦ ਹੋਏ ਹਾਂ। ਬਾਊ ਜੀ ਦਾ ਚਾਰ ਭਰਾਵਾਂ ਦਾ ਵੱਡਾ ਪਰਿਵਾਰ ਹੋਣ ਕਾਰਨ ਉਨ੍ਹਾਂ ਨੂੰ ਦਿੱਲੀ ਰੋਜ਼ੀ-ਰੋਟੀ ਲਈ ਜਾਣਾ ਪਿਆ। ਜਦੋਂ ਮੁੜੇ ਤਾਂ ਬਹੁਤ ਸਾਰੀਆਂ ਬਿਮਾਰੀਆਂ ਦੇ ਸ਼ਿਕਾਰ ਸਨ। ਸਾਨੂੰ ਦੋ ਭੈਣ ਭਰਾਵਾਂ ਨੂੰ ਨਾਨੀ ਨਾਨਕੇ ਘਰ ਲੈ ਗਈ, ਉਥੇ ਪੜ੍ਹੇ। ਪਰ ਸਾਨੂੰ ਸਾਈਕਲ 'ਤੇ ਨਾਨਕੇ ਬ੍ਰਾਹਮਣ ਮਾਜਰਾ (ਨੇੜੇ ਘੱਗਾ) ਗਰਮੀਆਂ ਦੀਆਂ ਛੁੱਟੀਆਂ ਵਿਚ ਛੱਡ ਤੇ ਲੈ ਕੇ ਆਉਣ ਦੀ ਜ਼ਿੰਮੇਵਾਰੀ ਉਹਦੀ ਹੁੰਦੀ। ਅਸੀਂ ਉਡੀਕਦੇ ਕਿ ਕਦੋਂ ਵੀਰ ਆਵੇਗਾ, ਅਸੀਂ ਆਪਣੇ ਦੂਸਰੇ ਭੈਣ ਭਰਾਵਾਂ ਨੂੰ ਮਿਲਾਂਗੇ। ਨਾਨਕਿਆਂ ਵਿਚ ਵੀ ਵੱਡਾ ਹੋਣ ਕਾਰਨ ਸਾਰੇ ਉਸ ਨੂੰ ਮੀਂਹ ਵਾਂਗ ਉਡੀਕਦੇ।

ਅੱਧੀ ਅੱਧੀ ਰਾਤ ਤਕ ਮਾਮਿਆਂ ਦੇ ਜੁਆਕ ਉਸ ਦੇ ਆਲੇ ਦੁਆਲੇ ਜੁੜੇ ਰਹਿੰਦੇ ਤੇ ਆਈਆਂ ਦੁੱਧ ਦੀਆਂ ਗੜਵੀਆਂ ਮੁਕਾਇਆਂ ਨਾ ਮੁਕਦੀਆਂ। ਉਹ ਆਪਣੇ ਸਕੂਲ-ਕਾਲਜ ਦੀਆਂ ਗੱਲਾਂ ਸੁਣਾਉਂਦਾ ਰਹਿੰਦਾ। ਉਸ ਨੂੰ ਮਿਲਦੇ ਮਾਣ ਸਤਿਕਾਰ ਨਾਲ ਜਿਵੇਂ ਅਸੀਂ ਵੀ ਦੂਣ ਸਵਾਏ ਹੋ ਜਾਂਦੇ। ਵੱਡਾ ਮਾਮਾ ਉਸ ਨੂੰ ਕਈ ਕਈ ਦਿਨ ਵਾਪਸ ਨਾ ਆਉਣ ਦਿੰਦਾ। ਵਾਪਸੀ 'ਤੇ ਸਵੇਰੇ ਸਾਜਰੇ ਹੀ ਸਾਈਕਲ ਦੁਆਲੇ ਦੋਵੇਂ ਪਾਸੇ ਝੋਲੇ ਬੰਨ੍ਹ ਕੇ ਡੰਡੇ 'ਤੇ ਛੋਟੇ ਭਰਾ ਨੂੰ ਅਤੇ ਪਿਛੇ ਕੈਰੀਅਰ 'ਤੇ ਮੈਨੂੰ ਬਿਠਾ ਸਾਮਣੇ ਤੋਂ ਭਾਖੜਾ ਨਹਿਰ ਦੇ ਨਾਲ ਨਾਲ ਉਹ ਪ੍ਰਛਾਵੇਂ ਢਲਦਿਆਂ ਨੂੰ ਸਾਨੂੰ ਪਿੰਡ ਲਿਆ ਵਾੜਦਾ।

ਪਿੰਡ ਦੀ ਕਬੱਡੀ, ਵਾਲੀਬਾਲ ਤੇ ਖਾਲਸਾ ਕਾਲਜ ਦੀ ਟੀਮ ਦਾ ਉਹ ਕੈਪਟਨ ਸੀ। ਤਕੜਾ ਇੰਨਾ ਕਿ ਉਸ ਦੀ ਰੇਡ ਨੂੰ ਕੋਈ ਨਾ ਰੋਕ ਸਕਦਾ। ਰੋਹਬ ਦਾਬ ਵੀ ਉਸੇ ਤਰ੍ਹਾਂ। ਜਦੋਂ ਗੱਲ ਕਰਦਾ ਤਾਂ ਲੋਕ ਖੜ੍ਹ ਕੇ ਸੁਣਦੇ। ਉਹ ਪੈਦਾਇਸ਼ੀ ਬਾਦਸ਼ਾਹ ਸੀ, ਮਾੜਾ-ਧੀੜਾ ਤਾਂ ਮੂਹਰੇ ਨਾ ਖੜ੍ਹਦਾ। ਵਧੀਆ ਸਾਫ ਸੁਥਰਾ ਪਹਿਰਾਵਾ, ਪਟਿਆਲਾਸ਼ਾਹੀ ਪੱਗ ਤੇ ਚੰਗੀ ਤਰ੍ਹਾਂ ਸੰਵਾਰੀ ਦਾਹੜੀ ਉਸ ਦੀ ਬਹੁਪੱਖੀ ਸ਼ਖਸੀਅਤ ਨੂੰ ਹੋਰ ਨਿਖਾਰਦੇ। ਅਜਿਹੀ ਰੱਬੀ ਰੂਹ ਵਾਲੀ ਸ਼ਖਸੀਅਤ ਜੋ ਹਰ ਤਰ੍ਹਾਂ ਖਾਸ ਸੀ, ਉਹ ਸਾਡੇ ਚਾਰ ਭੈਣ ਭਰਾਵਾਂ ਦੇ ਮੁੱਲ ਦਾ ਸੀ। ਲਗਦਾ ਹੈ ਕਿ ਉਹਦੇ ਵਰਗਾ ਹੋਰ ਕੋਈ ਨਹੀਂ।

ਪਿੰਡ ਵੜਨ ਵੇਲੇ ਤੋਂ ਪਹਿਲਾਂ ਹੀ ਗਲੀ ਦੇ ਰੇਡੀਓ, ਟੇਪ ਰਿਕਾਰਡਰ ਬੰਦ ਹੋ ਜਾਂਦੇ। ਪਿੰਡ ਵਾਲੇ ਤਾਂ ਉਸ ਨੂੰ ਪਿੰਡ ਦੀ ਵਾਗਡੋਰ ਸੰਭਾਲਣਾ ਚਾਹੁੰਦੇ ਸਨ। ਲਿੱਸੀ ਜਿਹੀ ਗੱਲ ਨਾ ਕਰਨੀ, ਨਾ ਸੁਣਨੀ। 7 ਕੁ ਸਾਲ ਪਹਿਲਾਂ ਉਸ ਨੂੰ ਗਲੇ ਦੀ ਤਕਲੀਫ ਹੋ ਗਈ ਜਿਸ ਨੂੰ ਡਾਕਟਰਾਂ ਨਾ ਮੁਰਾਦ ਬਿਮਾਰੀ ਕੈਂਸਰ ਦਾ ਨਾਂ ਦੇ ਦਿਤਾ। ਭਾਵੇਂ ਪਿਛੋਂ ਦਿੱਲੀ ਮੈਕਸ ਹਸਪਤਾਲ ਦੇ ਡਾਕਟਰਾਂ ਨੇ ਕਹਿ ਦਿੱਤਾ ਕਿ ਇਹ ਤਕਲੀਫ ਤਾਂ ਹੈ ਹੀ ਨਹੀਂ ਸੀ,



**ਖੁਦ ਲੇਖਿਕਾ (ਐਨ ਸੱਜੇ) ਭੈਣ ਤੇ ਭਰਾਵਾਂ ਨਾਲ**

ਗਲਤ ਇਲਾਜ ਹੋਇਆ ਹੈ। ਡਾਕਟਰਾਂ ਦੇ ਪੂਰੇ ਪੈਨਲ ਦੇ ਸੰਪਰਕ ਵਿਚ ਹੋਣ ਦੇ ਬਾਵਜੂਦ ਕਿਸੇ ਨੇ ਨਾ ਦੱਸਿਆ ਕਿ ਉਸ ਨੂੰ ਦਿਲ ਦੀ ਕੋਈ ਤਕਲੀਫ ਹੈ ਪਰ ਪੂਰਾ ਹੋਣ 'ਤੇ ਸਾਰਿਆਂ ਨੇ ਹੀ ਕਿਹਾ ਕਿ ਸਾਈਲੈਂਟ ਅਟੈਕ ਹੈ। ਮਾਂਵਾਂ ਦੀ ਅੰਦਰ, ਭੈਣਾਂ ਦੀ ਰੱਖੜੀ, ਬੱਚਿਆਂ ਤੋਂ ਮਾਪਿਆਂ ਦਾ ਸਾਇਆ, ਜੀਵਨ ਸਾਥੀਆਂ ਨੂੰ ਅੱਧ ਵਿਚਾਲੇ ਡੋਬਣ ਦਾ ਕਾਰਜ ਕਦੋਂ ਤਕ ਇਹ ਲੁਕਵੇਂ ਦੁਸ਼ਮਣ ਗਲਤ ਡਾਕਟਰੀ ਇਲਾਜ ਕਰਦੇ ਰਹਿਣਗੇ। ਪੰਜਾਬ ਨੂੰ ਭ੍ਰਿਸ਼ਟਾਚਾਰ, ਨਸ਼ੇ ਤੇ ਡਾਕਟਰੀ ਕਿੱਤੇ ਦਾ ਲਾਲਚ ਮਹਿੰਗੀ ਗਲਤ ਪ੍ਰੈਕਟਿਸ ਨੇ ਡੋਬ ਕੇ ਰੱਖ ਦਿੱਤਾ ਹੈ। ਕੋਈ ਸੁਣਵਾਈ ਨਹੀਂ। ਘਰਾਂ ਦੇ ਘਰ ਉਜੜ ਚੁਕੇ ਹਨ ਅਜਿਹੇ ਵਰਤਾਰਿਆਂ ਨਾਲ।

ਲੋਕ ਇੰਨੇ ਬਦਹਵਾਸ ਹਨ ਕਿ ਕੋਈ ਉਫ ਤਕ ਨਹੀਂ ਕਰ ਰਿਹਾ। ਸਾਡੇ ਵਾਂਗ ਅੱਜ ਅਨੇਕਾਂ ਭੈਣਾਂ ਖੁੰਜਿਆਂ ਵਿਚ ਵੜ ਵੜ ਰੋਂਦੀਆਂ ਹਨ। ਬਹੁਤ ਵੱਡੇ ਜਿਗਰੇ ਵਾਲੇ ਵੀਰ ਨੇ ਇਸ ਮਨਹੂਸ ਬਿਮਾਰੀ ਦੀ ਭਿਣਕ ਨਾ ਸਾਨੂੰ ਤੇ ਨਾ ਹੀ ਐਫ.ਸੀ.ਆਈ. ਪਰਿਵਾਰ ਨੂੰ ਲੱਗਣ ਦਿੱਤੀ। ਅੰਦਰੋਂ ਓਨਾ ਹੀ ਨਰਮ ਜਿਵੇਂ ਕਿਸੇ ਬੱਚੇ ਦਾ ਮਨ ਹੁੰਦਾ ਹੈ। ਛੇ ਕੁ ਸਾਲ ਪਹਿਲਾਂ ਜੀਵਨ ਸਾਥਣ ਅਚਾਨਕ ਸਾਥ ਛੱਡ ਗਈ। ਕੀ ਮਜਾਲ ਕਿ ਕਿਸੇ ਨੂੰ ਦਿਲ ਛੋਟਾ ਕਰਕੇ ਦਿਖਾਇਆ ਹੋਵੇ। ਪਰ ਅੰਦਰੋਂ ਅੰਦਰੀ ਖਤਮ ਹੋ ਗਿਆ ਸੀ। ਐਫ.ਸੀ.ਆਈ. ਦੀ ਨੌਕਰੀ ਨੂੰ ਉਸ ਨੇ ਇਬਾਦਤ ਦੀ ਤਰ੍ਹਾਂ ਅਖੀਰਲੇ ਦਮ ਤਕ ਨਿਭਾਇਆ। ਮੁਲਾਜ਼ਮਾਂ ਦੇ ਹੱਕਾਂ ਲਈ ਜੂਝਿਆ। ਡਿਸਮਿਸ ਮੁਲਾਜ਼ਮਾਂ ਨੂੰ ਬਹਾਲ ਕਰਵਾਇਆ। ਇਸ ਸੰਸਾਰ ਨੂੰ ਅਲਵਿਦਾ ਕਹਿਣ ਤੋਂ ਦੋ ਦਿਨ ਪਹਿਲਾਂ ਵੀ ਸਟਾਫ ਯੂਨੀਅਨ ਵਲੋਂ ਸ਼ੈਲਰ ਵਾਲਿਆਂ ਖਿਲਾਫ ਦਿੱਤੇ ਧਰਨੇ ਨੂੰ ਸੰਬੋਧਨ ਕੀਤਾ। ਅਤਿਵਾਦ ਸਮੇਂ ਦੋਵੇਂ ਭਾਈਚਾਰਿਆਂ ਵਿਚ ਸ਼ਾਂਤੀ ਸਦਭਾਵਨਾ ਲਈ ਕੰਮ ਕੀਤਾ। ਪਟਿਆਲੇ ਦੇ ਥਾਪਰ ਕਾਲਜ 'ਤੇ ਹੋਏ ਹਮਲੇ ਸਮੇਂ ਮੂਹਰਲੀਆਂ ਸਫਾਂ ਵਿਚ ਕੰਮ ਕੀਤਾ। ਮੌਜੂਦਾ ਮੰਤਰੀ ਬ੍ਰਹਮ ਮਹਿੰਦਰਾ, ਸਾਬਕਾ ਮੰਤਰੀ ਤੇ ਲੋਕ ਸਭਾ ਮੈਂਬਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਸਾਬਕਾ ਮੰਤਰੀ ਹਰਮੇਲ ਸਿੰਘ ਟੌਹੜਾ, ਸਵਰਗੀ ਰਘਵੀਰ ਸਿੰਘ ਕੌਮੀ ਜਨਰਲ ਸਕੱਤਰ, ਆਲ ਇੰਡੀਆ ਐਫ. ਸੀ. ਆਈ. ਸਟਾਫ ਯੂਨੀਅਨ ਦਾ ਉਹ ਨੇੜਲਾ ਸਾਥੀ ਸੀ। ਸ਼ਾਲਾ ਦੁਨੀਆਂ ਵਸਦੀ ਰਹੇ, ਪਰ ਵੇਲੇ ਤੋਂ ਪਹਿਲਾਂ ਕਿਸੇ ਭੈਣ ਭਰਾ ਦਾ ਵਿਛੋੜਾ ਨਾ ਪਵੇ।

# ਜੰਮੂ ਜੀ, ਤੁਸੀਂ ਬੜੇ ਰਾਅ!

(ਪਿਛਲੇ ਸਫੇ ਦੀ ਬਾਕੀ)

ਮਗਰ ਨੇ ਲੱਖ ਸਮਝਾਇਆ ਕਿ ਬਾਂਦਰ ਉਸ ਦਾ ਦੋਸਤ ਹੈ, ਪਰ ਉਸ ਨੇ ਉਸ ਦੀ ਇਕ ਨਾ ਸੁਣੀ। ਦਸ਼ਰਥ ਵਾਂਗ ਔਰਤ ਦਾ ਕਹਿਣਾ ਮੰਨਣਾ ਪਿਆ। ਜਦ ਬੰਦੇ ਔਰਤਾਂ ਪਿਛੇ ਦੋਸਤਾਂ, ਭਰਾਵਾਂ, ਪਿਤਾ, ਪੁੱਤਰਾਂ ਨੂੰ ਭੁੱਲ ਜਾਂਦੇ ਹਨ, ਤਾਂ ਉਹ ਵਿਚਾਰਾ ਤਾਂ ਜਲ-ਜੀਵ ਸੀ! ਆਖਰ ਨਾਰ ਦਾ ਭੜਕਾਇਆ ਕੰਢੇ 'ਤੇ ਪਹੁੰਚਿਆ ਤੇ ਆਖਣ ਲੱਗਾ, "ਭਰਾਵਾ! ਤੇਰੀ ਭਰਜਾਈ ਬੜੀ ਖੁਸ਼ ਹੋਈ ਹੈ। ਉਸ ਆਖਿਆ ਹੈ, ਮੇਰੇ ਦਿਉਰ ਨੂੰ ਆਪਣੇ ਘਰ ਲਿਆਓ। ਸੋ, ਚੱਲ ਤੈਨੂੰ ਉਸ ਪਾਰ ਆਪਣੇ ਘਰ ਲੈ ਚੱਲਾਂ।"

ਬਾਂਦਰ ਨੇ ਮੰਨ ਲਿਆ ਤੇ ਛਾਲ ਮਾਰ ਕੇ ਉਸ ਦੀ ਪਿੱਠ 'ਤੇ ਚੜ੍ਹ ਬੈਠਾ। ਮਗਰਮੱਛ ਦਿਲ ਦਾ ਭੈੜਾ ਨਹੀਂ ਸੀ, ਕੇਵਲ ਨਾਰ ਦਾ ਪੜ੍ਹਾਇਆ ਹੋਇਆ ਸੀ। ਅੱਧ ਵਿਚਕਾਰ ਜਾ ਕੇ ਸੋਚਿਆ, ਹੁਣ ਬਾਂਦਰ ਬਾਹਰ ਤੇ ਜਾ ਨਹੀਂ ਸਕਦਾ, ਸੋ ਇਸ ਨੂੰ ਅਸਲੀਅਤ ਤੋਂ ਜਾਣੂੰ ਕਰਾ ਛੱਡਾਂ! ਕਹਿਣ ਲੱਗਾ, "ਬਈ, ਮੈਂ ਤੇ ਤੇਰਾ ਦਿਲ ਆਪਣੀ ਪਤਨੀ ਨੂੰ ਖੁਆਣ ਵਾਸਤੇ ਲੈ ਚਲਿਆ ਹਾਂ।" ਹਾਜ਼ਰ ਜਵਾਬ ਸਿਆਣੇ ਬਾਂਦਰ ਨੇ ਆਖਿਆ, "ਤੇ ਤੂੰ ਮੈਨੂੰ ਪਹਿਲੋਂ ਕਿਉਂ ਨਾ ਦੱਸਿਆ?" ਮਗਰ ਨੇ ਹੈਰਾਨ ਹੋ ਕੇ ਪੁੱਛਿਆ, "ਤੇ ਹੁਣ ਕੀ ਹੋ ਗਿਆ ਹੈ?" ਬਾਂਦਰ ਆਖਣ ਲੱਗਾ, "ਤੈਨੂੰ ਪਤਾ ਨਹੀਂ ਕਿ ਜਦੋਂ ਮੈਂ ਪਾਣੀ ਵਿਚ ਆਉਂਦਾ ਹਾਂ, ਦਿਲ ਦਰੱਖਤ 'ਤੇ ਕੱਢ ਕੇ ਰੱਖ ਆਉਂਦਾ ਹਾਂ। ਜੇ ਤੂੰ ਮੁੜੇਂ ਤਾਂ ਭਰਜਾਈ ਵਾਸਤੇ ਦਿਲ ਲੈ ਹੀ ਆਈਏ।" ਮਗਰ ਵਿਚਾਰਾ ਮੁੜ ਪਿਆ। ਕੰਢੇ 'ਤੇ ਪਹੁੰਚਣ ਤੋਂ ਪਹਿਲੋਂ ਹੀ ਬਾਂਦਰ ਟਪੂਸੀ ਮਾਰ ਕੇ ਟਾਹਣੀ 'ਤੇ ਜਾ ਬੈਠਾ। ਮਗਰ ਉਸ ਨੂੰ ਸੱਦਦਾ ਰਿਹਾ, ਪਰ ਬਾਂਦਰ ਨੇ ਕਿਹਾ, "ਮੂਰਖਾ! ਕਦੇ ਦਿਲ ਵੀ ਦਰੱਖਤਾਂ 'ਤੇ ਟੰਗੇ ਗਏ ਨੇ?" ਭਲਾ ਦੱਸੋ ਖਾਂ, ਇੰਨੀ ਸਿਆਣਪ ਲਗਾਤਾਰ ਜੰਮੂ ਖਾਣ ਵਾਲੇ ਤੋਂ ਬਗੈਰ ਹੋਰ ਕਿਸੇ ਦੀ ਹੋ ਸਕਦੀ ਹੈ?

ਕਹਿੰਦੇ ਹਨ, ਵੇਦ ਆਰੀਆਂ ਨੇ ਹਿੰਦ ਵਿਚ ਆ ਕੇ ਲਿਖੇ। ਉਸ ਦਾ ਵੀ ਕਾਰਨ ਹੈ। ਹਿੰਦ ਦਾ ਨਾਂ ਜੰਬੂ-ਦੀਪ ਵੀ ਰਿਹਾ ਹੈ। ਜੰਮੂ ਹਿੰਦੁਸਤਾਨ ਤੋਂ ਬਿਨਾ ਹੋਰ ਕਿਤੇ ਹੁੰਦੀ ਵੀ ਨਹੀਂ। ਸੋ, ਆਰੀਆਂ ਨੇ ਹਿੰਦ ਵਿਚ ਆ ਕੇ ਜੰਮੂ ਖਾ ਕੇ ਹੀ ਵੇਦ ਉਚਾਰਨ ਵਾਲੀ ਦਿਬ-ਦ੍ਰਿਸ਼ਟੀ ਤੇ ਮਧੁਰ ਸੁਰ ਪ੍ਰਾਪਤ ਕੀਤੀ ਹੋਣੀ ਹੈ।

ਮੇਰੇ ਵਾਂਗ ਤੁਹਾਡੇ ਦਿਲ ਵਿਚ ਵੀ ਖਿਆਲ ਉਠ ਸਕਦਾ ਹੈ ਕਿ ਜੰਮੂ ਨਾਲ 'ਰਾਅ' ਕਿਉਂ ਲਾਉਂਦੇ ਹਨ। ਮੇਰਾ ਖਿਆਲ ਹੈ ਕਿ ਜੰਮੂਆਂ ਨੂੰ ਖਿਤਾਬ ਮਿਲਿਆ ਹੋਇਆ ਹੈ। ਫਲਾਂ ਵਿਚ ਇਹ ਰਾਏ ਸਾਹਿਬ ਜਾਂ ਰਾਏ ਬਹਾਦਰਾਂ ਦਾ ਰੁਤਬਾ ਰਖਦੇ ਹਨ। ਤੋਤਿਆਂ ਦੀਆਂ ਵੀ ਦੋ ਕਿਸਮਾਂ ਹਨ, ਰਾਅ ਅਤੇ ਟੂਣੇ। ਰਾਅ ਆਦਮੀਆਂ ਦੀ ਬੋਲੀ ਦੀ ਨਕਲ ਕਰ ਸਕਦੇ ਹਨ ਤੇ ਟੂਣੇ ਨਹੀਂ ਕਰ ਸਕਦੇ। ਖਬਰੇ ਰਾਅ ਤੋਤੇ, ਰਾਅ ਜਾਮਣੂ ਖਾ ਕੇ ਹੀ ਆਦਮੀ ਦੀ ਨਕਲ ਕਰਨ ਸਿੱਖੇ ਹੋਣ। ਤੋਤਿਆਂ ਤੋਂ ਲੈ ਕੇ ਮੇਰੇ ਇਕ ਦੋਸਤ ਨੇ ਕੱਚੇ ਜੰਮੂਆਂ ਦਾ ਨਾਂ ਟੂਣੇ ਰੱਖ ਦਿੱਤਾ ਸੀ।

ਅਕਾਲੀਏ - ਰੱਬ ਉਸ ਦਾ ਸੁਰਗਾਂ ਵਿਚ ਵਾਸਾ ਕਰੇ - ਨਾਲ ਅਸੀਂ ਇਕ ਵਾਰ ਮਤਵਾਲੇ ਦੀ ਬਗੀਚੀ ਗਏ। ਹਰਦਿੱਤ ਦਾ ਨਾਂ ਅਕਾਲੀਆ ਇਸ ਵਾਸਤੇ ਪਿਆ ਸੀ ਕਿ ਗੁਰਦੁਆਰਾ ਸੁਧਾਰ ਲਹਿਰ ਵਿਚ ਉਹ ਮੁੰਡਪੁਣੇ ਵਿਚ ਕੈਦ ਕੱਟ ਆਇਆ ਸੀ। ਸ਼ਰਾਰਤੀ ਉਹ ਬੜਾ ਸੀ। ਜਾਣਦਾ ਬੁਝਦਾ ਕਿ ਬਗੀਚੀ ਦਾ ਮਹੰਤ ਕੁਟੀਆ ਵਿਚ ਹੀ ਹੈ, ਉਹ ਇਕ ਜਾਮਣ ਦੇ ਦਰੱਖਤ 'ਤੇ ਜਾ ਚੜ੍ਹਿਆ। ਪੱਕਾ ਜੰਮੂ ਤੋੜ ਕੇ ਮੂੰਹ ਵਿਚ ਪਾ ਲੈਂਦਾ ਤੇ ਇਕ ਨਾਹਰਾ ਲਾਉਂਦਾ, 'ਜੰਮੂ ਜੀ, ਤੁਸੀਂ ਬੜੇ ਰਾਅ!' ਤੇ ਸਾਡੇ ਵੱਲ ਕੱਚੇ ਜੰਮੂ ਸੁੱਟੀ ਜਾਂਦਾ। ਨਾਹਰਾ ਸੁਣ ਕੇ ਮਹੰਤ ਆ ਗਿਆ ਤੇ ਅਕਾਲੀਏ ਨੂੰ ਕਿਹਾ, "ਥੱਲੇ ਉਤਰ ਆ।" ਅਸੀਂ ਕਿਹਾ, "ਮਹੰਤ ਜੀ, ਛੱਡੋ ਪਰੇ ਚਾਰ ਜੰਮੂ ਖਾ ਲੈਣ ਦਿਓ।" ਮਹੰਤ ਕੜਕਿਆ, "ਖਾ ਲੈਣ ਦਿਓ! ਤੁਹਾਡੇ ਪਿਓ ਦੇ ਨੇ?" ਅਕਾਲੀਆ ਆਖਣ ਲੱਗਾ, "ਮਹੰਤ ਜੀ, ਤੁਸੀਂ ਕਿਹੜੇ ਬਗੀਚੇ ਤੇ ਬੂਟਿਆਂ 'ਤੇ ਪੈਸੇ ਖਰਚੇ ਹੋਏ ਨੇ।"

ਇਹ ਸੱਚੀ ਗੱਲ ਸੁਣ ਕੇ ਮਹੰਤ ਲੋਹਾ ਲਾਖਾ ਹੋ ਗਿਆ, "ਹੋਰ ਤੇਰੇ ਪਿਓ ਨੇ ਖਰਚੇ ਨੇ? ਤੇਰੇ ਪਿਓ ਦਾ ਬੂਟਾ ਹੈ?"

ਅਕਾਲੀਆ ਆਕੜ ਕੇ ਕਹਿਣ ਲੱਗਾ, "ਆਹੋ ਮੇਰੇ ਪਿਓ ਦਾ ਬੂਟਾ ਹੈ।"

"ਕਿਹੜੇ ਪਿਓ ਦਾ ਓਏ?" ਮਹੰਤ ਨੇ ਅੱਖਾਂ ਸੁਰਖ ਕਰ ਕੇ ਕਿਹਾ।

"ਓਹੋ ਜਿਹੜਾ ਤੇਰਾ ਪਿਓ ਹੈ।"

**ਮੇਰੇ ਵਾਂਗ ਤੁਹਾਡੇ ਦਿਲ ਵਿਚ ਵੀ ਖਿਆਲ ਉਠ ਸਕਦਾ ਹੈ ਕਿ ਜੰਮੂ ਨਾਲ 'ਰਾਅ' ਕਿਉਂ ਲਾਉਂਦੇ ਹਨ। ਮੇਰਾ ਖਿਆਲ ਹੈ ਕਿ ਜੰਮੂਆਂ ਨੂੰ ਖਿਤਾਬ ਮਿਲਿਆ ਹੋਇਆ ਹੈ। ਫਲਾਂ ਵਿਚ ਇਹ ਰਾਏ ਸਾਹਿਬ ਜਾਂ ਰਾਏ ਬਹਾਦਰਾਂ ਦਾ ਰੁਤਬਾ ਰਖਦੇ ਹਨ। ਤੋਤਿਆਂ ਦੀਆਂ ਵੀ ਦੋ ਕਿਸਮਾਂ ਹਨ, ਰਾਅ ਅਤੇ ਟੂਣੇ। ਰਾਅ ਆਦਮੀਆਂ ਦੀ ਬੋਲੀ ਦੀ ਨਕਲ ਕਰ ਸਕਦੇ ਹਨ ਤੇ ਟੂਣੇ ਨਹੀਂ ਕਰ ਸਕਦੇ। ਖਬਰੇ ਰਾਅ ਤੋਤੇ, ਰਾਅ ਜਾਮਣੂ ਖਾ ਕੇ ਹੀ ਆਦਮੀ ਦੀ ਨਕਲ ਕਰਨ ਸਿੱਖੇ ਹੋਣ। ਤੋਤਿਆਂ ਤੋਂ ਲੈ ਕੇ ਮੇਰੇ ਇਕ ਦੋਸਤ ਨੇ ਕੱਚਿਆਂ ਜੰਮੂਆਂ ਦਾ ਨਾਂ ਟੂਣੇ ਰੱਖ ਦਿੱਤਾ ਸੀ।**

ਮਹੰਤ ਨੇ ਇਸ ਨੂੰ ਕੋਈ ਗਾਲ੍ਹ ਸਮਝਿਆ, ਪਰ ਅਕਾਲੀਏ ਨੇ ਸਮਝਾਇਆ ਕਿ ਕੀ ਰੱਬ ਸਾਡਾ ਸਾਰਿਆਂ ਦਾ ਸਾਂਝਾ ਬਾਪੂ ਨਹੀਂ। ਮਹੰਤ ਕਹਿਣ ਲੱਗਾ, "ਹੁਣ ਗੱਲ ਬਦਲਾਉਂਦਾ ਐਂ? ਨਿਕਲਿਓ ਓਏ ਬਾਲਕਿਓ!" ਝੱਟ ਭੂੰ-ਭੂੰ ਕਰਦੇ ਭੂੰਡਾਂ ਧਮੋੜੀਆਂ ਵਾਂਗ ਸੱਤ ਅੱਠ ਡੱਟੇ ਨਿਕਲ ਆਏ। ਪਲ ਭਰ ਵਿਚ ਹੀ ਅਸੀਂ ਉਨ੍ਹਾਂ ਦੀ ਗਿਣਤੀ ਤੇ ਬਲ ਨੂੰ ਜਾਚਿਆ। ਅਕਾਲੀਏ ਨੇ ਅੱਖ ਦਾ ਇਕ ਇਸ਼ਾਰਾ ਕੀਤਾ ਕਿ ਅਸੀਂ ਉਠ ਨੱਸੀਏ। ਬੇਅੰਤ ਨੇ ਆਵਾਜ਼ ਕੱਸਿਆ, 'ਆ ਜਾਓ ਮੇਰੇ ਵੱਲ' ਤੇ ਪੱਟਾਂ 'ਤੇ ਹੱਥ ਮਾਰੇ। ਉਹ ਸਾਰੇ ਉਸ ਵੱਲ ਨੱਸੇ। ਉਹ ਗੌਰਮਿੰਟ ਸਕੂਲ ਦਾ ਸਭ ਤੋਂ ਤੇਜ਼ ਹਾਕੀ ਦਾ ਖਿਲਾੜੀ ਸੀ। ਉਸ ਵੱਡਾ ਹਮਲਾ ਆਪਣੇ 'ਤੇ ਖਿੱਚ ਲਿਆ ਤੇ ਉਨ੍ਹਾਂ ਨੂੰ ਮਗਰ ਲਾ ਕੇ ਸੜਕ ਵੱਲ ਉਠ ਨੱਸਾ। ਅਸੀਂ ਪੈਲੀਆਂ ਦੀ ਵੱਟੇ ਪੈ ਕੇ ਉਚੇ ਗਾਚੇ ਦੀਆਂ ਕਿਆਰੀਆਂ ਵਿਚ ਜਾ ਲੁਕੇ। ਅਕਾਲੀਆ ਨਾਹਰੇ ਲਾ ਰਿਹਾ ਸੀ: 'ਜੰਮੂ ਜੀ, ਤੁਸੀਂ ਬੜੇ ਰਾਅ!' ਅਸੀਂ ਉਸ ਨੂੰ ਚੁਪ ਕਰਾਉਣ ਦਾ ਜਤਨ ਕੀਤਾ, ਪਰ ਉਹ ਕਹਿਣ ਲੱਗਾ, "ਤੁਸੀਂ ਮੇਰੀ ਚਾਲ ਨਹੀਂ ਜਾਣਦੇ। ਅੱਜ ਇਕ ਵਿਰਲਣ ਮੁਸ਼ਟੰਡੇ ਨੂੰ ਜ਼ਰੂਰ ਸਜ਼ਾ ਦੇਵਾਂਗਾ, ਤੁਸੀਂ ਮੇਰੇ ਨਾਲ ਰਹਿਣਾ।" ਅਤੇ ਫੇਰ ਨਾਹਰੇ ਲਾਉਣੇ ਸ਼ੁਰੂ ਕਰ ਦਿੱਤੇ। ਨਾਹਰੇ ਸੁਣ ਕੇ 'ਕੱਲਾ ਸਾਧ ਸਾਨੂੰ ਲੱਭਣ ਲਈ ਮੱਕਈ 'ਚ ਆ ਵੜਿਆ। ਅਕਾਲੀਏ ਨੇ ਫੜ ਕੇ ਲੰਮਾ ਪਾ ਲਿਆ। ਉਸ ਦੇ ਪਰਨੇ ਨਾਲ ਉਸ ਦਾ ਮੂੰਹ ਰਲ ਮਿਲ ਕੇ ਬੰਨ੍ਹਿਆ ਗਿਆ, ਹੱਥ ਪੈਰ ਬੰਨ੍ਹਣ ਲਈ ਅਮਰੇ ਦੀ ਪਾਟੀ ਪੱਗ ਸ਼ਹੀਦ ਕੀਤੀ ਗਈ ਤੇ ਚੰਗਾ ਚਾਹ ਪਾਣੀ ਛਕਾ ਕੇ ਉਸ ਨੂੰ ਪੈਲੀ ਦੇ ਵਿਚਕਾਰੇ ਸੁੱਟ ਕੇ ਅਸੀਂ ਬਾਹਰ ਨਿਕਲ ਆਏ। ਬੇਅੰਤ ਕਿਥੇ ਭਾਹੀ ਦਿੰਦਾ ਸੀ। ਉਹ ਸਾਥੋਂ ਪਹਿਲੋਂ ਸ਼ਹਿਰ ਆ ਵੜਿਆ।

ਹੁਣ ਵੀ ਜਦ ਕਦੀ ਕੋਈ ਹੋਕਾ ਦਿੰਦਾ ਹੈ 'ਜੰਮੂ ਰਾਅ' ਤਾਂ ਨਾਲ ਹੀ ਯਾਦ ਆ ਜਾਂਦਾ ਹੈ, 'ਜੰਮੂ ਜੀ, ਤੁਸੀਂ ਬੜੇ ਰਾਅ' ਤੇ ਸਾਹਮਣੇ ਖੜ੍ਹੀ ਹੋ ਜਾਂਦੀ ਹੈ, ਸਵਰਗਵਾਸੀ ਅਕਾਲੀਏ ਦੀ ਸੂਰਤ, ਜੋ ਮੇਰੇ ਵਾਂਗ ਜੰਮੂਆਂ ਦਾ ਸ਼ੁਕੀਨ ਸੀ, ਜੋ ਸੱਚ 'ਤੇ ਅੜ ਜਾਂਦਾ ਸੀ, ਸਮੇਂ ਨੂੰ ਪਛਾਣਦਾ ਸੀ, ਨਾਮ-ਧਰੀਕ ਵਿਹਲੜ ਸਾਧੂਆਂ ਨੂੰ ਰਾਹੇ ਪਾਉਂਦਾ ਸੀ ਤੇ ਆਜ਼ਾਦੀ ਦਾ ਪੁਜਾਰੀ ਸੀ। ਹੁਣ ਸਾਥੀ ਵਿਛੋੜ ਬੈਠਾ ਹਾਂ, ਮਿੱਤਰ ਗੁਆ ਬੈਠਾ ਹਾਂ। ਜੀਉਂ ਰਿਹਾ ਹਾਂ 'ਜੰਮੂ ਪਾਰਟੀ' ਦੇ ਰਹਿ ਗਏ ਦੂਰ ਦੂਰ ਬੈਠੇ ਦੋਸਤਾਂ ਦੇ ਪਿਆਰ 'ਤੇ। ਜੀਅ ਕਰਦਾ ਹੈ ਕਿ ਕਦੇ ਬਰਸਾਤ ਵਿਚ ਸਾਰਿਆਂ ਨੂੰ ਸੱਦ ਕੇ ਜੰਮੂਆਂ ਦਾ ਨਿਉਂਦਾ ਦਿਆਂ, ਪਰ ਖਰੀਦ ਕੇ ਖਾਧੇ ਜੰਮੂਆਂ ਦਾ ਖਬਰੇ ਸੁਆਦ ਆਵੇ ਕਿ ਨਾ ਆਵੇ। ਆਓ, ਜੰਮੂਆਂ ਦੀ ਤਾਰੀਫ ਕਰੀਏ ਤੇ ਉਨ੍ਹਾਂ ਦੇ ਗੁਣ ਗਾਵੀਏ।

ਜੰਮੂਆਂ ਦੀ ਹਰ ਸ਼ੈਅ ਕੰਮ ਆਉਂਦੀ ਹੈ। ਜੰਮੂ ਵਧੀ ਤਿਲੀ ਦੀ ਕੁਦਰਤੀ ਦਵਾ ਹਨ। ਜੰਮੂਆਂ ਦਾ ਸਿਰਕਾ ਲਿਫ ਲਈ ਕਾਰਗਰ ਹੈ। ਜੰਮੂਆਂ ਦਾ ਗੁਲਫਾ ਕਬਜ਼-ਕੁਸ਼ਾ ਹੈ। ਗਿਟਕ ਦਾ ਚੂਰਨ ਮੋਕਲਿਆਂ ਨੂੰ ਹਟਾਉਂਦਾ ਹੈ। ਜੜ੍ਹਾਂ, ਛਾਲ ਤੇ ਗਿਟਕਾਂ ਦਾ ਤੇਲ ਬੁੱਢਿਆਂ ਦੇ ਲਮਕ ਪਏ ਮਾਸ ਨੂੰ ਦ੍ਰਿੜ੍ਹ ਕਰ ਦਿੰਦਾ ਹੈ। ਇਸ ਦੀ ਲੱਕੜ ਨੂੰ ਲੋਕੀਂ ਨਿਕੰਮਾ ਆਖਦੇ ਸਨ, ਪਰ ਹੁਣ ਉਹ ਵੀ ਤਸਵੀਰਾਂ ਦੇ ਫਰੇਮਾਂ ਲਈ ਵਰਤੀ ਜਾਣ ਲਗ ਪਈ ਹੈ। ਇਹ ਦੇਖ ਕੇ ਮੀਆਂ ਖੁਲਦੀ ਦੀ ਕਵਿਤਾ ਦਾ ਯਾਦ ਆਉਂਦੀ ਹੈ:

ਬੰਦੇ ਕੋਲੋਂ ਰੁੱਖ ਚੰਗੇਰਾ,
ਲੱਗ ਪਿਆ ਬਿਨ ਲਾਇਓਂ।
ਵੱਟੇ ਖਾਵੇ ਤੇ ਫਲ ਖੁਆਵੇ,
ਫਰਕ ਨ ਕਰਦਾ ਸਾਇਓਂ।
ਲਕੜੀ ਉਸ ਦੀ ਸੈ ਕੰਮ ਆਵੇ,
ਫਰਕ ਨਹੀਂ ਸਿਰਪਾਇਓਂ।
ਮੀਆਂ ਖੁਲਦੀ ਦੱਸ ਮੁਇਆ
ਜੀਂਵਦਿਆਂ ਨੂੰ ਕਿਹੜੇ ਕੰਮ ਆਇਓਂ।

ਰੱਬ ਕਰੇ ਜੰਮੂਆਂ ਨੇ ਜਿਵੇਂ ਹਿੰਦ ਨੂੰ ਆਪਣਾ ਨਾਂ ਦਿੱਤਾ ਹੈ, ਹਿੰਦ ਵਾਸੀਆਂ ਨੂੰ ਆਜ਼ਾਦੀ ਹਾਸਲ ਕਰਨ ਲਈ ਸ਼ਕਤੀ ਵੀ ਦੇਣ। ਹਿੰਦ ਦੇ ਤਿਰੰਗੇ 'ਤੇ ਜਾਮਣੂਆਂ ਦੀ ਟਹਿਣੀ ਤੇ ਜਾਮਣੂਆਂ ਦਾ ਗੁੱਛਾ ਸੁੱਖ, ਸ਼ਾਂਤੀ, ਕੁਰਬਾਨੀ, ਬਹਾਦਰੀ ਤੇ ਆਜ਼ਾਦੀ ਦਾ ਚਿੰਨ੍ਹ ਹੋ ਜਾਏ ਤੇ ਸਾਡਾ ਨਾਹਰਾ ਹੋਵੇ:

"ਜੰਮੂ ਜ਼ਿੰਦਾਬਾਦ!
ਜੰਬੂ ਦੀਪ ਆਜ਼ਾਦ।"

ਤੇ ਹਿੰਦ ਦੇ ਇਸ ਨਾਂ ਤੇ ਨਾਹਰੇ 'ਤੇ ਸ਼ਾਇਦ ਕਿਸੇ ਧਿਰ ਨੂੰ ਵੀ ਇਤਰਾਜ਼ ਨਾ ਹੋਵੇ।

#

# ਬਲਦੇ ਸਿਵੇ ਦਾ ਸੇਕ

ਸਿੰਮਦੇ ਸ਼ਬਦ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਤੋਂ ਪ੍ਰਭਾਵਿਤ ਵੀ ਹੋਏ ਹਨ। ਪਿਛਲੇ ਲੇਖ ਵਿਚ ਉਨ੍ਹਾਂ ਰੱਬ ਅੱਗੇ ਤਰਲਾ ਲਿਆ ਸੀ, ਕਦੇ ਨਾ ਰੁੱਸੇ ਕਿਸੇ ਬਾਲ ਦੀ ਨਿੱਘੀ ਬੁੱਕਲ।...ਕੋਈ ਨਾ ਉਜਾੜੇ ਬਾਪ ਦੇ ਸ਼ਮਲੇ ਦੀ ਉਚੀ ਸ਼ਾਨ, ਵੀਰਾਂ ਦਾ ਤੂਤ ਦੇ ਮੋਛੇ ਜਿਹਾ ਮਾਣ ਅਤੇ ਭੈਣਾਂ ਦਾ ਪੇਕੇ ਘਰ ਵਿਚ ਸਨਮਾਨ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਬਲਦੇ ਸਿਵਿਆਂ ਦੀ ਵਾਰਤਾ ਸੁਣਾਈ ਹੈ, "ਬਲਦਾ ਸਿਵਾ ਕਿਸੇ ਲਈ ਦਰਦ-ਦਰਿਆ, ਕਿਸੇ ਲਈ ਸਾਹਾਂ-ਸਿਉਂਦੀ ਆਹ, ਕਿਸੇ ਦੇ ਚਾਵਾਂ 'ਤੇ ਪਈ ਬਲਾ ਅਤੇ ਕਿਸੇ ਦੇ ਹਾਸਿਆਂ ਦੀ ਉਡਦੀ ਸਵਾਹ। ਸਿਵੇ ਦੇ ਦਗਦੇ ਕੋਲਿਆਂ 'ਤੇ ਆਪਣਾ ਟੁੱਕਰ ਸੇਕਣ ਵਾਲੇ ਲੋਕ ਇਹ ਭੁੱਲ ਹੀ ਜਾਂਦੇ ਨੇ ਕਿ ਸਿਵੇ ਦੀ ਅਗਨੀ ਵਿਚ ਸਭ ਕੁਝ ਨੂੰ ਫਨਾਹ ਕਰਨ ਦੀ ਤਾਕਤ ਹੁੰਦੀ ਏ। ਹਉਕਿਆਂ ਦੇ ਸੇਕ ਵਿਚ ਝੁਲਸੇ ਲੋਕ ਜਦ ਤਹਿਜ਼ੀਬ ਦਾ ਨੀਰ ਬਣਦੇ ਨੇ ਤਾਂ ਵਹਿ ਜਾਂਦੇ ਨੇ ਵੱਡੇ ਵੱਡੇ ਦਾਈਆਂ ਦੇ ਥੰਮ।" ਡਾ. ਭੰਡਾਲ ਨੇ ਤਰਲਾ ਲਿਆ ਹੈ, ਵਾਸਤਾ ਈ! ਜੇ ਅਸੀਂ ਸਿਵੇ ਵਰਗੇ ਲੋਕਾਂ ਦੀ ਮਾਨਸਿਕਤਾ ਦਾ ਰੁਦਨ ਨਾ ਸੁਣਿਆਂ ਤਾਂ ਸਾਡੀ ਔਲਾਦ ਅਤੇ ਭਵਿੱਖ ਸਾਨੂੰ ਕਦੇ ਵੀ ਮੁਆਫ ਨਹੀਂ ਕਰਨਗੇ। -ਸੰਪਾਦਕ*

ਬਲ ਰਿਹਾ ਸਿਵਾ। ਚਾਰੇ ਪਾਸੇ ਸੋਗੀ ਮਾਹੌਲ। ਬਲਦੇ ਸਿਵੇ ਦੀ ਤਿੜ-ਤਿੜ ਵਿਚ ਗੁੰਮ ਰਹੀ ਸਿਸਕੀਆਂ ਦੀ ਆਵਾਜ਼। ਸਭ ਦੇ ਮੁੱਖ 'ਤੇ ਹੰਝੂਆਂ ਦੀਆਂ ਘਰਾਲਾਂ। ਹਟਕੋਰਿਆਂ ਨਾਲ ਬੋਝਲ ਹੋਈ ਫਿਜ਼ਾ। ਜਿੰਨਾ ਜਿੰਨਾ ਨੇੜ, ਉਨਾ ਉਨਾ ਦੁੱਖ। ਹਰ ਕੋਈ ਆਪਣੇ ਦਰਦ ਵਿਚ ਡੁੱਬਿਆ। ਕਦੇ ਕਦੇ ਹਉਕੇ ਵਰਗਾ ਬੋਲ ਮਾਤਮੀ ਚੁੱਪ ਨੂੰ ਚੀਰਦਾ ਜਿਸ ਦੀ ਵੇਦਨਾ 'ਚ ਬੋਲ ਖੁਦਕੁਸ਼ੀ ਕਰਨ ਲੱਗਦੇ। ਇਉਂ ਲੱਗਦਾ ਜਿਵੇਂ ਦਰਦ ਭਿੱਜਾ ਵਕਤ ਠਹਿਰ ਗਿਆ ਹੋਵੇ। ਪਲਾਂ ਛਿਣਾਂ ਵਿਚ ਹੀ ਜ਼ਿੰਦਗੀ ਨਾਲ ਧੜਕਦਾ ਸ਼ਖਸ ਰਾਖ ਦੀ ਢੇਰੀ ਬਣ ਗਿਆ ਅਤੇ ਲੋਕ ਆਪਣੀ ਪੀੜ ਨੂੰ ਹਿੱਕ ਵਿਚ ਸਮੋਈ ਹੌਲੀ ਹੌਲੀ ਆਪਣੇ ਆਪਣੇ ਘਰਾਂ ਨੂੰ ਪਰਤਣ ਲੱਗੇ। ਉਨ੍ਹਾਂ ਦੀ ਵਾਰਤਾਲਾਪ ਵਿਚ ਇਕ ਅਜ਼ੀਮ ਵਿਅਕਤੀ ਦੇ ਅਣਿਆਈ ਮੌਤੇ ਤੁਰ ਜਾਣ ਦਾ ਅਕਹਿ ਦੁੱਖ।

ਬਹੁਤ ਹੀ ਔਖਾ ਹੁੰਦਾ ਏ ਸਿਵੇ ਨੂੰ ਬਾਲਣਾ, ਬਹੁਤ ਹੀ ਕਸ਼ਟਮਈ ਹੁੰਦਾ ਏ ਬਲਦੇ ਸਿਵੇ ਨੂੰ ਮੁਖਾਤਬ ਹੋਣਾ, ਇਸ ਦੇ ਸੇਕ ਦੀ ਤਾਬ ਝੱਲਣਾ, ਇਸ ਵਿਚ ਸੜ ਰਹੇ ਆਪਣੇ ਦੀ ਪੀੜਾ ਨੂੰ ਕਿਆਸਣਾ, ਸਿਸਕੀਆਂ ਦੇ ਸ਼ੋਰ ਵਿਚ ਮਾਤਮੀ ਚੁੱਪ ਦਾ ਸੋਗ ਮਨਾਉਣਾ, ਜਾਨਲੇਵਾ ਹਉਕੇ ਦਾ ਪੀੜ੍ਹਾ ਆਪਣੇ ਅੰਤਰੀਵ ਵਿਚ ਡਾਹੁਣਾ, ਕਿਸੇ ਆਸਰੇ ਲਈ ਮੂਕ ਹੋਕਰਾ ਲਾਉਣਾ ਅਤੇ ਫਿਰ ਆਪਣੇ ਆਪ ਨੂੰ ਢਹਿੰਦੀਆਂ ਕਲਾਂ ਵਿਚੋਂ ਬਾਹਰ ਨਿਕਲਣ ਲਈ ਉਕਸਾਉਣਾ।

ਸਿਵੇ ਨੂੰ ਲਾਂਬੂ ਲਾਉਣ ਸਮੇਂ ਇਕ ਸਿਵਾ ਸੋਗਵਾਰ ਵਿਅਕਤੀ ਦੇ ਅੰਤਰੀਵ ਵਿਚ ਵੀ ਬਲਦਾ ਏ ਜਿਸ ਵਿਚ ਸੜ ਜਾਂਦਾ ਏ ਸਾਂਝਾਂ ਦਾ ਇਕ ਲੰਮਾ ਇਤਿਹਾਸ, ਭਸਮ ਹੋ ਜਾਂਦੀਆਂ ਨੇ ਬੀਤੇ ਵਕਤ ਦੀਆਂ ਹੁਸੀਨ ਯਾਦਾਂ। ਸਿਵੇ ਦੀਆਂ ਲਾਟਾਂ ਸੰਗ ਦੂਰ ਅਸਮਾਨ ਵਿਚ ਚਲੇ ਜਾਂਦਾ ਏ ਨਿੱਘੀ ਅਪਣੱਤ ਦਾ ਸਦੀਵੀ ਹੁਲਾਸ ਅਤੇ ਕੁੜੱਤਣ ਦਾ ਰੂਪ ਧਾਰਦੀ ਏ ਬੋਲਾਂ 'ਚ ਘਰ ਬਣਾਈ ਬੈਠੀ ਮਿਠਾਸ। ਇਸ ਵਿਚ ਸੜ ਮਰਦੇ ਨੇ ਨਿੱਕੇ ਪਲ, ਪਲਾਂ ਸੰਗ ਲਰਜ਼ਦੀ ਬੀਤੀ ਜ਼ਿੰਦਗੀ ਦਾ ਉਮਰਾਂ ਜੇਡਾ ਦਸਤਾਵੇਜ਼। ਬਲਦੇ ਸਿਵੇ ਵਿਚ ਹੀ ਅਸੀਂ ਆਪਣੀਆਂ ਸਾਂਝਾਂ ਦਾ ਘੁੱਟਦਾ ਜਾਂਦਾ ਦਮ ਅਨੁਭਵ ਕਰਦੇ ਹਾਂ ਅਤੇ ਫਿਰ ਰਹਿੰਦੀ ਜ਼ਿੰਦਗੀ ਤਿਲ ਤਿਲ ਕਰਕੇ ਮਰਦੇ ਹਾਂ।

ਜਦ ਕੋਈ ਨਿਜੀ ਮੁਫਾਦ ਦੀ ਤੀਲੀ ਲਾ ਕੇ ਰਿਸ਼ਤਿਆਂ ਦਾ ਸਿਵਾ ਸੇਕਦਾ ਏ ਤਾਂ ਵਿਲਕਦੀਆਂ ਨੇ ਮਾਂ-ਬਾਪ ਦੀਆਂ ਆਂਦਰਾਂ। ਟੁੱਟ-ਭੱਜ ਹੁੰਦੀ ਏ ਸਾਂਝਾਂ ਵਿਚ। ਕਚਹਿਰੀ ਵਿਚ ਰੁਲਦੀ ਏ ਵੀਰੇ ਦੀ ਪਗੜੀ ਅਤੇ ਡੌਲਿਓਂ ਟੁੱਟੀ ਬਾਂਹ ਦਾ ਦਰਦ ਹੋ ਜਾਂਦਾ ਏ ਵਕਤ ਦੇ ਨਾਮ। ਪਵਿੱਤਰ ਰਿਸ਼ਤਿਆਂ ਦੀ ਅੱਖ ਵਿਚ ਰੜਕਦਾ ਏ ਭੈਣ ਦੀ ਰੱਖੜੀ ਦਾ ਸੰਤਾਪ। ਅਸੀਸਾਂ ਵਾਲੇ ਮਾਂ ਦੇ ਹੱਥ ਨੂੰ ਪੈ ਜਾਂਦੀ ਏ ਸੋਕੜੇ ਦੀ ਮਾਰ ਅਤੇ ਕਹਿਰ ਭਰੀਆਂ ਲੂਆਂ ਵਿਚ ਬਾਪ ਦੀ ਧੌਲੀ ਦਾੜ੍ਹੀ ਹੁੰਦੀ ਏ ਖੁਆਰ। ਸਮਿਆਂ ਦੀ ਕੇਹੀ ਮਾਰ ਕਿ ਲੋਕ ਰਿਸ਼ਤਿਆਂ ਦੇ ਬਲਦੇ ਸਿਵੇ ਕੋਲ ਸੱਥਰ 'ਤੇ ਬਹਿਣ ਦਾ ਦੰਭ ਵੀ ਨਹੀਂ ਕਰਦੇ। ਆਪਣੇ ਲਹੂ ਵਿਚ ਸਿੱਸਕੀ ਬਣ ਉਗਦੀ ਏ ਘਰ-ਜਮੀਨ ਦੀ ਵੰਡ-ਵੰਡਾਈ ਦੀ ਦੀਵਾਰ ਅਤੇ ਦਰ ਦਰ ਦੀ ਭਿਖਿਆ ਮੰਗਦਾ ਏ ਇਕ ਦੂਜੇ 'ਤੇ ਮਰ ਮਿਟਣ ਵਾਲਾ ਪਿਆਰ।



*ਜਦ ਅੰਨੀ ਧਾਰਮਿਕਤਾ ਮਨੁੱਖਤਾ ਦੀ ਕਾਤਲ ਬਣਦੀ ਏ ਤਾਂ ਬਲਦੇ ਸਿਵਿਆਂ ਵਿਚ ਧੁਖਦੀਆਂ ਚੀਕਾਂ ਅਤੇ ਕੁਰਲਾਹਟਾਂ ਸਮੇਂ ਨੂੰ ਰੋਣ ਲਾ ਦਿੰਦੀਆਂ ਨੇ। ਧਰਮ ਦੇ ਨਾਂ 'ਤੇ ਲੋਕਾਂ ਨੂੰ ਮੌਤ ਦਾ ਫਤਵਾ ਸੁਣਾਇਆ ਜਾਂਦਾ ਏ। ਮਜ਼ਹਬ ਜਾਂ ਗੋਤਾਂ ਦੇ ਨਾਮ 'ਤੇ ਆਪਸ ਵਿਚ ਮੁਹੱਬਤ ਕਰਨ ਵਾਲੀਆਂ ਰੂਹਾਂ ਦੀ ਚਮੜੀ ਉਧੇੜ ਕੇ ਚੌਰਾਹੇ ਵਿਚ ਟੰਗਿਆ ਜਾਂਦਾ ਏ। ਤਾਲਿਬਾਨੀ ਹੁਕਮਾਂ ਦੀ ਅਵੱਗਿਆ ਕਿਸੇ ਲਈ ਮੌਤ ਦੇ ਵਰੰਟ ਲੈ ਆਉਂਦੀ ਏ ਤਾਂ ਮਚਲਦੇ ਚਾਵਾਂ ਦਾ ਮਾਤਮ ਪੜ੍ਹਿਆ ਜਾਂਦਾ ਏ।*

ਕਈ ਲੋਕਾਂ ਨੂੰ ਸ਼ੌਕ ਹੁੰਦਾ ਏ ਗਵਾਂਢੀਆਂ ਦੇ ਘਰਾਂ ਵਿਚ ਸਿਵੇ ਬਲਦੇ ਰੱਖਣ ਦਾ ਅਤੇ ਜਦ ਇਕ ਸਿਵਾ ਉਨ੍ਹਾਂ ਦੇ ਆਪਣੇ ਘਰ ਬਲਦਾ ਏ ਤਾਂ ਦਰਦ ਦੀ ਇੰਤਹਾ ਦਾ ਅੰਦਾਜ਼ਾ ਹੁੰਦਾ ਏ। ਬੇਗਾਨੇ ਸਿਵੇ ਦੀ ਅੱਗ ਸੇਕਣ ਦੇ ਲਾਲਚ ਵਿਚ ਉਹ ਆਪਣੀ ਹੋਣੀ ਦਾ ਹਸਤਾਖਰ ਬਣ ਜਾਂਦੇ ਨੇ।

ਬਲਦਾ ਸਿਵਾ ਕਿਸੇ ਲਈ ਦਰਦ-ਦਰਿਆ, ਕਿਸੇ ਲਈ ਸਾਹਾਂ-ਸਿਉਂਦੀ ਆਹ, ਕਿਸੇ ਦੇ ਚਾਵਾਂ 'ਤੇ ਪਈ ਬਲਾ ਅਤੇ ਕਿਸੇ ਦੇ ਹਾਸਿਆਂ ਦੀ ਉਡਦੀ ਸਵਾਹ। ਸਿਵੇ ਦੇ ਦਗਦੇ ਕੋਲਿਆਂ 'ਤੇ ਆਪਣਾ ਟੁੱਕਰ ਸੇਕਣ ਵਾਲੇ ਲੋਕ ਇਹ ਭੁੱਲ ਹੀ ਜਾਂਦੇ ਨੇ ਕਿ ਸਿਵੇ ਦੀ ਅਗਨੀ ਵਿਚ ਸਭ ਕੁਝ ਨੂੰ ਫਨਾਹ ਕਰਨ ਦੀ ਤਾਕਤ ਹੁੰਦੀ ਏ। ਹਉਕਿਆਂ ਦੇ ਸੇਕ ਵਿਚ ਝੁਲਸੇ ਲੋਕ ਜਦ ਤਹਿਜ਼ੀਬ ਦਾ ਨੀਰ ਬਣਦੇ ਨੇ ਤਾਂ ਵਹਿ ਜਾਂਦੇ ਨੇ ਵੱਡੇ ਵੱਡੇ ਦਾਈਆਂ ਦੇ ਥੰਮ।

ਕੌਣ ਝੱਲ ਸਕਦਾ ਉਸ ਸਿਵੇ ਦੀ ਤਾਬ, ਜਦ ਕਿਸੇ ਬਾਲੜੀ ਨੂੰ ਕੁੱਖ ਵਿਚ ਹੀ ਸੂਲੀ 'ਤੇ ਚਾੜ੍ਹ ਦਿਤਾ ਜਾਂਦਾ ਏ, ਉਸ ਦੇ ਨਿੱਕੇ ਅਛੋਹ ਅੰਗਾਂ ਦਾ ਕੀਮਾ ਕੀਤਾ ਜਾਂਦਾ ਏ। ਕੁੱਖ ਵਿਚ ਮਾਂ ਦੇ ਸੂਖਮ ਜਜ਼ਬਾਤ ਤੋਂ ਲੈ ਕੇ ਮਾਂ-ਧੀ ਦੇ ਸੁਪਨ-ਸੰਵਾਦ ਵੀ ਸੜ ਜਾਂਦੇ ਨੇ ਅਤੇ ਮਾਂ ਦਾ ਏਨਾ ਵੀ ਜੇਰਾ ਨਹੀਂ ਹੁੰਦਾ ਕਿ ਉਹ ਇਨ੍ਹਾਂ ਦੀ ਰਾਖ ਨੂੰ ਫਰੋਲੇ।

ਜਦ ਅੰਨੀ ਧਾਰਮਿਕਤਾ ਮਨੁੱਖਤਾ ਦੀ ਕਾਤਲ ਬਣਦੀ ਏ ਤਾਂ ਬਲਦੇ ਸਿਵਿਆਂ ਵਿਚ ਧੁਖਦੀਆਂ ਚੀਕਾਂ ਅਤੇ ਕੁਰਲਾਹਟਾਂ ਸਮੇਂ ਨੂੰ ਰੋਣ ਲਾ ਦਿੰਦੀਆਂ ਨੇ। ਧਰਮ ਦੇ ਨਾਂ 'ਤੇ ਲੋਕਾਂ ਨੂੰ ਮੌਤ ਦਾ ਫਤਵਾ ਸੁਣਾਇਆ ਜਾਂਦਾ ਏ। ਮਜ਼ਹਬ ਜਾਂ ਗੋਤਾਂ ਦੇ ਨਾਮ 'ਤੇ ਆਪਸ ਵਿਚ ਮੁਹੱਬਤ ਕਰਨ ਵਾਲੀਆਂ ਰੂਹਾਂ ਦੀ ਚਮੜੀ ਉਧੇੜ ਕੇ ਚੌਰਾਹੇ ਵਿਚ ਟੰਗਿਆ ਜਾਂਦਾ ਏ। ਤਾਲਿਬਾਨੀ ਹੁਕਮਾਂ ਦੀ ਅਵੱਗਿਆ ਕਿਸੇ ਲਈ ਮੌਤ ਦੇ ਵਰੰਟ ਲੈ ਆਉਂਦੀ ਏ ਤਾਂ ਮਚਲਦੇ ਚਾਵਾਂ ਦਾ ਮਾਤਮ ਪੜ੍ਹਿਆ ਜਾਂਦਾ ਏ।

ਕੇਹਾ ਸਮਾਂ ਏ ਕਿ ਦੁਨੀਆਂ ਵਿਚ ਹਰ ਪਾਸੇ ਸਿਵੇ ਹੀ ਸਿਵੇ, ਵਿਰਲਾਪ ਅਤੇ ਚੀਕ ਚਿਹਾੜਾ। ਚਾਰੇ ਪਾਸੇ ਮਨੁੱਖ ਹੱਥੋਂ ਮਨੁੱਖ ਦਾ ਕਤਲ, ਮਨੁੱਖਤਾ ਦਾ ਘਾਣ। ਧਰਮੀਆਂ ਦੇ ਭੇਸ ਵਿਚ ਹਰ ਮੋੜ 'ਤੇ ਕਾਤਲਾਂ ਦੇ ਕਾਫਲੇ। ਦਿੱਲੀ/ਗੁਜਰਾਤ ਦੇ ਦੰਗੇ ਹੋਣ, ਸਿਵੇ ਤਾਂ ਆਪਣਿਆਂ ਦੇ ਬਲਦੇ ਨੇ। ਜਦ ਅਜਿਹੇ ਸਿਵੇ ਬਲਦੇ ਨੇ ਤਾਂ ਪ੍ਰਚੰਡ ਰੋਹ ਦਾ ਇਕ ਸਿਵਾ ਮਨੁੱਖ ਦੇ ਅੰਤਰੀਵ ਵਿਚ ਬਲਣਾ ਸ਼ੁਰੂ ਹੋ ਜਾਂਦਾ ਏ। ਭਲਾ! ਬੰਦਾ ਜਾਵੇ ਕਿਥੇ? ਆਪਣੇ ਸਿਵਿਆਂ ਦਾ ਸੇਕ ਕੀਕਰ ਜਰਿਆ ਜਾਵੇ?

ਹੱਦਾਂ/ਸਰਹੱਦਾਂ 'ਤੇ ਜਦ ਗੋਲੀ ਚਲਦੀ ਏ ਤਾਂ ਅਰਥੀ ਮਨੁੱਖ ਦੀ ਹੀ ਤਿਆਰ ਹੁੰਦੀ ਏ ਅਤੇ ਇਸ ਸਿਵੇ ਦੀ ਆਹੂਤੀ ਵਿਚ ਦਿੱਤੇ ਜਾਂਦੇ ਨੇ ਪਤਨੀ ਦੇ ਕੁੰਵਾਰੇ ਚਾਅ। ਮਾਪਿਆਂ ਦੀ ਤੜਫਦੀ ਰੀਝ, ਭੈਣਾਂ ਦਾ ਪਿਆਰ ਅਤੇ ਵੀਰਾਂ ਦੀ ਉਮਰਾਂ ਲੰਮੇਰੀ ਸਾਂਝ। ਮਾਂਵਾਂ ਦੀ ਦੁਆ ਅਤੇ ਪਿਤਾ ਦਾ ਪਿਆਰ-ਥਾਪੜਾ। ਰਾਂਗਲੇ ਚਾਵਾਂ ਦੀ ਰਾਖ ਵਿਚ ਔਸੀਆਂ ਅਤੇ ਉਡੀਕਾਂ ਦਾ ਹਿਸਾਬ ਕਰਨ ਦੀ ਕਿਸੇ ਨੂੰ ਨਹੀਂ ਵਿਹਲ ਅਤੇ ਨਾ ਹੀ ਕੋਈ ਰਚਾਉਂਦਾ ਏ ਹਮਦਰਦੀ ਦਾ ਢੋਂਗ। ਮਾਤਮ ਮਨਾਉਣ ਲਈ ਵਿਹਲ ਵੀ ਲੱਭਣੀ ਪੈਂਦੀ ਏ।

ਸਿਵਾ ਤਾਂ ਵਕਤ ਦੇ ਹਰ ਦੌਰ ਦੀ ਹਿੱਕ ਵਿਚ ਹੀ ਬਲਦਾ ਰਿਹਾ ਏ ਭਾਵੇਂ ਇਹ ਸਿੱਖਾਂ ਦਾ ਜੰਗਲ ਵਿਚ ਰਹਿੰਦਿਆਂ ਧਾੜਵੀਆਂ ਨੂੰ ਠੱਲ੍ਹ ਪਾਉਣਾ ਹੋਵੇ, ਫਲਸਤੀਨੀਆਂ/ਤਾਮਿਲਾਂ ਦੀ ਆਪਣੇ ਦੇਸ਼ ਲਈ ਉਮਰ ਤੋਂ ਵਡੇਰੀ ਜਦੋਜਹਿਦ ਹੋਵੇ, ਕਿਸੇ ਵਿਦੇਸ਼ੀ ਧੌਂਸ ਤੋਂ ਇਨਕਾਰੀ ਵਤਨ-ਪ੍ਰੇਮੀ ਹੋਣ, ਕਬੀਲਿਆਂ ਦੀ ਲੁੱਟ-ਖਸੁੱਟ ਵਿਰੁਧ ਵਿਦਰੋਹ ਹੋਵੇ ਜਾਂ ਪਰਵਾਸੀਆਂ ਦਾ ਬਿਗਾਨੇ ਦੇਸ਼ ਵਿਚ ਆਪਣੀ ਹੋਂਦ ਸਥਾਪਤ ਕਰਨ ਦਾ ਸੰਗਰਾਮ ਹੋਵੇ। ਬਲਦੇ ਸਿਵਿਆਂ ਦੀ ਰੌਸ਼ਨੀ ਨੇ ਹੀ ਜਾਗਦੇ ਇਤਿਹਾਸ ਦਾ ਮਾਰਗ ਦਰਸ਼ਨ ਕੀਤਾ ਸੀ ਅਤੇ ਕਰ ਰਹੇ ਹਨ।

ਕਿਸੇ ਦੀ ਹਿੱਕ ਵਿਚ ਸਾੜੇ ਦਾ ਸਿਵਾ, ਕਿਸੇ ਦੀ ਹਿੱਕ ਵਿਚ ਨਫਰਤ, ਕੋਈ ਆਪਣੀ ਹਿੰਡ ਪੁਗਾਉਣ ਖਾਤਰ ਅਤੇ ਕੋਈ ਆਪਣੀ ਚੌਧਰ ਦੀ ਬਰਕਰਾਰੀ ਲਈ ਸਿਵੇ ਬਾਲਣ ਵਿਚ ਮਸ਼ਰੂਫ। ਬਹੁਤੀ ਵਾਰ ਅਜਿਹੇ ਵਿਅਕਤੀ ਆਪ ਹੀ ਕਰ ਲੈਂਦੇ ਨੇ ਆਪਣੇ ਸਿਵੇ ਦਾ ਪ੍ਰਬੰਧ।

ਬਲਦੇ ਸਿਵੇ ਤੋਂ ਤੁਰੰਤ ਬਾਅਦ ਹੀ ਟੰਗੀ ਜਾਂਦੀ ਏ ਘਰ ਦੀ ਸਲ੍ਹਾਬੀ ਕੰਧ 'ਤੇ ਇਕ ਉਦਾਸ ਜਿਹੀ ਤਸਵੀਰ ਅਤੇ ਉਲਾਂਭੇ ਵਾਂਗ ਉਸ ਦੀ ਯਾਦ ਦਾ ਸਦੀਵੀ ਫਾਤਿਹਾ ਪੜ੍ਹਿਆ ਜਾਂਦਾ ਏ। ਫਿਰ ਕਦੇ ਕਦਾਈਂ ਹੀ ਕੋਈ ਮਾਰਦਾ ਏ ਗੇੜਾ ਅਤੇ ਹਟਾਉਂਦਾ ਏ ਧੁੰਧਲੀ ਹੋ ਚੁਕੀ ਤਸਵੀਰ ਤੋਂ ਗਰਦ। ਆਖਰ ਨੂੰ ਕਮਰੇ ਦੀ ਸਲ੍ਹਾਬ ਤਸਵੀਰ ਨੂੰ ਹੀ ਖਾ ਜਾਂਦੀ ਏ।

ਮਾਪਿਆਂ ਦੀ ਹਿੱਕ ਵਿਚ ਲਟ ਲਟ ਬਲਦਾ ਏ ਸਿਵਾ ਜਦ ਉਨ੍ਹਾਂ ਦੀ ਲਾਡਲੀ ਸਟੋਵ ਦੇ ਫਟਣ ਜਾਂ ਮਿੱਟੀ ਦੇ ਤੇਲ ਨਾਲ ਲਾਂਬੂਆਂ ਵਿਚ ਘਿਰ ਕੇ ਆਪਣੀ ਜੀਵਨ ਲੀਲਾ ਖਤਮ ਕਰਦੀ ਏ। ਸਿਵਾ ਬਣ ਜਾਂਦਾ ਏ ਕਈ ਘਰਾਂ ਦਾ ਰੁਦਨ। ਧੀ ਦੀ ਕੁੱਖੋਂ ਜਾਇਆਂ ਦੀ ਸੋਚ ਵਿਚ ਘਰ ਕਰ ਜਾਂਦਾ ਏ ਸਦੀਵੀ ਸਦਮਾ ਅਤੇ ਇਨ੍ਹਾਂ ਗਮਗੀਨ ਸਮਿਆਂ ਵਿਚ ਬਹੁਤ ਕੁਝ ਉਗਮਣ ਤੋਂ ਪਹਿਲਾਂ ਹੀ ਆਪਣੀ ਅਉਧ ਵਿਹਾਜ ਜਾਂਦਾ ਏ ਜਿਸ ਨੇ ਭਵਿੱਖ ਦਾ ਮੁਹਾਂਦਰਾ ਨਿਖਾਰਨਾ ਹੁੰਦਾ ਏ।

ਜਦ ਬਲਦਾ ਸਿਵਾ ਪੋਹ-ਮਾਘ 'ਚ ਠਰ ਠਰ ਕਰਦੇ ਜਿਸਮਾਂ ਲਈ ਨਿੱਘ, ਹਨੇਰਿਆਂ ਲਈ ਰੌਸ਼ਨੀ ਦੀ ਕਾਤਰ ਅਤੇ ਔਝੜ ਰਾਹਾਂ ਦਾ ਤਰੌਂਕਿਆ ਚਾਨਣ ਬਣਦਾ ਏ ਤਾਂ ਨਵਾਂ ਇਤਿਹਾਸ ਸਿਰਜਿਆ ਜਾਂਦਾ ਏ। ਬਹਾਦਰ ਕੌਮਾਂ ਦੇ ਮਾਣਮੱਤੇ ਇਤਿਹਾਸ, ਬਹੁਤੀ ਵਾਰ ਬਲਦੇ ਸਿਵੇ ਦੇ ਸਾਹਮਣੇ ਚੁੱਕੀਆਂ ਸਹੁੰਆਂ ਦੀ ਮਿੱਠੀ ਯਾਦ ਹੁੰਦੇ ਨੇ।

ਕਿਸੇ ਕਿਸੇ ਦਾ ਬਲਦਾ ਸਿਵਾ ਤਾਂ ਦੀਦਿਆਂ ਵਿਚ ਰੋਹ ਜਗਾਉਂਦਾ, ਭਟਕੇ ਪੈਰਾਂ ਵਿਚ ਮੰਜ਼ਿਲਾਂ ਦਾ ਸਿਰਨਾਵਾਂ ਲਾਉਂਦਾ, ਸ਼ਫਾਫ ਸੋਚ ਨੂੰ ਕਰਮਯੋਗਤਾ ਦੀ ਕਸਮ ਚੁਕਾਉਂਦਾ, ਚੜ੍ਹਦੇ ਸੂਰਜਾਂ ਵਰਗਾ ਪੈਗਾਮ ਚਗਲੀਆਂ ਰਾਤਾਂ ਦੇ ਨਾਮ ਲਾਉਂਦਾ, ਡੁੱਬਦੇ ਦਿਨ ਦੀ ਕੁੱਖ ਨੂੰ ਟੁੱਟਦੇ ਤਾਰੇ ਜਿਹਾ ਮਰ-ਮਿੱਟਣ ਦੇ ਅਹਿਸਾਸ ਨਾਲ ਗਰਭਾਉਂਦਾ, ਅਣਹੋਣੀ ਨੂੰ ਹੋਣੀ ਦਾ ਜਾਮਾ ਪਹਿਨਾਉਂਦਾ ਅਤੇ ਫਿਰ ਪੀਲੇ ਪੱਤਿਆਂ ਦੀ ਤਲੀ 'ਤੇ ਹਰੀਆਂ ਕਚੂਰ ਲਗਰਾਂ ਦਾ ਸ਼ਗਨ ਟਿਕਾਉਂਦਾ ਏ। ਅਜਿਹੇ ਸਿਵੇ ਜਦ ਬਲਦੇ ਨੇ ਤਾਂ ਦਿਨ ਦੀ ਅੱਖ ਵਿਚ ਲਾਲੀ ਰੜਕਦੀ ਏ।

ਹਰ ਉਸ ਅੱਖ ਵਿਚ ਵੀ ਸਿਵਾ ਬਲਦਾ ਏ ਜਿਸ ਦੇ ਸਾਹਮਣੇ ਅਬਲਾ ਦੇ ਕੱਜਣ ਦੀਆਂ ਲੀਰਾਂ ਹੁੰਦੀਆਂ ਨੇ, ਕੋਈ ਭੱਦਰਪੁਰਸ਼ ਕਿਸੇ ਮਾਸੂਮ ਦੀ ਬੋਟੀ ਬੋਟੀ ਨੋਚਦਾ ਏ, ਮਾਸੂਮ ਨੂੰ ਟੁੱਕਰ ਦੀ ਬਜਾਏ ਝਿੜਕਾਂ ਮਿਲਦੀਆਂ ਨੇ, ਕਿਸੇ ਬਾਲੜੀ ਦੇ ਨੈਣਾਂ ਵਿਚ ਲਿੱਲਕਦੀ ਅੱਖਰਜੋਤ ਨੂੰ ਜਬਰਨ ਬੁਝਾ ਦਿੱਤਾ ਜਾਂਦਾ ਏ ਜਾਂ ਕਿਸੇ ਦੇ ਸੁਪਨਿਆਂ ਨੂੰ ਕੋਹਿਆ ਜਾਂਦਾ ਏ।

ਬਲਦੇ ਸਿਵੇ ਦੀ ਰਾਖ ਵਿਚੋਂ ਹੀ ਫੁੱਟਦੇ ਨੇ ਨਵੇਂ ਵਿਚਾਰ, ਨਵੀਆਂ ਸੰਭਾਵਨਾਵਾਂ ਅਤੇ ਨਵੇਂ ਦਿਸਹੱਦਿਆਂ ਦੀ ਨਿਸ਼ਾਨਦੇਹੀ। ਇਹ ਕਿਸੇ ਕ੍ਰਾਂਤੀ ਦਾ ਮੁੱਢ ਵੀ ਬੰਨਦੇ ਨੇ ਅਤੇ ਸਾਡੇ ਪੈਰਾਂ ਲਈ ਜੋਸ਼ ਅਤੇ ਤੁਰਨ ਦਾ ਚਾਅ ਵੀ। ਜਦ ਨਿੱਕਾ ਜਿਹਾ ਬਾਲ ਬਲਦੇ ਸਿਵੇ ਦਾ ਦਰਦ ਆਪਣੀਆਂ ਅੱਖਾਂ ਵਿਚ ਉਤਾਰਦਾ ਏ ਤਾਂ ਉਹ ਊਧਮ ਸਿੰਘ ਬਣਦਾ ਏ, ਭਗਤ ਸਿੰਘ ਦਾ ਮਾਣਮੱਤਾ ਇਤਿਹਾਸ ਸਿਰਜਦਾ ਏ ਜਾਂ ਖਾਲਸੇ ਦੀ ਸਿਰਜਣਾ ਵਰਗੀ ਕ੍ਰਾਂਤੀਕਾਰੀ ਘਟਨਾ ਵਕਤ ਦੇ ਸਫਿਆਂ 'ਤੇ ਵਾਪਰਦੀ ਏ।



*ਬਲਦੇ ਸਿਵੇ ਦੀ ਰਾਖ ਵਿਚੋਂ ਹੀ ਫੁੱਟਦੇ ਨੇ ਨਵੇਂ ਵਿਚਾਰ, ਨਵੀਆਂ ਸੰਭਾਵਨਾਵਾਂ ਅਤੇ ਨਵੇਂ ਦਿਸਹੱਦਿਆਂ ਦੀ ਨਿਸ਼ਾਨਦੇਹੀ। ਇਹ ਕਿਸੇ ਕ੍ਰਾਂਤੀ ਦਾ ਮੁੱਢ ਵੀ ਬੰਨਦੇ ਨੇ ਅਤੇ ਸਾਡੇ ਪੈਰਾਂ ਲਈ ਜੋਸ਼ ਅਤੇ ਤੁਰਨ ਦਾ ਚਾਅ ਵੀ। ਜਦ ਨਿੱਕਾ ਜਿਹਾ ਬਾਲ ਬਲਦੇ ਸਿਵੇ ਦਾ ਦਰਦ ਆਪਣੀਆਂ ਅੱਖਾਂ ਵਿਚ ਉਤਾਰਦਾ ਏ ਤਾਂ ਉਹ ਊਧਮ ਸਿੰਘ ਬਣਦਾ ਏ, ਭਗਤ ਸਿੰਘ ਦਾ ਮਾਣਮੱਤਾ ਇਤਿਹਾਸ ਸਿਰਜਦਾ ਏ ਜਾਂ ਖਾਲਸੇ ਦੀ ਸਿਰਜਣਾ ਵਰਗੀ ਕ੍ਰਾਂਤੀਕਾਰੀ ਘਟਨਾ ਵਕਤ ਦੇ ਸਫਿਆਂ 'ਤੇ ਵਾਪਰਦੀ ਏ।*

ਜੇ ਬਹੁਤਾ ਹੀ ਚਾਅ ਏ ਕਿਸੇ ਨੂੰ ਸਿਵੇ ਬਾਲਣ ਦਾ ਤਾਂ ਜ਼ਰਜ਼ਰੀ ਅਤੇ ਦਕੀਆਨੂਸੀ ਖਿਆਲਾਂ ਦਾ, ਮਨੁੱਖ ਮਾਰੂ ਜੰਜਾਲਾਂ ਦਾ, ਆਪਣੇ ਹੀ ਘਰਾਂ ਨੂੰ ਸਾੜਦੀਆਂ ਮਸ਼ਾਲਾਂ ਦਾ, ਇਨਸਾਨੀਅਤ ਨੂੰ ਆਪਸ ਵਿਚ ਲੜਾਉਂਦੀਆਂ ਚਾਲਾਂ ਦਾ ਅਤੇ ਸਹਿਜ ਜੀਵਨ ਦਾ ਖੌਅ ਬਣੇ ਬੇਸੁਰੇ ਤਾਲਾਂ ਦਾ ਸਿਵਾ ਬਾਲ ਕੇ ਇਸ ਦੀ ਰੌਸ਼ਨੀ ਨਾਲ ਆਪਣੇ ਮਸਤਕ ਨੂੰ ਰੁਸ਼ਨਾਈਏ ਅਤੇ ਤਿੜਕ ਰਹੇ ਸਮਾਜਿਕ ਤਾਣੇ-ਬਾਣੇ ਦੀ ਸਦੀਵਤਾ ਲਈ ਉਸਾਰੂ ਕਦਮ ਉਠਾਈਏ।

ਬਲਦੇ ਸਿਵੇ ਮੈਨੂੰ, ਤੁਹਾਨੂੰ ਅਤੇ ਸਾਨੂੰ-ਸਭ ਨੂੰ ਮੁਖਾਤਬ ਹੁੰਦੇ ਨੇ ਅਤੇ ਇਹ ਹੁੰਗਾਰਾ ਭਾਲਦੇ ਨੇ। ਬਲਦੇ ਸਿਵਿਆਂ ਦੀ ਕਥਾ ਨੂੰ ਕਦੇ ਤਾਂ ਪੜ੍ਹੀਏ, ਇਸ ਨੂੰ ਆਪਣੇ ਅੰਦਰ ਉਤਾਰੀਏ, ਇਸ ਦੇ ਦਰਦ ਨੂੰ ਸੁਣੀਏ ਅਤੇ ਇਸ ਦੇ ਨਿਵਾਰਣ ਦਾ ਕੁਝ ਸਬੱਬ ਬਣਾਈਏ ਤਾਂ ਹੀ ਮਨੁੱਖਤਾ ਦੇ ਮੱਥੇ 'ਤੇ ਲੱਗ ਰਹੇ ਕੁਕਰਮੀ ਕਲੰਕ ਨੂੰ ਅਸੀਂ ਧੋ ਸਕਾਂਗੇ।

ਜੇ ਅਸੀਂ ਕੁਝ ਵੀ ਨਹੀਂ ਕਰ ਸਕਦੇ ਤਾਂ ਇੰਨਾ ਤਾਂ ਜ਼ਰੂਰ ਕਰੀਏ ਕਿ ਕਿਸੇ ਨੂੰ ਬਲਦਾ ਸਿਵਾ ਨਾ ਬਣਨ ਦੇਈਏ ਕਿਉਂਕਿ ਜਦ ਕੋਈ ਸਿਵਾ ਬਣਨ ਦੇ ਰਾਹ ਤੁਰਦਾ ਏ ਤਾਂ ਸੂਲੀ 'ਤੇ ਲਟਕਦੇ ਨੇ ਹਰ ਜਿਉਂਦੇ ਵਿਅਕਤੀ ਦੇ ਅਹਿਸਾਸ, ਮਰ ਜਾਂਦੀ ਏ ਬੇਆਸਰਿਆਂ ਦੀ ਆਸ, ਤਿੱੜਕ ਜਾਂਦਾ ਏ ਪਰਬਤੀ ਵਿਸ਼ਵਾਸ ਅਤੇ ਸਲ੍ਹਾਬੀਆਂ ਤੇ ਹਨੇਰੀਆਂ ਜੂਹਾਂ ਦੀ ਪਨਾਹ ਲੈਂਦੀ ਏ ਸੁਰਖ ਪਲਾਂ ਦੀ ਅੰਬਰੀ-ਪਰਵਾਜ਼।

ਵਾਸਤਾ ਈ! ਜੇ ਅਸੀਂ ਸਿਵੇ ਵਰਗੇ ਲੋਕਾਂ ਦੀ ਮਾਨਸਿਕਤਾ ਦਾ ਰੁਦਨ ਨਾ ਸੁਣਿਆਂ ਤਾਂ ਸਾਡੀ ਔਲਾਦ ਅਤੇ ਭਵਿੱਖ ਸਾਨੂੰ ਕਦੇ ਵੀ ਮੁਆਫ ਨਹੀਂ ਕਰਨਗੇ। ਯਾਦ ਰੱਖੋ, ਜਦ ਤੁਸੀਂ ਕਿਸੇ ਦੀਆਂ ਭਾਵਨਾਵਾਂ ਦੀ ਕਦਰ ਕਰਦੇ ਹੋ ਤਾਂ ਤੁਹਾਡੀ ਅਮਾਨਤ ਬਣਦਾ ਏ ਸੰਦਲੀ ਸਾਹਾਂ ਦਾ ਸੰਧਾਰਾ ਅਤੇ ਬਲਦਾ ਸਿਵਾ ਬਣਨ ਤੋਂ ਬਚ ਜਾਂਦਾ ਏ ਸੂਖਮ-ਭਾਵੀ ਮਨੁੱਖ ਵਿਚਾਰਾ।

## ਕਿਹੜੇ ਨਾਲ ਲੈ ਗਏ

ਪੈਸੇ ਪਿਛੇ ਤੁਸੀਂ ਕਾਹਤੋਂ ਟੁੱਟ ਆਪਣਿਆਂ ਤੋਂ ਬਹਿ ਗਏ,
ਸੋਚ ਕੇ ਤਾਂ ਦੇਖੋ ਪੈਸਾ ਕਿਹੜੇ ਕਿਹੜੇ ਨਾਲ ਲੈ ਗਏ।
ਖਾਲੀ ਹੱਥ ਕਰ ਗਿਆ ਸੀ ਦੁਨੀਆਂ ਦਾ ਸਿੰਕਦਰ,
ਉਸਾਰੇ ਸੀ ਜੋ ਮਹਿਲ ਹੌਲੀ ਹੌਲੀ ਇੱਕ ਦਿਨ ਢਹਿ ਗਏ।
ਪਾਣੀ ਦੇ ਬੁਲਬਲੇ ਜਿੰਨੀ ਔਕਾਤ ਪਤਾ ਬੰਦੇ ਤੇਰੀ,
ਸਮੁੰਦਰਾਂ 'ਤੇ ਕਬਜ਼ਾ ਕਰਨ ਦੇ ਚੱਕਰਾਂ 'ਚ ਕਾਹਨੂੰ ਪੈ ਗਏ।
ਰੱਖਿਓ ਗਰੀਬਾਂ ਮਜਲੂਮਾਂ ਦੇ ਸਿਰਾਂ ਉਤੇ ਹੱਥ ਸਦਾ,
ਕਈ ਸਦੀਆਂ ਪਹਿਲਾਂ ਗੁਰੂ ਪੀਰ ਗੁਰਬਾਣੀ ਵਿਚ ਕਹਿ ਗਏ।
ਹਰ ਇੱਕ ਮੋੜ ਉਤੇ ਨਵੇਂ ਫੱਟ ਦਿੱਤੇ ਜੱਗ ਚੰਦਰੇ ਨੇ,
'ਬਲਜਿੰਦਰ' ਵੱਡੇ ਦਿਲ ਵਾਲੇ ਜਿਹੜੇ ਏਨਾ ਕੁਝ ਸਹਿ ਗਏ।

*-ਬਲਜਿੰਦਰ ਆਲੀਕੇ, ਫੋਨ: 91-94645-62678*

# ਅੱਧੀ ਦੁਨੀਆਂ ਦਾ ਹੋਕਾ



ਵਲੈਤ ਵੱਸਦੀ ਉਘੀ ਫਿਲਮਸਾਜ਼ ਗੁਰਿੰਦਰ ਚੱਢਾ ਨੂੰ ਹਿਰਖ ਹੈ ਕਿ ਫਿਲਮ ਜਗਤ ਵਿਚ ਮਹਿਲਾ ਫਿਲਮਸਾਜ਼ਾਂ ਦੀ ਹਮੇਸ਼ਾ ਹੀ ਘਾਟ ਮਹਿਸੂਸ ਹੁੰਦੀ ਰਹੀ ਹੈ। ਉਸ ਮੁਤਾਬਕ, ਦੁਨੀਆ ਦੀ ਤਕਰੀਬਨ ਅੱਧੀ ਆਬਾਦੀ ਔਰਤਾਂ ਦੀ ਹੈ, ਇਸ ਹਿਸਾਬ ਨਾਲ ਅੱਧੀਆਂ ਫਿਲਮਸਾਜ਼, ਔਰਤਾਂ ਹੋਣੀਆਂ ਚਾਹੀਦੀਆਂ ਹਨ। ਇਹ ਲਿੰਗ ਬਰਾਬਰੀ ਦਾ ਮਸਲਾ ਤਾਂ ਹੈ ਹੀ, ਇਸ ਨਾਲ ਫਿਲਮਾਂ ਦੀ ਚੋਣ ਅਤੇ ਕਹਾਣੀਆਂ 'ਤੇ ਵੀ ਬਾਕਾਇਦਾ ਅਸਰ ਪਵੇਗਾ। ਉਹ ਆਖਦੀ ਹੈ, "ਤੁਸੀਂ ਮਹਿਲਾ ਫਿਲਮਸਾਜ਼ਾਂ ਵੱਲੋਂ ਬਣਾਈਆਂ ਫਿਲਮਾਂ ਦੇ ਨਾਂ ਅਤੇ ਕਹਾਣੀਆਂ ਉਤੇ ਹੀ ਰਤਾ ਉਡਦੀ ਜਿਹੀ ਨਜ਼ਰ ਮਾਰ ਲਓ, ਝੱਟ ਪਤਾ ਲੱਗ ਜਾਂਦਾ ਹੈ ਕਿ ਇਨ੍ਹਾਂ ਫਿਲਮਸਾਜ਼ਾਂ ਦੇ ਸਰੋਕਾਰ ਕੀ ਹਨ ਅਤੇ ਉਹ ਸਮਾਜ ਤੇ ਹੋਰ ਮਸਲਿਆਂ ਬਾਰੇ ਕਿਸ ਤਰ੍ਹਾਂ ਸੋਚਦੀਆਂ ਹਨ ਅਤੇ ਨਾਲ ਹੀ ਆਪੋ-ਆਪਣੇ ਪ੍ਰੋਜੈਕਟਾਂ ਨੂੰ ਸਿਰੇ ਚਾੜ੍ਹਨ ਲਈ ਉਨ੍ਹਾਂ ਨੂੰ ਕੀ ਕੀ ਪਾਪੜ ਵੇਲਣੇ ਪੈਂਦੇ ਹਨ।"


ਗੁਰਿੰਦਰ ਚੱਢਾ ਮੁਤਾਬਕ, ਫਿਲਮ ਸਨਅਤ

ਆਮਨਾ ਕੌਰ

ਆਮ ਤੌਰ 'ਤੇ ਮਰਦਾਂ ਵੱਲੋਂ ਹੀ ਚਲਾਈ ਜਾ ਰਹੀ ਹੈ ਅਤੇ ਇਸ ਵਿਚ ਫਿਲਹਾਲ ਫਰਕ ਪੈਣ ਦੇ ਕੋਈ ਬਹੁਤੇ ਆਸਾਰ ਨਹੀਂ; ਉਂਜ ਜਿੰਨੀਆਂ ਵੀ ਮਹਿਲਾ ਫਿਲਮਸਾਜ਼ ਪਿਛਲੇ ਸਮੇਂ ਦੌਰਾਨ ਉਭਰ ਕੇ ਸਾਹਮਣੇ ਆਈਆਂ ਹਨ, ਉਨ੍ਹਾਂ ਨੇ ਬਾਕਾਇਦਾ ਆਪਣੀ ਤਕੜੀ ਹਾਜ਼ਰੀ ਲਵਾਈ ਹੈ।

ਯਾਦ ਰਹੇ ਕਿ ਗੁਰਿੰਦਰ ਚੱਢਾ 2002 ਵਿਚ ਆਈ ਫਿਲਮ 'ਬੈਂਡ ਇਟ ਲਾਈਕ ਬੈਖ਼ਮ' ਨਾਲ ਸੰਸਾਰ ਭਰ ਵਿਚ ਚਰਚਿਤ ਹੋਈ ਸੀ; ਹਾਲਾਂਕਿ ਉਸ ਨੇ ਪਹਿਲਾਂ ਹੀ ਕੁਝ ਫਿਲਮਾਂ ਅਤੇ ਕੁਝ ਕੁ ਟੀ.ਵੀ. ਫਿਲਮਾਂ ਬਣਾਈਆਂ ਸਨ। ਇਸ ਤੋਂ ਪਹਿਲਾਂ 'ਬਰਾਈਡ ਐਂਡ ਪ੍ਰੈਜੂਡਿਸ' (2004), 'ਦਿ ਮਿਸਟਰੈਸ ਆਫ਼ ਸਪਾਈਸਿਸ' (2005), ਪੈਰਿਸ (2006) ਆਦਿ ਫਿਲਮਾਂ ਨਾਲ ਵੀ ਉਸ ਨੇ ਆਪਣੀ ਵਾਹਵਾ ਚਰਚਾ ਕਰਵਾਈ। ਹੁਣ ਉਸ ਦੀ ਭਾਰਤ ਦੀ ਵੰਡ ਬਾਰੇ ਫਿਲਮ 'ਪਾਰਟੀਸ਼ਨ 1947' ਆ ਰਹੀ ਹੈ। ਪਹਿਲਾਂ ਇਸ ਫਿਲਮ ਦਾ ਨਾਂ 'ਵਾਇਸਰਾਏ'ਜ਼ ਹਾਊਸ' ਰੱਖਿਆ ਗਿਆ ਸੀ, ਪਰ ਮਗਰੋਂ ਨਾਂ ਬਦਲ ਦਿੱਤਾ ਗਿਆ। ਇਸ ਵਿਚ ਭਾਰਤ ਦੀ ਵੰਡ ਦੌਰਾਨ ਹੋਈਆਂ-ਵਾਪਰੀਆਂ ਅੰਦਰੂਨੀ ਘਟਨਾਵਾਂ ਅਤੇ ਚਰਚਾਵਾਂ ਫਿਲਮਾਈਆਂ ਗਈਆਂ ਹਨ ਅਤੇ ਇਹ ਫਿਲਮ ਸੰਸਾਰ ਭਰ ਵਿਚ 18 ਅਗਸਤ ਨੂੰ ਰਿਲੀਜ਼ ਕੀਤੀ ਜਾ ਰਹੀ ਹੈ।

ਫਿਲਮ 'ਪਾਰਟੀਸ਼ਨ 1947' ਆਧਾਰ ਨਰਿੰਦਰ ਸਿੰਘ ਸਰੀਲਾ ਦੀ ਪੁਸਤਕ 'ਦਿ ਸ਼ੈਡੋ ਆਫ ਦਿ ਗਰੇਟ ਗੇਮ' ਬਣੀ ਹੈ। ਇਸ ਪੁਸਤਕ ਵਿਚ ਵੰਡ ਬਾਰੇ ਅੰਗਰੇਜ਼ਾਂ ਨਾਲ ਸਬੰਧਤ ਕਹਾਣੀ ਬੁਣੀ ਗਈ ਹੈ ਅਤੇ ਉਸ ਵੇਲੇ ਲਾਰਡ ਮਾਊਂਟਬੇਟਨ ਵੱਲੋਂ ਨਿਭਾਈ ਭੂਮਿਕਾ ਬਾਰੇ ਖੂਬ ਚਰਚਾ ਕੀਤੀ ਗਈ ਹੈ। ਇਸ ਦੇ ਨਾਲ ਹੀ ਗੁਰਿੰਦਰ ਚੱਢਾ ਨੇ ਇਸ ਫਿਲਮ ਵਿਚ ਆਪਣੀ ਮਾਂ ਵੱਲੋਂ ਸੁਣਾਈਆਂ ਕਹਾਣੀਆਂ ਨੂੰ ਵੀ ਜੋੜ ਲਿਆ ਜੋ ਹਿੰਦੂ ਮੁਸਲਮਾਨ ਸਾਂਝ ਬਾਰੇ ਉਸ ਨੂੰ ਅਕਸਰ ਕਹਾਣੀਆਂ ਸੁਣਾਉਂਦੀ ਰਹਿੰਦੀ ਸੀ। ਇਉਂ ਗੁਰਿੰਦਰ ਚੱਢਾ ਨੇ ਦੋਹਾਂ ਪੱਖਾਂ ਨੂੰ ਜੋੜ ਕੇ ਇਸ ਫਿਲਮ ਦਾ ਜੋੜ ਬਣਾਇਆ ਹੈ। ਗੁਰਿੰਦਰ ਦੱਸਦੀ ਹੈ, "ਮੇਰੀ ਮਾਂ ਰਾਵਲਪਿੰਡੀ ਵਿਚ ਜੰਮੀ ਤੇ ਪਲੀ; ਜਦੋਂ ਦੇਸ਼ ਦੀ ਵੰਡ ਹੋਈ, ਤਾਂ ਸਦੀਆਂ ਤੋਂ ਇਕੱਠੇ ਰਹਿੰਦੇ ਲੋਕ ਰਾਤੋ ਰਾਤ ਇਕ ਦੂਜੇ ਦੇ ਦੁਸ਼ਮਣ ਹੋ ਗਏ। ਲਗਦਾ ਸੀ ਕਿ ਗੋਰਿਆਂ ਨੇ ਜਿਵੇਂ ਲੋਕਾਂ 'ਤੇ ਕੋਈ ਕਾਲਾ ਇਲਮ ਛਿੜਕ ਦਿੱਤਾ ਹੋਵੇ!







*ਫਿਲਮ 'ਬੈਂਡ ਇਟ ਲਾਈਕ ਬੈਖਮ' ਅਤੇ 'ਪਾਰਟੀਸ਼ਨ 1947' ਦੇ ਪੋਸਟਰ।*

# 'ਲੰਚਬੌਕਸ' ਵਾਲਾ ਰਿਤੇਸ਼ ਬਤਰਾ

ਨੌਜਵਾਨ ਫਿਲਮਸਾਜ਼ ਰਿਤੇਸ਼ ਬਤਰਾ ਹੁਣ ਆਪਣੇ ਨਵੇਂ ਪ੍ਰੋਜੈਕਟ ਨਾਲ ਫਿਰ ਆਣ ਹਾਜ਼ਰ ਹੋਇਆ ਹੈ। ਇਸ ਵਾਰ ਉਸ ਨੇ 'ਅਵਰ ਸੋਲਜ਼ ਐਟ ਨਾਈਟ' ਨਾਂ ਦੀ ਅੰਗਰੇਜ਼ੀ ਫਿਲਮ ਬਣਾਈ ਹੈ। ਯਾਦ ਰਹੇ ਕਿ ਇਸ ਫਿਲਮਸਾਜ਼ ਨੇ 2013 ਵਿਚ 'ਦਿ ਲੰਚਬੌਕਸ' ਫਿਲਮ ਬਣਾ ਕੇ ਸਭ ਨੂੰ ਹੈਰਾਨ ਕਰ ਦਿੱਤਾ ਸੀ। ਜ਼ਰਾ ਸੋਚੋ... 'ਦਿ ਲੰਚਬੌਕਸ' ਰੁਮਾਂਟਿਕ ਅਤੇ ਪਿਆਰ ਨਾਲ ਲਬਾਲਬ ਫਿਲਮ ਸੀ ਅਤੇ ਇਸ

ਗੁਰਜੰਟ ਸਿੰਘ

ਦੇ ਨਾਇਕ ਤੇ ਨਾਇਕਾ ਦਾ ਇਕ ਵੀ ਸੀਨ ਸਾਂਝਾ ਨਹੀਂ, ਉਹ ਆਪਸ ਵਿਚ ਵੀ ਕਦੇ ਨਹੀਂ ਮਿਲਦੇ। ਰਿਤੇਸ਼ ਕੁਮਾਰ ਦੀ ਇਹ ਫਿਲਮ ਦੇਖ ਕੇ ਕਹਿੰਦੇ-ਕਹਾਉਂਦੇ ਫਿਲਮਸਾਜ਼ ਵੀ ਦੰਗ ਰਹਿ ਗਏ ਸਨ। ਫਿਲਮ ਦੀ ਕਹਾਣੀ ਬੇਹੱਦ ਸਾਧਾਰਨ ਹੈ, ਪਰ ਰਿਤੇਸ਼ ਨੇ ਇਸ ਨੂੰ ਖਾਸ ਬਣਾ ਦਿੱਤਾ। ਇਸ ਫਿਲਮ ਦੀ ਕਹਾਣੀ ਉਹਨੇ ਆਪ ਲਿਖੀ ਸੀ। ਉਤੋਂ ਇਰਫਾਨ ਖਾਨ ਅਤੇ ਨਿਮਰਤ ਕੌਰ ਨੇ ਆਪੋ-ਆਪਣੀ ਅਦਾਕਾਰੀ ਨਾਲ ਇਸ ਨੂੰ ਚਾਰ ਚੰਨ ਲਾ ਦਿੱਤੇ। ਨਵਾਜ਼ੂਦੀਨ ਸਿੱਦੀਕੀ ਦਾ ਰੰਗ ਵੀ ਇਸ ਫਿਲਮ ਵਿਚ ਦੇਖਣ ਵਾਲਾ ਸੀ। ਕੁੱਲ 105 ਮਿੰਟਾਂ ਦੀ ਇਸ ਫਿਲਮ ਉਤੇ 22 ਕਰੋੜ ਰੁਪਏ ਲੱਗੇ ਸਨ ਅਤੇ ਇਸ ਦੀ ਕਮਾਈ 200 ਕਰੋੜ ਰੁਪਏ ਤਕ ਜਾ ਪੁੱਜੀ ਸੀ। ਕਮਾਈ ਨਾਲੋਂ ਵੀ ਵੱਧ ਇਸ ਫਿਲਮ ਵਿਚ ਕਲਾ ਦੇ ਜਿਹੜੇ ਮਣਕੇ ਰਿਤੇਸ਼ ਬਤਰਾ ਨੇ ਪਰੋਏ, ਉਹ ਅਣਮੁੱਲੇ ਸਨ।

'ਦਿ ਲੰਚਬੌਕਸ' ਰਿਤੇਸ਼ ਬਤਰਾ ਦੀ ਪਲੇਠੀ ਫੀਚਰ ਫਿਲਮ ਸੀ। ਇਸ ਤੋਂ ਪਹਿਲਾਂ ਉਸ ਨੇ ਤਿੰਨ ਲਘੂ ਫਿਲਮਾਂ ਬਣਾਈਆਂ ਸਨ: ਦਿ ਮੌਰਨਿੰਗ ਰਿਚੂਅਲ (2008), ਗਰੀਬ ਨਵਾਜ਼'ਜ਼ ਟੈਕਸੀ (2010) ਅਤੇ ਕੈਫੇ ਰੈਗੂਲਰ ਕਾਹਿਰਾ (2011)। ਪਿਛਲੇ ਸਾਲ ਉਸ ਦੀ ਅੰਗਰੇਜ਼ੀ ਫਿਲਮ 'ਦਿ ਸੈਂਸ ਆਫ ਐਨ ਐਂਡਿੰਗ' ਆਈ ਸੀ। ਇਸ ਫਿਲਮ ਦੇ ਬੜੇ ਚੰਗੇ ਰੀਵਿਊ ਹੋਏ, ਪਰ ਇਹ ਫਿਲਮ 'ਦਿ ਲੰਚਬੌਕਸ' ਵਰਗਾ ਮਾਣ-ਤਾਣ ਹਾਸਲ ਨਹੀਂ ਕਰ ਸਕੀ। ਉਂਜ, ਰਿਤੇਸ਼ ਬਤਰਾ ਇਸ ਫਿਲਮ ਨਾਲ ਕੌਮਾਂਤਰੀ ਸਿਨੇਮਾ ਵਿਚ ਆਪਣੀ ਚਰਚਾ ਕਰਵਾਉਣ ਵਿਚ ਸਫਲ ਰਿਹਾ।

ਰਿਤੇਸ਼ ਬਤਰਾ (12 ਜੂਨ 1979) ਮੁੰਬਈ ਵਿਚ ਜੰਮਿਆ-ਪਲਿਆ। ਉਸ ਦਾ ਪਿਤਾ ਜੋਗਿੰਦਰ ਬਤਰਾ ਮਰਚੈਂਟ ਨੇਵੀ ਵਿਚ ਕੰਮ ਕਰਦਾ ਹੈ ਅਤੇ ਮਾਂ ਮੰਜੂ ਕਪੂਰ ਬਤਰਾ ਘਰੇਲੂ ਸੁਆਣੀ ਹੈ। ਰਿਤੇਸ਼ ਉਚ ਸਿਖਿਆ ਲਈ ਅਮਰੀਕਾ ਆਇਆ ਸੀ। ਇਥੇ ਹੀ ਉਸ ਨੇ ਇਓਵਾ ਦੀ ਡਰੇਕ ਯੂਨੀਵਰਸਿਟੀ ਤੋਂ ਅਰਥ ਸ਼ਾਸਤਰ ਦੀ ਗਰੈਜੂਏਸ਼ਨ ਕੀਤੀ, ਪਰ ਤਿੰਨ ਵਰ੍ਹਿਆਂ ਬਾਅਦ ਉਹ ਆਪਣੇ ਪਸੰਦੀਦਾ ਕਾਰਜ- ਫਿਲਮਾਂ ਬਣਾਉਣ, ਵੱਲ ਮੁੜ ਪਿਆ। ਉਸ ਨੇ ਫਿਲਮ ਨਿਰਮਾਣ ਬਾਰੇ ਜਾਣਕਾਰੀ ਹਾਸਲ ਕਰਨ ਲਈ ਨਿਊ ਯਾਰਕ ਯੂਨੀਵਰਸਿਟੀ ਵਿਚ ਪੜ੍ਹਾਈ ਵੀ ਆਰੰਭ ਕੀਤੀ, ਪਰ ਪੜ੍ਹਾਈ ਵਿਚਾਲੇ ਹੀ ਛੱਡ ਦਿੱਤੀ ਅਤੇ ਲਘੂ ਫਿਲਮਾਂ ਲਿਖਣੀਆਂ ਤੇ ਡਾਇਰੈਕਟ ਕਰਨੀਆਂ ਸ਼ੁਰੂ ਕਰ ਦਿੱਤੀਆਂ। ਉਸ ਦੀ ਅਰਬੀ ਵਿਚ ਬਣੀ ਫਿਲਮ 'ਕੈਫੇ ਰੈਗੂਲਰ ਕਾਹਿਰਾ' ਤਕਰੀਬਨ 40 ਫਿਲਮ ਮੇਲਿਆਂ ਵਿਚ ਦਿਖਾਈ ਗਈ ਅਤੇ ਇਸ ਨੇ 12 ਇਨਾਮ ਵੀ ਹਾਸਲ ਕੀਤੇ।

ਫਿਲਮ 'ਅਵਰ ਸੋਲਜ਼ ਐਟ ਨਾਈਟ' ਉਘੇ ਅਮਰੀਕੀ ਲਿਖਾਰੀ ਐਲਨ ਕੈਂਟ ਹਾਰੂਫ (24 ਫਰਵਰੀ 1943-30 ਨਵੰਬਰ 2014) ਦੇ ਇਸੇ ਨਾਂ ਵਾਲੇ ਨਾਵਲ ਉਤੇ ਆਧਾਰਤ ਹੈ। ਇਸ ਫਿਲਮ ਦੇ ਦੋ ਮੁੱਖ ਪਾਤਰ ਹਨ। ਇਹ ਕਿਰਦਾਰ ਅਦਾਕਾਰਾ ਰੌਬਰਟ ਰੈਡਫੋਰਡ ਅਤੇ ਅਦਾਕਾਰਾ ਜੇਨ ਫੌਂਡਾ ਨੇ ਨਿਭਾਏ ਹਨ। ਇਹ ਦੋਵੇਂ ਬਜ਼ੁਰਗ ਹਨ ਅਤੇ ਵੱਖ ਵੱਖ ਹਾਦਸਿਆਂ ਵਿਚ ਦੋਹਾਂ ਦੇ ਸਾਥੀ ਮਰ-ਮੁੱਕ ਜਾਂਦੇ ਹਨ। ਇਕੱਲਿਆਂ ਨੂੰ ਜੀਵਨ ਦੀ ਗੱਡੀ ਚਲਾਉਣੀ ਔਖੀ ਹੋ ਜਾਂਦੀ ਹੈ। ਦੋਵੇਂ ਇਕ ਦੂਜੇ ਦੇ ਨੇੜੇ ਆਉਂਦੇ ਹਨ ਤਾਂ ਜ਼ਿੰਦਗੀ ਇਕ ਵਾਰ ਫਿਰ ਧੜਕਣ ਲੱਗ ਪੈਂਦੀ ਹੈ।





## ਕੱਲ੍ਹ ਤੇ ਅੱਜ: ਜੇਨ ਫੌਂਡਾ ਤੇ ਰੌਬਰਟ ਰੈੱਡਫੋਰਡ





*ਰਿਤੇਸ਼ ਬਤਰਾ (ਵਿਚਕਾਰ) ਦੀ ਫਿਲਮ 'ਲੰਚਬੌਕਸ' ਦੇ ਦ੍ਰਿਸ਼ ਵਿਚ ਅਦਾਕਾਰਾ ਨਿਮਰਤ ਕੌਰ ਅਤੇ 'ਅਵਰ ਸੋਲਜ਼ ਐਟ ਨਾਈਟ' ਦੇ ਅਦਾਕਾਰਾਂ ਦੀਆਂ ਦੋ ਤਸਵੀਰਾਂ।*


PUNJABI
MEGA
PACK
$14.99 FOR
24 MONTHS
Save $240 over 2 years
Dish.com/Punjabi
1-888-621-5401
dish
YOUR CULTURE AT HOME
PTC PUNJABI
jus punjabi
WILLOW HD
PTC NEWS
JUS one
+5 CHANNELS
All offers require credit qualification, 24-month commitment with early termination fee and eAutoPay. $240 Savings Offer: Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Receive a monthly credit of $10 for the first 24 months. Important Terms and Conditions: Promotional Offers: International programming requires America's Top 120 or higher. Upfront activation and/or receiver upgrade fees may apply based on credit qualification. After 24-month promotional period, then-current monthly price applies and is subject to change. Offer ends 10/18/17. 2 Year Commitment: Early termination fee of $20/mo. remaining applies if you cancel early. Hopper: Monthly fees: Hopper, $15; Joey, $7; Super Joey, $10. With PrimeTime Anytime record ABC, CBS, FOX and NBC plus two channels. With addition of Super Joey record two additional channels. Watching live and recorded TV anywhere requires an Internet-connected, Sling-enabled DVR and compatible mobile device. Premium Channels: Subject to credit qualification. After 3 mos., you will be billed $60/mo. for HBO, Cinemax, Showtime, Starz and DISH Movie Pack unless you call to cancel. Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Other: All prices, fees, charges, packages, programming, features, functionality and offers subject to change without notice. After 6 mos., you will be billed $8/mo for Protection Plan unless you call to cancel. Free standard professional installation only. Taxes or reimbursement charges for state gross earnings taxes may apply. Additional restrictions and taxes may apply. © 2017 DISH Network L.L.C. All rights reserved. HBO®, Cinemax® and related channels and service marks are the property of Home Box Office, Inc. SHOWTIME is a registered trademark of Showtime Networks Inc., a CBS Company. STARZ and related channels and service marks are property of Starz Entertainment, LLC.